ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 63
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Friday, 6 March, 2026) ਸ਼ੁੱਕਰਵਾਰ, 6 ਮਾਰਚ, 2026, 23 ਫੱਗਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਮੋਹਾਲੀ 'ਚ ਵਸੇਗੀ ਪੰਜਾਬ ਦੀ ਪਹਿਲੀ ਐਕਸਪੋ ਸਿਟੀ, ਨੋਟੀਫ਼ਿਕੇਸ਼ਨ ਜਾਰੀ

ਚੰਡੀਗੜ੍ਹ, 5 ਮਾਰਚ (ਚ.ਨ.ਸ.):ਪੰਜਾਬ ਸਰਕਾਰ ਮੋਹਾਲੀ ਵਿੱਚ ਹਵਾਈ ਅੱਡੇ ਦੇ ਨੇੜੇ ਇੱਕ ਐਕਸਪੋ ਸਿਟੀ ਸਥਾਪਤ ਕਰੇਗੀ। ਇਸ ਵਿੱਚ ਦੇਸ਼ ਦਾ ਪਹਿਲਾ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਟਾਵਰ ਹੋਵੇਗਾ, ਜਿਸ ਵਿੱਚ ਲਗਭਗ 300 ਏ.ਆਈ. ਅਤੇ ਤਕਨੀਕੀ ਕੰਪਨੀਆਂ ਰਹਿਣਗੀਆਂ। ਸਰਕਾਰ ਨੇ ਇਸ ਉਦੇਸ਼ ਲਈ ਜ਼ਮੀਨ ਐਕਵਾਇਰ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਨੇ 182.88 ਏਕੜ ਜ਼ਮੀਨ ਪ੍ਰਾਪਤੀ ਸ਼ੁਰੂ ਕਰ ਦਿੱਤੀ ਹੈ। (ਬਾਕੀ ਸਫਾ 2 'ਤੇ)

ਵਿਸ਼ੇਸ਼ ਮਹਿਮਾਨ ਸੰਪਾਦਕੀ

## ਖ਼ੂਨ ਦੇ ਦਰਿਆ ਅਤੇ ਸੁਪਨਿਆਂ ਦੀ ਕਿਤਾਬ

### ਜ਼ੁਲਮ ਰਹੇ ਔਰ ਅਮਨ ਭੀ ਹੋ
### ਕਿਆ ਮੁਮਕਿਨ ਹੈ ਤੁਮ ਹੀ ਕਹੋ

ਪ੍ਰੋ.ਡਾ.ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਜਦੋਂ ਅੱਖਾਂ ਵਿੱਚ ਸੁਪਨੇ ਮਰ ਜਾਂਦੇ ਹਨ।

ਇਸ ਛੋਟੀ ਉਮਰ ਵਿੱਚ ਬਾਲੜੀਆਂ ਦੇ ਅੱਖਾਂ ਵਿੱਚ ਸੁਪਨੇ ਤੇ ਕਿਤਾਬਾਂ ਦੀ ਦੋਸਤੀ ਇਹ ਮੌਸਮ ਤਿੱਤਲੀਆਂ ਦਾ ਹੁੰਦਾ ਹੈ। ਇਹ ਕਿਹੋ ਜਿਹੀ ਦੁਨੀਆਂ ਦੀ ਪਹਿਲੀ ਐਨੀ ਵੱਡੀ ਤ੍ਰਾਸਦੀ ਹੈ ਕਿ 165 ਛੋਟੀਆਂ ਸਕੂਲੀ ਕੁੜੀਆਂ ਅੱਜ ਸ਼ਾਂਤ ਰੇਤੀਲੀਆਂ ਕਬਰਾਂ ਵਿੱਚ ਸੌਂ ਰਹੀਆਂ ਹਨ।

ਅੱਜ ਇਤਿਹਾਸ ਵਿੱਚ ਇਸ ਤਰ੍ਹਾਂ ਦੀ ਤ੍ਰਾਸਦੀ ਤੇ ਜੇ ਤੁਹਾਡੇ ਅੱਖਰ ਖਾਮੋਸ਼ ਹਨ ਤੇ ਦੁਨੀਆ ਦੀ ਬੰਬਾਂ ਦੀ ਤਜਾਰਤ ਜਾਰੀ ਹੈ ਤੇ ਫਿਰ ਇਸ ਮਨੁੱਖਤਾ ਦਾ ਕੀ ਅਰਥ ਰਹਿ ਜਾਂਦਾ ਹੈ ?

ਇਸ ਜ਼ਿੰਦਗੀ ਤੇ ਸਭਿਅਤਾ ਦਾ ਸਾਡੇ ਸਮਿਆਂ ਦੀ ਹੋਣੀ ਦਾ ਇਹ ਵਰਤਮਾਨ ਈਰਾਨ ਦਾ ਉਹ ਦ੍ਰਿਸ਼ ਦਿਖਾਉਂਦਾ ਹੈ ਜਿੱਥੇ ਇਸ ਜੰਗ ਨਾਲ ਹੋਇਆ ਹੈ ਇਸ ਨੂੰ ਸ਼ਬਦਾਂ ਵਿੱਚ ਕੋਈ ਇਬਾਰਤ ਨਹੀਂ ਲਿਖੀ ਜਾ ਸਕਦੀ ਮਨ ਉਦਾਸੀ ਨਾਲ ਭਰਿਆ ਹੋਇਆ ਹੈ।

ਮੌਤ ਤੇ ਰਾਤ ਕਈ ਵਾਰ ਐਨੀ ਭਾਰੀ ਹੋ ਜਾਂਦੀ ਹੈ ਕਿ ਸਵੇਰ ਉਸ ਦੇ ਅੰਦਰ ਜਨਮ ਤੋਂ ਡਰਦੀ ਹੈ। ਕੱਲ੍ਹ ਦੀ ਰਾਤ ਵੀ ਐਸੀ ਹੀ ਸੀ—ਟੈਲੀਵਿਜ਼ਨ ਦੀ ਸਕਰੀਨ 'ਤੇ ਤਬਾਹੀ ਇਮਾਰਤਾਂ, ਧੂੰਏਂ ਦੇ ਬੱਦਲ ਅਤੇ ਮਲਬੇ ਹੇਠ ਦੱਬੀਆਂ ਉਹ ਛੋਟੀਆਂ ਜ਼ਿੰਦਗੀਆਂ ਜਿਨ੍ਹਾਂ ਦੀ ਉਮਰ ਹਾਲੇ ਕਿਤਾਬਾਂ ਨਾਲ ਦੋਸਤੀ ਕਰਨ ਦੀ ਸੀ ਤਿਤਲੀਆਂ ਵਾਂਗ ਉੱਡਣ ਦੀ ਸੀ। ਜਦੋਂ ਇਹ ਖ਼ਬਰ ਆਈ ਕਿ ਯੁੱਧ ਦੇ ਬੰਬਾਂ ਨੇ ਇਕ ਕੁੜੀਆਂ ਦੇ ਸਕੂਲ ਨੂੰ ਮਲਬੇ ਵਿੱਚ ਬਦਲ ਦਿੱਤਾ, ਤਾਂ ਇਹ ਸਿਰਫ਼ ਇਕ ਇਮਾਰਤ ਦਾ ਡਿੱਗਣਾ ਨਹੀਂ ਸੀ; ਇਹ ਮਨੁੱਖੀ ਸਭਿਆਚਾਰ ਦੀ ਇਕ ਹੋਰ ਹਾਰ ਸੀ। ਉਰਦੂ ਕਵੀ ਹਬੀਬ ਜਾਲਿਬ ਦੀ ਇੱਕ ਕਹਾਵਤ ਵਰਗੀ ਲਾਈਨ ਹੈ:

**ਜ਼ੁਲਮ ਰਹੇ ਔਰ ਅਮਨ ਭੀ ਹੋ**
**ਕਿਆ ਮੁਮਕਿਨ ਹੈ ਤੁਮ ਹੀ ਕਹੋ**

ਅੱਜ ਇਹ ਸਵਾਲ ਅੱਜ ਦੀ ਦੁਨੀਆਂ ਦੇ ਸਾਹਮਣੇ ਖੜਾ ਹੈ। ਜਦੋਂ ਤਾਕਤਵਰ ਦੇਸ਼ ਆਪਣੇ ਹਥਿਆਰਾਂ ਦੀ ਭਾਸ਼ਾ ਵਿੱਚ ਗੱਲ ਕਰਦੇ ਹਨ, ਤਾਂ ਕਮਜ਼ੋਰ ਲੋਕਾਂ ਦੀ ਜ਼ਿੰਦਗੀ ਸਭ ਤੋਂ ਪਹਿਲਾਂ ਕੁਚਲੀ ਜਾਂਦੀ ਹੈ। ਜੰਗ ਦੇ ਨਕਸ਼ੇ ਕਾਗਜ਼ਾਂ 'ਤੇ ਬਣਦੇ ਹਨ, ਪਰ ਉਹਨਾਂ ਦੀਆਂ ਲਕੀਰਾਂ ਮਾਸੂਮ ਜ਼ਿੰਦਗੀਆਂ ਦੇ ਖ਼ੂਨ ਨਾਲ ਖਿੱਚੀਆਂ ਜਾਂਦੀਆਂ ਹਨ।

ਉਹ ਛੋਟੀਆਂ ਕੁੜੀਆਂ ਜੋ ਕੱਲ੍ਹ ਤੱਕ ਸਕੂਲ ਦੇ ਵਿਹੜੇ ਵਿੱਚ ਖੇਡਦੀਆਂ ਹੋਣਗੀਆਂ, ਹੁਣ ਕਬਰਾਂ ਦੀ ਖਾਮੋਸ਼ੀ ਵਿੱਚ ਪਈਆਂ ਹਨ। ਉਹਨਾਂ ਦੇ ਮਾਪਿਆਂ ਲਈ ਇਹ ਸਿਰਫ਼ ਇਕ ਖ਼ਬਰ ਨਹੀਂ; ਇਹ ਇੱਕ ਅਜਿਹਾ ਜ਼ਖ਼ਮ ਤੇ ਖਾਲੀਪਨ ਹੈ ਜੋ ਕਦੇ ਨਹੀਂ ਭਰੇਗਾ।

ਅਜਿਹੇ ਮੰਜ਼ਰਾਂ 'ਤੇ ਉਰਦੂ ਦੇ ਅਜ਼ੀਮ ਸ਼ਾਇਰ ਮਿਰਜ਼ਾ ਗ਼ਾਲਿਬ ਦਾ ਦਰਦ ਵੀ ਯਾਦ ਆਉਂਦਾ ਹੈ:

**ਬਸ ਕੇ ਦੁਸ਼ਵਾਰ ਹੈ ਹਰ ਕਾਮ ਕਾ ਅਸਾਂ ਹੋ ਨਾ**
**ਆਦਮੀ ਕੋ ਭੀ ਮਹਸਰ ਨਹੀਂ ਇਸਾਂ ਹੋਨਾ**

ਇਹ ਲਫ਼ਜ਼ ਅੱਜ ਦੀ ਦੁਨੀਆਂ ਦੀ ਸਭ ਤੋਂ ਵੱਡੀ ਤਸਵੀਰ ਬਣ ਗਏ ਹਨ। ਅਸੀਂ ਤਕਨਾਲੋਜੀ ਵਿੱਚ ਅੱਗੇ ਵਧ ਗਏ ਹਾਂ, ਪਰ ਇਨਸਾਨ ਬਣਨਾ ਅਜੇ ਵੀ ਸਭ ਤੋਂ ਔਖਾ ਕੰਮ ਹੈ।

ਇਸ ਲਈ ਇਹ ਸਵਾਲ ਸਵੇਰ ਦੇ ਸਾਹਮਣੇ ਖੜਾ ਹੈ—ਕੀ ਡਰਾਉਣੀ ਰਾਤ ਸੱਚਮੁੱਚ ਸ਼ੁਭ ਸਵੇਰ ਵਿੱਚ ਬਦਲ ਸਕਦੀ ਹੈ? ਜਵਾਬ ਸੌਖਾ ਨਹੀਂ ਪਰ ਇਤਿਹਾਸ ਦੱਸਦਾ ਹੈ ਕਿ ਜਦੋਂ ਵੀ ਮਨੁੱਖਤਾ ਨੇ ਆਪਣੇ ਅੰਦਰ ਦੀ ਆਵਾਜ਼ ਸੁਣੀ ਹੈ, ਤਦੋਂ ਹਨੇਰਾ ਹੌਲੀ-ਹੌਲੀ ਪਿੱਛੇ ਹਟਿਆ ਹੈ।

ਇਹ ਸੰਪਾਦਕੀ ਸਿਰਫ਼ ਇੱਕ ਘਟਨਾ 'ਤੇ ਸੋਗ ਮਨਾਉਣ ਲਈ ਨਹੀਂ, ਸਗੋਂ ਉਸ ਸਮੂਹੀ ਚੁੱਪੀ ਨੂੰ ਤੋੜਨ ਲਈ ਹੈ ਜੋ ਅਕਸਰ ਜੰਗਾਂ ਦੇ ਨਾਲ ਜਨਮ ਲੈਂਦੀ ਹੈ। ਜਦੋਂ ਦੁਨੀਆਂ ਦੇ ਲੋਕ ਮਾਸੂਮ ਜ਼ਿੰਦਗੀਆਂ ਦੀ ਮੌਤ ਨੂੰ ਸਿਰਫ਼ ਇੱਕ ਅੰਕੜਾ ਬਣਾ ਕੇ ਦੇਖਣ ਲੱਗਦੇ ਹਨ, ਤਾਂ ਸਭਿਆਚਾਰ ਦਾ ਆਖਰੀ ਦੀਵਾ ਵੀ ਝਿਲਮਿਲਾਉਣ ਲੱਗਦਾ ਹੈ।

ਉਹ ਬੱਚੀਆਂ ਜਿਨ੍ਹਾਂ ਦੀ ਉਮਰ ਕਿਤਾਬਾਂ ਨਾਲ ਦੋਸਤੀ ਕਰਨ ਦੀ ਸੀ, ਅੱਜ ਕਬਰਾਂ ਵਿੱਚ ਸੌਂ ਰਹੀਆਂ ਹਨ। ਪਰ ਉਹਨਾਂ ਦੇ ਸੁਪਨੇ ਮਰਦੇ ਨਹੀਂ। ਉਹ ਸੁਪਨੇ ਹਰ ਉਸ ਦਿਲ ਵਿੱਚ ਜਿਉਂਦੇ ਰਹਿੰਦੇ ਹਨ ਜੋ ਜੰਗ ਦੇ ਖਿਲਾਫ਼ ਆਵਾਜ਼ ਉਠਾਉਂਦਾ ਹੈ।

ਅਖ਼ੀਰ ਵਿੱਚ ਸਿਰਫ਼ ਇੱਕ ਸਵਾਲ ਬਚਦਾ ਹੈ—

ਕੀ ਅਸੀਂ ਬੱਚਿਆਂ ਦੀਆਂ ਕਬਰਾਂ 'ਤੇ ਖੜ੍ਹ ਕੇ ਵੀ ਤਰੱਕੀ ਦਾ ਜਸ਼ਨ ਮਨਾਉਂਦੇ ਰਹਾਂਗੇ, ਜਾਂ ਕਦੇ ਇਹ ਫੈਸਲਾ ਵੀ ਕਰਾਂਗੇ ਕਿ ਦੁਨੀਆਂ ਨੂੰ ਬੰਬਾਂ ਨਹੀਂ, ਕਿਤਾਬਾਂ ਦੀ ਲੋੜ ਹੈ?

ਇਹ ਉਹ ਬੱਚੀਆਂ ਸਨ ਜਿਨ੍ਹਾਂ ਦੀਆਂ ਅੱਖਾਂ ਵਿੱਚ ਦੁਨੀਆਂ ਨੂੰ ਸਮਝਣ ਦੇ ਸੁਪਨੇ ਸਨ। ਉਹਨਾਂ ਦੀਆਂ ਕਾਪੀਆਂ 'ਤੇ ਅਧੂਰੇ ਲਿਖੇ ਅੱਖਰ ਹੋਣਗੇ, ਪੰਨਿਆਂ ਵਿੱਚ ਦਬੇ ਫੁੱਲ ਹੋਣਗੇ, ਅਤੇ ਦਿਲਾਂ ਵਿੱਚ ਉਹ ਛੋਟੀਆਂ-ਛੋਟੀਆਂ ਖੁਸ਼ੀਆਂ ਜਿਹੜੀਆਂ ਹਰ ਬੱਚੇ ਦੇ ਹਿੱਸੇ ਆਉਣੀਆਂ ਚਾਹੀਦੀਆਂ ਹਨ। ਪਰ ਜੰਗ ਦੇ ਬੰਬ ਸੁਪਨਿਆਂ ਅਤੇ ਉਮੀਦਾਂ ਦੀ ਭਾਸ਼ਾ ਨਹੀਂ ਸਮਝਦੇ। ਉਹ ਸਿਰਫ਼ ਖਾਮੋਸ਼ੀ ਲਿਖਦੇ ਹਨ—ਇਕ ਅਜਿਹੀ ਖਾਮੋਸ਼ੀ ਜੋ ਮਲਬੇ ਦੇ ਹੇਠਾਂ ਪਈਆਂ ਲਾਸ਼ਾਂ ਨਾਲ ਭਰ ਜਾਂਦੀ ਹੈ।

ਰਾਤ ਭਰ ਚੈਨਲਾਂ ਦੀਆਂ ਤਸਵੀਰਾਂ ਮਨ ਵਿੱਚ ਖੁਭਦੀਆਂ ਰਹੀਆਂ। ਹਰ ਤਸਵੀਰ ਇੱਕ ਸਵਾਲ ਬਣ ਕੇ ਸਾਹਮਣੇ ਖੜੀ ਸੀ—ਕੀ ਇਹੀ ਹੈ ਮਨੁੱਖੀ ਤਰੱਕੀ ਦਾ ਚਿਹਰਾ? ਜਦੋਂ ਵਿਗਿਆਨ ਅਸਮਾਨ ਤੱਕ ਪਹੁੰਚ ਗਿਆ ਹੈ, ਤਾਂ ਮਨੁੱਖੀ ਜ਼ਮੀਰ ਕਿਉਂ ਇੰਨਾ ਛੋਟਾ ਰਹਿ ਗਿਆ ਹੈ?

ਉਰਦੂ ਸ਼ਾਇਰੀ ਵਿੱਚ ਜੰਗ ਅਤੇ ਇਨਸਾਨੀ ਦਰਦ ਦਾ ਹਿਸਾਬ ਕਈ ਵਾਰ ਬੜੀ ਤਿਖੀ ਸੱਚਾਈ ਨਾਲ ਕੀਤਾ ਗਿਆ ਹੈ। ਇਹ ਸਿਰਫ਼ ਕਿਸੇ ਇਕ ਦੇਸ਼ ਦੀ ਗੱਲ ਨਹੀਂ। ਇਹ ਉਸ ਪੂਰੀ ਦੁਨੀਆਂ ਦੀ ਤਸਵੀਰ ਹੈ ਜਿੱਥੇ ਜੰਗ ਦਾ ਡਰ ਲੋਕਾਂ ਦੀ ਰੂਹ ਤੱਕ ਵੱਸ ਗਿਆ ਹੈ। ਅੱਜ ਦੀ ਦੁਨੀਆਂ ਵੀ ਕਿਸੇ ਬਰੂਦ ਦੇ ਢੇਰ 'ਤੇ ਖੜੀ ਲੱਗਦੀ ਹੈ, ਜਿੱਥੇ ਰਾਜਨੀਤੀ ਦੇ ਰਾਜੇ ਬੰਦੂਕਾਂ ਦੀ ਧੁਨ ਨੂੰ ਤਾਕਤ ਦਾ ਸੰਗੀਤ ਸਮਝ ਬੈਠੇ ਹਨ।

ਜਦੋਂ ਇਕ ਸਕੂਲ 'ਤੇ ਬੰਬ ਡਿੱਗਦਾ ਹੈ, ਤਾਂ ਉਹ ਸਿਰਫ਼ ਕੰਧਾਂ ਨਹੀਂ ਢਾਹੁੰਦਾ—ਉਹ ਭਵਿੱਖ ਦੇ ਕਈ ਦਰਵਾਜ਼ੇ ਬੰਦ ਕਰ ਦਿੰਦਾ ਹੈ। ਹਰ ਬੱਚੀ ਜੋ ਮਾਰੀ ਗਈ, ਉਹ ਆਪਣੇ ਨਾਲ ਇਕ ਸੰਭਾਵਨਾ ਲੈ ਗਈ—ਕੋਈ ਡਾਕਟਰ ਬਣ ਸਕਦੀ ਸੀ, ਕੋਈ ਕਵੀ, ਕੋਈ ਅਧਿਆਪਕਾ, ਜਾਂ ਸਿਰਫ਼ ਇਕ ਅਜਿਹੀ ਇਨਸਾਨ ਜੋ ਆਪਣੇ ਘਰ ਨੂੰ ਪਿਆਰ ਨਾਲ ਭਰ ਸਕਦੀ ਸੀ।

ਉਰਦੂ ਦੇ ਮਹਾਨ ਸ਼ਾਇਰ ਸਾਹਿਰ ਲੁਧਿਆਣਵੀ ਨੇ ਜੰਗ ਦੀ ਬੇਰਹਿਮੀ ਨੂੰ ਕਿੰਨੀ ਸਾਦਗੀ ਨਾਲ ਬਿਆਨ ਕੀਤਾ ਸੀ:

**ਖ਼ੂਨ ਆਪਨਾ ਹੋ ਜਾ ਪਰਾਇਆ ਹੋ**
**ਨਸਲੇ ਆਦਮ ਕਾ ਖ਼ੂਨ ਹੈ ਆਖ਼ਿਰ**

ਇਹ ਲਫ਼ਜ਼ ਅੱਜ ਵੀ ਗੂੰਜਦੇ ਹਨ। ਜੰਗ ਵਿੱਚ ਮਰਨ ਵਾਲਿਆਂ ਦਾ ਕੋਈ ਧਰਮ ਨਹੀਂ ਹੁੰਦਾ, ਕੋਈ ਕੌਮ ਨਹੀਂ ਹੁੰਦੀ। ਉਹ ਸਿਰਫ਼ ਇਨਸਾਨ ਹੁੰਦੇ ਹਨ—ਅਤੇ ਇਨਸਾਨੀਅਤ ਦੀ ਮੌਤ ਹਰ ਵਾਰ ਇੱਕੋ ਜਿਹੀ ਹੁੰਦੀ ਹੈ। ਆਪਣੀ ਫੇਸਬੁਕ ਵਾਲ 'ਤੇ ਪ੍ਰਸਿੱਧ ਸ਼ਾਇਰ ਤੇ ਸਾਡੇ ਦੋਸਤ ਵਿਸ਼ਾਲ ਨੇ ਆਪਣੇ ਜਗਦੇ ਅੱਖ਼ਰਾਂ ਨਾਲ ਇਸ ਦੀ ਅਕਾਸੀ ਕੀਤੀ ਹੈ ਜੋ ਇਨੀ ਸਟੀਕ ਹੈ ਕਿ ਮਨ ਸ਼ਬਦਾਂ ਨਾਲ ਵਹਿ ਜਾਂਦਾ ਹੈ ਤੇ ਲੱਗਦਾ ਹੈ ਕਿ ਸ਼ਬਦਾਂ ਦੀ ਤਾਕਤ ਮਨ ਨੂੰ ਕਿਤੇ ਜਿੰਦਾ ਰੱਖਦੀ ਹੈ। ਵਿਸ਼ਾਲ ਨੇ ਆਪਣੀ ਇਕ ਕਵਿਤਾ ਵਿੱਚ ਇਸ ਬਾਰੇ ਆਪਣੀ ਫੇਸਬੁਕ ਵਾਲ ਤੇ ਲਿਖਿਆ ਹੈ–

ਅਮਰੀਕਾ ਵੱਲੋਂ ਈਰਾਨ 'ਚ ਇਕ ਕੁੜੀਆਂ ਦੇ ਸਕੂਲ 'ਤੇ ਬੰਬ ਸੁੱਟ ਕੇ ਕਰੀਬ ਡੇਢ ਸੌ ਬੱਚੀਆਂ ਮਾਰ ਮੁਕਾਈਆਂ , ਜਿਨ੍ਹਾਂ ਨੇ ਹਾਲੇ ਭੋਲ਼ੇ ਸੁਪਨੇ ਲਏ ਹੋਣਗੇ , ਪਿਆਰ ਕਰਨਾ ਸਿੱਖਿਆ ਹੋਵੇਗਾ, ਇਹ ਲਾਸ਼ਾਂ ਮੇਰੇ ਕਮਰੇ 'ਚ ਪਈਆਂ ਨੇ , ਰਾਤੀਂ ਚੈਨਲਾਂ ਨੇ ਮੇਰਾ ਤਨ -ਮਨ ਵਿੰਨ ਕੇ ਰੱਖ ਦਿੱਤਾ ਤੇ ਇਕ ਕਵਿਤਾ ਲਿਖੀ:

**ਤੂੰ ਆਪਣੀ ਲਾਸ਼**
**'ਤੇ ਪੈਰ ਰੱਖ ਕੇ ਆਵੀਂ**
**ਲੰਘ ਆਵੀਂ ਖ਼ੂਨ ਦੇ ਦਰਿਆ**
**ਮੈਂ ਆਪਣੀ ਲਾਸ਼**
**ਤੇਰੇ ਤਾਬੂਤ ਕੋਲ ਰੱਖ ਦਿਆਂਗੀ**
**ਆਪਾਂ ਪਿਆਰ ਕਰਾਂਗੇ .**

ਇਹ ਕਵਿਤਾ ਲਿਖ ਕੇ ਮੈਂ ਸੌਂ ਨਹੀ ਸਕਿਆ , ਇਹ ਰਾਤ ਸਰਾਪ ਬਣ ਕੇ ਮੇਰੀਆਂ ਅੱਖਾਂ ਨੂੰ ਲੱਗ ਗਈ ਜੋ ਸਾਰੀ ਰਾਤ ਅੱਗ ਦੇ ਗੋਲੇ ਵੇਖਦੀਆਂ ਰਹੀਆਂ । ਉੱਥੇ ਨੋਬਲ ਜੇਤੂ ਪਾਬਲੋ ਨੇਰੂਦਾ ਦੇ ਸ਼ਬਦਾਂ ਦਾ ਵੀ ਜ਼ਿਕਰ ਹੈ ਜੋ ਇਸ ਤਰ੍ਹਾਂ ਹੈ–

ਤੈਨੂੰ ਦਿੱਸਦਾ ਨਹੀਂ ਕਿ–

**ਗਲੀਆਂ ਵਿੱਚ ਕਿੰਨਾ ਲਹੂ ਹੈ**
**ਕਿੰਨਾ ਲਹੂ ਹੈ ਗਲੀਆਂ ਵਿੱਚ ..**

ਇਸ ਘੜੀ ਦੁਨੀਆਂ ਬਰੂਦ ਦੇ ਢੇਰ 'ਤੇ ਖੜੀ ਹੈ ਤੇ ਰਾਜਾ ਬਸੰਰੀ ਵਜਾ ਰਿਹਾ ਹੈ ..ਬੁੱਧੀਜੀਵੀਆਂ ਨੂੰ ਬੰਧਕ ਬਣਾਇਆ ਜਾ ਰਿਹਾ ਹੈ । ਮਨ ਵਿੱਚ ਬੰਬਾਂ ਦੀਆਂ ਆਵਾਜ਼ਾਂ ਗੂੰਜਦੀਆਂ ਰਹਿੰਦੀਆਂ ਹਨ। ਅੱਖਾਂ ਅੱਗ ਦੇ ਗੋਲੇ ਵੇਖਦੀਆਂ ਹਨ ਅਤੇ ਛਾਤੀ 'ਤੇ ਅਣਫਟੇ ਬੰਬਾਂ ਦਾ ਭਾਰ ਮਹਿਸੂਸ ਹੁੰਦਾ ਹੈ। ਜਿਵੇਂ ਹਰ ਸਾਹ ਦੇ ਨਾਲ ਇਹ ਸਵਾਲ ਉੱਠਦਾ ਹੋਵੇ—ਕੀ ਅਸੀਂ ਸੱਚਮੁੱਚ ਸਭਿਆਚਾਰਕ ਯੁੱਗ ਵਿੱਚ ਜੀ ਰਹੇ ਹਾਂ ਜਾਂ ਕਿਸੇ ਨਵੇਂ ਬਰਬਰ ਸਮੇਂ ਵਿੱਚ ਦਾਖਲ ਹੋ ਚੁੱਕੇ ਹਾਂ?

ਇਸ ਲਈ ਇਹ ਸਵਾਲ ਸਵੇਰ ਦੇ ਸਾਹਮਣੇ ਖੜਾ ਹੈ—ਕੀ ਡਰਾਉਣੀ ਰਾਤ ਸੱਚਮੁੱਚ ਸ਼ੁਭ ਸਵੇਰ ਵਿੱਚ ਬਦਲ ਸਕਦੀ ਹੈ? ਜਵਾਬ ਸੌਖਾ ਨਹੀਂ। ਪਰ ਇਤਿਹਾਸ ਦੱਸਦਾ ਹੈ ਕਿ ਜਦੋਂ ਵੀ ਮਨੁੱਖਤਾ ਨੇ ਆਪਣੇ ਅੰਦਰ ਦੀ ਆਵਾਜ਼ ਸੁਣੀ ਹੈ, ਤਦੋਂ ਹਨੇਰਾ ਹੌਲੀ-ਹੌਲੀ ਪਿੱਛੇ ਹਟਿਆ ਹੈ।

ਕੀ ਅਸੀਂ ਬੱਚਿਆਂ ਦੀਆਂ ਕਬਰਾਂ 'ਤੇ ਖੜ੍ਹ ਕੇ ਵੀ ਤਰੱਕੀ ਦਾ ਜਸ਼ਨ ਮਨਾਉਂਦੇ ਰਹਾਂਗੇ, ਜਾਂ ਕਦੇ ਇਹ ਫੈਸਲਾ ਵੀ ਕਰਾਂਗੇ ਕਿ ਦੁਨੀਆਂ ਨੂੰ ਬੰਬਾਂ ਨਹੀਂ, ਕਿਤਾਬਾਂ ਦੀ ਲੋੜ ਹੈ?

ਸ਼ਾਇਦ ਸਵੇਰ ਦਾ ਅਸਲ ਮਤਲਬ ਵੀ ਇਹੀ ਹੈ—

ਕਿ ਜਦੋਂ ਅੱਖਾਂ ਵਿੱਚ ਅੱਗ ਦੇ ਗੋਲੇ ਹੋਣ, ਫਿਰ ਵੀ ਮਨੁੱਖ ਦੇ ਅੰਦਰ ਇੱਕ ਫੁੱਲ ਜਨਮ ਲੈ ਲਵੇ। ਇਹੋ ਜਿਹੀ ਤ੍ਰਾਸਦੀ ਵਾਲੀ ਘਟਨਾ 'ਤੇ ਸ਼ਾਇਦ ਸ਼ਰਧਾਂਜਲੀ ਲਫ਼ਜ਼ ਬਿਲਕੁਲ ਛੋਟਾ ਹੈ।

---

ਪ੍ਰਧਾਨ ਮੰਤਰੀ ਵੱਲੋਂ ਫਿਨਲੈਂਡ ਦੇ ਰਾਸ਼ਟਰਪਤੀ ਨਾਲ ਮੁਲਾਕਾਤ

## ਫ਼ੌਜੀ ਟਕਰਾਅ ਕਿਸੇ ਮੁੱਦੇ ਦਾ ਹੱਲ ਨਹੀਂ : ਮੋਦੀ



ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 5 ਮਾਰਚ:ਫਿਨਲੈਂਡ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਇਸ ਸਮੇਂ ਭਾਰਤ ਦੇ ਦੌਰੇ 'ਤੇ ਹਨ। ਪ੍ਰਧਾਨ ਮੰਤਰੀ ਮੋਦੀ ਅਤੇ ਫਿਨਲੈਂਡ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਸਟੱਬ ਨੇ ਦਿੱਲੀ ਵਿਖੇ ਹੈਦਰਾਬਾਦ ਹਾਊਸ ਵਿੱਚ ਮੁਲਾਕਾਤ ਕੀਤੀ। ਭਾਰਤ ਅਤੇ ਫਿਨਲੈਂਡ ਵਿਚਕਾਰ ਸਹਿਮਤੀ ਪੱਤਰਾਂ ਦਾ ਆਦਾਨ-ਪ੍ਰਦਾਨ ਕੀਤਾ ਗਿਆ। ਮੁਲਾਕਾਤ ਤੋਂ ਬਾਅਦ ਦੋਵਾਂ ਨੇਤਾਵਾਂ ਨੇ ਇੱਕ ਸਾਂਝਾ ਪ੍ਰੈਸ ਬਿਆਨ ਜਾਰੀ ਕੀਤਾ। ਸਾਂਝੇ ਬਿਆਨ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੁਨੀਆਂ ਅਸਥਿਰਤਾ ਅਤੇ ਅਨਿਸ਼ਚਿਤਤਾ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ। ਉਨ੍ਹਾਂ ਕਿਹਾ, 'ਭਾਰਤ ਅਤੇ ਫਿਨਲੈਂਡ ਦੋਵੇਂ ਕਾਨੂੰਨ ਦੇ ਸ਼ਾਸਨ, ਗੱਲਬਾਤ ਅਤੇ ਕੂਟਨੀਤੀ ਵਿੱਚ ਵਿਸ਼ਵਾਸ ਰੱਖਦੇ ਹਨ। ਅਸੀਂ ਸਹਿਮਤ ਹਾਂ ਕਿ ਕੋਈ ਵੀ ਮੁੱਦਾ ਸਿਰਫ਼ ਫ਼ੌਜੀ ਟਕਰਾਅ ਰਾਹੀਂ ਹੱਲ ਨਹੀਂ ਹੋ ਸਕਦਾ।' ਯੂਕਰੇਨ ਤੋਂ ਪੱਛਮੀ ਏਸ਼ੀਆ ਤੱਕ ਦੁਨੀਆਂ ਦੇ ਕਈ ਹਿੱਸਿਆਂ ਵਿੱਚ ਟਕਰਾਅ ਚੱਲ ਰਹੇ ਹਨ। ਅਜਿਹੇ ਵਿਸ਼ਵਵਿਆਪੀ ਮਾਹੌਲ ਵਿੱਚ ਭਾਰਤ ਅਤੇ ਯੂਰਪ ਦੁਨੀਆਂ ਦੀਆਂ ਦੋ ਪ੍ਰਮੁੱਖ ਕੂਟਨੀਤਕ ਸ਼ਕਤੀਆਂ ਆਪਣੇ ਸਬੰਧਾਂ ਦੇ ਸੁਨਹਿਰੀ ਯੁੱਗ ਵਿੱਚ ਦਾਖਲ ਹੋ ਰਹੀਆਂ ਹਨ। ਸਾਡਾ ਵਧਦਾ ਸਹਿਯੋਗ ਵਿਸ਼ਵਵਿਆਪੀ ਸਥਿਰਤਾ, ਵਿਕਾਸ ਅਤੇ ਸਾਂਝੀ ਖੁਸ਼ਹਾਲੀ ਨੂੰ ਨਵੀਂ ਪ੍ਰੇਰਣਾ ਪ੍ਰਦਾਨ ਕਰ ਰਿਹਾ ਹੈ। ਗੱਲਬਾਤ ਦੌਰਾਨ, ਦੋਵੇਂ ਧਿਰਾਂ ਭਾਰਤ-ਫਿਨਲੈਂਡ ਸਬੰਧਾਂ ਨੂੰ ਡਿਜੀਟਲਾਈਜ਼ੇਸ਼ਨ ਅਤੇ ਟਿਕਾਊ ਵਿਕਾਸ ਦੇ ਖੇਤਰਾਂ ਵਿੱਚ ਇੱਕ ਰਣਨੀਤਕ ਭਾਈਵਾਲੀ ਤੱਕ ਉੱਚਾ (ਬਾਕੀ ਸਫਾ 2 'ਤੇ)

---

ਖਮੇਨੇਈ ਦੀ ਮੌਤ 'ਤੇ ਭਾਰਤ ਨੇ ਪਹਿਲੀ ਵਾਰ ਪ੍ਰਗਟਾਇਆ ਦੁੱਖ

## ਈਰਾਨੀ ਦੂਤਘਰ 'ਚ ਵਿਦੇਸ਼ ਸਕੱਤਰ ਨੇ ਕੰਡੋਲੈਂਸ ਰਜਿਸਟਰ 'ਤੇ ਕੀਤੇ ਦਸਤਖ਼ਤ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 5 ਮਾਰਚ:ਭਾਰਤ ਨੇ ਅਲੀ ਖਮੇਨੇਈ ਦੀ ਮੌਤ 'ਤੇ ਪਹਿਲੀ ਵਾਰ ਸੋਗ ਜਤਾਇਆ ਹੈ। ਭਾਰਤ ਸਰਕਾਰ ਵੱਲੋਂ ਵਿਦੇਸ਼ ਸਕੱਤਰ ਵਿਕਰਮ ਮਿਸਰੀ ਦਿੱਲੀ ਵਿੱਚ ਈਰਾਨ ਦੇ ਦੂਤਘਰ ਪਹੁੰਚੇ, ਜਿਥੇ ਕੰਡੋਲੈਂਸ ਰਜਿਸਟਰ 'ਤੇ ਦਸਤਖਤ ਕੀਤੇ। ਇਸ ਦੇ ਨਾਲ ਹੀ ਉਨ੍ਹਾਂ ਨੇ ਈਰਾਨ ਦੇ ਮਾਰੇ ਗਏ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਮੇਨੇਈ ਦੇ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ।



ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਮੇਨੇਈ 28 ਫਰਵਰੀ ਨੂੰ ਅਮਰੀਕਾ-ਇਜ਼ਰਾਈਲ ਦੇ ਹਵਾਈ ਹਮਲਿਆਂ ਵਿਚ ਮਾਰੇ ਗਏ ਸਨ। ਉਹ 1989 ਤੋਂ ਈਰਾਨ ਦੇ ਸਭ ਤੋਂ ਵੱਡੇ ਸਿਆਸੀ ਅਤੇ ਧਾਰਮਿਕ ਨੇਤਾ ਸੀ। ਅਮਰੀਕਾ ਅਤੇ ਇਜ਼ਰਾਈਲ ਦੇ ਜੁਆਇੰਟ ਅਟੈਕ ਮੇਕਾਮੇਨੇਈ ਦੇ ਕੰਪਾਊਂਡ 'ਤੇ 30 ਮਿਜ਼ਾਈਲਾਂ ਨਾਲ ਹਮਲਾ ਕੀਤਾ ਗਿਆ ਸੀ। ਇਸ ਹਮਲੇ ਵਿਚ ਉਨ੍ਹਾਂ ਦੀ ਪਤਨੀ ਮੰਸੂਰੇਹ ਖੋਜਤੇਹ ਬਾਘੇਰਜਾਦੇਹ ਵੀ ਜ਼ਖਮੀ ਹੋਈ ਸੀ, ਜਿਨ੍ਹਾਂ ਦੀ ਇਲਾਜ ਦੇ ਦੌਰਾਨ ਮੌਤ ਹੋ ਗਈ ਸੀ। ਇਨ੍ਹਾਂ ਹਮਲਿਆਂ ਵਿਚ ਖਮੇਨੇਈ ਅਤੇ ਉਨ੍ਹਾਂ ਦੇ ਪਰਿਵਾਰ ਦੇ ਕਈ ਮੈਂਬਰ ਮਾਰੇ ਗਏ। ਗੱਲ ਕਰੀਏ ਖਮੇਨੇਈ ਦੀ ਪਤਨੀ ਮੰਸੂਰੇਹ ਦੀ ਉਨ੍ਹਾਂ ਨੇ 1964 ਵਿਚ ਖਮੇਨੇਈ ਨਾਲ ਵਿਆਹ ਕੀਤੀ ਸੀ। ਉਹ ਜਨਤਕ ਜ਼ਿੰਦਗੀ ਤੋਂ ਦੂਰ ਰਹੀ,ਸਰਕਾਰੀ ਪ੍ਰੋਗਰਾਮਾਂ ਵਿਚ ਬਹੁਤ ਘੱਟ ਨਜ਼ਰ (ਬਾਕੀ ਸਫਾ 2 'ਤੇ)

### ਈਰਾਨ 'ਚ ਮਰਨ ਵਾਲਿਆਂ ਦੀ ਗਿਣਤੀ 1200 ਤੋਂ ਪਾਰ

ਤੇਹਰਾਨ/ਵਾਸ਼ਿੰਗਟਨ, 5 ਮਾਰਚ (ਚ.ਨ.ਸ.):ਮੱਧ ਪੂਰਬ ਵਿੱਚ ਜਾਰੀ ਜੰਗ ਹੁਣ ਮਨੁੱਖੀ ਕਤਲੇਆਮ ਵਿੱਚ ਤਬਦੀਲ ਹੁੰਦੀ ਜਾ ਰਹੀ ਹੈ। ਈਰਾਨ ਦੀ ਇੱਕ ਸਰਕਾਰੀ ਏਜੰਸੀ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਨੇ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਏਜੰਸੀ ਮੁਤਾਬਕ ਜੰਗ ਵਿੱਚ ਹੁਣ ਤੱਕ ਘੱਟੋ-ਘੱਟ 1,230 ਲੋਕਾਂ ਦੀ ਜਾਨ ਜਾ ਚੁੱਕੀ ਹੈ। ਪਿਛਲੇ ਕੁਝ ਘੰਟਿਆਂ ਵਿੱਚ ਇਹ ਅੰਕੜਾ 1,045 ਤੋਂ ਵਧ ਕੇ 1,230 ਤੱਕ ਪਹੁੰਚ ਗਿਆ ਹੈ, ਜੋ ਹਮਲਿਆਂ ਦੀ ਭਿਆਨਕਤਾ ਨੂੰ ਬਿਆਨ ਕਰਦਾ ਹੈ। ਅਮਰੀਕਾ ਅਤੇ ਇਜ਼ਰਾਈਲ ਵੱਲੋਂ ਚਲਾਏ ਜਾ ਰਹੇ 'ਆਪ੍ਰੇਸ਼ਨ ਐਪਿਕ ਫਿਊਰੀ' ਤਹਿਤ ਈਰਾਨ ਦੇ ਕਈ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ (ਬਾਕੀ ਸਫਾ 2 'ਤੇ)

---

ਰਣਜੀਤ ਸਿੰਘ ਐਨਕਾਊਂਟਰ ਮਾਮਲਾ

## ਹਾਈਕੋਰਟ ਵੱਲੋਂ ਮਾਮਲੇ ਦਾ ਖ਼ੁਦ ਨੋਟਿਸ ਲੈਂਦਿਆਂ ਡੀ.ਜੀ.ਪੀ. ਯਾਦਵ 17 ਨੂੰ ਤਲਬ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 5 ਮਾਰਚ:ਗੁਰਦਾਸਪੁਰ ਦੇ ਰਣਜੀਤ ਸਿੰਘ ਦੇ ਐਨਕਾਊਂਟਰ ਮਾਮਲੇ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਖੁਦ ਨੋਟਿਸ ਲੈਂਦੇ ਹੋਏ ਸਖ਼ਤ ਹੁਕਮ ਦਿੱਤੇ ਹਨ। ਇਸ ਮੌਕੇ ਅਦਾਲਤ ਵਲੋਂ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੂੰ ਨੋਟਿਸ ਜਾਰੀ ਕਰਕੇ ਤਲਬ ਕੀਤਾ ਹੈ। ਕੋਰਟ ਨੇ ਡੀ.ਜੀ.ਪੀ. ਨੂੰ 17 ਮਾਰਚ ਨੂੰ ਪੇਸ਼ ਹੋ ਕੇ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ ਹੈ।



**ਅਦਾਲਤ ਨੇ ਪੁਲਿਸ ਨੂੰ ਸਖ਼ਤ ਸ਼ਬਦਾਂ ਵਿੱਚ ਦਿੱਤੀ ਚਿਤਾਵਨੀ:** ਕਾਨੂੰਨ ਹੱਥ ਵਿੱਚ ਨਾ ਲਓ। ਅਦਾਲਤ ਨੇ ਕਿਹਾ ਕਿ ਮੁਲਜ਼ਮ ਨੂੰ ਸਜ਼ਾ ਦੇਣਾ ਅਦਾਲਤ ਦਾ ਕੰਮ ਹੈ, ਪੁਲਿਸ ਨੂੰ ਖੁਦ ਅਦਾਲਤ ਬਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਅਦਾਲਤ ਨੇ ਕਿਹਾ ਕਿ ਅਸੀਂ ਆਪਣੀਆਂ ਅੱਖਾਂ ਬੰਦ ਨਹੀਂ ਰੱਖ ਸਕਦੇ, ਉਹ ਸਿਰਫ਼ 18-19 ਸਾਲ ਦਾ ਬੱਚਾ ਸੀ। ਅਦਾਲਤ ਨੇ ਸਵਾਲ ਚੁੱਕਿਆ ਕਿ ਅਕਸਰ ਐਨਕਾਊਂਟਰਾਂ ਦੀ ਕਹਾਣੀ ਇੱਕੋ ਜਿਹੀ ਕਿਉਂ ਹੁੰਦੀ ਹੈ? ਸੁਣਵਾਈ ਦੌਰਾਨ ਵਕੀਲ ਨੇ ਦੱਸਿਆ ਕਿ ਨਵੰਬਰ ਤੋਂ ਜਨਵਰੀ ਤੱਕ ਹੋਏ ਲਗਭਗ 34 ਐਨਕਾਊਂਟਰਾਂ ਦੀ ਕਹਾਣੀ ਇੱਕ-ਦੂਜੇ ਨਾਲ ਮਿਲਦੀ-ਜੁਲਦੀ ਹੈ। ਡੀ.ਜੀ.ਪੀ. ਪੰਜਾਬ ਨੇ ਅਦਾਲਤ ਨੂੰ ਸੂਚਿਤ ਕੀਤਾ ਕਿ ਇਸ ਮਾਮਲੇ ਦੀ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ (ਸਿਟ) ਬਣਾ ਦਿੱਤੀ (ਬਾਕੀ ਸਫਾ 2 'ਤੇ)

### ਰਣਜੀਤ ਸਿੰਘ ਦੀ ਮਾਂ ਨੇ ਕੀਤਾ ਹਾਈਕੋਰਟ ਦਾ ਰੁਖ

ਚੰਡੀਗੜ੍ਹ, 5 ਮਾਰਚ (ਚ.ਨ.ਸ.): ਗੁਰਦਾਸਪੁਰ ਦੇ ਪੁਰਾਣਾ ਸ਼ਾਲਾ ਵਿੱਚ ਪੰਜਾਬ ਪੁਲਿਸ ਵੱਲੋਂ ਕੀਤੇ ਗਏ 19 ਸਾਲਾ ਰਣਜੀਤ ਸਿੰਘ ਦੇ ਐਨਕਾਊਂਟਰ ਦਾ ਮਾਮਲਾ ਹੁਣ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਦਰਵਾਜ਼ੇ 'ਤੇ ਪਹੁੰਚ ਗਿਆ ਹੈ। ਮ੍ਰਿਤਕ ਦੀ ਮਾਂ ਸੁਖਜਿੰਦਰ ਕੌਰ ਨੇ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕਰਦਿਆਂ ਇਸ ਐਨਕਾਊਂਟਰ ਨੂੰ 'ਗੈਰ-ਕਾਨੂੰਨੀ ਅਤੇ ਸੰਵਿਧਾਨ ਵਿਰੋਧੀ' ਕਰਾਰ ਦਿੱਤਾ ਹੈ ਅਤੇ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ (ਬਾਕੀ ਸਫਾ 2 'ਤੇ)

---

ਮੱਧ ਪੂਰਬ 'ਚ ਜੰਗ ਕਾਰਨ ਤਣਾਅ ਦਾ ਮਾਮਲਾ

## ਮਾਨ ਸਰਕਾਰ ਵੱਲੋਂ ਫਸੇ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਲਈ ਅਧਿਕਾਰੀ ਤਾਇਨਾਤ ਤੇ ਹੈਲਪਲਾਈਨ ਸਥਾਪਤ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 5 ਮਾਰਚ:ਜੰਗੀ ਸਥਿਤੀ ਵਿੱਚੋਂ ਗੁਜ਼ਰ ਰਹੇ ਮੱਧ ਪੂਰਬ ਖਿੱਤੇ ਵਿੱਚੋਂ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਮੁੱਚੀ ਪ੍ਰਕਿਰਿਆ ਲਈ ਤਾਲਮੇਲ ਅਤੇ ਨਿਗਰਾਨੀ ਕਰਨ ਲਈ ਪੰਜਾਬ ਸਰਕਾਰ ਦੇ ਦੋ ਸੀਨੀਅਰ ਅਧਿਕਾਰੀਆਂ ਨੂੰ ਤਾਇਨਾਤ ਕੀਤਾ ਹੈ।



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਤੁਰੰਤ ਪ੍ਰਭਾਵ ਨਾਲ 24X7 ਹੈਲਪਲਾਈਨ ਪਹਿਲਾਂ ਹੀ ਸਥਾਪਤ ਕੀਤੀ ਜਾ ਚੁੱਕੀ ਹੈ। ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਿਸ ਆਰ.ਕੇ. ਜੈਸਵਾਲ ਨੂੰ ਹੈਲਪਲਾਈਨ ਦਾ ਓਵਰਆਲ ਇੰਚਾਰਜ ਨਿਯੁਕਤ ਕੀਤਾ ਗਿਆ ਹੈ, ਜਦੋਂ ਕਿ ਗ੍ਰਹਿ ਵਿਭਾਗ ਦੇ ਸਕੱਤਰ ਵਿਮਲ ਸੇਤੀਆ ਨੂੰ ਤਾਲਮੇਲ ਅਤੇ ਨਿਗਰਾਨੀ ਦੇ ਉਦੇਸ਼ਾਂ ਲਈ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਨੋਡਲ ਅਫ਼ਸਰ ਨੂੰ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨਾਲ ਨਿਰੰਤਰ ਸੰਪਰਕ ਵਿੱਚ ਰਹਿਣ ਲਈ ਕਿਹਾ ਗਿਆ ਹੈ। ਨੋਡਲ ਅਫ਼ਸਰ ਮੱਧ ਪੂਰਬੀ ਏਸ਼ੀਆ ਅਤੇ ਹੋਰ ਦੇਸ਼ਾਂ ਵਿੱਚ ਫਸੇ ਭਾਰਤੀਆਂ ਨੂੰ ਕੱਢਣ ਅਤੇ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਦੁਆਰਾ ਚੁੱਕੇ ਜਾ ਰਹੇ ਕਦਮਾਂ 'ਤੇ ਨਜ਼ਰ ਰੱਖੇਗਾ। ਇਸੇ ਤਰ੍ਹਾਂ ਹੈਲਪਲਾਈਨ 'ਤੇ ਪ੍ਰਾਪਤ ਹੋਈਆਂ ਸਾਰੀਆਂ ਕਾਲਾਂ ਦਾ ਸਹੀ ਰਿਕਾਰਡ ਰੱਖਣ ਦੇ ਨਾਲ-ਨਾਲ (ਬਾਕੀ ਸਫਾ 2 'ਤੇ)

---

ਬਿਹਾਰ ਦੀ ਸਿਆਸਤ 'ਚ ਉਲਟਫੇਰ

## ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਰਾਜ ਸਭਾ ਲਈ ਨਾਮਜ਼ਦਗੀ ਪੱਤਰ ਕੀਤਾ ਦਾਖ਼ਲ

ਚੜ੍ਹਦੀਕਲਾ ਬਿਊਰੋ
================

ਪਟਨਾ, 5 ਮਾਰਚ: ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੀਰਵਾਰ ਨੂੰ ਵਿਧਾਨ ਸਭਾ ਪਹੁੰਚੇ ਅਤੇ ਰਾਜ ਸਭਾ ਉਮੀਦਵਾਰ ਲਈ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ। ਇਸ ਦੇ ਨਾਲ ਹੀ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਵੀਨ, ਰਾਮਨਾਥ ਠਾਕੁਰ, ਉਪੇਂਦਰ ਕੁਸ਼ਵਾਹਾ ਅਤੇ ਸ਼ਿਵੇਸ਼ ਕੁਮਾਰ ਨੇ ਵੀ ਮੁੱਖ ਮੰਤਰੀ ਦੇ ਨਾਲ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ।



ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਮੌਜੂਦ ਸਨ। ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਉਨ੍ਹਾਂ ਦਾ ਕਾਰਜਕਾਲ ਬਿਹਾਰ ਦੇ ਇਤਿਹਾਸ ਵਿੱਚ ਸੁਨਹਿਰੀ ਪੰਨੇ ਵਜੋਂ ਲਿਖਿਆ ਜਾਵੇਗਾ ਅਤੇ ਉਨ੍ਹਾਂ ਨੇ ਬਿਹਾਰ ਦੇ ਵਿਕਾਸ ਦੇ ਸਾਰੇ ਪਹਿਲੂਆਂ ਨੂੰ ਤੇਜ਼ ਕਰਨ ਲਈ ਕੰਮ ਕੀਤਾ। ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਬਿਹਾਰ ਨੂੰ ਜੰਗਲ ਰਾਜ ਤੋਂ (ਬਾਕੀ ਸਫਾ 2 'ਤੇ)

---

### ਗਰਮੀ ਦਾ ਕਹਿਰ ! ਪੰਜਾਬ ਸਣੇ ਕਈ ਸੂਬਿਆਂ 'ਚ ਲੂ ਦੇ ਸੰਕੇਤ

ਚੰਡੀਗੜ੍ਹ, 5 ਮਾਰਚ (ਚ.ਨ.ਸ.):ਦੇਸ਼ ਦੇ ਕਈ ਸੂਬਿਆਂ 'ਚ ਗਰਮੀ ਨੇ ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ ਤੇ ਮਾਰਚ ਦੇ ਪਹਿਲੇ ਹਫ਼ਤੇ 'ਚ ਹੀ ਅਪ੍ਰੈਲ ਵਰਗੀ ਗਰਮੀ ਮਹਿਸੂਸ ਕੀਤੀ ਜਾ ਰਹੀ ਹੈ। ਉੱਤਰ ਪ੍ਰਦੇਸ਼, ਬਿਹਾਰ, ਪੰਜਾਬ ਤੇ ਹਰਿਆਣਾ ਸਮੇਤ ਕਈ ਸੂਬਿਆਂ 'ਚ ਤਾਪਮਾਨ 'ਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੈ, ਜਿਸ ਕਾਰਨ ਲੋਕਾਂ ਨੇ ਹੁਣੇ ਤੋਂ ਹੀ ਪੱਖੇ, ਕੂਲਰ ਤੇ ਏ.ਸੀ. ਚਲਾਉਣੇ ਸ਼ੁਰੂ ਕਰ ਦਿੱਤੇ ਹਨ। ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਭਾਰਤ ਦੇ ਮੈਦਾਨੀ ਇਲਾਕਿਆਂ 'ਚ ਸਭ ਤੋਂ ਵੱਧ ਤਾਪਮਾਨ ਓਡੀਸ਼ਾ ਦੇ ਝਾਰਸੁਗੁੜਾ 'ਚ 39.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ।

**ਪੰਜਾਬ ਤੇ ਗੁਆਂਢੀ ਸੂਬਿਆਂ ਦਾ ਹਾਲ:** ਪੰਜਾਬ, ਹਰਿਆਣਾ, ਦਿੱਲੀ ਅਤੇ ਚੰਡੀਗੜ੍ਹ ਵਿੱਚ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ 4 ਤੋਂ 8 ਡਿਗਰੀ ਸੈਲਸੀਅਸ ਜ਼ਿਆਦਾ ਦਰਜ ਕੀਤਾ ਜਾ ਰਿਹਾ ਹੈ। ਵਰਤਮਾਨ ਵਿੱਚ ਇਨ੍ਹਾਂ ਇਲਾਕਿਆਂ 'ਚ ਤਾਪਮਾਨ 30 ਡਿਗਰੀ ਦੇ (ਬਾਕੀ ਸਫਾ 2 'ਤੇ)

---

ਸਿੰਘ ਸਾਹਿਬ ਵੱਲੋਂ ਸਿੱਖ ਕੌਮ ਨੂੰ ਸੰਦੇਸ਼

## ਹੋਲਾ-ਮਹੱਲਾ ਕੌਮ ਦੀ ਵਿਲੱਖਣਤਾ, ਨਿਆਰੀ ਆਭਾ ਅਤੇ ਚੜ੍ਹਦੀਕਲਾ ਦਾ ਪ੍ਰਤੀਕ : ਗਿ. ਕੁਲਦੀਪ ਸਿੰਘ ਗੜਗੱਜ

ਤਰਲੋਚਨ ਸਿੰਘ
================



ਸ੍ਰੀ ਅਨੰਦਪੁਰ ਸਾਹਿਬ, 5 ਮਾਰਚ:ਹੋਲੇ-ਮਹੱਲੇ ਮੌਕੇ ਸੰਗਤਾਂ ਨੂੰ ਵਧਾਈ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਹੋਲਾ-ਮਹੱਲਾ ਕੌਮ ਦੀ ਵਿਲੱਖਣਤਾ, ਨਿਆਰੀ ਆਭਾ ਅਤੇ ਚੜ੍ਹਦੀਕਲਾ ਦਾ ਪ੍ਰਤੀਕ ਹੈ।ਇਸ ਨੂੰ ਜਜ਼ਬੇ ਵਿੱਚ ਰਹਿ ਕੇ ਮਨਾਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਿੱਖਾਂ ਨੇ ਇਸ ਮੁਲਕ ਨੂੰ ਬਚਾਇਆ ਹੈ। ਜੇ ਕੋਈ ਹਿੰਦੁਸਤਾਨ ਦੀ ਤਾਕਤ ਸਿੱਖਾਂ ਨੂੰ ਕਮਜ਼ੋਰ ਕਰਨ ਲਈ ਵਿਉਂਤ ਬਣਾਏਗਾ ਅਤੇ ਸਾਜਸ਼ਾਂ ਰਚੇਗੀ ਅਤੇ ਜੇਕਰ ਸਿੱਖ ਕਮਜ਼ੋਰ ਹੋਣਗੇ ਤਾਂ ਇਹ ਮੁਲਕ ਵੀ ਕਮਜ਼ੋਰ ਹੋਵੇਗਾ। ਦੇਸ਼ ਦੇ ਬਾਰਡਰਾਂ ਉੱਤੇ ਸਭ ਤੋਂ ਵੱਧ ਸ਼ਹਾਦਤਾਂ ਸਿੱਖਾਂ ਦੀਆਂ ਹਨ, ਸਾਜਿਸ਼ਾਂ ਕਰਨ ਵਾਲੀਆਂ ਸ਼ਕਤੀਆਂ ਇਹ ਭੁੱਲ ਜਾਣ ਕਿ ਸਿੱਖਾਂ ਨੂੰ ਕਮਜ਼ੋਰ ਕਰਕੇ ਉਹ ਤਕੜੇ ਰਹਿ ਜਾਣਗੇ। ਲੰਮੇ ਸਮੇਂ ਤੋਂ (ਬਾਕੀ ਸਫਾ 2 'ਤੇ)

---

### ਚੀਨ ਨੇ ਰੱਖਿਆ ਬਜਟ 10 ਫ਼ੀਸਦੀ ਵਧਾ ਕੇ 275 ਬਿਲੀਅਨ ਡਾਲਰ ਕੀਤਾ

ਬੀਜਿੰਗ , 5 ਮਾਰਚ (ਚ.ਨ.ਸ.): ਚੀਨ ਨੇ ਵੀਰਵਾਰ ਨੂੰ ਆਪਣਾ ਰੱਖਿਆ ਬਜਟ 10 ਪ੍ਰਤੀਸ਼ਤ ਤੋਂ ਵੱਧ ਵਧਾ ਕੇ 27.5 ਬਿਲੀਅਨ ਅਮਰੀਕੀ ਡਾਲਰ ਕਰ ਦਿੱਤਾ। ਇਹ ਪਿਛਲੇ ਸਾਲ ਨਾਲੋਂ ਲਗਭਗ 25 ਬਿਲੀਅਨ ਡਾਲਰ ਵੱਧ ਹੈ ਅਤੇ ਇਸ ਦਾ ਉਦੇਸ਼ ਹਥਿਆਰਬੰਦ ਬਲਾਂ ਦੇ ਆਧੁਨਿਕੀਕਰਨ ਨੂੰ ਤੇਜ਼ ਕਰਨਾ ਅਤੇ ਅਮਰੀਕੀ ਫੌਜ ਦੇ ਬਰਾਬਰ ਹੋਣਾ ਹੈ। ਚੀਨੀ ਪ੍ਰਧਾਨ ਮੰਤਰੀ ਲੀ ਕੇਕਿਆਂਗ ਨੇ ਵੀਰਵਾਰ ਨੂੰ ਨੈਸ਼ਨਲ ਪੀਪਲਜ਼ ਕਾਂਗਰਸ (ਐਨ.ਪੀ.ਸੀ.) ਨੂੰ ਪੇਸ਼ ਕੀਤੀ ਗਈ ਆਪਣੀ ਕਾਰਜ ਰਿਪੋਰਟ ਵਿੱਚ ਐਲਾਨ ਕੀਤਾ ਕਿ ਰਾਸ਼ਟਰੀ ਰੱਖਿਆ ਲਈ ਲਗਭਗ 1.9 ਟ੍ਰਿਲੀਅਨ ਯੂਆਨ (ਲਗਭਗ 275 ਬਿਲੀਅਨ ਡਾਲਰ) ਅਲਾਟ ਕੀਤੇ ਜਾਣਗੇ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚੀਨ ਦਾ ਰੱਖਿਆ ਖਰਚ ਮੁੱਖ ਮਾਪਦੰਡਾਂ ਜਿਵੇਂ ਕਿ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿੱਚ ਇਸਦਾ ਹਿੱਸਾ, ਪ੍ਰਤੀ ਵਿਅਕਤੀ ਰੱਖਿਆ ਖਰਚ ਅਤੇ ਪ੍ਰਤੀ ਸਿਪਾਹੀ ਰੱਖਿਆ ਖਰਚ ਦੇ ਰੂਪ ਵਿੱਚ ਮੁਕਾਬਲਤਨ (ਬਾਕੀ ਸਫਾ 2 'ਤੇ)

---

## ਭਾਰਤ ਦਾ ਨਿਆਂਇਕ ਤਜਰਬਾ ਦੁਨੀਆਂ ਦੀਆਂ ਅਦਾਲਤਾਂ ਨੂੰ ਸਬਕ ਦੇ ਸਕਦੈ: ਸੀਜੇਆਈ ਸੂਰਿਆ ਕਾਂਤ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 5 ਮਾਰਚ:ਭਾਰਤ ਦੇ ਚੀਫ਼ ਜਸਟਿਸ (ਸੀਜੇਆਈ) ਜਸਟਿਸ ਸੂਰਿਆ ਕਾਂਤ ਨੇ ਵੀਰਵਾਰ ਨੂੰ ਕਿਹਾ ਕਿ ਭਾਰਤ ਦਾ ਵਿਸ਼ਾਲ ਨਿਆਂਇਕ ਤਜਰਬਾ — ਜੋ ਕਿ ਇਸ ਦੇ ਮਜ਼ਬੂਤ ਸੰਵਿਧਾਨਕ ਢਾਂਚੇ, ਅਦਾਲਤਾਂ ਦੇ ਕੰਮ ਕਰਨ ਦੇ ਵੱਡੇ ਪੱਧਰ ਅਤੇ ਤੇਜ਼ੀ ਨਾਲ ਵਿਕਸਤ ਹੋ ਰਹੇ ਤਕਨਾਲੋਜੀ-ਅਧਾਰਤ ਨਿਆਂ ਪ੍ਰਣਾਲੀ 'ਤੇ ਬਣਿਆ ਹੈ — ਭਾਰਤੀ ਨਿਆਂਪਾਲਿਕਾ ਨੂੰ ਵਿਸ਼ਵ ਭਰ ਦੇ ਕਾਨੂੰਨੀ ਪ੍ਰਣਾਲੀਆਂ ਦੇ ਵਿਕਾਸ ਵਿੱਚ ਸਾਰਥਕ ਯੋਗਦਾਨ ਪਾਉਣ ਦੇ ਯੋਗ ਬਣਾਉਂਦਾ ਹੈ।

ਭੂਟਾਨ ਦੇ ਦੌਰੇ ਤੋਂ ਵਾਪਸ ਆਉਣ ਤੋਂ ਬਾਅਦ ਗੱਲਬਾਤ ਕਰਦਿਆਂ ਸੀਜੇਆਈ ਨੇ ਕਿਹਾ ਕਿ ਭਾਰਤ ਦੀਆਂ ਨਿਆਂਇਕ ਸੰਸਥਾਵਾਂ ਦੂਜੇ ਦੇਸ਼ਾਂ ਨਾਲ ਨਿਆਂਇਕ ਸਹਿਯੋਗ ਅਤੇ ਭਾਈਵਾਲੀ ਨੂੰ ਡੂੰਘਾ ਕਰਦੇ ਹੋਏ ਵੱਖ-ਵੱਖ ਅਧਿਕਾਰ ਖੇਤਰਾਂ ਦੀਆਂ ਅਦਾਲਤਾਂ ਨੂੰ ਸੰਸਥਾਗਤ ਸਬਕ ਦੇਣ ਲਈ ਵਿਲੱਖਣ ਸਥਾਨ ਰੱਖਦੀਆਂ ਹਨ।



ਇਹ ਟਿੱਪਣੀਆਂ ਪਿਛਲੇ ਸਾਲ ਨਵੰਬਰ ਵਿੱਚ ਭਾਰਤ ਦੇ ਮੁੱਖ ਜੱਜ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਚੰਡੀਗੜ੍ਹ ਦੇ ਉਨ੍ਹਾਂ ਦੇ ਪਹਿਲੇ ਵੱਡੇ ਦੌਰੇ ਤੋਂ ਪਹਿਲਾਂ ਮਹੱਤਵਪੂਰਨ ਹਨ, ਜਿੱਥੇ ਉਹ ਇੱਕ ਵੱਡੇ ਅੰਤਰਰਾਸ਼ਟਰੀ ਕਾਨੂੰਨੀ ਪ੍ਰੋਗਰਾਮ ਦੀ ਸ਼ੁਰੂਆਤ ਕਰਨਗੇ ਜਿਸ ਵਿੱਚ ਅਮਰੀਕਾ, ਬ੍ਰਿਟੇਨ, ਸਿੰਗਾਪੁਰ, ਕੈਨੇਡਾ ਅਤੇ ਫਰਾਂਸ ਸਮੇਤ ਹੋਰ ਦੇਸ਼ਾਂ ਦੇ 50 ਤੋਂ ਵੱਧ ਬੁਲਾਰਿਆਂ ਦੀ ਸ਼ਮੂਲੀਅਤ ਦੀ ਉਮੀਦ ਹੈ।

ਸੀਜੇਆਈ ਨੇ ਕਿਹਾ, 'ਭਾਰਤ ਦਾ ਸੰਵਿਧਾਨਕ ਨਿਆਂ ਸ਼ਾਸਤਰ, ਸਾਡੀਆਂ ਅਦਾਲਤਾਂ ਦੇ ਕੰਮ ਕਰਨ ਦਾ ਪੈਮਾਨਾ ਅਤੇ ਤਕਨਾਲੋਜੀ-ਸਮਰੱਥ ਨਿਆਂ ਪ੍ਰਦਾਨ ਕਰਨ ਵਿੱਚ ਸਾਡਾ ਵਧਦਾ ਤਜਰਬਾ ਮਿਲ ਕੇ ਭਾਰਤੀ ਨਿਆਂਪਾਲਿਕਾ ਨੂੰ ਵਿਸ਼ਵਵਿਆਪੀ ਕਾਨੂੰਨੀ ਪ੍ਰਣਾਲੀਆਂ ਦੇ ਵਿਕਾਸ ਵਿੱਚ ਇੱਕ ਸਾਰਥਕ ਯੋਗਦਾਨ ਪਾਉਣ ਵਾਲੇ ਵਜੋਂ ਪੇਸ਼ ਕਰਦਾ ਹੈ।'

ਭੂਟਾਨ ਦੌਰੇ ਦੌਰਾਨ ਉਨ੍ਹਾਂ ਦੀ ਮੁਲਾਕਾਤ ਥਿੰਪੂ ਵਿੱਚ ਮਹਾਮਹਿਮ ਜਿਗਮੇ ਖੇਸਰ ਨਾਮਗਿਆਲ ਵਾਂਗਚੁੱਕ ਨਾਲ ਹੋਈ, ਜਿੱਥੇ ਨਿਆਂਇਕ ਸਹਿਯੋਗ ਰਾਹੀਂ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਧਿਆਨ ਦਿੱਤਾ ਗਿਆ। (ਬਾਕੀ ਸਫਾ 2 'ਤੇ)

---

### ਕੈਨੇਡਾ 'ਚ ਸੋਸ਼ਲ ਮੀਡੀਆ ਇਫਲੂਐਂਸਰ ਨੈਂਸੀ ਗਰੇਵਾਲ ਦਾ ਕਤਲ

ਟੋਰਾਂਟੋ, 5 ਮਾਰਚ (ਚ.ਨ.ਸ.):ਕੈਨੇਡਾ ਵਿਚ ਰਹਿਣ ਵਾਲੀ ਪੰਜਾਬੀ ਮੂਲ ਦੀ ਸੋਸ਼ਲ ਮੀਡੀਆ ਇਫਲੂਐਂਸਰ ਨੈਂਸੀ ਗਰੇਵਾਲ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਕੈਨੇਡਾ ਦੀ ਲਾਸਾਲ ਪੁਲਿਸ ਮੁਤਾਬਕ 45 ਸਾਲਾ ਨੈਂਸੀ ਗਰੇਵਾਲ ਦੀ ਹੱਤਿਆ ਚਾਕੂ ਮਾਰ ਕੇ ਰਾਤ ਲਗਭਗ 9.30 ਵਜੇ ਉਨ੍ਹਾਂ ਦੇ ਘਰ ਵਿਖੇ ਕੀਤੀ ਗਈ। ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਨੈਂਸੀ ਗਰੇਵਾਲ ਦੇ ਘਰ ਵਿਚ ਵੜ ਕੇ ਕਿਸੇ ਵਿਅਕਤੀ ਨੇ ਚਾਕੂ ਮਾਰ ਕੇ ਉਸ ਨੂੰ ਜ਼ਖਮੀ ਕਰ ਦਿੱਤਾ ਹੈ। ਨੈਂਸੀ ਗਰੇਵਾਲ ਨੂੰ ਹਸਪਤਾਲ ਪਹੁੰਚਾਇਆ ਗਿਆ ਜਿਥੇ ਜ਼ਖਮਾਂ ਦੀ ਤਾਬ ਨਾ ਸਹਿੰਦੇ ਹੋਏ ਉਸ ਨੇ ਦਮ ਤੋੜ ਦਿੱਤਾ। ਪੁਲਿਸ ਦਾ ਕਹਿਣਾ ਹੈ ਕਿ ਨੈਂਸੀ 'ਤੇ ਚਾਕੂਆਂ ਨਾਲ ਵਾਰ ਕੀਤੇ ਗਏ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



(ਬਾਕੀ ਸਫਾ 2 'ਤੇ)

# ਜਦੋਂ ਤੱਕ ਪੰਜਾਬ 'ਚ 'ਆਪ' ਸਰਕਾਰ ਹੈ ਉਦੋਂ ਤੱਕ ਮੁਫ਼ਤ ਬਿਜਲੀ ਜਾਰੀ ਰਹੇਗੀ: ਮਾਨ

ਧੂਰੀ, 5 ਮਾਰਚ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਦੇ ਆਉਣ ਵਾਲੇ ਬਜਟ ਵਿੱਚ ਆਰਥਿਕ ਵਿਕਾਸ ਨੂੰ ਤੇਜ਼ ਕਰਨ ਦੇ ਨਾਲ-ਨਾਲ ਲੋਕਾਂ ਲਈ ਭਲਾਈ ਦੇ ਉਦੇਸ਼ ਨਾਲ ਕਈ ਨਵੇਂ ਲੋਕ-ਪੱਖੀ ਉਪਰਾਲੇ ਕੀਤੇ ਜਾਣਗੇ। ਜ਼ਿਲ੍ਹਾ ਸੰਗਰੂਰ ਵਿੱਚ ਲੋਕ ਮਿਲਣੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਅਤੇ ਬਾਅਦ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਿਛਲੇ ਚਾਰ ਸਾਲਾਂ ਦੌਰਾਨ ਜਨਤਾ ਦੇ ਪੈਸੇ ਦੀ ਜ਼ਿੰਮੇਵਾਰੀ ਨਾਲ ਵਰਤੋਂ ਕੀਤੀ ਹੈ, 90% ਤੋਂ ਵੱਧ ਘਰਾਂ ਨੂੰ ਮੁਫ਼ਤ ਬਿਜਲੀ ਪਹੁੰਚਾਈ ਹੈ, 881 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਹਨ, ਅਤੇ ਰਿਸ਼ਵਤ ਜਾਂ ਸਿਫਾਰਸ਼ ਤੋਂ ਬਿਨਾਂ 63,000 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ 'ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਲੀਡਰਸ਼ਿਪ ਦਾ ਪੰਜਾਬ ਦੀਆਂ ਹਕੀਕਤਾਂ ਨਾਲੋਂ ਨਾਤਾ ਟੁੱਟ ਚੁੱਕਾ ਹੈ ਅਤੇ ਉਨ੍ਹਾਂ ਨੂੰ ਸੱਤਾ ਵਿੱਚ ਵਾਪਸ ਆਉਣ ਦੇ ਸੁਪਨੇ ਦੇਖਣਾ ਬੰਦ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਟਿੱਪਣੀ ਕੀਤੀ ਕਿ ਜਦੋਂ ਕਿ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕਿਆਂ ਦੀ ਲੋੜ ਹੈ, ਸੁਖਬੀਰ ਸਿੰਘ ਬਾਦਲ ਪਿੰਡਾਂ ਵਿੱਚ ਤਾਸ਼ ਦੇ ਟੂਰਨਾਮੈਂਟ ਕਰਵਾਉਣ ਬਾਰੇ ਗੱਲਾਂ ਕਰ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਵਾਇਤੀ ਰਾਜਨੀਤਿਕ ਪਾਰਟੀਆਂ ਨੇ ਪੰਜਾਬ 'ਤੇ ਕਰਜ਼ੇ ਦਾ ਬੋਝ ਪਾਇਆ ਹੈ ਅਤੇ ਆਪਣੇ ਹਿੱਤਾਂ ਲਈ ਕੰਮ ਕੀਤਾ ਹੈ, ਜਦੋਂ ਕਿ ਪੰਜਾਬ ਸਰਕਾਰ ਸਰਕਾਰੀ ਖਜ਼ਾਨੇ ਵਿੱਚੋਂ ਇੱਕ ਇੱਕ ਪੈਸੇ ਦੀ ਵਰਤੋਂ ਲੋਕਾਂ ਦੀ ਭਲਾਈ ਲਈ ਕਰ ਰਹੀ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਦੀ ਪੰਜਾਬ ਦੇ ਫੰਡਾਂ ਨੂੰ ਰੋਕਣ ਅਤੇ ਨਾਲ ਹੀ ਧਰੁਵੀਕਰਨ ਦੀ ਰਾਜਨੀਤੀ ਰਾਹੀਂ ਲੋਕਾਂ ਨੂੰ ਵੰਡਣ ਦੀ ਕੋਸ਼ਿਸ਼ ਕਰਨ ਲਈ ਵੀ ਆਲੋਚਨਾ ਕੀਤੀ।

ਲੋਕ ਮਿਲਣੀ ਪ੍ਰੋਗਰਾਮ ਦੇ ਮੌਕੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਪੰਜਾਬ ਸਰਕਾਰ ਦੇ ਆਉਣ ਵਾਲੇ ਬਜਟ ਵਿੱਚ ਪੰਜਾਬ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਤੋਂ ਇਲਾਵਾ ਕਈ ਲੋਕ-ਪੱਖੀ ਪਹਿਲਕਦਮੀਆਂ ਪੇਸ਼ ਕੀਤੀਆਂ ਜਾਣਗੀਆਂ। ਪੰਜਾਬ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ ਟੈਕਸਦਾਤਾਵਾਂ ਦੇ ਪੈਸੇ ਨੂੰ ਸਮਝਦਾਰੀ ਨਾਲ ਪੰਜਾਬ ਦੇ ਸਰਬਪੱਖੀ ਵਿਕਾਸ 'ਤੇ ਕੇਂਦ੍ਰਿਤ ਕਰਕੇ ਖਰਚ ਕੀਤਾ ਹੈ। ਆਉਣ ਵਾਲਾ ਬਜਟ ਲੋਕ ਪੱਖੀ ਪਹਿਲਕਦਮੀਆਂ 'ਤੇ ਵੀ ਕੇਂਦ੍ਰਿਤ ਹੋਵੇਗਾ, ਤਾਂ ਜੋ ਲੋਕਾਂ ਨੂੰ ਵੱਡੀ ਰਾਹਤ ਮਿਲ ਸਕੇ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ, ਬਜਟ ਐਤਵਾਰ ਨੂੰ ਪੇਸ਼ ਕੀਤਾ ਜਾਵੇਗਾ ਅਤੇ ਇਹ ਪੰਜਾਬ ਦੇ ਆਰਥਿਕ ਵਿਕਾਸ ਨੂੰ ਹੋਰ ਤੇਜ਼ ਕਰੇਗਾ।'

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਜਨਤਕ ਫੰਡਾਂ ਦੀ ਸਾਵਧਾਨੀ ਨਾਲ ਵਰਤੋਂ ਕਰ ਰਹੀ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਸਾਨਾਂ ਲਈ ਮੁਫ਼ਤ ਬਿਜਲੀ ਅਤੇ ਦਿਨ ਵੇਲੇ



ਬਿਜਲੀ ਸਪਲਾਈ ਵਰਗੀਆਂ ਵੱਡੀਆਂ ਪਹਿਲਕਦਮੀਆਂ ਨੇ ਘਰਾਂ ਅਤੇ ਕਿਸਾਨ ਭਾਈਚਾਰੇ ਨੂੰ ਮਹੱਤਵਪੂਰਨ ਰਾਹਤ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਸਰਕਾਰੀ ਖਜ਼ਾਨੇ ਦੇ ਇੱਕ-ਇੱਕ ਪੈਸੇ ਦੀ ਸਮਝਦਾਰੀ ਨਾਲ ਵਰਤੋਂ ਕਰ ਰਹੀ ਹੈ। ਅੱਜ ਪੰਜਾਬ ਦੇ 90% ਤੋਂ ਵੱਧ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਮਿਲ ਰਹੀ ਹੈ, ਜੋ ਕਿ ਬੇਮਿਸਾਲ ਰਿਹਾ ਹੈ। ਅਜਿਹੇ ਸਮੇਂ ਜਦੋਂ ਦੇਸ਼ ਦੀਆਂ ਜਾਇਦਾਦਾਂ ਕੇਂਦਰ ਸਰਕਾਰ ਵੱਲੋਂ ਆਪਣੇ ਚਹੇਤੇ ਦੋਸਤਾਂ ਨੂੰ ਕੌਡੀਆਂ ਦੇ ਭਾਅ ਸੌਂਪੀਆਂ ਜਾ ਰਹੀਆਂ ਹਨ, ਪੰਜਾਬ ਸਰਕਾਰ ਨੇ ਇੱਕ ਨਿੱਜੀ ਥਰਮਲ ਪਲਾਂਟ ਖਰੀਦ ਕੇ ਇਤਿਹਾਸ ਰਚਿਆ ਹੈ,'

ਸਿਹਤ ਸੰਭਾਲ ਵਿੱਚ ਸੁਧਾਰਾਂ ਨੂੰ ਉਜਾਗਰ ਕਰਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜਨਤਕ ਸਿਹਤ ਢਾਂਚੇ ਨੂੰ ਕਾਫ਼ੀ ਮਜ਼ਬੂਤ ਕੀਤਾ ਹੈ ਅਤੇ ਡਾਕਟਰੀ ਸੇਵਾਵਾਂ ਤੱਕ ਪਹੁੰਚ ਦਾ ਵਿਸਥਾਰ ਕੀਤਾ ਹੈ। 'ਲੋਕਾਂ ਨੂੰ ਮੁਫ਼ਤ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਪੰਜਾਬ ਵਿੱਚ 881 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਅਤੇ ਸਰਕਾਰੀ ਹਸਪਤਾਲਾਂ ਵਿੱਚ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਈਆਂ ਜਾ ਰਹੀਆਂ ਹਨ।'

ਮੁੱਖ ਮੰਤਰੀ ਨੇ ਕਿਹਾ, 'ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਨ ਲਈ, ਪੰਜਾਬ ਸਰਕਾਰ ਨੇ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਹੈ, ਜੋ ਕਿ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ ਜੋ ਪੰਜਾਬ ਦੇ ਹਰੇਕ ਨਿਵਾਸੀ ਪਰਿਵਾਰ ਲਈ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਡਾਕਟਰੀ ਇਲਾਜ ਪ੍ਰਦਾਨ ਕਰਦੀ ਹੈ। ਪੰਜਾਬ ਅਜਿਹਾ ਵਿਆਪਕ ਸਿਹਤ ਸੰਭਾਲ ਕਵਰੇਜ ਪ੍ਰਦਾਨ ਕਰਨ ਵਾਲਾ ਪਹਿਲਾ ਭਾਰਤੀ ਸੂਬਾ ਹੈ, ਜਿਸ ਨੇ ਮਿਆਰੀ ਸਿਹਤ ਸੇਵਾਵਾਂ ਨੂੰ ਯਕੀਨੀ ਬਣਾਉਂਦੇ ਹੋਏ ਜਨਤਾ 'ਤੇ ਵਿੱਤੀ ਬੋਝ ਨੂੰ ਕਾਫ਼ੀ ਘਟਾ ਦਿੱਤਾ ਹੈ।'

ਨਸ਼ਿਆਂ ਵਿਰੁੱਧ ਮੁਹਿੰਮ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬ ਤੋਂ ਇਸ ਕਲੰਕ ਨੂੰ ਲਾਹੁਣ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਤਹਿਤ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਤੋੜ ਦਿੱਤਾ ਗਿਆ ਹੈ ਅਤੇ ਇਸ ਘਿਨੌਣੇ ਅਪਰਾਧ ਵਿੱਚ ਸ਼ਾਮਲ ਨਸ਼ਾ ਤਸਕਰਾਂ ਨੂੰ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ ਹੈ। ਲੋਕਾਂ ਦੇ ਸਰਗਰਮ ਸਹਿਯੋਗ ਅਤੇ ਤਾਲਮੇਲ ਨਾਲ ਨਸ਼ਿਆਂ ਦੇ ਕਲੰਕ ਨੂੰ ਜ਼ਮੀਨੀ ਪੱਧਰ ਉਤੇ ਖਤਮ ਕੀਤਾ ਜਾ ਰਿਹਾ ਹੈ। ਆਮ ਲੋਕਾਂ ਦੀ ਮਦਦ ਨਾਲ ਇਹ ਮੁਹਿੰਮ ਹੁਣ ਇੱਕ ਵੱਡੀ ਲੋਕ ਲਹਿਰ ਬਣ ਚੁੱਕੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਵਿੱਤੀ ਸਥਿਤੀ ਪਿਛਲੀਆਂ ਸਰਕਾਰਾਂ ਵੱਲੋਂ ਅਪਣਾਈਆਂ ਨੀਤੀਆਂ ਦਾ ਨਤੀਜਾ ਹੈ, ਜਿਨ੍ਹਾਂ ਨੇ ਲੋਕਾਂ ਉੱਤੇ ਭਾਰੀ ਕਰਜ਼ੇ ਦਾ ਬੋਝ ਪਾ ਦਿੱਤਾ ਸੀ। ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਉੱਤੇ ਵੱਡਾ ਕਰਜ਼ਾ ਚੜ੍ਹਾਇਆ, ਕਿਉਂਕਿ ਉਹ ਨੇਤਾ ਆਮ ਆਦਮੀ ਦੀ ਚਿੰਤਾ ਕਦੇ ਨਹੀਂ ਕਰਦੇ ਸਨ। ਪਿਛਲੇ ਚਾਰ ਸਾਲਾਂ ਵਿੱਚ ਪੰਜਾਬ ਸਰਕਾਰ ਨੇ ਪੰਜਾਬ ਦੇ ਕਰਜ਼ੇ ਵਿੱਚ 35% ਤੋਂ ਵਧੇਰੇ ਦੀ ਕਮੀ ਲਿਆਂਦੀ ਹੈ। ਹਰ ਸਰਕਾਰ ਕਰਜ਼ਾ ਲੈਂਦੀ ਹੈ ਪਰ ਉਹ ਕਰਜ਼ਾ ਉਤਪਾਦਕ ਉਦੇਸ਼ਾਂ ਲਈ ਹੋਣਾ ਚਾਹੀਦਾ ਹੈ। ਰਾਜ ਦੇ ਖਜ਼ਾਨੇ ਦਾ ਹਰ ਇੱਕ ਪੈਸਾ ਲੋਕਾਂ ਦੇ ਭਲੇ ਅਤੇ ਪੰਜਾਬ ਦੀ ਤਰੱਕੀ ਲਈ ਵਰਤਿਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਭਾਜਪਾ ਦੀ ਆਲੋਚਨਾ ਕਰਦਿਆਂ ਕਿਹਾ ਕਿ ਅਸਲ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ ਲੋਕਾਂ ਨੂੰ ਵੰਡਣ ਵਾਲੀ ਰਾਜਨੀਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਹਮੇਸ਼ਾ ਨਫ਼ਰਤ ਦਾ ਏਜੰਡਾ ਚਲਾਉਣ ਲਈ ਧਰਮ ਦੇ ਆਧਾਰ 'ਤੇ ਦੇਸ਼ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਵਿੱਚ ਧਾਰਮਿਕ ਪਰਿਵਰਤਨ ਬਾਰੇ ਕੇਂਦਰੀ ਗ੍ਰਹਿ ਮੰਤਰੀ ਦਾ ਬਿਆਨ ਲੋਕਾਂ ਨੂੰ ਵੰਡਣ ਲਈ ਹੈ, ਜੋ ਭਾਜਪਾ ਦੀ ਰਣਨੀਤੀ ਹੈ। ਅਜਿਹੀ ਗੰਦੀ ਰਾਜਨੀਤੀ ਵਿੱਚ ਸ਼ਾਮਲ ਹੋਣ ਦੀ ਬਜਾਏ, ਕੇਂਦਰ ਸਰਕਾਰ ਨੂੰ ਪੰਜਾਬ ਦੇ ਬਣਦੇ ਫੰਡਾਂ ਦੇ ਹਿੱਸੇ ਨੂੰ ਰੋਕਣ ਦੀ ਬਜਾਏ ਪੰਜਾਬ ਨੂੰ ਫੰਡ ਜਾਰੀ ਕਰਨ ਲਈ ਉਦਾਰ ਹੋਣਾ ਚਾਹੀਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ, ਖੁਰਾਕ ਉਤਪਾਦਨ ਵਿੱਚ ਸਵੈ-ਨਿਰਭਰਤਾ ਅਤੇ ਦੇਸ਼ ਦੀਆਂ ਸਰਹੱਦਾਂ ਦੀ ਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਪਰ ਫਿਰ ਵੀ ਕੇਂਦਰ ਸਰਕਾਰ ਨੇ ਪੰਜਾਬ ਦੇ ਵਿਕਾਸ ਲਈ ਰੱਖੇ ਗਏ ਦਿਹਾਤੀ ਵਿਕਾਸ ਫੰਡ ਅਤੇ ਹੋਰ ਫੰਡ ਰੋਕ ਦਿੱਤੇ ਹਨ, ਜਿਸ ਨਾਲ ਸੂਬੇ ਦਾ ਵਿਕਾਸ ਪ੍ਰਭਾਵਿਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਸਸਤੀਆਂ ਰਾਜਨੀਤੀਆਂ ਕਰਨ ਦੀ ਬਜਾਏ, ਕੇਂਦਰ ਸਰਕਾਰ ਨੂੰ ਤੁਰੰਤ ਫੰਡ ਜਾਰੀ ਕਰਨੇ ਚਾਹੀਦੇ ਹਨ ਤਾਂ ਜੋ ਪੰਜਾਬ ਦਾ ਵਿਕਾਸ ਤੇਜ਼ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਚੱਲ ਰਹੀ ਜੰਗ ਦੇ ਮੱਦੇਨਜ਼ਰ ਖਾੜੀ ਖੇਤਰ ਵਿੱਚ ਫਸੇ ਪੰਜਾਬੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਨੂੰ ਸੁਰੱਖਿਅਤ ਵਾਪਸ ਲਾਉਣ ਲਈ ਕੇਂਦਰ ਸਰਕਾਰ ਨਾਲ ਸੰਪਰਕ ਵਿੱਚ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ 370 ਪੰਜਾਬੀਆਂ ਦੀ ਪਛਾਣ ਕੀਤੀ ਹੈ ਜੋ ਚੱਲ ਰਹੀ ਜੰਗ ਦੇ ਚੱਲਦਿਆਂ ਖਾੜੀ ਖੇਤਰ ਵਿੱਚ ਫਸੇ ਹੋਏ ਹਨ। ਅਸੀਂ ਇਸ ਮੁੱਦੇ ਨੂੰ ਕੇਂਦਰ ਸਰਕਾਰ ਦੇ ਸਾਹਮਣੇ ਉਠਾਇਆ ਹੈ ਅਤੇ ਉਨ੍ਹਾਂ ਨੂੰ ਵਾਪਸ ਲਾਉਣ ਲਈ ਯਤਨ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਮੱਧ ਪੂਰਬੀ ਦੇਸ਼ਾਂ ਵਿੱਚ ਫਸੇ ਪੰਜਾਬੀਆਂ ਨੂੰ ਵਾਪਸ ਲਾਉਣ ਲਈ ਦ੍ਰਿੜ੍ਹ ਹੈ ਅਤੇ ਇਸ ਮੰਤਵ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਸਮਾਗਮਾਂ ਦਾ ਉਦੇਸ਼ ਲੋਕਾਂ ਨਾਲ ਸਿੱਧਾ ਸੰਪਰਕ ਕਾਇਮ ਕਰਨਾ ਅਤੇ ਜ਼ਮੀਨੀ ਪੱਧਰ 'ਤੇ ਮਸਲਿਆਂ ਦਾ ਹੱਲ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਸਿੱਧੇ ਤੌਰ 'ਤੇ ਲੋਕਾਂ ਨਾਲ ਜੁੜਨ ਲਈ ਸੱਥਾਂ ਵਿੱਚ ਆਯੋਜਿਤ ਕੀਤੇ ਜਾਂਦੇ ਹਨ। ਇਹਨਾਂ ਥਾਂਵਾਂ ਦਾ ਪਿੰਡਾਂ ਦੀ ਜ਼ਿੰਦਗੀ ਵਿੱਚ ਬਹੁਤ ਮਹੱਤਵ ਹੈ, ਕਿਉਂਕਿ ਇੱਥੇ ਵਿਕਾਸ ਬਾਰੇ ਮੁੱਖ ਫ਼ੈਸਲੇ ਲਏ ਜਾਂਦੇ ਹਨ ਅਤੇ ਪਿੰਡ ਵਾਸੀਆਂ ਦੇ ਵਿਵਾਦ ਸੁਖਾਵੇਂ ਢੰਗ ਨਾਲ ਹੱਲ ਕੀਤੇ ਜਾਂਦੇ ਹਨ।

ਮੁੱਖ ਮੰਤਰੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਸੁਖਬੀਰ ਸਿੰਘ ਬਾਦਲ ਦੀ ਟਿੱਪਣੀ 'ਤੇ ਸੱਟ ਮਾਰਦਿਆਂ ਪਿੰਡਾਂ ਵਿੱਚ ਤਾਸ਼ (ਸੀਪ) ਮੁਕਾਬਲੇ ਕਰਵਾਉਣ ਦੇ ਸੁਝਾਅ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਕਹਿੰਦੇ ਹਨ ਕਿ ਉਹ ਤਾਸ਼ (ਸੀਪ) ਮੁਕਾਬਲੇ ਕਰਵਾਉਣਗੇ ਅਤੇ ਜੇਤੂ ਪਿੰਡ ਨੂੰ 10 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ। ਅਜਿਹੇ ਬਿਆਨ ਦੇਣ ਦੀ ਬਜਾਏ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਉਹ ਨੌਜਵਾਨਾਂ ਨੂੰ ਨੌਕਰੀਆਂ ਕਿਉਂ ਨਹੀਂ ਦੇ ਸਕਦੇ ਜੋ ਇਹ ਤਾਸ਼ (ਸੀਪ) ਮੁਕਾਬਲੇ ਖੇਡਦੇ ਹਨ। ਉਹਨਾਂ ਕਿਹਾ ਕਿ ਸੁਖਬੀਰ ਬਾਦਲ ਜ਼ਮੀਨੀ ਹਕੀਕਤ ਤੋਂ ਅਨਜਾਣ ਹੈ ਕਿਉਂਕਿ ਉਸ ਨੇ ਪਹਾੜੀ ਜਾਂ ਵਿਦੇਸ਼ਾਂ ਵਿੱਚ ਚੱਲਦੇ ਕਨਵੈਂਟ ਸਕੂਲਾਂ ਵਿੱਚ ਪੜ੍ਹਾਈ ਕੀਤੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਲੋਕ-ਵਿਰੋਧੀ ਨੀਤੀਆਂ ਵਾਲੀਆਂ ਰਵਾਇਤੀ ਪਾਰਟੀਆਂ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਕਿਹਾ, 'ਸੁਖਬੀਰ ਸਿੰਘ ਬਾਦਲ ਨੂੰ ਦਿਨ-ਦਿਹਾੜੇ ਸੁਪਨੇ ਦੇਖਣੇ ਬੰਦ ਕਰ ਦੇਣੇ ਚਾਹੀਦੇ ਹਨ ਕਿਉਂਕਿ ਪੰਜਾਬ ਦੇ ਲੋਕ ਉਨ੍ਹਾਂ ਨੂੰ ਕਦੇ ਵੀ ਸੱਤਾ ਵਿੱਚ ਵਾਪਸ ਨਹੀਂ ਲਿਆਉਣਗੇ। ਪੰਜਾਬ ਸਰਕਾਰ 16 ਮਾਰਚ ਨੂੰ ਲੋਕਾਂ ਦੀ ਸੇਵਾ ਦੇ ਚਾਰ ਸਾਲ ਪੂਰੇ ਕਰੇਗੀ ਅਤੇ ਇਸ ਦੌਰਾਨ ਕਈ ਲੋਕ-ਪੱਖੀ ਕਦਮ ਚੁੱਕੇ ਗਏ ਹਨ। ਅੱਜ ਪੰਜਾਬ ਦੇ 90 ਫੀਸਦੀ ਤੋਂ ਵੱਧ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਮਿਲ ਰਹੀ ਹੈ, ਜੋ ਕਿ ਬਕਾਮਾਲ ਹੈ'।

ਬਿਜਲੀ ਉਤਪਾਦਨ ਨਾਲ ਸੰਬੰਧਿਤ ਮਾਮਲਿਆਂ ਅਤੇ ਪਿਛਲੀਆਂ ਸਰਕਾਰਾਂ ਦੇ ਫੈਸਲਿਆਂ ਉੱਤੇ ਰੌਸ਼ਨੀ ਪਾਉਂਦਿਆਂ ਮੁੱਖ ਮੰਤਰੀ ਨੇ ਕਿਹਾ, ਝਾਰਖੰਡ ਦੀ ਪਛਵਾੜਾ ਕੋਲ ਖਾਣ ਤੋਂ ਕੋਲੇ ਦੀ ਸਪਲਾਈ ਇਸ ਲਈ ਰੋਕੀ ਗਈ ਸੀ ਕਿਉਂਕਿ ਸੁਖਬੀਰ ਸਿੰਘ ਬਾਦਲ ਆਪਣੀ ਇੱਕ ਨਜ਼ਦੀਕੀ ਫਰਮ ਨੂੰ ਫਾਇਦਾ ਪਹੁੰਚਾਉਣਾ ਚਾਹੁੰਦੇ ਸਨ। ਅਕਾਲੀ ਲੀਡਰਸ਼ਿਪ ਨੇ ਆਪਣੀਆਂ ਹੀ ਕੰਪਨੀਆਂ ਨਾਲ ਸਮਝੌਤੇ ਕਰਕੇ ਪੰਜਾਬ ਨੂੰ ਬਹੁਤ ਮਹਿੰਗੀਆਂ ਦਰਾਂ 'ਤੇ ਸੂਰਜੀ ਬਿਜਲੀ ਮੁਹੱਈਆ ਕਰਵਾਈ, ਜਿਸ ਨਾਲ ਰਾਜ ਦੇ ਖ਼ਜ਼ਾਨੇ ਨੂੰ ਭਾਰੀ ਨੁਕਸਾਨ ਹੋਇਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਪਹਿਲਾਂ ਕਿਸਾਨਾਂ ਨੂੰ ਬਿਜਲੀ ਦੀ ਉਡੀਕ ਵਿੱਚ ਰਾਤਾਂ ਖੇਤਾਂ ਵਿੱਚ ਗੁਜ਼ਾਰਨੀਆਂ ਪੈਂਦੀਆਂ ਸਨ, ਪਰ ਅੱਜ ਉਨ੍ਹਾਂ ਨੂੰ ਦਿਨ ਦੇ ਸਮੇਂ ਬਿਜਲੀ ਮਿਲ ਰਹੀ ਹੈ। ਮੁੱਖ ਮੰਤਰੀ ਨੇ ਸਿੰਚਾਈ ਅਤੇ ਪਾਣੀ ਪ੍ਰਬੰਧਨ ਵਿੱਚ ਆਏ ਸੁਧਾਰਾਂ ਬਾਰੇ ਵੀ ਗੱਲ ਕੀਤੀ। ਉਨ੍ਹਾਂ ਕਿਹਾ, ਜਦੋਂ ਪੰਜਾਬ ਸਰਕਾਰ ਨੇ ਕਾਰਜਭਾਰ ਸੰਭਾਲਿਆ ਸੀ, ਉਸ ਵੇਲੇ ਸਿਰਫ਼ 21 ਫ਼ੀਸਦੀ ਨਹਿਰੀ ਪਾਣੀ ਖੇਤ ਸਿੰਜਣ ਲਈ ਵਰਤਿਆ ਜਾ ਰਿਹਾ ਸੀ। ਅੱਜ ਪੰਜਾਬ ਵਿੱਚ 68 ਫ਼ੀਸਦੀ ਨਹਿਰੀ ਪਾਣੀ ਸਿੰਚਾਈ ਲਈ ਵਰਤਿਆ ਜਾ ਰਿਹਾ ਹੈ। ਪਾਣੀ ਨੂੰ ਟੇਲਾਂ ਤੱਕ ਪਹੁੰਚਾਉਣ ਲਈ 6,900 ਕਿਲੋਮੀਟਰ ਖਾਲਿਆਂ ਅਤੇ 18,349 ਖੇਲਾਂ ਨੂੰ ਮੁੜ ਸੁਰਜੀਤ ਕੀਤਾ ਗਿਆ ਹੈ, ਜਿਸ ਨਾਲ ਕਿਸਾਨਾਂ ਨੂੰ ਵੱਡਾ ਲਾਭ ਹੋਇਆ ਹੈ।ਰੋਜ਼ਗਾਰ ਅਤੇ ਸਿੱਖਿਆ ਸੁਧਾਰਾਂ ਬਾਰੇ ਸਰਕਾਰ ਦੀਆਂ ਪ੍ਰਾਪਤੀਆਂ ਉਜਾਗਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ, 63,000 ਤੋਂ ਵੱਧ ਸਰਕਾਰੀ ਨੌਕਰੀਆਂ ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸ਼ਵਤ ਜਾਂ ਸਿਫ਼ਾਰਿਸ਼ ਦੇ ਦਿੱਤੀਆਂ ਗਈਆਂ ਹਨ, ਜਿਸ ਨਾਲ ਸਮਾਜ ਦੇ ਹਰ ਵਰਗ ਵਿੱਚ ਸੰਤੁਸ਼ਟੀ ਹੈ।

## ਪਹਿਲੇ ਸਫ਼ੇ ਦੀ ਬਾਕੀ

### ਮੋਹਾਲੀ 'ਚ ਵਸੇਗੀ ਪੰਜਾਬ ਦੀ ਪਹਿਲੀ

ਇਸ ਦੇ ਨਾਲ ਹੀ ਇੱਕ ਸੋਸ਼ਲ ਇੰਪੈਕਟ ਅਸੈਸਮੈਂਟ (ਐਸ.ਆਈ.ਏ.) ਸ਼ੁਰੂ ਹੋਵੇਗਾ। ਇਹ ਐਕਵਾਇਰ ਪ੍ਰਕਿਰਿਆ ਰਾਈਟ ਟੂ ਫੇਅਰ ਕੰਪੇਂਸੇਸ਼ਨ ਐਂਡ ਟਰਾਂਸਪੇਰੈਂਸੀ ਇਨ ਲੈਂਡ ਐਕਵਿਜ਼ਿਸ਼ਨ, ਰਿਹੈਬਿਲਿਟੇਸ਼ਨ ਐਂਡ ਰਿਸੈਟਲਮੈਂਟ ਐਕਟ, 2013 ਤਹਿਤ ਕੀਤੀ ਜਾ ਰਹੀ ਹੈ। ਉਮੀਦ ਹੈ ਕਿ ਇਹ ਪ੍ਰਕਿਰਿਆ ਜਲਦੀ ਹੀ ਪੂਰੀ ਹੋਵੇਗੀ। ਸਰਕਾਰ ਵੱਲੋਂ ਸਫੀਪੁਰ, ਲੰਡਿਆਲੀ, ਧਰਮਗੜ੍ਹ ਤੇ ਰੁੜਕਾ ਪਿੰਡ ਸ਼ਾਮਲ ਕੀਤੇ ਗਏ ਹਨ। ਇਹ ਪ੍ਰਾਜੈਕਟ ਮਾਸਟਰ ਪਲਾਨ ਮੁਤਾਬਕ ਯੋਜਨਾਬੱਧ ਵਿਕਾਸ ਲਈ ਹੈ, ਜਿਸ ਨੂੰ ਐਕਟ ਦੀ ਧਾਰਾ 2(1)(ਈ) ਦੇ ਤਹਿਤ ਜਨਤਕ ਉਦੇਸ਼ ਮੰਨਿਆ ਜਾਂਦਾ ਹੈ। ਇਸ ਲਈ, ਗ੍ਰਾਮ ਸਭਾ ਦੀ ਸਹਿਮਤੀ ਦੀ ਲੋੜ ਨਹੀਂ ਹੈ, ਪਰ ਪ੍ਰਭਾਵਿਤ ਪੰਚਾਇਤਾਂ ਅਤੇ ਜ਼ਮੀਨ ਮਾਲਕਾਂ ਨਾਲ ਸਲਾਹ-ਮਸ਼ਵਰਾ ਲਾਜ਼ਮੀ ਹੋਵੇਗਾ। ਇਹ ਪ੍ਰਕਿਰਿਆ ਲਗਭਗ ਛੇ ਮਹੀਨੇ ਚੱਲਣ ਦੀ ਸੰਭਾਵਨਾ ਹੈ। ਐਕਸਪੋ ਸਿਟੀ ਵਿੱਚ ਚਾਰ ਵਿਸ਼ੇਸ਼ਤਾਵਾਂ ਹੋਣਗੀਆਂ।

ਦੇਸ਼ ਦਾ ਪਹਿਲਾ ਏ.ਆਈ. ਟਾਵਰ: ਭਾਰਤ ਦਾ ਪਹਿਲਾ ਸਮਰਪਿਤ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਟਾਵਰ ਐਕਸਪੋ ਸਿਟੀ ਵਿੱਚ ਬਣਾਇਆ ਜਾਵੇਗਾ, ਜਿੱਥੇ ਲੱਗਭੱਗ 300 ਏ.ਆਈ. ਅਤੇ ਤਕਨੀਕੀ ਕੰਪਨੀਆਂ ਕੰਮ ਕਰਨਗੀਆਂ। ਇਸ ਨਾਲ ਹਜ਼ਾਰਾਂ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਪੰਜਾਬ ਵਿੱਚ ਏ.ਆਈ., ਸਟਾਰਟਅੱਪਸ ਅਤੇ ਨਵੀਨਤਾ ਨੂੰ ਵੱਡਾ ਹੁਲਾਰਾ ਮਿਲੇਗਾ।

ਅੰਤਰਰਾਸ਼ਟਰੀ ਮਿਆਰੀ ਪ੍ਰਦਰਸ਼ਨੀ ਮੈਦਾਨ: ਲਗਭਗ 10 ਏਕੜ ਵਿੱਚ ਇੱਕ ਵਿਸ਼ਵ ਪੱਧਰੀ ਪ੍ਰਦਰਸ਼ਨੀ ਮੈਦਾਨ ਬਣਾਇਆ ਜਾਵੇਗਾ, ਜਿੱਥੇ ਪ੍ਰਮੁੱਖ ਗਲੋਬਲ ਐਕਸਪੋ, ਸੰਮੇਲਨ, ਵਪਾਰ ਸ਼ੋਅ ਅਤੇ ਸਮਾਗਮ ਆਯੋਜਿਤ ਕੀਤੇ ਜਾ ਸਕਦੇ ਹਨ। ਇਸ ਨੂੰ ਦਿੱਲੀ ਦੇ ਪ੍ਰਗਤੀ ਮੈਦਾਨ ਦੇ ਮਾਡਲ 'ਤੇ ਵਿਕਸਿਤ ਕਰਨ ਦੀ ਯੋਜਨਾ ਹੈ।

3. 20 ਏਕੜ ਦਾ ਮੈਗਾ ਮਾਲ : ਲਗਭਗ 20 ਏਕੜ ਵਿੱਚ ਇੱਕ ਵੱਡਾ ਸ਼ਾਪਿੰਗ ਮਾਲ ਅਤੇ ਪ੍ਰਚੂਨ ਕੰਪਲੈਕਸ ਬਣਾਇਆ ਜਾਵੇਗਾ, ਜੋ ਇੱਕ ਵਪਾਰਕ ਅਤੇ ਜੀਵਨ ਸ਼ੈਲੀ ਹੱਬ ਵਿੱਚ ਵਿਕਸਿਤ ਹੋਵੇਗਾ।

ਕਮਰਸ਼ੀਅਲ ਅਤੇ ਬਿਜਨੈੱਸ ਜੋਨ: ਦਫ਼ਤਰ, ਹੋਟਲ, ਪ੍ਰਾਹੁਣਚਾਰੀ, ਪ੍ਰਚੂਨ ਅਤੇ ਹੋਰ ਵਪਾਰਕ ਸਹੂਲਤਾਂ ਉੱਚ-ਐਫ਼.ਐਸ.ਆਈ. ਜ਼ਮੀਨ 'ਤੇ ਵਿਕਸਤ ਕੀਤੀਆਂ ਜਾਣਗੀਆਂ। ਇਹ ਪੰਜਾਬ ਦਾ ਮੋਹਰੀ ਕਾਰੋਬਾਰ ਅਤੇ ਇਨੋਵੇਸ਼ਨ ਹੱਬ ਬਣ ਜਾਵੇਗਾ।

### ਫ਼ੌਜੀ ਟਕਰਾਅ ਕਿਸੇ ਮੁੱਦੇ ਦਾ ਹੱਲ

ਚੁੱਕਣ ਲਈ ਵੀ ਸਹਿਮਤ ਹੋਈਆਂ। ਉਨ੍ਹਾਂ ਕਿਹਾ,'ਏ.ਆਈ. (ਸੂਚਨਾ ਤਕਨਾਲੋਜੀ) ਤੋਂ ਲੈ ਕੇ 6ਜੀ ਦੂਰਸੰਚਾਰ ਤੱਕ, ਸਾਫ਼ ਊਰਜਾ ਤੋਂ ਲੈ ਕੇ ਕੁਆਂਟਮ ਕੰਪਿਊਟਿੰਗ ਤੱਕ, ਇਹ ਸਾਂਝੇਦਾਰੀ ਤਕਨਾਲੋਜੀ ਦੇ ਕਈ ਖੇਤਰਾਂ ਵਿੱਚ ਸਾਡੇ ਸਹਿਯੋਗ ਨੂੰ ਗਤੀ ਅਤੇ ਊਰਜਾ ਪ੍ਰਦਾਨ ਕਰੇਗੀ।' ਮੋਦੀ ਨੇ ਕਿਹਾ ਕਿ ਭਾਰਤ-ਈਯੂ ਮੁਕਤ ਵਪਾਰ ਸਮਝੌਤਾ ਭਾਰਤ ਅਤੇ ਫਿਨਲੈਂਡ ਵਿਚਕਾਰ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰੇਗਾ। ਉਨ੍ਹਾਂ ਕਿਹਾ,'ਇਹ ਸਮਝੌਤਾ ਭਾਰਤ ਅਤੇ ਫਿਨਲੈਂਡ ਵਿਚਕਾਰ ਵਪਾਰ, ਨਿਵੇਸ਼ ਅਤੇ ਤਕਨਾਲੋਜੀ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰੇਗਾ।' ਫਿਨਲੈਂਡ ਦੇ ਰਾਸ਼ਟਰਪਤੀ ਸਟੱਬ ਨੇ ਬੁੱਧਵਾਰ ਨੂੰ ਭਾਰਤ ਦੀ ਚਾਰ ਦਿਨਾਂ ਯਾਤਰਾ ਸ਼ੁਰੂ ਕੀਤੀ, ਜਿਸ ਦਾ ਉਦੇਸ਼ ਵਪਾਰ, ਨਿਵੇਸ਼ ਅਤੇ ਮਹੱਤਵਪੂਰਨ ਤਕਨਾਲੋਜੀ ਸਮੇਤ ਕਈ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਨੂੰ ਮਜ਼ਬੂਤ ਕਰਨਾ ਹੈ।

### ਈਰਾਨੀ ਦੂਤਘਰ 'ਚ ਵਿਦੇਸ਼ ਸਕੱਤਰ

ਆਉਂਦੀ ਸੀ। ਖਮੇਨੇਈ ਦੇ ਕੰਪਾਊਂਡ 'ਤੇ ਹੋਏ ਮਿਜ਼ਾਈਲ ਅਟੈਕ ਵਿਚ ਉਨ੍ਹਾਂ ਪਤਨੀ, ਧੀ-ਜਵਾਈ, ਨੂੰਹ ਤੇ ਪੋਤੀ ਸਣੇ 40 ਕਮਾਂਡਰ ਮਾਰੇ ਗਏ। ਖਮੇਨੇਈ ਅਤੇ ਉਨ੍ਹਾਂ ਦੀ ਪਤਨੀ ਦੇ ਛੇ ਬੱਚਿਆਂ ਵਿਚੋਂ ਚਾਰ ਪੁੱਤਰ ਤੇ ਦੋ ਧੀਆਂ, ਜਿਨ੍ਹਾਂ ਵਿਚ ਪੁੱਤਰਾਂ ਦੇ ਨਾਂ ਮੋਸਤਫਾ, ਮੋਜਤਬਾ, ਮਸੂਦ ਅਤੇ ਮੇਇਸਾਮ ਹਨ। ਧੀਆਂ ਦੇ ਨਾਂ ਬੋਸ਼ਰਾ ਤੇ ਹੋਦਾ ਹਨ। ਅਯਾਤੁੱਲਾ ਅਲੀ ਖਮੇਨੇਈ ਦੀ ਮੌਤ ਮਗਰੋਂ ਹੁਣ ਨਵੇਂ ਸੁਪਰੀਮ ਲੀਡਰ ਦੀ ਭਾਲ ਤੇਜ ਹੈ। ਖਮੇਨੇਈ ਦਾ ਦੂਜੇ ਪੁੱਤਰ ਮੋਜਤਬਾ ਕਮਾਨ ਸੰਭਾਲਣ ਦੇ ਮਾਮਲੇ ਵਿਚ ਸੰਭਾਵਿਤ ਨੇਤਾ ਵਜੋਂ ਉਭਰਿਆ ਹੈ ਹਾਲਾਂਕਿ ਅਜੇ ਕੋਈ ਅਧਿਕਾਰਕ ਐਲਾਨ ਨਹੀਂ ਹੋਇਆ ਹੈਮੀਡੀਆ ਰਿਪੋਰਟਾਂ ਵਿਚ ਕਿਹਾ ਜਾ ਰਿਹਾ ਹੈ ਕਿ ਰਿਵਾਉਸ਼ਨਰੀ ਗਾਰਡ ਦੇ ਦਬਾਅ ਵਿਚ ਉਸ ਦਾ ਨਾਂ ਰੱਖਿਆ ਜਾ ਰਿਹਾ ਹੈ। ਮੋਜਤਬਾ ਦੀ ਡਿਗਰੀ 'ਤੇ ਵੀ ਸਵਾਲ ਉੱਠ ਰਹੇ ਹਨ।

### ਈਰਾਨ 'ਚ ਮਰਨ ਵਾਲਿਆਂ ਦੀ ਗਿਣਤੀ 1200 ਤੋਂ ਪਾਰ

ਜਾ ਰਿਹਾ ਹੈ। ਬੀ-2 ਬੰਬਰਾਂ ਅਤੇ ਏ.ਆਈ. ਤਕਨੀਕ ਨਾਲ ਲੈਸ ਆਤਮਘਾਤੀ ਡਰੋਨਾਂ ਨੇ ਈਰਾਨੀ ਟਿਕਾਣਿਆਂ 'ਤੇ ਤਬਾਹੀ ਮਚਾਈ ਹੋਈ ਹੈ। ਇਸ ਖ਼ੂਨੀ ਸੰਘਰਸ਼ ਕਾਰਨ ਜਿੱਥੇ ਈਰਾਨ ਵਿੱਚ ਮੌਤਾਂ ਦਾ ਸਿਲਸਿਲਾ ਰੁਕ ਨਹੀਂ ਰਿਹਾ, ਉੱਥੇ ਹੀ ਇਜ਼ਰਾਈਲ ਨੂੰ ਹਰ ਹਫ਼ਤੇ 3 ਅਰਬ ਡਾਲਰ ਦਾ ਭਾਰੀ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ। ਇਸ ਦੇ ਨਾਲ ਹੀ ਅਮਰੀਕਾ ਨੇ ਆਪਣੀ 'ਡੂਮਜ਼ਡੇ' ਮਿਜ਼ਾਈਲ ਦਾ ਸਫਲ ਪਰੀਖਣ ਕਰਕੇ ਈਰਾਨੀ ਲੀਡਰਸ਼ਿਪ ਨੂੰ ਸਿੱਧੀ ਚੇਤਾਵਨੀ ਦਿੱਤੀ ਹੈ। ਈਰਾਨੀ ਸੁਪਰੀਮ ਲੀਡਰ ਖਮੇਨੇਈ ਦੀ ਮੌਤ ਤੋਂ ਬਾਅਦ ਪੂਰੇ ਖੇਤਰ ਵਿੱਚ ਅਰਾਜਕਤਾ ਦਾ ਮਾਹੌਲ ਹੈ। ਚੀਨ ਨੇ ਵੀ ਆਪਣੀ ਸੁਰੱਖਿਆ ਨੂੰ ਦੇਖਦੇ ਹੋਏ ਰੱਖਿਆ ਬਜਟ ਵਿੱਚ 10 ਫੀਸਦੀ ਦਾ ਵਾਧਾ ਕਰਕੇ ਉਸ ਨੂੰ 275 ਅਰਬ ਡਾਲਰ ਕਰ ਦਿੱਤਾ ਹੈ। ਦੂਜੇ ਪਾਸੇ, ਈਰਾਨ ਵੱਲੋਂ ਪਾਕਿਸਤਾਨ ਦੇ ਸਹਿਯੋਗੀ ਦੇਸ਼ਾਂ 'ਤੇ ਕੀਤੇ ਗਏ ਡਰੋਨ ਹਮਲਿਆਂ ਨੇ ਇਸ ਜੰਗ ਵਿੱਚ ਨਵੇਂ ਦੇਸ਼ਾਂ ਦੇ ਸ਼ਾਮਲ ਹੋਣ ਦਾ ਖਤਰਾ ਵਧਾ ਦਿੱਤਾ ਹੈ।ਫਿਲਹਾਲ, ਬ੍ਰਿਟੇਨ, ਫਰਾਂਸ ਅਤੇ ਜਰਮਨੀ ਨੇ ਅਮਰੀਕਾ ਦੇ ਨਾਲ ਮਿਲ ਕੇ ਈਰਾਨੀ ਫੌਜੀ ਸਮਰੱਥਾ ਨੂੰ ਖ਼ਤਮ ਕਰਨ ਦਾ ਐਲਾਨ ਕੀਤਾ ਹੈ, ਜਿਸ ਕਾਰਨ ਆਉਣ ਵਾਲੇ ਦਿਨਾਂ ਵਿੱਚ ਮੌਤਾਂ ਦਾ ਇਹ ਅੰਕੜਾ ਹੋਰ ਵੀ ਵਧਣ ਦੀ ਸੰਭਾਵਨਾ ਹੈ।

### ਮਾਨ ਸਰਕਾਰ ਵੱਲੋਂ ਫਸੇ ਪੰਜਾਬੀਆਂ ਦੀ ਸੁਰੱਖਿਅਤ

ਇਨ੍ਹਾਂ ਕਾਲਾਂ 'ਤੇ ਤੁਰੰਤ ਕਾਰਵਾਈ ਕੀਤੀ ਜਾਵੇਗੀ। ਜਿੱਥੇ ਵੀ ਕੋਈ ਮਾਮਲਾ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਜਾਂ ਕਿਸੇ ਹੋਰ ਵਿਭਾਗ ਜਾਂ ਅਥਾਰਟੀ ਕੋਲ ਉਠਾਉਣ ਦੀ ਲੋੜ ਹੋਵੇ, ਨੋਡਲ ਅਫ਼ਸਰ ਇਹ ਯਕੀਨੀ ਬਣਾਏਗਾ ਕਿ ਇਸ ਨੂੰ ਪਹਿਲ ਦੇ ਆਧਾਰ 'ਤੇ ਕੀਤਾ ਜਾਵੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਇਹ ਕਦਮ ਮੱਧ ਪੂਰਬੀ ਏਸ਼ੀਆ ਅਤੇ ਹੋਰ ਦੇਸ਼ਾਂ ਵਿੱਚ ਫਸੇ ਪੰਜਾਬ ਦੇ ਵਸਨੀਕਾਂ ਨਾਲ ਸਬੰਧਤ ਸੰਕਟਕਾਲੀਨ ਸਥਿਤੀ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ। ਇਸ ਦਾ ਇੱਕੋ-ਇੱਕ ਉਦੇਸ਼ ਇਸ ਗੰਭੀਰ ਅਤੇ ਅਣਕਿਆਸੇ ਸੰਕਟ ਦੀ ਘੜੀ ਵਿੱਚ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਲੋੜੀਂਦੀ ਇਮਦਾਦ ਅਤੇ ਸਹਿਯੋਗ ਪ੍ਰਦਾਨ ਕਰਨਾ ਹੈ। ਪੰਜਾਬ ਸਰਕਾਰ ਖਾੜੀ ਖਿੱਤੇ ਵਿੱਚ ਫਸੇ ਪੰਜਾਬੀਆਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਅਤੇ ਸਹਿਯੋਗ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।'

### ਹਾਈਕੋਰਟ ਵੱਲੋਂ ਮਾਮਲੇ ਦਾ ਖ਼ੁਦ ਨੋਟਿਸ

ਗਈ ਹੈ, ਉਹ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਇਹ ਮਾਮਲਾ ਪਹਿਲਾਂ ਹੀ ਸੀ.ਜੇ.ਐਮ. ਗੁਰਦਾਸਪੁਰ ਦੇ ਧਿਆਨ ਵਿੱਚ ਹੈ। ਹਾਈਕੋਰਟ ਨੇ ਪੂਰੇ ਮਾਮਲੇ ਦੀ ਵਿਸਤ੍ਰਿਤ ਰਿਪੋਰਟ ਮੰਗੀ ਹੈ ਅਤੇ ਡੀ.ਜੀ.ਪੀ. ਨੂੰ ਦੋ ਹਫ਼ਤਿਆਂ ਵਿੱਚ ਆਪਣਾ ਜਵਾਬ ਦਾਇਰ ਕਰਨ ਲਈ ਕਿਹਾ ਹੈ. ਅਦਾਲਤ ਨੇ ਇਹ ਵੀ ਕਿਹਾ ਕਿ ਪੁਲਿਸ ਅਸਲ ਦੋਸ਼ੀਆਂ ਅਤੇ ਅਜਿਹੇ ਮਾਮਲਿਆਂ ਦੇ ਪਿੱਛੇ ਮੌਜੂਦ ਲੋਕਾਂ ਨੂੰ ਲੱਭਣ 'ਤੇ ਧਿਆਨ ਦੇਵੇ। ਦੂਜੇ ਪਾਸੇ ਬੀਤੇ ਦਿਨੀਂ ਰਣਜੀਤ ਸਿੰਘ ਦੀ ਦੇਹ ਪੋਸਟਮਾਰਟਮ ਮਗਰੋਂ ਪਰਿਵਾਰ ਨੂੰ ਸੌਂਪ ਦਿੱਤੀ ਗਈ, ਪਰ ਪਰਿਵਾਰ ਵਾਲਿਆਂ ਵੱਲੋਂ ਰਣਜੀਤ ਸਿੰਘ ਦਾ ਅੰਤਿਮ ਸਸਕਾਰ ਨਹੀਂ ਕੀਤਾ ਗਿਆ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਉਦੋਂ ਤੱਕ ਅਸੀਂ ਸਸਕਾਰ ਨਹੀਂ ਕਰਾਂਗੇ। ਉਨ੍ਹਾਂ ਦੀ ਮੰਗ ਹੈ ਕਿ ਜਿਹੜੇ ਅਧਿਕਾਰੀਆਂ ਨੇ ਰਣਜੀਤ ਸਿੰਘ ਦਾ ਐਨਕਾਊਂਟਰ ਕੀਤਾ ਹੈ ਉਨ੍ਹਾਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਪਰਿਵਾਰ ਦਾ ਕਹਿਣਾ ਹੈ ਕਿ ਜੇਕਰ ਇਨਸਾਫ ਨਾ ਮਿਲਿਆ ਤੇ ਸਾਡੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਸਾਡੇ ਵੱਲੋਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

### ਰਣਜੀਤ ਸਿੰਘ ਦੀ ਮਾਂ ਨੇ ਕੀਤਾ ਹਾਈਕੋਰਟ ਦਾ ਰੁਖ਼

ਕੀਤੀ ਹੈ। ਪੁਲਿਸ ਅਨੁਸਾਰ,ਦੋ ਪੁਲਿਸ ਮੁਲਾਜ਼ਮਾਂ ਦੇ ਕਤਲ ਦੇ ਮਾਮਲੇ ਵਿੱਚ ਰਣਜੀਤ ਸਿੰਘ ਨੂੰ ਹਥਿਆਰ ਬਰਾਮਦਗੀ ਲਈ ਲਿਜਾਇਆ ਜਾ ਰਿਹਾ ਸੀ ਜਦੋਂ ਧੁੰਦ ਕਾਰਨ ਗੱਡੀ ਪਲਟ ਗਈ ਅਤੇ ਉਹ ਫਰਾਰ ਹੋ ਗਿਆ। ਪਟੀਸ਼ਨਰ ਨੇ ਸਵਾਲ ਚੁੱਕਿਆ ਹੈ ਕਿ ਹੱਥਕੜੀ ਲੱਗਿਆ ਵਿਅਕਤੀ ਪੁਲਿਸ ਹਿਰਾਸਤ ਵਿੱਚੋਂ ਕਿਵੇਂ ਭੱਜ ਸਕਦਾ ਹੈ।ਪੁਲਿਸ ਦਾ ਦਾਅਵਾ ਹੈ ਕਿ ਫਰਾਰ ਹੋਣ ਤੋਂ ਬਾਅਦ ਰਣਜੀਤ ਮੋਟਰਸਾਈਕਲ 'ਤੇ ਆਇਆ ਅਤੇ ਉਸ ਨੇ ਪੁਲਿਸ 'ਤੇ ਫਾਇਰਿੰਗ ਕੀਤੀ। ਪਟੀਸ਼ਨਰ ਅਨੁਸਾਰ ਹਾਈ ਅਲਰਟ ਦੇ ਬਾਵਜੂਦ ਉਸਨੇ ਮੋਟਰਸਾਈਕਲ ਅਤੇ ਹਥਿਆਰ ਕਿੱਥੋਂ ਪ੍ਰਾਪਤ ਕੀਤੇ, ਇਹ ਗੱਲ ਸ਼ੱਕੀ ਹੈ। ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਪੁਲਿਸ ਨੇ ਪਿੰਡ ਦੇ ਘਰਾਂ ਅਤੇ ਗੁਰਦੁਆਰਾ ਸਾਹਿਬ ਦੇ ਸੀਸੀਟੀਵੀ ਕੈਮਰੇ ਅਤੇ ਡੀਵੀਆਰ ਜ਼ਬਰਦਸਤੀ ਕਬਜ਼ੇ ਵਿੱਚ ਲੈ ਲਏ ਹਨ ਤਾਂ ਜੋ ਸੱਚਾਈ ਛੁਪਾਈ ਜਾ ਸਕੇ। ਮ੍ਰਿਤਕ ਦੀ ਮਾਂ ਨੇ ਅਦਾਲਤ ਤੋਂ ਮੰਗ ਕੀਤੀ ਕਿ ਮਾਮਲੇ ਦੀ ਜਾਂਚ ਲਈ ਹਾਈਕੋਰਟ ਦੇ ਮੌਜੂਦਾ ਜਾਂ ਸੇਵਾਮੁਕਤ ਜੱਜ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ ਜਾਂ ਸੀ.ਬੀ.ਆਈ. ਜਾਂਚ ਕਰਵਾਈ ਜਾਵੇ। ਮ੍ਰਿਤਕ ਦਾ ਦੂਜਾ ਪੋਸਟਮਾਰਟਮ ਪੀ.ਜੀ.ਆਈ. ਚੰਡੀਗੜ੍ਹ ਦੇ ਡਾਕਟਰਾਂ ਦੇ ਬੋਰਡ ਤੋਂ ਕਰਵਾਇਆ ਜਾਵੇ, ਕਿਉਂਕਿ ਪਰਿਵਾਰ ਨੂੰ ਰਾਜ ਸਰਕਾਰ ਦੇ ਅਧੀਨ ਹਸਪਤਾਲਾਂ ਦੀਆਂ ਰਿਪੋਰਟਾਂ 'ਤੇ ਭਰੋਸਾ ਨਹੀਂ ਹੈ। ਘਟਨਾ ਵਾਲੇ ਦਿਨ ਦੇ ਸਾਰੇ ਸਬੰਧਤ ਪੁਲਿਸ ਅਧਿਕਾਰੀਆਂ ਦੇ ਕਾਲ ਡਿਟੇਲ ਰਿਕਾਰਡ ਅਤੇ ਜੀ.ਪੀ.ਐਸ. ਲੋਕੇਸ਼ਨਾਂ ਨੂੰ ਸੁਰੱਖਿਅਤ ਰੱਖਣ ਦੇ ਹੁਕਮ ਦਿੱਤੇ ਜਾਣ। ਇਸ ਮੁਕਾਬਲੇ ਵਿੱਚ ਸ਼ਾਮਲ ਸੀ.ਆਈ.ਏ. ਇੰਚਾਰਜ ਅਤੇ ਹੋਰ ਪੁਲਿਸ ਮੁਲਾਜ਼ਮਾਂ ਨੂੰ ਤੁਰੰਤ ਮੁਅੱਤਲ ਕੀਤਾ ਜਾਵੇ। ਇਹ ਮਾਮਲਾ 22 ਫਰਵਰੀ, 2026 ਨੂੰ ਪਿੰਡ ਆਦੀ ਵਿਖੇ ਦੋ ਪੁਲਿਸ ਮੁਲਾਜ਼ਮਾਂ ਏ.ਐਸ.ਆਈ. ਗੁਰਨਾਮ ਸਿੰਘ ਅਤੇ ਪੀ.ਐਚ.ਸੀ. ਅਸ਼ੋਕ ਕੁਮਾਰ ਦੇ ਕਤਲ ਤੋਂ ਸ਼ੁਰੂ ਹੋਇਆ ਸੀ। ਪੁਲਿਸ ਨੇ ਇਸ ਮਾਮਲੇ ਵਿੱਚ ਰਣਜੀਤ ਸਿੰਘ ਨੂੰ 24 ਫਰਵਰੀ ਨੂੰ ਉਸ ਦੇ ਘਰੋਂ ਚੁੱਕਿਆ ਸੀ। 25 ਫਰਵਰੀ ਦੀ ਸਵੇਰ ਨੂੰ ਪੁਲਿਸ ਨੇ ਦਾਅਵਾ ਕੀਤਾ ਕਿ ਪੁਰਾਣਾ ਸ਼ਾਲਾ ਨੇੜੇ ਹੋਏ ਮੁਕਾਬਲੇ ਵਿੱਚ ਰਣਜੀਤ ਸਿੰਘ ਮਾਰਿਆ ਗਿਆ ਹੈ। ਪਟੀਸ਼ਨਰ ਅਨੁਸਾਰ ਰਣਜੀਤ ਦਾ ਕੋਈ ਪੁਰਾਣਾ ਅਪਰਾਧਿਕ ਰਿਕਾਰਡ ਨਹੀਂ ਸੀ ਅਤੇ ਉਸ ਨੂੰ ਇੱਕ ਸਾਜ਼ਿਸ਼ ਤਹਿਤ ਨਿਸ਼ਾਨਾ ਬਣਾਇਆ ਗਿਆ ਹੈ। ਹਾਈਕੋਰਟ ਵੱਲੋਂ ਇਸ ਮਾਮਲੇ ਦੀ ਸੁਣਵਾਈ ਜਲਦ ਕੀਤੇ ਜਾਣ ਦੀ ਉਮੀਦ ਹੈ।

### ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਰਾਜ ਸਭਾ

ਮੁਕਤ ਕਰਨ ਲਈ ਕੰਮ ਕੀਤਾ।

ਉਨ੍ਹਾਂ ਨੇ ਨਾ ਸਿਰਫ਼ ਬਿਹਾਰ ਦੀਆਂ ਸੜਕਾਂ ਨੂੰ ਪਿੰਡਾਂ ਨਾਲ ਜੋੜਿਆ, ਸਗੋਂ ਉਨ੍ਹਾਂ ਦੀ ਹਾਲਤ ਵੀ ਸੁਧਾਰੀ। ਇੰਨੇ ਲੰਬੇ ਕਾਰਜਕਾਲ ਵਿੱਚ ਵਿਧਾਇਕ, ਸੰਸਦ ਮੈਂਬਰ, ਮੁੱਖ ਮੰਤਰੀ ਅਤੇ ਕੇਂਦਰੀ ਮੰਤਰੀ ਰਹਿੰਦੇ ਹੋਏ, ਉਨ੍ਹਾਂ ਦੇ ਕੁੜਤੇ 'ਤੇ ਕਦੇ ਦਾਗ ਨਹੀਂ ਲੱਗਾ। ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਬਿਨਾਂ ਇੰਨਾ ਲੰਮਾ ਰਾਜਨੀਤਿਕ ਸਫ਼ਰ ਬਹੁਤ ਘੱਟ ਲੋਕਾਂ ਨੇ ਕੀਤਾ ਹੈ, ਜਿੰਨਾ ਨਿਤੀਸ਼ ਕੁਮਾਰ ਨੇ ਕੀਤਾ ਹੈ। ਮੁੱਖ ਮੰਤਰੀ ਵਜੋਂ ਉਨ੍ਹਾਂ ਦੇ ਕਾਰਜਕਾਲ ਨੂੰ ਬਿਹਾਰ ਦੇ ਲੋਕ ਯਾਦ ਰੱਖਣਗੇ ਅਤੇ ਸਤਿਕਾਰ ਦੇਣਗੇ। ਮੈਂ ਇੱਕ ਵਾਰ ਫਿਰ ਨਿਤਿਨ ਨਵੀਨ ਅਤੇ ਨਿਤੀਸ਼ ਕੁਮਾਰ ਦਾ ਰਾਜ ਸਭਾ ਵਿੱਚ ਸਵਾਗਤ ਕਰਦਾ ਹਾਂ।'

### ਗਰਮੀ ਦਾ ਕਹਿਰ ! ਪੰਜਾਬ ਸਣੇ

ਆਸ-ਪਾਸ ਬਣਿਆ ਹੋਇਆ ਹੈ। ਮੌਸਮ ਵਿਭਾਗ ਅਨੁਸਾਰ ਪੰਜਾਬ ਅਤੇ ਹਰਿਆਣਾ ਵਿੱਚ ਆਮ ਨਾਲੋਂ ਜ਼ਿਆਦਾ 'ਹੀਟਵੇਵ' ਵਾਲੇ ਦਿਨ ਰਹਿਣ ਦੀ ਉਮੀਦ ਹੈ।

ਸਮੇਂ ਤੋਂ ਪਹਿਲਾਂ ਚੱਲੇਗੀ 'ਲੂ': ਮੌਸਮ ਵਿਭਾਗ ਨੇ ਸੰਕੇਤ ਦਿੱਤਾ ਹੈ ਕਿ ਇਸ ਸਾਲ ਗਰਮ ਹਵਾਵਾਂ (ਲੂ) ਮਈ ਦੀ ਬਜਾਏ ਅਪ੍ਰੈਲ ਦੀ ਸ਼ੁਰੂਆਤ ਵਿੱਚ ਹੀ ਚੱਲਣ ਦੀ ਸੰਭਾਵਨਾ ਹੈ। 5 ਮਾਰਚ ਨੂੰ ਕੋਨਕਣ ਦੇ ਕੁਝ ਇਲਾਕਿਆਂ ਵਿੱਚ ਹੀਟਵੇਵ ਦੀ ਸਥਿਤੀ ਬਹੁਤ ਜ਼ਿਆਦਾ ਗੰਭੀਰ ਹੋ ਸਕਦੀ ਹੈ।

ਮੀਂਹ ਤੇ ਬਰਫਬਾਰੀ ਦੀ ਸੰਭਾਵਨਾ: ਗਰਮੀ ਦੇ ਵਿਚਕਾਰ ਪੱਛਮੀ ਗੜਬੜੀ ਕਾਰਨ ਕੁਝ ਸੂਬਿਆਂ ਨੂੰ ਰਾਹਤ ਵੀ ਮਿਲ ਸਕਦੀ ਹੈ। 5 ਤੋਂ 11 ਮਾਰਚ ਦਰਮਿਆਨ ਜੰਮੂ-ਕਸ਼ਮੀਰ ਵਿੱਚ ਹਲਕੀ ਬਾਰਿਸ਼ ਅਤੇ ਬਰਫਬਾਰੀ ਹੋ ਸਕਦੀ ਹੈ। ਇਸ ਤੋਂ ਇਲਾਵਾ 9 ਮਾਰਚ ਨੂੰ ਪੱਛਮੀ ਬੰਗਾਲ ਤੇ ਝਾਰਖੰਡ ਅਤੇ 11 ਮਾਰਚ ਨੂੰ ਬਿਹਾਰ ਵਿੱਚ ਮੀਂਹ ਪੈਣ ਦੀ ਸੰਭਾਵਨਾ ਜਤਾਈ ਗਈ ਹੈ।

### ਹੋਲਾ-ਮਹੱਲਾ ਕੌਮ ਦੀ ਵਿਲੱਖਣਤਾ, ਨਿਆਰੀ ਆਭਾ ਅਤ

ਨਜ਼ਰਬੰਦ ਸਿੰਘਾਂ ਦੀ ਗੱਲ ਕਰਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਇਨ੍ਹਾਂ ਸਿੰਘਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ।ਇਕ ਪਾਸੇ ਬੰਦੀ ਸਿੰਘਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਨਾਲ ਮਿਲਣ ਨਹੀਂ ਦਿੱਤਾ ਜਾ ਰਿਹਾ ਦੂਜੇ ਪਾਸੇ ਅਖੌਤੀ ਸਾਧਾਂ ਨੂੰ ਕੁਝ ਸਮੇਂ ਬਾਅਦ ਹੀ ਛੁੱਟੀਆਂ ਦਿੱਤੀਆਂ ਜਾਂਦੀਆਂ ਹਨ। ਸਰਕਾਰਾਂ ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਪ੍ਰੋ ਦੇਵਿੰਦਰਪਾਲ ਸਿੰਘ ਭੁੱਲਰ ਨੂੰ ਰਿਹਾਅ ਕਰਨ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਸਮੁੱਚੀ ਸਿੱਖ ਕੌਮ ਦੀ ਭਾਵਨਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਮਹੀਨਿਆਂ ਵਿੱਚ ਪੰਜਾਬ ਅੰਦਰ 34 ਨੌਜਵਾਨਾਂ ਨੂੰ ਪੰਜਾਬ ਪੁਲਿਸ ਨੇ ਮੁਕਾਬਲਾ ਬਣਾ ਕੇ ਮਾਰਿਆ ਹੈ। ਉਨ੍ਹਾਂ ਕਿਹਾ ਕਿ ਕਤਲੋਗਾਰਤ ਕਿਸੇ ਵੀ ਪਾਸਿਓਂ ਨਹੀਂ ਹੋਣੀ ਚਾਹੀਦੀ।ਇੱਥੇ ਲੋਕਤੰਤਰ ਹੈ, ਇਸ ਲਈ ਕਾਨੂੰਨ ਦਾ ਰਾਜ ਹੋਣਾ ਚਾਹੀਦਾ ਹੈ ਨਾ ਕਿ ਡੰਡੇ ਦਾ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕਈ ਤਾਕਤਾਂ ਇਹ ਕਹਿ ਕੇ ਸਿੱਖਾਂ ਨੂੰ ਜਜ਼ਬ ਕਰਨਾ ਚਾਹੁੰਦੀਆਂ ਹਨ ਕਿ ਸਿੱਖ ਵੱਖਰੇ ਨਹੀਂ। ਉਨ੍ਹਾਂ ਕਿਹਾ ਕਿ ਇਹ ਕਿਹਾ ਜਾ ਰਿਹਾ ਹੈ ਕਿ ਸਿੱਖ ਸਨਾਤਨੀ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਤੇ ਧੀਆਂ ਹਨ, ਵਿਲੱਖਣ ਅਤੇ ਨਿਆਰੀ ਪਛਾਣ ਵਾਲੇ ਹਨ। ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਇਸ ਦੇਸ਼ ਅੰਦਰ ਬਹੁ-ਗਿਣਤੀ ਦਾ ਹਿੱਸਾ ਨਹੀਂ ਹੈ ਅਤੇ ਇਹ ਵਿਲੱਖਣ ਕੌਮ ਹੈ ਅਤੇ ਹਮੇਸ਼ਾ ਰਹੇਗੀ। ਉਨ੍ਹਾਂ ਕਿਹਾ ਕਿ ਸਿੱਖਾਂ ਦਾ ਆਪਣੀ ਪਛਾਣ ਦੇ ਮਸਲੇ ਉੱਤੇ ਕਿਸੇ ਨਾਲ ਕੋਈ ਸਮਝੌਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸੰਨ 1984 ਵਿੱਚ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਸਮੇਤ ਹੋਰ ਸ਼ਹਾਦਤਾਂ ਵੱਡੀਆਂ ਸ਼ਹਾਦਤਾਂ ਸਾਡੇ ਹੱਕਾਂ ਅਤੇ ਕੌਮੀ ਪਛਾਣ ਲਈ ਹੋਈਆਂ ਹਨ। ਸਿੱਖਾਂ ਦੀ ਆਪਣੇ ਸਿੱਖਿਆ ਪ੍ਰਣਾਲੀ ਮਜ਼ਬੂਤ ਕਰਨ ਦੀ ਗੱਲ ਕਰਦਿਆਂ ਕਿਹਾ ਕਿ ਸਿੱਖ ਬੱਚਿਆਂ ਨੂੰ ਚੰਗੇ ਰੁਤਬਿਆਂ ਅਤੇ ਉੱਚੇ ਮੁਕਾਮਾਂ ਉੱਤੇ ਪਹੁੰਚਾਉਣ ਲਈ ਗੁਰਦੁਆਰਾ ਕਮੇਟੀਆਂ ਉਨ੍ਹਾਂ ਦੀ ਮਦਦ ਕਰਨ। ਉਨ੍ਹਾਂ ਕਿਹਾ ਕਿ ਸਿੱਖ ਇਸ ਗੱਲ ਦਾ ਤਹੱਈਆ ਕਰਨ ਕਿ ਕੌਮ ਆਪਣਾ ਕੋਈ ਵੀ ਬੱਚਾ ਸਿੱਖਿਆ ਤੋਂ ਬਿਨਾਂ ਨਹੀਂ ਰਹਿਣ ਦੇਵੇਗੀ ਤਾਂ ਜੋ ਕੌਮ ਪਹਿਲਾਂ ਵਾਂਗ ਪੜ੍ਹੀ ਲਿਖੀ ਬਣੇ। ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਵਿੱਚ ਕੋਈ ਧਾਰਾ ਨਹੀਂ ਹੈ ਜੇਕਰ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਦਾ ਹੈ ਤਾਂ ਇਹ ਅਪਰਾਧ ਹੈ। ਇਸ ਲਈ ਬੇਅਦਬੀ ਨੂੰ ਰੋਕਣ ਲਈ ਵਿਸ਼ੇਸ਼ ਕਾਨੂੰਨ ਦੀ ਲੋੜ ਹੈ।

### ਕੈਨੇਡਾ 'ਚ ਸੋਸ਼ਲ ਮੀਡੀਆ ਇੰਫਲੂਐਂਸਰ ਨੈਂਸੀ

ਜਲਦ ਹੀ ਮੁਲਜ਼ਮ ਫੜ ਲਏ ਜਾਣਗੇ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਘਟਨਾ ਬਾਰੇ ਕੋਈ ਜਾਣਕਾਰੀ ਜਾਂ ਸੀਸੀਟੀਵੀ ਫੁਟੇਜ ਹੈ ਤਾਂ ਉਹ ਡਿਟੇਕਟਿਵ ਸਾਰਜੈਂਟ ਜੇਮੀ ਨੈਸਟਰ ਨਾਲ ਸੰਪਰਕ ਕਰੇ।

### ਭਾਰਤ ਦਾ ਨਿਆਂਇਕ ਤਜਰਬਾ ਦੁਨੀਆਂ ਦੀਆਂ

ਸੀਜੇਆਈ ਨੇ ਭੂਟਾਨੀ ਨਿਆਂਪਾਲਿਕਾ ਨੂੰ ਤਕਨੀਕੀ ਸਹਾਇਤਾ, ਖਾਸ ਤੌਰ 'ਤੇ ਨਿਆਂਇਕ ਪ੍ਰਕਿਰਿਆਵਾਂ ਦੇ ਡਿਜੀਟਲਾਈਜ਼ੇਸ਼ਨ ਅਤੇ ਸਮਰੱਥਾ ਨਿਰਮਾਣ ਵਿੱਚ ਮੱਦਦ ਦੀ ਪੇਸ਼ਕਸ਼ ਕੀਤੀ।

ਦੋਵਾਂ ਪੱਖਾਂ ਨੇ ਸਾਈਬਰ ਅਪਰਾਧ ਵਰਗੀਆਂ ਉੱਭਰ ਰਹੀਆਂ ਵਿਸ਼ਵਵਿਆਪੀ ਚੁਣੌਤੀਆਂ 'ਤੇ ਵੀ ਚਰਚਾ ਕੀਤੀ ਅਤੇ ਤਾਲਮੇਲ ਵਾਲੇ ਕਾਨੂੰਨੀ ਢਾਂਚੇ ਦੀ ਲੋੜ 'ਤੇ ਜ਼ੋਰ ਦਿੱਤਾ। ਸੀਜੇਆਈ ਨੇ ਅੱਗੇ ਕਿਹਾ ਕਿ ਸਾਈਬਰ ਸਪੇਸ ਵਿੱਚ ਅਪਰਾਧ ਭੂਗੋਲਿਕ ਸੀਮਾਵਾਂ ਦਾ ਸਨਮਾਨ ਨਹੀਂ ਕਰਦੇ, ਇਸ ਲਈ ਨਿਆਂਇਕ ਪ੍ਰਣਾਲੀਆਂ ਨੂੰ ਸਹਿਯੋਗੀ ਢਾਂਚੇ ਵਿਕਸਿਤ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਅਦਾਲਤਾਂ ਦੀ ਜਾਇਜ਼ਤਾ ਕੇਵਲ ਉਨ੍ਹਾਂ ਦੇ ਫੈਸਲਿਆਂ 'ਤੇ ਹੀ ਨਹੀਂ, ਸਗੋਂ ਪ੍ਰਕਿਰਿਆਵਾਂ ਦੀ ਭਰੋਸੇਯੋਗਤਾ, ਪਾਰਦਰਸ਼ਤਾ ਅਤੇ ਪਹੁੰਚਯੋਗਤਾ 'ਤੇ ਵੀ ਨਿਰਭਰ ਕਰਦੀ ਹੈ।

### ਚੀਨ ਨੇ ਰੱਖਿਆ ਬਜਟ 10 ਫ਼ੀਸਦੀ ਵਧਾ ਕੇ

ਸੀਮਤ ਰਹਿੰਦਾ ਹੈ।ਪਿਛਲੇ ਸਾਲ, ਚੀਨ ਨੇ 2025 ਲਈ ਆਪਣੇ ਰੱਖਿਆ ਬਜਟ ਵਿੱਚ 7.2 ਪ੍ਰਤੀਸ਼ਤ ਵਾਧਾ ਕਰਕੇ 249 ਬਿਲੀਅਨ ਡਾਲਰ ਕਰਨ ਦਾ ਐਲਾਨ ਕੀਤਾ, ਜੋ ਕਿ 2024 ਦੇ ਮੁਕਾਬਲੇ ਲਗਭਗ 17 ਬਿਲੀਅਨ ਡਾਲਰ ਦਾ ਵਾਧਾ ਹੈ। ਚੀਨ, ਜਿਸ ਕੋਲ ਸੰਯੁਕਤ ਰਾਜ ਤੋਂ ਬਾਅਦ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਰੱਖਿਆ ਬਜਟ ਹੈ, ਪਿਛਲੇ ਕੁਝ ਸਾਲਾਂ ਵਿੱਚ ਆਪਣੇ ਫੌਜੀ ਖਰਚ ਨੂੰ ਲਗਾਤਾਰ ਵਧਾ ਰਿਹਾ ਹੈ। ਇਹ ਭਾਰਤ ਅਤੇ ਹੋਰ ਗੁਆਂਢੀ ਦੇਸ਼ਾਂ 'ਤੇ ਆਰਥਿਕ ਚੁਣੌਤੀਆਂ ਦੇ ਬਾਵਜੂਦ ਆਪਣੇ ਰੱਖਿਆ ਬਜਟ ਨੂੰ ਵਧਾਉਣ ਲਈ ਦਬਾਅ ਵਧਾ ਰਿਹਾ ਹੈ। ਚੀਨ ਨੇ 2024 ਵਿੱਚ ਆਪਣੇ ਰੱਖਿਆ ਬਜਟ ਵਿੱਚ 7.2 ਪ੍ਰਤੀਸ਼ਤ ਦਾ ਵਾਧਾ ਕੀਤਾ, ਜੋ ਕਿ ਲਗਭਗ 232 ਬਿਲੀਅਨ ਡਾਲਰ (1.67 ਟ੍ਰਿਲੀਅਨ ਯੂਆਨ) ਤੱਕ ਪਹੁੰਚ ਗਿਆ, ਜੋ ਕਿ ਭਾਰਤ ਦੇ ਰੱਖਿਆ ਬਜਟ ਤੋਂ ਤਿੰਨ ਗੁਣਾ ਵੱਧ ਹੈ। ਚੀਨ ਆਪਣੀਆਂ ਹਥਿਆਰਬੰਦ ਫੌਜਾਂ ਵਿੱਚ ਇੱਕ ਵਿਆਪਕ ਆਧੁਨਿਕੀਕਰਨ ਪ੍ਰਕਿਰਿਆ ਜਾਰੀ ਰੱਖ ਰਿਹਾ ਹੈ। ਬਹੁਤ ਸਾਰੇ ਮਾਹਰਾਂ ਨੇ ਚੀਨ ਦੇ ਰੱਖਿਆ ਬਜਟ ਦੇ ਅੰਕੜਿਆਂ ਬਾਰੇ ਸ਼ੱਕ ਪ੍ਰਗਟ ਕੀਤਾ ਹੈ ਕਿਉਂਕਿ ਇਸਦੇ ਪ੍ਰਮੁੱਖ ਫੌਜੀ ਆਧੁਨਿਕੀਕਰਨ ਪ੍ਰੋਗਰਾਮਾਂ, ਜਿਸ ਵਿੱਚ ਜਹਾਜ਼ ਵਾਹਕਾਂ ਦਾ ਨਿਰਮਾਣ, ਉੱਨਤ ਜਲ ਸੈਨਾ ਜਹਾਜ਼ਾਂ ਦਾ ਤੇਜ਼ੀ ਨਾਲ ਨਿਰਮਾਣ ਅਤੇ ਆਧੁਨਿਕ ਸਟੀਲਥ ਜਹਾਜ਼ਾਂ ਦਾ ਵਿਕਾਸ ਸ਼ਾਮਲ ਹੈ। ਇਸ ਦੌਰਾਨ, ਚੀਨ ਨੇ ਵੀਰਵਾਰ ਨੂੰ ਇਸ ਸਾਲ ਲਈ ਆਪਣੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿਕਾਸ ਟੀਚੇ ਨੂੰ ਘਟਾ ਕੇ 4.5 ਅਤੇ 5 ਪ੍ਰਤੀਸ਼ਤ ਦੇ ਵਿਚਕਾਰ ਕਰ ਦਿੱਤਾ। ਇਹ ਕਦਮ ਟਰੰਪ ਪ੍ਰਸ਼ਾਸਨ ਨਾਲ ਵਪਾਰਕ ਟੈਰਿਫ ਵਿਵਾਦਾਂ, ਅਮਰੀਕਾ-ਈਰਾਨ ਯੁੱਧ ਤੋਂ ਬਾਅਦ ਵਿਸ਼ਵਵਿਆਪੀ ਸੰਕਟ ਅਤੇ ਘਰੇਲੂ ਅਰਥਵਿਵਸਥਾ ਨੂੰ ਚੁਣੌਤੀਆਂ, ਜਿਸ ਵਿੱਚ ਘਟਦੀ ਜਾਇਦਾਦ ਬਾਜ਼ਾਰ ਅਤੇ ਬੇਰੁਜ਼ਗਾਰੀ ਸ਼ਾਮਲ ਹੈ, ਦੇ ਵਿਚਕਾਰ ਆਇਆ ਹੈ।ਚੀਨ ਪਿਛਲੇ ਤਿੰਨ ਸਾਲਾਂ ਤੋਂ ਆਪਣੇ ਜੀ.ਡੀ.ਪੀ. ਵਿਕਾਸ ਟੀਚੇ ਨੂੰ ਲਗਭਗ 5 ਪ੍ਰਤੀਸ਼ਤ 'ਤੇ ਰੱਖ ਰਿਹਾ ਸੀ, ਪਰ ਇਸ ਸਾਲ ਇਸਨੂੰ ਪਹਿਲੀ ਵਾਰ ਘਟਾ ਕੇ 4.5 ਅਤੇ 5 ਪ੍ਰਤੀਸ਼ਤ ਦੇ ਵਿਚਕਾਰ ਕਰ ਦਿੱਤਾ ਗਿਆ ਹੈ।

## ਚਾਰਟਰਡ ਅਕਾਊਂਟੈਂਟ ਕੋਹਲੀ ਦੀ ਅੰਮ੍ਰਿਤਸਰ ਦੀ ਅਦਾਲਤ ਵੱਲੋਂ ਜ਼ਮਾਨਤ ਅਰਜ਼ੀ ਮਨਜ਼ੂਰ



ਅੰਮ੍ਰਿਤਸਰ, 5 ਮਾਰਚ (ਬਬਲੂ ਮਹਾਜਨ) : 328 ਪਾਵਨ ਸਰੂਪਾਂ ਦੇ ਮਾਮਲੇ ਨਾਲ ਜੁੜੇ ਚਾਰਟਰਡ ਅਕਾਊਂਟੈਂਟ ਸਤਿੰਦਰ ਸਿੰਘ ਕੋਹਲੀ ਨੂੰ ਅੰਮ੍ਰਿਤਸਰ ਦੀ ਅਦਾਲਤ ਵੱਲੋਂ ਵੱਡੀ ਰਾਹਤ ਮਿਲੀ ਹੈ। ਅਦਾਲਤ ਨੇ ਕੋਹਲੀ ਦੀ ਰੈਗੂਲਰ ਜਮਾਨਤ ਅਰਜ਼ੀ ਮਨਜ਼ੂਰ ਕਰ ਲਈ ਹੈ। ਇਹ ਫੈਸਲਾ ਅਡੀਸ਼ਨਲ ਸੈਸ਼ਨ ਜੱਜ ਪਰਿੰਦਰ ਸਿੰਘ ਦੀ ਅਦਾਲਤ ਵੱਲੋਂ ਲਿਆ ਗਿਆ ਹੈ। ਜਾਣਕਾਰੀ ਅਨੁਸਾਰ ਅਦਾਲਤ ਵਿਚ ਸੀਏ ਸਤਿੰਦਰ ਸਿੰਘ ਕੋਹਲੀ ਦੀ ਜਮਾਨਤ ਅਰਜ਼ੀ 'ਤੇ ਸੁਣਵਾਈ ਦੌਰਾਨ ਦੋਹਾਂ ਪੱਖਾਂ ਦੇ ਵਕੀਲਾਂ ਵੱਲੋਂ ਦਲੀਲਾਂ ਦਿੱਤੀਆਂ ਗਈਆਂ। ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਕੋਹਲੀ ਦੀ ਰੈਗੂਲਰ ਜਮਾਨਤ ਅਰਜ਼ੀ ਨੂੰ ਮਨਜ਼ੂਰੀ ਦੇ ਦਿੱਤੀ। ਅਦਾਲਤੀ ਹੁਕਮਾਂ ਤੋਂ ਬਾਅਦ ਕੋਹਲੀ ਦੇ ਜੇਲ੍ਹ ਤੋਂ ਬਾਹਰ ਆਉਣ ਦਾ ਰਾਹ ਸਾਫ ਹੋ ਗਿਆ ਹੈ। ਸੂਤਰਾਂ ਅਨੁਸਾਰ ਜਮਾਨਤ ਦੀ ਕਾਰਵਾਈ ਪੂਰੀ ਹੋਣ ਉਪਰੰਤ ਸੀਏ ਸਤਿੰਦਰ ਸਿੰਘ ਕੋਹਲੀ ਅੱਜ 6 ਮਾਰਚ ਨੂੰ ਜੇਲ੍ਹ ਤੋਂ ਰਿਹਾਅ ਹੋਵੇਗਾ। ਕੋਹਲੀ ਨੂੰ 1 ਜਨਵਰੀ ਨੂੰ ਚੰਡੀਗੜ੍ਹ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਮਾਮਲੇ ਸਬੰਧੀ ਲੰਮੇਂ ਸਮੇਂ ਤੋਂ ਅਦਾਲਤੀ ਕਾਰਵਾਈ ਜਾਰੀ ਸੀ। ਹੁਣ ਅਦਾਲਤ ਵੱਲੋਂ ਰੈਗੂਲਰ ਜਮਾਨਤ ਮਿਲਣ ਨਾਲ ਕੋਹਲੀ ਨੂੰ ਵੱਡੀ ਰਾਹਤ ਮਿਲੀ ਹੈ।

## ਅਣਪਛਾਤੇ ਵਿਅਕਤੀ ਦੀ ਲਾਸ਼ ਸੰਬੰਧੀ ਸੂਚਨਾ



ਆਪ ਜੀ ਨੂੰ ਇਸ ਪ੍ਰੈਸ ਨੋਟ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਮ੍ਰਿਤਕ ਨਾ ਮਾਲੂਮ ਵਿਅਕਤੀ ਉਮਰ ਕਰੀਬ 51 ਸਾਲ , ਕੱਦ 5 ਫੁੱਟ 6 ਇੰਚ, ਦਾੜ੍ਹੀ ਮੁੱਛ ਕਤਰਾਵੀ ਚਿੱਟੀ, ਸਿਰ ਤੋਂ ਮੋਨਾ, ਸਰੀਰ ਤੇ ਦਰਮਿਆਨਾ। ਜੋ ਗਲੀ ਨੰ. 06 ਜੁਝਾਰ ਨਗਰ ਪਟਿਆਲਾ ਤੋਂ ਮਿਤੀ 28-2-2026 ਨੂੰ ਬਿਮਾਰ ਹੋਣ ਕਰਕੇ ਰਾਜਿੰਦਰਾ ਹਸਪਤਾਲ ਪਟਿਆਲਾ ਦਾਖਲ ਕਰਵਾਇਆ ਗਿਆ ਸੀ। ਜਿਸਦੀ ਦੌਰਾਨੇ ਇਲਾਜ ਮਿਤੀ 3-3-2026 ਨੂੰ ਮੌਤ ਹੋ ਗਈ ਹੈ। ਜਿਸਦਾ ਨਾਮ ਪਤਾ ਨਾ ਮਾਲੂਮ ਹੋਣ ਕਰਕੇ ਇਸਦੇ ਵਾਰਸਾਂ ਬਾਰੇ ਕੁਝ ਪਤਾ ਨਹੀ। ਜਿਸਦੀ ਲਾਸ਼ ਨੂੰ ਸ਼ਨਾਖਤ ਲਈ 72 ਘੰਟਿਆਂ ਲਈ ਮੋਰਚਰੀ ਰਾਜਿੰਦਰਾ ਹਸਪਤਾਲ ਪਟਿਆਲਾ ਰਖਵਾਈ ਗਈ ਹੈ। ਜਿਸਦਾ ਇਸ਼ਤਿਹਾਰ ਸ਼ੋਰੋਗੋਰਾ ਤਿਆਰ ਕਰਕੇ ਭੇਜਿਆ ਜਾ ਰਿਹਾ ਹੈ। ਜੇਕਰ ਇਸ ਬਾਰੇ ਕੋਈ ਸੁਰਾਗ ਲੱਗੇ ਤਾਂ ਮੁੱਖ ਅਫਸਰ, ਥਾਣਾ ਡਵੀਜਨ ਨੰ. 4, ਲਾਹੌਰੀ ਗੇਟ, ਪਟਿਆਲਾ ਨੂੰ ਇਤਲਾਹ ਦਿੱਤੀ ਜਾਵੇ ਜੀ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

ਗ੍ਰਿਹਮ ਹਾਊਸਿੰਗ ਫਾਇਨਾਂਸ ਲਿਮਟਿਡ
ਰਜਿ. ਦਫ਼ਤਰ-6ਵੀਂ ਮੰਜ਼ਿਲ, ਬੀ-ਬਿਲਡਿੰਗ, ਗੰਗਾ ਟਰੂਨੋ ਲੋਹੇਗਾਉਂ, ਪੁਣੇ, ਮਹਾਰਾਸ਼ਟਰ-411014

ਅੰਤਿਕਾ 4 (ਵੇਖੋ ਨਿਯਮ 8 (1))
ਕਬਜ਼ਾ ਸੂਚਨਾ
(ਅਚੱਲ ਸੰਪਤੀ ਲਈ)

ਜਦੋਂ ਕਿ, ਗ੍ਰਿਹਮ ਹਾਊਸਿੰਗ ਫਾਈਨੈਂਸ ਲਿਮਟਿਡ ਦੇ ਅਧਿਕਾਰਤ ਅਧਿਕਾਰੀ ਵਜੋਂ, ਜਿਸਨੂੰ ਇੱਥੇ ਉਪਰੋਕਤ ਕਾਰਪੋਰੇਟ/ਰਜਿਸਟਰ ਦਫ਼ਤਰ ਦਾ ਸੁਰੱਖਿਅਤ ਲੈਣਦਾਰ ਕਿਹਾ ਗਿਆ ਹੈ, ਜਿਸਨੂੰ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਇਸ ਤੋਂ ਬਾਅਦ 'ਉਕਤ ਐਕਟ' ਵਜੋਂ ਜਾਣਿਆ ਜਾਂਦਾ ਹੈ) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ 2002 ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13 (12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠਾਂ ਦਿੱਤੀ ਮਿਤੀ 'ਤੇ ਇੱਕ ਮੰਗ ਨੋਟਿਸ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਕਿਹਾ ਗਿਆ ਹੈ।
ਕਰਜ਼ਦਾਰਾਂ ਵੱਲੋਂ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ ,ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ 27 ਫਰਵਰੀ 2026 ਨੂੰ ਸੁਰੱਖਿਆ ਵਿਆਜ ਲਾਗੂ ਕਰਨ ਦੇ ਨਿਯਮ 2002 ਦੇ ਉਕਤ ਨਿਯਮਾਂ ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13 (4) ਦੇ ਤਹਿਤ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।
ਖਾਸ ਕਰਕੇ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਨਾਲ ਕੋਈ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਸੁਰੱਖਿਅਤ ਲੈਣਦਾਰ ਤੋਂ ਰਕਮ ਅਤੇ ਉਸ 'ਤੇ ਵਿਆਜ ਦੇ ਚਾਰਜ ਦੇ ਅਧੀਨ ਹੋਵੇਗਾ।
ਕਰਜ਼ਦਾਰ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ। ਕਬਜ਼ੇ ਵਿੱਚ ਲਈ ਗਈ ਜਾਇਦਾਦ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ।

| ਲ. ਨੰ. | ਕਰਜ਼ਦਾਰਾਂ ਦੇ ਨਾਮ | ਸੰਪਤੀ ਦਾ ਵੇਰਵਾ | ਕਬਜ਼ੇ ਲੈਣ ਦੀ ਮਿਤੀ | ਵਿਧਾਨਿਕ ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਵਿਚ ਰਕਮ (ਰੁਪਏ) |
|---|---|---|---|---|---|
| 1. | ਕੁਸਮ ਗੁਲਾਬ ਰਾਮ, ਅਮਿਤ ਕੁਮਾਰ | 2004-05 ਦੇ ਫਰਦ ਜਮ ?ਹਾਂਬੰਦੀ ਅਨੁਸਾਰ, ਪਿੰਡ ਸਿੱਧੂਵਾਲ ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਖੇਵਟ/ਖਤੌਨੀ ਨੰਬਰ 773/1295 ਖਸਰਾ ਨੰਬਰ 2519/1155(0-12) ਵਿੱਚ ਸ਼ਾਮਲ ਜਾਇਦਾਦ ਕੁੱਲ ਖੇਤਰਫਲ ਮਾਪ 0ਬੀ-12ਬੀ ਜਿਸ ਵਿੱਚੋਂ ਖੇਤਰਫਲ ਮਾਪ 0ਬੀ-2ਬੀ ਜੋ ਕਿ 100 ਵਰਗ ਗਜ਼ ਹੈ ਜਿਸਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ:- ਪੂਰਬ: ਮਕਾਨ ਗੁਰਪ੍ਰੀਤ ਸਿੰਘ ਸਾਈਡ 59' ਪੱਛਮ: ਪਲਾਟ ਸਿਮਰਤ ਸਾਈਡ 56' ਉੱਤਰ:-ਸਾਈਡ 13' ਸਾਈਡ 15'9" ਦੱਖਣ: ਸੜਕ 16' ਸਾਈਡ 15'9" | 27/02/2026 | 09/07/2025 | Loan No. HL00586100000005009325 ਰੁ. 1202641/- (ਰੁਪਏ ਬਾਰਾਂ ਲੱਖ ਦੋ ਹਜ਼ਾਰ ਛੇ ਸੌ ਇਕਤਾਲੀ ਕੇਵਲ) ਪੂਰਤੀ ਹੋਣ ਤੱਕ 11.85% ਸਲਾਨਾ ਦੀ ਦਰ 'ਤੇ ਵਿਆਜ ਸਮੇਤ 09.07.2025 ਨੂੰ ਅਦਾਇਗੀਯੋਗ |

ਸਥਾਨਕ ਭਾਸ਼ਾ ਦੇ ਪ੍ਰਕਾਸ਼ਨ ਅਤੇ ਅੰਗ੍ਰੇਜ਼ੀ ਅਖ਼ਬਾਰ ਦੇ ਪ੍ਰਕਾਸ਼ਨ ਦੀ ਸਮੱਗਰੀ ਵਿਚਾਲੇ ਕੋਈ ਵੀ ਅੰਤਰ ਹੋਣ ਦੀ ਸੂਰਤ ਵਿਚ, ਬਿਜ਼ਨਸ ਸਟੈਂਡਰਡ ਦੇ ਅੰਗ੍ਰੇਜ਼ੀ ਭਾਸ਼ਾ ਵਿਚ ਪ੍ਰਕਾਸ਼ਿਤ ਅਖ਼ਬਾਰ ਦੀ ਸਮੱਗਰੀ ਨੂੰ ਅੰਤਿਮ ਮੰਨਿਆ ਜਾਵੇਗਾ
ਸਥਾਨ : ਪੰਜਾਬ, ਮਿਤੀ 06.03.2026 ਸਹੀ/- ਅਧਿਕਾਰਤ ਅਧਿਕਾਰੀ, ਗ੍ਰਿਹਮ ਹਾਊਸਿੰਗ ਫਾਇਨਾਂਸ ਲਿਮਟਿਡ

# ਸੰਜੀਵ ਅਰੋੜਾ ਵੱਲੋਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2026 ਤੋਂ ਪਹਿਲਾਂ ਵੱਖ-ਵੱਖ ਉਦਯੋਗਪਤੀਆਂ ਨਾਲ ਸੂਬੇ 'ਚ ਨਿਵੇਸ਼ ਦੇ ਮੌਕਿਆਂ ਬਾਰੇ ਵਿਚਾਰ-ਚਰਚਾ

ਚੰਡੀਗੜ੍ਹ, 5 ਮਾਰਚ (ਚ.ਨ.ਸ.): ਪੰਜਾਬ ਦੇ ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਸੰਜੀਵ ਅਰੋੜਾ ਨੇ ਮੁੰਬਈ ਵਿੱਚ ਵੱਡੇ ਉਦਯੋਗਿਕ ਘਰਾਣਿਆਂ ਨਾਲ ਲੜੀਵਾਰ ਉੱਚ-ਪੱਧਰੀ ਮੀਟਿੰਗਾਂ ਕਰ ਕੇ ਪੰਜਾਬ ਵਿੱਚ ਨਿਵੇਸ਼ ਦੇ ਸੰਭਾਵੀ ਮੌਕਿਆਂ 'ਤੇ ਚਰਚਾ ਕੀਤੀ ਤੇ ਉਨ੍ਹਾਂ ਨੂੰ 13-15 ਮਾਰਚ 2026 ਤੱਕ ਮੋਹਾਲੀ ਦੀ ਪਲਾਕਸ਼ਾ ਯੂਨੀਵਰਸਿਟੀ ਵਿਖੇ ਹੋਣ ਵਾਲੇ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 2026 ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਆਪਣੀ ਫੇਰੀ ਦੌਰਾਨ ਕੈਬਨਿਟ ਮੰਤਰੀ ਨੇ ਟਾਟਾ ਸੰਨਜ਼ ਦੇ ਚੇਅਰਪਰਸਨ ਐਨ. ਚੰਦਰਸ਼ੇਖਰਨ; ਸਨ ਫਾਰਮਾਸਿਊਟੀਕਲ ਇੰਡਸਟਰੀਜ਼ ਦੇ ਚੇਅਰਮੈਨ ਦਿਲੀਪ ਸ਼ੰਘਵੀ; ਟਾਟਾ ਪਾਵਰ ਦੇ ਐਮਡੀ ਅਤੇ ਸੀਈਓ ਡਾ. ਪ੍ਰਵੀਰ ਸਿਨਹਾ ਅਤੇ ਐਸਾਰ ਗਰੁੱਪ ਦੇ ਅੰਸ਼ੁਮਨ ਰੁਈਆ ਨਾਲ ਮੁਲਾਕਾਤ ਕੀਤੀ। ਇਨ੍ਹਾਂ ਮੀਟਿੰਗਾਂ ਵਿੱਚ ਉਦਯੋਗਿਕ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਨਵਿਆਉਣਯੋਗ ਊਰਜਾ, ਫਾਰਮਾਸਿਊਟੀਕਲ, ਐਡਵਾਂਸਡ ਮੈਨੂਫੈਕਚਰਿੰਗ, ਡਿਜੀਟਲ ਬੁਨਿਆਦੀ ਢਾਂਚਾ ਅਤੇ ਗਰੀਨ ਲੌਜਿਸਟਿਕਸ ਵਰਗੇ ਖੇਤਰਾਂ ਵਿੱਚ ਨਿਵੇਸ਼ ਦੇ ਮੌਕਿਆਂ ਦੀ ਪੜਚੋਲ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ।



**ਟਾਟਾ ਗਰੁੱਪ ਨਾਲ ਮੁਲਾਕਾਤ :** ਟਾਟਾ ਸੰਨਜ਼ ਦੇ ਚੇਅਰਪਰਸਨ ਐਨ. ਚੰਦਰਸ਼ੇਖਰਨ ਨਾਲ ਵਿਚਾਰ-ਵਟਾਂਦਰੇ ਦੌਰਾਨ ਕੈਬਨਿਟ ਮੰਤਰੀ ਨੇ ਪੰਜਾਬ ਦੇ ਮਜ਼ਬੂਤ ਉਦਯੋਗਿਕ ਮਾਹੌਲ ਤੇ ਨਿਵੇਸ਼ ਤੇ ਉਦਯੋਗਿਕ ਵਿਕਾਸ ਨੂੰ ਗਤੀ ਦੇਣ ਲਈ ਸੂਬਾ ਸਰਕਾਰ ਦੀਆਂ ਉਦਯੋਗ-ਪੱਖੀ ਨੀਤੀਆਂ 'ਤੇ ਚਾਨਣਾ ਪਾਇਆ। ਦੋਵਾਂ ਧਿਰਾਂ ਨੇ ਲੁਧਿਆਣਾ ਵਿੱਚ ਟਾਟਾ ਸਟੀਲ ਦੀ ਮੌਜੂਦਗੀ ਦੇ ਆਧਾਰ 'ਤੇ ਐਡਵਾਂਸਡ ਮੈਨੂਫੈਕਚਰਿੰਗ ਤੇ ਸਟੀਲ ਈਕੋਸਿਸਟਮ ਨੂੰ ਹੋਰ ਮਜ਼ਬੂਤ ਕਰਨ ਦੇ ਮੌਕਿਆਂ 'ਤੇ ਚਰਚਾ ਕੀਤੀ। ਇਸ ਦੌਰਾਨ ਨਵਿਆਉਣਯੋਗ ਊਰਜਾ, ਇਲੈਕਟ੍ਰਿਕ ਮੋਬਿਲਟੀ ਤੇ ਗਲੋਬਲ ਕੈਪੇਬਿਲਟੀ ਸੈਂਟਰਜ਼ (ਜੀਸੀਸੀਜ਼) ਵਿੱਚ ਸੰਭਾਵੀ ਸਹਿਯੋਗ ਦੀ ਵੀ ਪੜਚੋਲ ਕੀਤੀ ਗਈ।

**ਟਾਟਾ ਪਾਵਰ ਨਾਲ ਮੀਟਿੰਗ :** ਮੰਤਰੀ ਨੇ ਟਾਟਾ ਪਾਵਰ ਦੇ ਐਮਡੀ ਤੇ ਸੀਈਓ ਡਾ. ਪ੍ਰਵੀਰ ਸਿਨਹਾ ਨਾਲ ਵੀ ਮੁਲਾਕਾਤ ਕੀਤੀ, ਜਿਸ ਵਿੱਚ ਕੰਪਨੀ ਦੀ ਸੀਨੀਅਰ ਲੀਡਰਸ਼ਿਪ ਨੇ ਸਾਫ਼ ਊਰਜਾ ਅਤੇ ਬਿਜਲੀ ਬੁਨਿਆਦੀ ਢਾਂਚੇ ਸਬੰਧੀ ਖੇਤਰਾਂ ਵਿੱਚ ਸਹਿਯੋਗ ਬਾਰੇ ਚਰਚਾ ਕੀਤੀ। ਇਸ ਮੀਟਿੰਗ ਦੌਰਾਨ ਉਪਯੋਗਤਾ-ਪੈਮਾਨੇ ਦੇ ਨਵਿਆਉਣਯੋਗ ਊਰਜਾ ਪ੍ਰੋਜੈਕਟਾਂ ਦਾ ਵਿਕਾਸ, ਛੱਤ 'ਤੇ ਸੋਲਰ ਪਲਾਂਟ ਲਗਾਉਣਾ, ਟਿਕਾਊ ਖੇਤੀਬਾੜੀ ਨੂੰ ਸਮਰਥਨ ਦੇਣ ਅਤੇ ਕਿਸਾਨਾਂ ਲਈ ਬਿਜਲੀ ਦੀਆਂ ਲਾਗਤਾਂ ਨੂੰ ਘਟਾਉਣ ਲਈ ਐਗਰੀ-ਸੋਲਰਾਈਜੇਸ਼ਨ ਪਹਿਲ ਤੇ ਰਾਜ ਭਰ ਵਿੱਚ ਇਲੈਕਟ੍ਰਿਕ ਵਾਹਨ ਚਾਰਜਿੰਗ ਬੁਨਿਆਦੀ ਢਾਂਚੇ ਦਾ ਵਿਸਥਾਰ ਕਰਨਾ ਸ਼ਾਮਲ ਸੀ। ਟਾਟਾ ਪਾਵਰ ਨੇ ਪੰਜਾਬ ਵਿੱਚ ਆਪਣੀ ਮੌਜੂਦਾ ਸਥਿਤੀ ਨੂੰ ਉਜਾਗਰ ਕੀਤਾ, ਜਿਸ ਵਿੱਚ ਲਗਭਗ 100 ਮੈਗਾਵਾਟ ਸਮਰੱਥਾ ਵਾਲੀ ਸੂਰਜੀ ਊਰਜਾ ਸਹੂਲਤ ਸ਼ਾਮਲ ਹੈ, ਜੋ ਕਿ ਰਾਜ ਦੇ ਨਵਿਆਉਣਯੋਗ ਊਰਜਾ ਵਾਤਾਵਰਣ ਪ੍ਰਣਾਲੀ ਪ੍ਰਤੀ ਕੰਪਨੀ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

**ਐਸਾਰ ਗਰੁੱਪ ਨਾਲ ਮੁਲਾਕਾਤ :** ਐਸਾਰ ਗਰੁੱਪ ਦੇ ਡਾਇਰੈਕਟਰ ਅੰਸ਼ੁਮਨ ਰੁਈਆ ਨਾਲ ਇੱਕ ਹੋਰ ਮੀਟਿੰਗ ਵਿੱਚ ਐਸਾਰ ਗਰੁੱਪ ਦੇ ਪੰਜਾਬ ਦੇ ਉੱਭਰ ਰਹੇ ਉਦਯੋਗਿਕ ਵਾਤਾਵਰਣ ਨੂੰ ਹੋਰ ਮਜ਼ਬੂਤ ਕਰਨ ਅਤੇ ਉੱਭਰ ਰਹੇ ਖੇਤਰਾਂ ਵਿੱਚ ਮੌਕਿਆਂ ਦੀ ਪੜਚੋਲ ਕਰਨ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਸਹਿਯੋਗ ਦੇ ਸੰਭਾਵੀ ਖੇਤਰਾਂ ਵਿੱਚ ਹਰੀ ਊਰਜਾ ਅਤੇ ਉਦਯੋਗਿਕ ਡੀਕਾਰਬੋਨਾਈਜ਼ੇਸ਼ਨ ਪਹਿਲਕਦਮੀਆਂ, ਮੋਹਾਲੀ-ਚੰਡੀਗੜ੍ਹ ਕੋਰੀਡੋਰ ਵਿੱਚ ਡੇਟਾ ਸੈਂਟਰਾਂ ਅਤੇ ਡਿਜੀਟਲ ਬੁਨਿਆਦੀ ਢਾਂਚੇ ਦਾ ਵਿਕਾਸ ਅਤੇ ਐਸਾਰ ਦੇ ਗ੍ਰੀਨਲਾਈਨ ਮੋਬਿਲਿਟੀ ਸਲਿਊਸ਼ਨਜ਼ ਰਾਹੀਂ ਵਿਕਲਪਕ ਫਿਊਲ ਲੌਜਿਸਟਿਕਸ ਦਾ ਵਿਸਥਾਰ ਸ਼ਾਮਲ ਸੀ। ਮੀਟਿੰਗ ਵਿੱਚ ਐਸਾਰ ਗਰੁੱਪ ਦੀ ਤਕਨਾਲੋਜੀ ਸ਼ਾਖਾ ਬਲੈਕ ਬਾਕਸ ਲਿਮਟਿਡ ਰਾਹੀਂ ਪ੍ਰਬੰਧਿਤ ਆਈਟੀ ਤੇ ਡਿਜੀਟਲ ਬੁਨਿਆਦੀ ਢਾਂਚਾ ਸੇਵਾਵਾਂ ਲਈ ਸੰਭਾਵਨਾਵਾਂ ਦੀ ਵੀ ਪੜਚੋਲ ਕੀਤੀ ਗਈ।

**ਨਿਵੇਸ਼ ਨੂੰ ਹੋਰ ਮਜ਼ਬੂਤ ਕਰਨਾ :** ਇਹਨਾਂ ਮੀਟਿੰਗਾਂ ਤੋਂ ਬਾਅਦ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਆਗਾਮੀ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 2026 ਪੰਜਾਬ ਦੀ ਨਿਵੇਸ਼ ਸੰਭਾਵਨਾ ਨੂੰ ਪ੍ਰਦਰਸ਼ਿਤ ਕਰਨ ਅਤੇ ਵਿਸ਼ਵਵਿਆਪੀ ਕੰਪਨੀਆਂ ਨੂੰ ਰਾਜ ਵਿੱਚ ਉੱਭਰ ਰਹੇ ਮੌਕਿਆਂ ਨਾਲ ਜੋੜਨ ਲਈ ਇੱਕ ਪ੍ਰਮੁੱਖ ਪਲੇਟਫਾਰਮ ਵਜੋਂ ਕੰਮ ਕਰੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਇੱਕ ਸਮਰੱਥ ਅਤੇ ਉਦਯੋਗ-ਪੱਖੀ ਮਾਹੌਲ ਸਿਰਜਣ ਲਈ ਵਚਨਬੱਧ ਹੈ ਜੋ ਨਵੀਨਤਾ, ਨਿਰਮਾਣ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ। ਨਵੇਂ ਉਦਯੋਗ ਦਿੱਗਜਾਂ ਨੇ ਹਾਲ ਹੀ ਵਿੱਚ ਪੰਜਾਬ 'ਚ ਨਿਵੇਸ਼ ਲਈ ਸਰਕਾਰ ਵੱਲੋਂ ਦਿੱਤੀਆਂ ਸਹੂਲਤਾਂ ਦੀ ਸ਼ਲਾਘਾ ਕੀਤੀ ਅਤੇ ਰਾਜ ਵਿੱਚ ਭਵਿੱਖੀ ਭਾਈਵਾਲੀ ਤੇ ਨਿਵੇਸ਼ ਦੇ ਮੌਕਿਆਂ ਦੀ ਪੜਚੋਲ ਕਰਦਿਆਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 2026 ਵਿੱਚ ਹਿੱਸਾ ਲੈਣ ਵਿੱਚ ਡੂੰਘੀ ਦਿਲਚਸਪੀ ਪ੍ਰਗਟਾਈ।

# ਸੱਤ ਨਵੇਂ ਮੈਡੀਕਲ ਕਾਲਜਾਂ ਨਾਲ ਉੱਨਤ ਸਿਹਤ ਸੰਭਾਲ ਢਾਂਚੇ ਦਾ ਸਾਖੀ ਬਣੇਗਾ ਪੰਜਾਬ : ਡਾ. ਬਲਬੀਰ ਸਿੰਘ

ਚੰਡੀਗੜ੍ਹ, 5 ਮਾਰਚ (ਹਰਦੀਪ ਕੌਰ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਅਨੁਸਾਰ ਸੂਬੇ ਵਿੱਚ ਸਿਹਤ ਸੰਭਾਲ ਅਤੇ ਮੈਡੀਕਲ ਸਿੱਖਿਆ ਨੂੰ ਹੋਰ ਬਿਹਤਰ ਬਣਾਉਣ ਲਈ ਮਿਸਾਲੀ ਕਦਮ ਚੁੱਕਦਿਆਂ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸੂਬੇ ਭਰ ਵਿੱਚ ਸੱਤ ਨਵੇਂ ਮੈਡੀਕਲ ਕਾਲਜ ਸਥਾਪਤ ਕਰਨ ਦਾ ਐਲਾਨ ਕੀਤਾ। ਇਸ ਪ੍ਰਾਜੈਕਟ ਤਹਿਤ ਦੋ ਸਰਕਾਰੀ ਮੈਡੀਕਲ ਕਾਲਜ, ਜਨਤਕ-ਨਿੱਜੀ ਭਾਈਵਾਲੀ (ਪੀਪੀਪੀ) ਮੋਡ ਅਧੀਨ ਦੋ ਕਾਲਜ ਇਸ ਤੋਂ ਇਲਾਵਾ ਨਿੱਜੀ ਅਤੇ ਘੱਟ -ਗਿਣਤੀ ਸੰਗਠਨਾਂ ਰਾਹੀਂ ਵਿਕਸਤ 3 ਕਾਲਜ ਸ਼ਾਮਲ ਹਨ। ਡਾ. ਬਲਬੀਰ ਸਿੰਘ ਨੇ ਇੱਥੇ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਹੁਸ਼ਿਆਰਪੁਰ ਵਿੱਚ ਸ਼ਹੀਦ ਊਧਮ ਸਿੰਘ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਦਾ ਨਿਰਮਾਣ ਕਾਰਜ 20 ਮਾਰਚ, 2026 ਨੂੰ ਸ਼ੁਰੂ ਹੋ ਜਾਵੇਗਾ। ਕੁੱਲ 24 ਮਹੀਨਿਆਂ ਦੀ ਮਿਆਦ ਵਿੱਚ ਵਿਕਸਤ ਹੋਣ ਜਾ ਰਿਹਾ ਇਹ ਇੰਸਟੀਚਿਊਟ ਮਾਰਚ 2028 ਵਿੱਚ ਮੁਕੰਮਲ ਹੋ ਜਾਵੇਗਾ । ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨੂੰ 274.75 ਕਰੋੜ ਦੀ ਪ੍ਰਸ਼ਾਸਕੀ ਪ੍ਰਵਾਨਗੀ ਮਿਲ ਗਈ ਹੈ। ਇਸ ਪ੍ਰਾਜੈਕਟ ਤਹਿਤ 300 ਬਿਸਤਰਿਆਂ ਵਾਲੇ ਹਸਪਤਾਲ ਦੇ ਨਾਲ-ਨਾਲ ਇੱਕ ਮੈਡੀਕਲ ਕਾਲਜ ਵੀ ਹੋਵੇਗਾ, ਜਿਸ ਵਿੱਚ ਸਾਲਾਨਾ ਐਮਬੀਬੀਐਸ ਦੀਆਂ 100



ਸੀਟਾਂ ਹੋਣਗੀਆਂ।

ਸਿਹਤ ਮੰਤਰੀ ਦੇ ਨਾਲ ਪ੍ਰਮੁੱਖ ਸਕੱਤਰ ਸਿਹਤ ਕੁਮਾਰ ਰਾਹੁਲ, ਵਿਸ਼ੇਸ਼ ਸਕੱਤਰ-ਕਮ "ਐਮ.ਡੀ. ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ (ਪੀ.ਐਚ.ਐਸ.ਸੀ.) ਅਮਿਤ ਤਲਵਾੜ ਅਤੇ ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ ਡਾ. ਅਵਨੀਸ਼ ਕੁਮਾਰ ਵੀ ਮੌਜੂਦ ਸਨ। ਮੰਤਰੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਪਿਛਲੇ ਅਨੁਮਾਨਾਂ ਦੀ ਬਾਰੀਕੀ ਨਾਲ ਸਮੀਖਿਆ ਕਰਨ ਉਪਰੰਤ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪ੍ਰੋਜੈਕਟ ਦੀ ਅਨੁਮਾਨਤ ਲਾਗਤ ਜੋ ਪਹਿਲਾਂ 550 ਕਰੋੜ ਸੀ , ਨੂੰ 274 ਕਰੋੜ ਤੱਕ ਘਟਾਉਣ ਵਿੱਚ ਸਫ਼ਲਤਾ ਹਾਸਲ ਕੀਤੀ , ਜਿਸ ਨਾਲ ਲਗਭਗ 250 ਕਰੋੜ ਦੇ ਜਨਤਕ ਫੰਡਾਂ ਦੀ ਬਚਤ ਹੋਈ ਹੈ।

ਡਾ. ਬਲਬੀਰ ਸਿੰਘ ਨੇ ਇਹ ਵੀ ਐਲਾਨ ਕੀਤਾ ਕਿ ਪਟਿਆਲਾ, ਅੰਮ੍ਰਿਤਸਰ ਤੇ ਫਰੀਦਕੋਟ ਵਿੱਚ ਮੌਜੂਦਾ ਮੈਡੀਕਲ ਕਾਲਜਾਂ ਨੂੰ ਸੁਪਰ-ਸਪੈਸ਼ਲਿਟੀ ਸੇਵਾਵਾਂ ਪ੍ਰਦਾਨ ਕਰਨ ਲਈ ਪੋਸਟ ਗ੍ਰੈਜੂਏਟ ਇੰਸਟੀਚਿਊਟ ਦੇ ਪੱਧਰ ਤੱਕ ਅਪਗ੍ਰੇਡ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਹੁਸ਼ਿਆਰਪੁਰ ਵਿੱਚ ਬਣਨ ਜਾ ਰਹੇ ਇੰਸਟੀਚਿਊਟ ਵਿੱਚ ਇੱਕ ਪੰਜ ਮੰਜ਼ਿਲਾ ਹਸਪਤਾਲ ਤੇ ਇੱਕ ਤਿੰਨ ਮੰਜ਼ਿਲਾ ਮੈਡੀਕਲ ਕਾਲਜ ਦੀ ਇਮਾਰਤ ਸ਼ਾਮਲ ਹੈ, ਜੋ ਆਧੁਨਿਕ ਲੈਬਾਰਟਰੀਜ਼, ਲਾਇਬ੍ਰੇਰੀ ਤੇ ਇੱਕ 500 ਸੀਟਾਂ ਵਾਲੇ ਆਡੀਟੋਰੀਅਮ ਨਾਲ ਲੈਸ ਹੋਵੇਗੀ। ਕਲੀਨਿਕਲ ਬੁਨਿਆਦੀ ਢਾਂਚਾ ਆਈ.ਸੀ.ਯੂ., ਜਨਰਲ ਸਰਜਰੀ, ਆਰਥੋਪੈਡਿਕਸ ਤੇ ਮਨੋਵਿਗਿਆਨ ਸਮੇਤ ਐਮਆਰਆਈ ਤੇ ਸੀਟੀ ਸਕੈਨ ਵਰਗੇ ਉੱਨਤ ਡਾਇਗਨੌਸਟਿਕਸ ਦੀ ਵੀ ਸਹੂਲਤ ਹੋਵੇਗੀ।

# ਲੋਕ ਨਿਰਮਾਣ ਵਿਭਾਗ ਨੇ ਬੀਤੇ ਚਾਰ ਸਾਲਾਂ 'ਚ 1464 ਕਰੋੜ ਦੀ ਕੀਤੀ ਬੱਚਤ : ਈ.ਟੀ.ਓ.

ਚੰਡੀਗੜ੍ਹ, 5 ਮਾਰਚ (ਚ.ਨ.ਸ.): ਪੰਜਾਬ ਸਰਕਾਰ ਦੇ ਲੋਕ ਨਿਰਮਾਣ ਵਿਭਾਗ ਵੱਲੋਂ ਪਾਰਦਰਸ਼ੀ ਟੈਂਡਰਿੰਗ ਪ੍ਰਣਾਲੀ ਰਾਹੀਂ 1464 ਕਰੋੜ ਰੁਪਏ ਦੀ ਬੀਤੇ ਚਾਰ ਸਾਲ ਵਿੱਚ ਬਚਤ ਕੀਤੀ ਗਈ ਹੈ। ਉਕਤ ਜਾਣਕਾਰੀ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਟੈਂਡਰ ਪ੍ਰਕਿਰਿਆ ਆਰੰਭਣ ਤੋਂ ਪਹਿਲਾਂ ਦੀ ਪ੍ਰਕਿਰਿਆ ਨੂੰ ਹੋਰ ਜ਼ਿਆਦਾ ਵਿਗਿਆਨਕ ਤੇ ਤਰਕਸੰਗਤ ਬਣਾਉਣ ਸਦਕਾ ਇਹ ਬਚਤ ਸੰਭਵ ਹੋਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ 30 ਜੂਨ, 2026 ਤੱਕ ਰਾਜ ਦੀਆਂ 45,000 ਕਿਲੋਮੀਟਰ ਸੜਕਾਂ ਦਾ ਨਿਰਮਾਣ ਦਾ ਟੀਚਾ ਮਿੱਥਿਆ ਹੈ। ਜਿਸ ਵਿੱਚ 4700 ਕਿਲੋਮੀਟਰ ਨਵੀਆਂ ਸੜਕਾਂ ਦੇ ਨਿਰਮਾਣ ਦੇ ਨਾਲ-ਨਾਲ ਪੁਰਾਣੀਆਂ ਸੜਕਾਂ ਦੇ ਰੱਖ-ਰਖਾਅ ਅਤੇ ਚੌੜਾਕਰਨ ਦਾ ਕੰਮ ਵੀ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਇਸ ਕੰਮ ਉਤੇ 16209 ਕਰੋੜ ਰੁਪਏ ਖਰਚ ਆਉਣਗੇ। ਉਨ੍ਹਾਂ ਦੱਸਿਆ ਕਿ ਨਿਰਮਾਣ ਕਾਰਜਾਂ ਵਿੱਚ ਗੁਣਵਤਾ ਨੂੰ ਯਕੀਨੀ ਬਣਾਉਣ ਲਈ ਸੀ.ਐਮ. ਫਲਾਇੰਗ ਸੁਕਐਡ ਵੱਲੋਂ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸੜਕਾਂ ਦੇ ਨਿਰਮਾਣ ਅਤੇ ਮੁਰੰਮਤ ਦੇ ਕਾਰਜ ਦਾ ਜਾਇਜ਼ਾ ਲੈਣ ਲਈ ਰੋਜ਼ਾਨਾ ਜ਼ਿਲ੍ਹਾਵਾਰ/ ਸਰਕਲ ਵਾਈਜ਼ ਰੀਵਿਊ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।



ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਕਿ ਪੰਜਾਬ ਰਾਜ ਵਿੱਚ ਸੜਕ ਘਣਤਾ 154 ਕਿਲੋਮੀਟਰ/100 ਸਕੁਆਇਰ ਕਿਲੋਮੀਟਰ ਹੈ। ਉਨ੍ਹਾਂ ਕਿਹਾ ਕਿ ਬੇਸ਼ਕ ਕੇਂਦਰ ਸਰਕਾਰ ਵੱਲੋਂ ਪੰਜਾਬ ਰਾਜ ਦਾ ਆਰ.ਡੀ.ਐਫ. ਦਾ 8800 ਕਰੋੜ ਰੁਪਏ ਲੰਬੇ ਸਮੇਂ ਤੋਂ ਅਦਾ ਨਹੀਂ ਕੀਤਾ ਗਿਆ, ਪਰ ਫਿਰ ਵੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬਿਹਤਰੀਨ ਸੜਕੀ ਨੈਟਵਰਕ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਵਿਕਾਸ ਵਿੱਚ ਸੜਕੀ ਮਾਰਗ ਧੁਰੇ ਵਜੋਂ ਕੰਮ ਕਰਦੀਆਂ ਹਨ। ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਦੇ ਯਤਨਾਂ ਸਦਕਾ ਹੁਣ ਜਿਹੜੀ ਵੀ ਸੜਕ ਦਾ ਨਿਰਮਾਣ ਹੋ ਰਿਹਾ ਹੈ, ਉਸ ਦਾ ਅਗਲੇ ਪੰਜ ਸਾਲ ਦੀ ਰੱਖ-ਰਖਾਵ ਅਤੇ ਮੁਰੰਮਤ ਦੀ ਜ਼ਿੰਮੇਵਾਰੀ ਸੜਕ ਨਿਰਮਾਣ ਕਰਨ ਵਾਲੇ ਠੇਕੇਦਾਰ ਦੀ ਹੀ ਹੋਵੇਗੀ, ਜਿਸ ਨਾਲ ਸਰਕਾਰ 'ਤੇ ਰੱਖ-ਰਖਾਵ ਅਤੇ ਮੁਰੰਮਤ ਦਾ ਜਿੱਥੇ ਵਾਧੂ ਵਿੱਤੀ ਬੋਝ ਨਹੀਂ ਪਵੇਗਾ, ਉੱਥੇ ਨਾਲ ਹੀ ਲੋਕਾਂ ਨੂੰ ਟੁੱਟੀਆਂ-ਫੁੱਟੀਆਂ ਸੜਕਾਂ ਤੋਂ ਵੀ ਨਿਜਾਤ ਮਿਲੇਗੀ।

# ਸਪੀਕਰ ਵੱਲੋਂ ਮਾਪਿਆਂ ਨੂੰ ਬੱਚਿਆਂ ਦੁਆਰਾ ਮੋਬਾਈਲ ਫੋਨ ਦੀ ਵਰਤੋਂ ਨੂੰ ਸੀਮਤ ਕਰਨ ਦੀ ਅਪੀਲ

ਚੰਡੀਗੜ੍ਹ, 5 ਮਾਰਚ (ਚ.ਨ.ਸ.): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਜਿੰਨਾ ਹੋ ਸਕੇ ਆਪਣੇ ਬੱਚਿਆਂ ਤੋਂ ਮੋਬਾਈਲ ਫੋਨ ਦੂਰ ਰੱਖਣ। ਉਨ੍ਹਾਂ ਕਿਹਾ ਕਿ ਅੱਜਕੱਲ੍ਹ ਮੋਬਾਈਲ ਫੋਨ ਬੱਚਿਆਂ ਦੀ ਜ਼ਿੰਦਗੀ ਦਾ ਹਿੱਸਾ ਬਣ ਗਏ ਹਨ, ਪਰ ਇਸਦੀ ਬਹੁਤ ਜ਼ਿਆਦਾ ਵਰਤੋਂ ਚਿੰਤਾ ਦਾ ਵਿਸ਼ਾ ਹੈ, ਜਿਸ ਲਈ ਸਾਨੂੰ ਬਹੁਤ ਸਾਵਧਾਨ ਰਹਿਣਾ ਤੇ ਬੱਚਿਆਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ ਕਿਉਂਕਿ ਮੋਬਾਈਲ ਫੋਨ ਬੱਚਿਆਂ 'ਤੇ ਨੁਕਸਾਨਦੇਹ ਪ੍ਰਭਾਵ ਪਾਉਂਦੇ ਹਨ।

ਨੁਕਸਾਨਦੇਹ ਪ੍ਰਭਾਵਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮੋਬਾਈਲ ਫੋਨ ਬੱਚਿਆਂ ਦੀਆਂ ਅੱਖਾਂ ਤੇ ਦਿਮਾਗ 'ਤੇ ਪ੍ਰਭਾਵ ਪਾ ਰਹੇ ਹਨ। ਮੋਬਾਈਲ ਫੋਨ ਦੀ ਲੋੜ ਤੋਂ ਵੱਧ ਵਰਤੋਂ ਪਰਿਵਾਰ ਦੇ ਨਾਲ-ਨਾਲ ਆਊਟਡੋਰ ਗੇਮਾਂ ਤੋਂ ਦੂਰੀ ਦਾ ਕਾਰਨ ਵੀ ਬਣ ਰਹੀ ਹੈ, ਜਿਸਦੇ ਨਤੀਜੇ ਵਜੋਂ ਬੱਚਿਆਂ ਨੂੰ ਸਿਹਤ ਸਬੰਧੀ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਸਪੀਕਰ ਸੰਧਵਾਂ ਨੇ ਅਪੀਲ ਕਰਦਿਆਂ ਕਿਹਾ ਕਿ ਇਹ ਹਰ ਮਾਤਾ-ਪਿਤਾ ਦੀ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਦੇ ਸਕ੍ਰੀਨ ਟਾਈਮ ਨੂੰ ਸੀਮਤ ਕਰਕੇ ਉਨ੍ਹਾਂ ਨੂੰ ਕਿਤਾਬਾਂ, ਖੇਡਾਂ ਅਤੇ ਰਚਨਾਤਮਕ ਗਤੀਵਿਧੀਆਂ ਵੱਲ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਆਓ ਆਪਾਂ ਮਿਲ ਕੇ ਆਪਣੇ ਬੱਚਿਆਂ ਦੇ ਸੁਰੱਖਿਅਤ ਭਵਿੱਖ ਨੂੰ ਯਕੀਨੀ ਬਣਾਈਏ।

# ਨਿਹੰਗ ਸਿੰਘ ਜਥੇਬੰਦੀਆਂ ਨੇ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਦੀ ਅਗਵਾਈ ਹੇਠ ਸਜਾਇਆ ਮਹੱਲਾ

ਸ੍ਰੀ ਅਨੰਦਪੁਰ ਸਾਹਿਬ, 5 ਮਾਰਚ (ਤਰਲੋਚਨ ਸਿੰਘ/ਹਰਪ੍ਰੀਤ ਸਿੰਘ): ਹੋਲੇ-ਮਹੱਲੇ ਦੀ ਸੰਪੂਰਨਤਾ ਮੌਕੇ ਗੁਰੂ ਕੀਆਂ ਲਾਡਲੀਆਂ ਖ਼ਾਲਸਾਈ ਨਿਹੰਗ ਸਿੰਘ ਦਲਪੰਥ ਫ਼ੌਜਾਂ ਵਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ 'ਚ ਇਤਿਹਾਸਕ ਅਸਥਾਨ ਗੁ: ਸ਼ਹੀਦੀ ਬਾਗ ਤੋਂ ਪੁਰਾਤਨ ਰਵਾਇਤ ਮੁਤਾਬਕ ਮਹੱਲਾ ਸਜਾਇਆ ਗਿਆ। ਇਸ ਤੋਂ ਪਹਿਲਾਂ ਸਾਰੀਆਂ ਨਿਹੰਗ ਸਿੰਘ ਦਲ ਪੰਥਾਂ ਦੀਆਂ ਛਾਉਣੀਆਂ ਵਿਚ ਰੱਖੇ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਅਤੇ ਸਰਬਲੋਹ ਗ੍ਰੰਥਾਂ ਦੇ ਅਖੰਡ ਪਾਠਾਂ ਦੇ ਭੋਗ ਪਾਏ ਗਏ ਉਪਰੰਤ ਗੁਰਬਾਣੀ ਦੇ ਮਨੋਹਰ ਕੀਰਤਨ ਹੋਏ। ਕਥਾਵਾਚਕਾਂ, ਗਿਆਨੀਆਂ, ਪ੍ਰਚਾਰਕਾਂ ਅਤੇ ਢਾਢੀ ਕਵੀਸਰਾਂ ਨੇ ਸਿੱਖ ਇਤਿਹਾਸ ਤੇ ਹੋਲੇ ਮਹੱਲੇ ਦੀ ਮਹਿਮਾ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਸ੍ਰੀ ਅਖੰਡ ਪਾਠ ਦੇ ਭੋਗ ਮੌਕੇ ਪੁੱਜੀਆਂ ਧਾਰਮਿਕ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਉਪਰੰਤ ਛਾਉਣੀ ਬੁੱਢਾ ਦਲ ਗੁਰੂ ਕੇ ਬਾਗ ਤੋਂ ਮਹੱਲੇ ਦੀ ਅਰੰਭਤਾ ਹੋਈ। ਜਿਸ 'ਚ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਨਾਲ ਬਾਬਾ ਨਿਹਾਲ ਸਿੰਘ ਮੁਖੀ ਮਿਸਲ ਸ਼ਹੀਦਾਂ ਤਰਨਾਂ ਦਲ ਹਰੀਆਂ ਵੇਲਾਂ, ਬਾਬਾ ਜੋਗਾ ਸਿੰਘ ਬਾਬਾ ਬਕਾਲਾ, ਬਾਬਾ ਅਵਤਾਰ ਸਿੰਘ ਤਰਨਾ ਦਲ ਸੰਪਰਦਾ ਬਾਬਾ ਬਿਧੀ ਚੰਦ ਸੁਰਸਿੰਘ, ਬਾਬਾ ਮੇਜਰ ਸਿੰਘ ਦਸਮੇਸ਼ ਤਰਨਾ ਦਲ, ਜਥੇ ਬਾਬਾ ਨਾਗਰ ਸਿੰਘ, ਜਥੇ ਬਾਬਾ ਬਲਦੇਵ ਸਿੰਘ ਵੱਲਾ, ਜਥੇ: ਬਾਬਾ ਵੱਸਣ ਸਿੰਘ ਮੜ੍ਹੀਆਂ ਵਾਲੇ, ਜਥੇ ਬਾਬਾ ਬਲਵਿੰਦਰ ਸਿੰਘ ਮਹਿਤਾ ਚੌਕ, ਜਥੇ ਬਾਬਾ ਲਾਲ ਸਿੰਘ, ਜਥੇ: ਬਾਬਾ ਛਿੰਦਾ ਸਿੰਘ ਭਿਖੀਵਿੰਡ, ਜਥੇ: ਬਾਬਾ ਜੋਗਾ



ਸਿੰਘ ਕਰਨਾਲ ਵਾਲੇ ਆਦਿ ਤੋਂ ਇਲਾਵਾ ਹੋਰ ਵੱਡੀ ਗਿਣਤੀ ਵਿਚ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘ ਆਪਣੇ-ਆਪਣੇ ਦਲਾਂ ਬਲਾਂ ਸਮੇਤ ਸ਼ਾਮਿਲ ਹੋਏ। ਗੁ: ਗੁਰੂ ਕਾ ਬਾਗ ਛਾਉਣੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਤੋਂ ਅਰੰਭ ਹੋ ਕੇ ਨਵੀਂ ਆਬਾਦੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਵੇਰਕਾ ਚੌਕ, ਬੱਸ ਅੱਡਾ ਹੋ ਕੇ ਇਤਿਹਾਸਕ ਅਸਥਾਨ ਗੁ: ਮਾਤਾ ਜੀਤਾਂ ਜੀ ਸਾਹਿਬ ਵਿਖੇ ਨਤਮਸਤਕ ਹੋ ਕੇ ਪੁਰਾਤਨ ਚਰਨ ਗੰਗਾ ਸਟੇਡੀਅਮ ਵਿਖੇ ਪੁੱਜਾ। ਨਿਹੰਗ ਸਿੰਘਾਂ ਦੇ ਮੁਖੀ ਸਿੱਖ ਰਵਾਇਤੀ ਬਾਣਿਆਂ, ਸ਼ਸਤਰਾਂ, ਘੋੜਿਆਂ, ਹਾਥੀਆਂ 'ਤੇ ਸਵਾਰ ਹੋ ਕੇ ਚਰਨ ਗੰਗਾ ਸਟੇਡੀਅਮ ਵਿਖੇ ਪਹੁੰਚੇ। ਰਸਤੇ ਵਿੱਚ ਵੱਖ ਸੰਗਤਾਂ ਸੰਪਰਦਾਵਾਂ ਨੇ ਸਿੰਘਾਂ ਦੇ ਸਵਾਗਤ ਲਈ ਠੰਡੇ ਮਿੱਠੇ ਜਲ ਅਤੇ ਫੱਲਾਂ ਦੇ ਲੰਗਰ ਲਗਾਏ ਹੋਏ ਸਨ। ਜਿਥੇ ਨਿਹੰਗ ਸਿੰਘਾਂ ਨੇ ਸੰਗਤਾਂ ਦੇ ਲਾ ਮਿਸਾਲ ਇਕੱਠ ਨੂੰ ਘੋੜ ਸਵਾਰੀ, ਨੇਜੇਬਾਜ਼ੀ, ਗਤਕੇਬਾਜ਼ੀ ਆਦਿ ਦਾ ਜੰਗਜੂ ਜੋਹਰ ਦਿਖਾਏ। ਮਹੱਲੇ ਵਿੱਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਵਿਸ਼ੇਸ਼ ਤੌਰ ਤੇ ਹਾਥੀਆਂ, ਊਠਾਂ ਦਾ ਕਾਫਲਾ ਸ਼ਾਮਲ ਸੀ।ਮਹੱਲੇ ਵਿੱਚ ਨਿਹੰਗ ਸਿੰਘ ਦਲਾਂ ਦੇ ਮੁਖੀ ਤੇ ਵੱਡੀ ਗਿਣਤੀ ਵਿੱਚ ਨਿਹੰਗ ਸਿੰਘ ਫੌਜਾਂ ਨੇ ਸੁੰਦਰ ਦੁਮਾਲਿਆਂ ਤੇ ਚੱਕ੍ਰ, ਖੰਡੇ, ਚੰਦ, ਗੁਰਜ, ਸ਼ਿੰਗਾਰ, ਬਾਗਨਖਾ ਸਜਾਈ, ਛੋਟੀਆਂ ਵੱਡੀਆਂ ਕਿਰਪਾਨਾਂ ਪਹਿਨੀ, ਤੇ ਲੱਕ ਪਿਛੇ ਢਾਲਾਂ ਸਜਾਏ ਹੱਥਾਂ ਵਿੱਚ ਨੇਜੇ, ਖੰਡੇ ਫੜੀ, ਨੀਲਿਆਂ ਕੇਸਰੀ ਬਾਣਿਆਂ ਵਿਚ ਤਿਆਰ ਬਰ ਤਿਆਰ ਸ਼ਸਤਰਧਾਰੀ ਹੋ ਕੇ ਜੰਗੀ ਮਾਹੌਲ ਦਾ ਦ੍ਰਿਸ਼ ਪੇਸ਼ ਕਰ ਰਹੇ ਸਨ।ਬੈਡ ਵਾਜਿਆਂ ਦੀਆਂ ਸੁੰਦਰ ਧੂੰਨਾਂ, ਢੋਲ ਨਗਾਰਿਆਂ ਦੀਆਂ ਚੋਟਾਂ ਤੇ ਨਰਸਿੰਙੇ ਵਜਾਉਂਦੇ ਨਿਹੰਗ ਸਿੰਘਾਂ ਨੂੰ ਦੇਖਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਹਾਜ਼ਰ ਹੋਏ। ਉਪਰੰਤ ਘੋੜ ਦੌੜਾਂ ਹੋਈਆਂ। ਨਿਹੰਗ ਸਿੰਘ ਇੱਕ ਤੋਂ ਦੋ, ਦੋ ਤੋਂ ਚਾਰ ਅਤੇ ਚਾਰ ਤੋਂ ਛੇ, ਛੇ ਘੋੜਿਆਂ ਤੇ ਖਲੋ ਕੇ ਨਿਹੰਗ ਸਿੰਘਾਂ ਨੇ ਘੋੜਿਆਂ ਨੂੰ ਦੌੜਾਇਆ ਅਤੇ ਵੱਧ ਤੋਂ ਵੱਧ ਕਿੱਲੇ ਪੁੱਟ ਕੇ ਇਨਾਮ ਪ੍ਰਾਪਤ ਕੀਤੇ। ਇਸ ਮੌਕੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ ਨੇ ਹੋਲੇ ਮਹੱਲੇ ਦੀ ਵਧਾਈ ਦੇਂਦਿਆਂ ਸਮੁੱਚੇ ਦਲਾਂ ਦੇ ਮੁਖੀਆਂ ਦਾ ਵਿਸ਼ੇਸ਼ ਤੌਰ ਤੇ ਅਤੇ ਮਹੱਲੇ ਵਿਚ ਸ਼ਾਮਲ ਹੋਣ ਲਈ ਦੂਰੋਂ ਨੇੜਿਓਂ ਪਹੁੰਚੀਆਂ ਸਮੁੱਚੀਆਂ ਨਿਹੰਗ ਸਿੰਘਾਂ ਫੌਜਾਂ ਦਾ ਧੰਨਵਾਦ ਕੀਤਾ। ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਨੇ ਵੀ ਸੰਬੋਧਨ ਕਰਦਿਆਂ ਹਰੇਕ ਪ੍ਰਾਣੀ ਨੂੰ ਅੰਮ੍ਰਿਤ ਛਕ ਕੇ ਸ਼ਸ਼ਤਰਧਾਰੀ ਹੋਣ ਦੀ ਅਪੀਲ ਕੀਤੀ। ਚਰਨਗੰਗਾ ਸਟੇਡੀਅਮ ਵਿਚ ਨਿਹੰਗ ਸਿੰਘ ਫੌਜਾਂ ਦਾ ਉਤਾਰਾ ਤੇ ਉਨ੍ਹਾਂ ਵੱਲੋ ਗੁਲਾਲ ਰੰਗ ਦਾ ਛਿੜਕਾਅ ਇਕ ਅਦਭੁਤ ਨਜ਼ਾਰਾ ਪੇਸ਼ ਕਰ ਰਿਹਾ ਸੀ।ਸਾਰੀਆਂ ਖਾਲਸਾਈ ਫੌਜਾਂ ਗੁਰੂ ਜੀ ਨੂੰ ਅੰਗਸੰਗ ਰੱਖ ਕੇ ਹੋਲਾ ਮਹੱਲਾ ਖੇਡਦੇ ਦਿਖਾਈ ਦੇ ਰਹੇ ਸਨ।ਅਨੰਦਪੁਰ ਸਾਹਿਬ ਦੀ ਸਮੁੱਚੀ ਧਰਤੀ ਖਾਲਸਾਈ ਰੰਗ ਵਿਚ ਰੰਗੀ ਗਈ।

ਇਸ ਸਮੇਂ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96ਵੇਂ ਕਰੋੜੀ ਪੰਜਵਾਂ ਤਖ਼ਤ, ਤੋਂ ਇਲਾਵਾ ਜਥੇ: ਬਾਬਾ ਜੋਗਾ ਸਿੰਘ ਮੁਖੀ ਤਰਨਾਦਲ ਮਿਸਲ ਸ਼ਹੀਦਾਂ ਬਾਬਾ ਬਕਾਲਾ, ਬਾਬਾ ਅਵਤਾਰ ਸਿੰਘ ਜਥੇਦਾਰ ਦਲ ਪੰਥ ਬਾਬਾ ਬਿਧੀ ਚੰਦ ਸੁਰਸਿੰਘ, ਬਾਬਾ ਜਥੇਦਾਰ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਹੁਸ਼ਿਆਰਪੁਰ, ਬਾਬਾ ਨਾਗਰ ਸਿੰਘ, ਬਾਬਾ ਕੁਲਦੀਪ ਸਿੰਘ ਝਾੜ ਸਾਹਿਬ ਵਾਲੇ, ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਜਸਵਿੰਦਰ ਸਿੰਘ ਜੱਸੀ ਅਮਰੀਕਾ, ਸੰਤ ਗੁਰਮੇਲ ਸਿੰਘ ਕਨੇਡਾ, ਬਾਬਾ ਜੋਗਾ ਸਿੰਘ ਕਰਨਾਲ ਵਾਲੇ, ਬਾਬਾ ਅਰਜਨ ਸਿੰਘ ਪਟਿਆਲੇ ਵਾਲੇ, ਬਾਬਾ ਜਗਜੀਤ ਸਿੰਘ ਗੁਰੂ ਨਾਨਕ ਦਲ ਮੜ੍ਹੀਆਂ ਵਾਲਾ ਬਟਾਲਾ, ਬਾਬਾ ਵੱਸਣ ਸਿੰਘ, ਬਾਬਾ ਗੁਰਪ੍ਰੀਤ ਸਿੰਘ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਮੇਜਰ ਸਿੰਘ ਦਸਮੇਸ਼ ਤਰਨਾ ਦਲ ਲੁਧਿਆਣਾ, ਬਾਬਾ ਬਲਦੇਵ ਸਿੰਘ ਮੁਸਤਰਾਬਾਦ, ਬਾਬਾ ਕੁਲਵਿੰਦਰ ਸਿੰਘ ਚਮਕੌਰ ਸਾਹਿਬ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਬਾਬਾ ਜਗਤਾਰ ਸਿੰਘ ਠੱਠੇ ਵਾਲੇ, ਬਾਬਾ ਹਰਜੀਤ ਸਿੰਘ ਖੰਡਾ ਖੜਕੇਗਾ, ਬਾਬਾ ਰਾਜਾ ਰਾਜ ਸਿੰਘ, ਬਾਬਾ ਢੂੰਡਾ ਸਿੰਘ ਮਿਸ਼ਲ ਭਾਈ ਬਚਿੱਤਰ ਸਿੰਘ ਆਦਿ ਹਾਜ਼ਰ ਸਨ। ਖ਼ਾਲਸਾ ਪੰਥ ਦੇ ਜਾਹੋ-ਜਲਾਲ ਅਤੇ ਨਿਆਰੇਪਣ ਦਾ ਪ੍ਰਤੀਕ ਕੌਮੀ ਤਿਉਹਾਰ ਹੋਲਾ-ਮਹੱਲਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਵਲੋਂ ਪੁਰਾਤਨ ਖਾਲਸਾਈ ਰਵਾਇਤ ਅਨੁਸਾਰ ਸਜਾਏ ਮਹੱਲੇ ਨਾਲ ਅਮਨ ਸ਼ਾਂਤੀ ਪੂਰਵਕ ਸਪੰਨ ਹੋ ਗਿਆ ਹੈ।

# ਸੂਬਾ ਸਰਕਾਰ ਨੇ 35.7 ਲੱਖ ਲਾਭਪਾਤਰੀਆਂ ਨੂੰ 23,102 ਕਰੋੜ ਤੋਂ ਵੱਧ ਦੀਆਂ ਪੈਨਸ਼ਨਾਂ ਵੰਡੀਆਂ : ਡਾ. ਬਲਜੀਤ ਕੌਰ

ਚੰਡੀਗੜ੍ਹ, 5 ਮਾਰਚ (ਚ.ਨ.ਸ.): ਸਮਾਜਿਕ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਦਿਆਂ ਔਰਤਾਂ ਤੇ ਬੱਚਿਆਂ ਨੂੰ ਸਸ਼ਕਤ ਬਣਾਉਣ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਾਲ 2022 ਤੋਂ ਸਾਲ 2026 ਵਿਚਕਾਰ ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ ਰਾਹੀਂ ਇਤਿਹਾਸਕ ਪ੍ਰਾਪਤੀਆਂ ਕੀਤੀਆਂ ਹਨ। ਇਹ ਜਾਣਕਾਰੀ ਅੱਜ ਇੱਥੇ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ। ਸਮਾਜ ਦੇ ਕਮਜ਼ੋਰ ਵਰਗਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਿਆਂ ਭਗਵੰਤ ਮਾਨ ਸਰਕਾਰ ਨੇ ਆਰਥਿਕ ਤੌਰ 'ਤੇ ਕਮਜ਼ੋਰ ਪਿਛੋਕੜ ਵਾਲੇ 5.2 ਲੱਖ ਤੋਂ ਵੱਧ ਪੰਜਾਬੀਆਂ ਨੂੰ ਸਮਾਜਿਕ ਸੁਰੱਖਿਆ ਪੈਨਸ਼ਨ ਸਕੀਮ ਵਿੱਚ ਸ਼ਾਮਲ ਕੀਤਾ ਹੈ। ਇਸ ਦੇ ਨਾਲ ਹੀ ਲਗਭਗ 35.7 ਲੱਖ ਬਜ਼ੁਰਗ ਨਾਗਰਿਕਾਂ, ਬੇਸਹਾਰਾ ਤੇ ਵਿਧਵਾ ਔਰਤਾਂ ਅਤੇ ਦਿਵਿਆਗਜਨਾਂ ਨੂੰ 23,102 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਵੰਡੀ ਗਈ ਹੈ।

ਇਸ ਦੌਰਾਨ ਇਹ ਵੀ ਪਾਇਆ ਗਿਆ ਕਿ ਪੈਨਸ਼ਨ ਰਾਸ਼ੀ ਪਿਛਲੇ ਕਈ ਸਾਲਾਂ ਤੋਂ ਅਨੇਕਾਂ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕੀਤੀ ਜਾਂਦੀ ਰਹੀ ਹੈ ਜਦੋਂ ਕਿ ਇਹ ਵਿਅਕਤੀ ਹੁਣ ਜ਼ਿੰਦਾ ਨਹੀਂ ਹਨ ਜਾਂ ਪੈਨਸ਼ਨ ਲੈਣ ਯੋਗ ਨਹੀਂ ਸਨ। ਇਸ ਦਾ ਮੁੱਖ ਕਾਰਨ ਇਹ ਰਿਹਾ ਹੈ ਕਿ ਪਿਛਲੀਆਂ ਸਰਕਾਰਾਂ ਅਜਿਹੇ ਮਾਮਲਿਆਂ ਨੂੰ ਟਰੈਕ ਕਰਨ ਲਈ ਸਹੀ ਪ੍ਰਣਾਲੀਆਂ ਸਥਾਪਤ ਕਰਨ ਵਿੱਚ ਅਸਫਲ ਰਹੀਆਂ। ਨਤੀਜੇ ਵਜੋਂ ਇਨ੍ਹਾਂ ਖਾਤਿਆਂ ਵਿੱਚ ਲਗਭਗ 450 ਕਰੋੜ ਰੁਪਏ ਦੀ ਰਾਸ਼ੀ ਇੱਕਤਰ ਹੋ ਗਈ ਅਤੇ ਇਸ ਦੀ ਵਰਤੋਂ ਨਹੀਂ ਕੀਤੀ ਜਾ ਰਹੀ ਸੀ। ਭਗਵੰਤ ਮਾਨ ਸਰਕਾਰ ਨੇ ਇਨ੍ਹਾਂ ਖਾਤਿਆਂ ਦੀ ਪਛਾਣ ਕੀਤੀ ਅਤੇ ਬੈਂਕਾਂ ਵਿੱਚ ਅਣਵਰਤੇ ਫੰਡਾਂ ਦੀ ਲੋਕ ਭਲਾਈ ਪ੍ਰਣਾਲੀ ਵਿੱਚ ਵਰਤੋਂ ਕੀਤੀ।

ਰਾਜ ਵਿਆਪੀ "ਸਾਡੇ ਬਜ਼ੁਰਗ ਸਦਾ ਮਾਣ" ਮੁਹਿੰਮ ਤਹਿਤ ਭਗਵੰਤ ਮਾਨ ਸਰਕਾਰ ਨੇ ਸੀਨੀਅਰ ਨਾਗਰਿਕਾਂ ਨੂੰ ਹਰ ਸੰਭਵ ਸੇਵਾਵਾਂ ਪ੍ਰਦਾਨ ਕਰਨਾ ਯਕੀਨੀ ਬਣਾਇਆ ਅਤੇ 20,110 ਤੋਂ ਵੱਧ ਬਜ਼ੁਰਗ ਵਿਅਕਤੀਆਂ ਨੂੰ ਰਜਿਸਟਰ ਕੀਤਾ। ਕੈਂਪਾਂ ਵਿੱਚ ਮੁਫਤ ਅੱਖਾਂ ਅਤੇ ਈਐਨਟੀ ਜਾਂਚ, ਮੋਤੀਆਬਿੰਦ ਦੀ ਜਾਂਚ, ਐਨਕਾਂ ਦੀ ਵੰਡ, ਆਰਥੋਪੀਡਿਕ ਸਲਾਹ, ਸੀਨੀਅਰ ਸਿਟੀਜ਼ਨ ਕਾਰਡ ਜਾਰੀ ਕਰਨ ਤੇ ਮੌਕੇ 'ਤੇ ਪੈਨਸ਼ਨ ਦੀ ਸਹੂਲਤ ਪ੍ਰਦਾਨ ਕੀਤੀ ਗਈ। ਬਜ਼ੁਰਗਾਂ ਦੀ ਦੇਖਭਾਲ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਦਿਆਂ ਪੰਜਾਬ ਸਰਕਾਰ ਨੇ ਮਾਨਸਾ ਵਿਖੇ 9.12 ਕਰੋੜ ਰੁਪਏ ਦੀ ਲਾਗਤ ਨਾਲ 72 ਬੈੱਡਾਂ ਵਾਲਾ ਸਰਕਾਰੀ ਬਿਰਧ ਆਸ਼ਰਮ ਸਥਾਪਤ ਕੀਤਾ ਅਤੇ 14 ਜ਼ਿਲ੍ਹਿਆਂ ਵਿੱਚ ਬਿਰਧ ਆਸ਼ਰਮ ਚਲਾਉਣ ਵਾਲੇ ਗੈਰ-ਸਰਕਾਰੀ ਸੰਗਠਨਾਂ ਨੂੰ ਲਗਭਗ 7 ਕਰੋੜ ਰੁਪਏ ਦੀ ਗ੍ਰਾਂਟ-ਇਨ-ਏਡ ਦਿੱਤੀ। ਇਸ ਦੇ ਨਾਲ ਹੀ ਸੀਨੀਅਰ ਸਿਟੀਜ਼ਨ ਡੇਅ ਕੇਅਰ ਸੈਂਟਰਾਂ ਨੂੰ ਵੀ ਵਿੱਤੀ ਸਹਾਇਤਾ ਦਿੱਤੀ ਗਈ। ਮਾਤਾ-ਪਿਤਾ ਤੇ ਸੀਨੀਅਰ ਸਿਟੀਜ਼ਨ ਦਾ ਪਾਲਣ ਪੋਸ਼ਣ ਤੇ ਭਲਾਈ ਐਕਟ-2007 ਦੇ ਲਾਗੂ ਕਰਨ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ ਅਤੇ ਜ਼ਿਲ੍ਹਿਆਂ ਵਿੱਚ ਮੇਨਟੈਨੈਂਸ ਟ੍ਰਿਬਿਊਨਲ ਤੇ ਐਪੀਲੈਂਟ ਟ੍ਰਿਬਿਊਨਲ ਕਾਰਜਸ਼ੀਲ ਕੀਤੇ ਗਏ ਹਨ। ਮੇਨਟੈਨੈਂਸ ਟ੍ਰਿਬਿਊਨਲਾਂ ਅਧੀਨ ਕੁੱਲ 1,120 ਕੇਸ ਹੱਲ ਕੀਤੇ ਗਏ ਅਤੇ ਐਪੀਲੈਂਟ ਟ੍ਰਿਬਿਊਨਲਾਂ ਅਧੀਨ 669 ਕੇਸਾਂ ਦਾ ਨਿਪਟਾਰਾ ਕੀਤਾ ਗਿਆ, ਜਿਸ ਨਾਲ ਬਜ਼ੁਰਗ ਨਾਗਰਿਕਾਂ ਲਈ ਸਮੇਂ ਸਿਰ ਨਿਆਂ ਯਕੀਨੀ ਬਣਾਇਆ ਗਿਆ। ਹੈਲਪਏਜ ਇੰਡੀਆ ਦੇ ਸਹਿਯੋਗ ਨਾਲ ਬਜ਼ੁਰਗ ਹੈਲਪਲਾਈਨ 14567 'ਤੇ ਵਿੱਤੀ



ਸਾਲ 2025-26 ਵਿੱਚ 2,956 ਕੇਸ ਦਰਜ ਕੀਤੇ ਅਤੇ ਉਨ੍ਹਾਂ ਵਿੱਚੋਂ 2,930 ਨੂੰ ਸਫਲਤਾਪੂਰਵਕ ਹੱਲ ਕੀਤਾ ਅਤੇ ਪੈਨਸ਼ਨ, ਸਿਹਤ ਸੰਭਾਲ ਤੇ ਕਾਨੂੰਨੀ ਮਾਮਲਿਆਂ 'ਤੇ ਸਲਾਹ ਅਤੇ ਸਹਾਇਤਾ ਪ੍ਰਦਾਨ ਕੀਤੀ।

ਔਰਤਾਂ ਦੇ ਸਫ਼ਰ ਤੇ ਸਸ਼ਕਤੀਕਰਨ ਲਈ ਇੱਕ ਇਤਿਹਾਸਕ ਪਹਿਲਕਦਮੀ ਵਿੱਚ ਮੁਫ਼ਤ ਬੱਸ ਯਾਤਰਾ ਯੋਜਨਾ ਨਾਲ ਔਰਤਾਂ ਨੂੰ ਹਰ ਮਹੀਨੇ ਲਗਭਗ 1.20 ਕਰੋੜ ਮੁਫ਼ਤ ਬੱਸ ਯਾਤਰਾਵਾਂ ਦੇ ਸਮਰੱਥ ਬਣਾਇਆ ਹੈ। ਪੰਜਾਬ ਸਰਕਾਰ ਨੇ ਇਸ ਯੋਜਨਾ 'ਤੇ 2,000 ਕਰੋੜ ਰੁਪਏ ਤੋਂ ਵੱਧ ਖਰਚ ਕੀਤੇ ਹਨ, ਜਿਸ ਨਾਲ ਨੌਜਵਾਨ ਔਰਤਾਂ ਕਾਲਜ ਜਾਣ ਦੇ ਯੋਗ ਬਣੀਆਂ ਹਨ, ਕਾਮਿਆਂ ਲਈ ਜੇਬ ਵਿੱਚੋਂ ਖਰਚੇ ਘਟੇ ਹਨ ਅਤੇ ਪੰਜਾਬ ਭਰ ਵਿੱਚ ਸੁਰੱਖਿਅਤ ਤੇ ਸੁਤੰਤਰ ਸਫ਼ਰ ਨੂੰ ਯਕੀਨੀ ਬਣਾਇਆ ਗਿਆ ਹੈ। ਕੰਮਕਾਜੀ ਔਰਤਾਂ ਦੀ ਸਹਾਇਤਾ ਲਈ ਮੋਹਾਲੀ, ਜਲੰਧਰ ਅਤੇ ਅੰਮ੍ਰਿਤਸਰ ਵਿਖੇ ਲਗਭਗ 150 ਕਰੋੜ ਦੀ ਕੁੱਲ ਲਾਗਤ ਨਾਲ ਪੰਜ ਕੰਮਕਾਜੀ ਮਹਿਲਾ ਹੋਸਟਲ ਬਣਾਏ ਜਾ ਰਹੇ ਹਨ। ਕ੍ਰੈਚ ਸਹੂਲਤਾਂ ਨਾਲ ਲੈਸ ਇਹ ਹੋਸਟਲ ਇੱਕ ਸਾਲ ਦੇ ਅੰਦਰ ਤਿਆਰ ਹੋ ਜਾਣਗੇ ਤੇ ਔਰਤਾਂ ਨੂੰ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਸੰਤੁਲਿਤ ਕਰਦੇ ਹੋਏ ਆਪਣੇ ਘਰਾਂ ਤੋਂ ਦੂਰ ਕਰੀਅਰ ਬਣਾਉਣ ਦੇ ਯੋਗ ਬਣਾਉਣਗੇ।

ਬਚਪਨ ਦੇ ਸ਼ੁਰੂਆਤੀ ਵਿਕਾਸ ਨੂੰ ਆਨੰਦਮਈ ਅਤੇ ਪਹੁੰਚਯੋਗ ਬਣਾਉਣ ਲਈ, ਪਿਛਲੇ ਚਾਰ ਸਾਲਾਂ ਵਿੱਚ ਲਗਭਗ 4,400 ਆਂਗਣਵਾੜੀ ਵਰਕਰਾਂ ਦੀ ਭਰਤੀ ਕੀਤੀ ਗਈ ਹੈ, ਜਦੋਂ ਕਿ 6,100 ਤੋਂ ਵੱਧ ਵਾਧੂ ਵਰਕਰਾਂ ਅਤੇ ਸਹਾਇਕਾਂ ਦੀ ਭਰਤੀ ਪ੍ਰਕਿਰਿਆ ਅਧੀਨ ਹੈ। ਮਾਤਰੂ ਵੰਦਨਾ ਯੋਜਨਾ ਰਾਹੀਂ, ਪਹਿਲੇ ਬੱਚੇ ਲਈ ਯੋਗ ਔਰਤਾਂ ਨੂੰ ਦੋ ਕਿਸ਼ਤਾਂ ਵਿੱਚ 5,000 ਰੁਪਏ ਤੇ ਦੂਜੀ ਕੁੜੀ ਪੈਦਾ ਹੋਣ 'ਤੇ ਇੱਕੋ ਕਿਸ਼ਤ ਵਿੱਚ 6,000 ਰੁਪਏ ਦਿੱਤੇ ਜਾਂਦੇ ਹਨ। ਕੇਂਦਰ ਸਰਕਾਰ ਦੇ 2,94,288 ਲਾਭਪਾਤਰੀਆਂ ਦੇ ਟੀਚੇ ਦੇ ਮੁਕਾਬਲੇ ਪੰਜਾਬ ਵਿੱਚ ਚਾਰ ਸਾਲਾਂ 'ਚ 4,22,492 ਲਾਭਪਾਤਰੀਆਂ ਨੂੰ ਰਜਿਸਟਰ ਕੀਤਾ ਗਿਆ, ਜੋ ਕਿ ਨਿਰਧਾਰਤ ਟੀਚੇ ਤੋਂ ਲਗਭਗ ਦੁੱਗਣਾ ਹੈ। ਮਾਨ ਸਰਕਾਰ "ਪੋਸ਼ਣ ਵੀ ਪੜ੍ਹਾਈ ਵੀ" ਮੁਹਿੰਮ ਤਹਿਤ ਆਂਗਣਵਾੜੀ ਕੇਂਦਰਾਂ ਨੂੰ ਬੁਨਿਆਦੀ ਸਿੱਖਿਆ ਦੇ ਕੇਂਦਰਾਂ ਵਿੱਚ ਵੀ ਅਪਗ੍ਰੇਡ ਕਰ ਰਹੀ ਹੈ। 8,600 ਤੋਂ ਵੱਧ ਕਰਮਚਾਰੀਆਂ ਨੂੰ ਸਿਖਲਾਈ ਦਿੱਤੀ ਗਈ ਹੈ ਅਤੇ 12,000 ਤੋਂ ਵੱਧ ਕਰਮਚਾਰੀਆਂ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ। ਪ੍ਰਾਈਵੇਟ ਪਲੇਵੇਅ ਸਕੂਲਾਂ ਸਮੇਤ ਸਾਰੇ ਕੇਂਦਰਾਂ ਵਿੱਚ ਇੱਕ ਢਾਂਚਾਗਤ ਪਲੇ-ਵੇਅ ਪਾਠਕ੍ਰਮ ਲਾਗੂ ਕੀਤਾ ਜਾਵੇਗਾ, ਜਿਸਦੀ ਨਿਗਰਾਨੀ, ਮਾਨਕੀਕਰਨ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਆਨਲਾਈਨ ਰਜਿਸਟ੍ਰੇਸ਼ਨ ਸ਼ੁਰੂ ਕੀਤੀ ਗਈ ਹੈ।

ਪ੍ਰੋਜੈਕਟ ਜੀਵਨਜੋਤ ਤਹਿਤ 1,027 ਬੱਚਿਆਂ ਨੂੰ ਬਾਲ ਭੀਖ ਮੰਗਣ ਅਤੇ ਸ਼ੋਸ਼ਣ ਤੋਂ ਬਚਾਇਆ ਗਿਆ ਹੈ। ਜ਼ਿਆਦਾਤਰ ਬੱਚਿਆਂ ਨੂੰ ਪਰਿਵਾਰਾਂ ਨਾਲ ਦੁਬਾਰਾ ਮਿਲਾਇਆ ਗਿਆ, ਜਦੋਂ ਕਿ ਬਾਕੀਆਂ ਨੂੰ ਸੁਰੱਖਿਆ ਅਤੇ ਪੁਨਰਵਾਸ ਲਈ ਬਾਲ ਦੇਖਭਾਲ ਸੰਸਥਾਵਾਂ ਵਿੱਚ ਰੱਖਿਆ ਗਿਆ ਹੈ। ਤਸਕਰੀ ਅਤੇ ਸ਼ੋਸ਼ਣ ਨੂੰ ਰੋਕਣ ਲਈ ਮਿਸ਼ਨ ਜੀਵਨਜੋਤ-99 ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ ਡੀਐਨਏ ਟੈਸਟਿੰਗ ਸ਼ਾਮਲ ਹੈ ਅਤੇ ਇਸ ਦੌਰਾਨ ਕਈ ਬੱਚੇ ਅਣਜਾਣ ਬਾਲਗਾਂ ਨਾਲ ਭੀਖ ਮੰਗਦੇ ਪਾਏ ਗਏ।

ਇਸ ਤੋਂ ਇਲਾਵਾ 11,000 ਤੋਂ ਵੱਧ ਗਰੀਬ ਬੱਚਿਆਂ ਨੂੰ ਸਪਾਂਸਰਸ਼ਿਪ ਸਕੀਮ ਤਹਿਤ ਪ੍ਰਤੀ ਮਹੀਨਾ 4,000 ਰੁਪਏ ਪ੍ਰਾਪਤ ਕੀਤੇ ਹਨ। ਸਰਕਾਰੀ ਵਿਸ਼ੇਸ਼ ਗੋਦ ਲੈਣ ਵਾਲੀਆਂ 16 ਨਵੀਆਂ ਏਜੰਸੀਆਂ ਦੀ ਸਥਾਪਨਾ ਨਾਲ ਗੋਦ ਲੈਣ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਇਆ ਹੈ, ਜਿਸ ਦੇ ਨਤੀਜੇ ਵਜੋਂ ਹੁਣ ਤੱਕ 164 ਬੱਚੇ ਸਫਲਤਾਪੂਰਵਕ ਗੋਦ ਲਏ ਗਏ ਹਨ। ਇਹ ਪ੍ਰਾਪਤੀਆਂ ਭਗਵੰਤ ਮਾਨ ਸਰਕਾਰ ਦੀ ਪਾਰਦਰਸ਼ੀ ਸ਼ਾਸਨ, ਸਮਾਜਿਕ ਨਿਆਂ ਤੇ ਸਮਾਵੇਸ਼ੀ ਵਿਕਾਸ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਉਜਾਗਰ ਕਰਦੀਆਂ ਹਨ। ਸਮਾਜ ਦੇ ਹਾਸ਼ੀਏ 'ਤੇ ਧੱਕੇ ਵਰਗਾਂ, ਜਿਨ੍ਹਾਂ ਨੂੰ ਪਿਛਲੀਆਂ ਸਰਕਾਰਾਂ ਦੁਆਰਾ ਲੰਬੇ ਸਮੇਂ ਤੋਂ ਅਣਗੌਲਿਆ ਕੀਤਾ ਗਿਆ ਸੀ, ਵੱਲ ਹੁਣ ਵਿਸ਼ੇਸ਼ ਧਿਆਨ ਦਿੰਦਿਆਂ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਭਲਾਈ ਸਕੀਮਾਂ ਨੂੰ ਹਰ ਯੋਗ ਵਿਅਕਤੀ ਤੱਕ ਪਹੁੰਚਣਾ ਯਕੀਨੀ ਬਣਾਇਆ ਜਾ ਰਿਹਾ ਹੈ।

# ਡੀ.ਐਸ.ਜੀ.ਪੀ.ਸੀ. ਨੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਹੋਲਾ-ਮਹੱਲਾ

ਨਵੀਂ ਦਿੱਲੀ, 5 ਮਾਰਚ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੋਲੇ ਮਹੱਲੇ ਦਾ ਪਵਿੱਤਰ ਦਿਹਾੜਾ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਮੁੱਖ ਸਮਾਗਮ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਹੋਇਆ ਜਿਥੇ ਗੁਰਮਤਿ ਦੀਵਾਨ ਸਜਾਏ ਗਏ ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖਾਲਸਾ ਪੰਥ ਨੂੰ ਗੱਤਕਾ ਖੇਡ ਕੇ ਹੋਲਾ ਮਹੱਲਾ ਮਨਾਉਣ ਦੇ ਹੁਕਮ ਦਿੱਤੇ ਸਨ। ਉਹਨਾਂ ਕਿਹਾ ਕਿ ਗੁਰੂ ਸਾਹਿਬ ਦੇ ਇਹਨਾਂ ਹੁਕਮਾਂ ਦਾ ਮਕਸਦ ਸੀ ਕਿ ਸਾਡੀ ਨਵੀਂ ਪੀੜ੍ਹੀ ਨੂੰ ਮਾਰਸ਼ਲ ਕੌਮ ਬਣਾਉਣਾ ਤੇ ਸਸ਼ਤਰ ਵਿਦਿਆ ਦੀ ਸਿੱਖਲਾਈ ਦੇਣੀ ਤਾਂ ਜੋ ਨੌਜਵਾਨ ਸਾਡੇ ਯੋਧੇ ਬਣ ਸਕਣ। ਉਹਨਾਂ ਕਿਹਾ ਕਿ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਹੀ ਦਿੱਲੀ ਗੁਰਦੁਆਰਾ ਕਮੇਟੀ ਹਰ ਸਾਲ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਇਸ ਹੋਲੇ ਮਹੱਲੇ 'ਤੇ ਸਮਾਗਮ ਕਰਵਾਉਂਦੀ ਹੈ ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਨੂੰ ਗੁਰਸਿੱਖੀ ਜੀਵਨ ਜਾਚ ਨਾਲ ਜੋੜਿਆ ਜਾ ਸਕੇ। ਉਹਨਾਂ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਵੱਖ-ਵੱਖ ਸਮਾਗਮ ਕਰਵਾਏ ਜਾਂਦੇ ਹਨ ਤੇ ਉਪਰਾਲੇ ਕੀਤੇ ਜਾਂਦੇ ਹਨ। ਉਹਨਾਂ ਕਿਹਾ ਕਿ ਇਹਨਾਂ ਸਮਾਗਮਾਂ ਦੀ ਲੜੀ ਤਹਿਤ ਅਸੀਂ ਹਰ ਸਾਲ ਦਿੱਲੀ ਫਤਿਹ ਦਿਵਸ ਲਾਲ ਕਿਲ੍ਹੇ 'ਤੇ ਮਨਾਉਂਦੇ ਹਾਂ। ਉਹਨਾਂ ਕਿਹਾ ਕਿ ਇਸ ਸਾਲ 28 ਤੇ 29 ਮਾਰਚ ਨੂੰ ਲਾਲ ਕਿਲ੍ਹੇ 'ਤੇ ਦਿੱਲੀ



ਫਤਿਹ ਦਿਵਸ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਅਸੀਂ ਬਾਬਾ ਬਘੇਲ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ ਤੇ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੀ ਮਹਾਨਤਾ, ਉਹਨਾਂ ਦੀ ਜਰਨੈਲੀ ਸੋਚ ਤੇ ਬਹਾਦਰੀ ਦੇ ਕਿੱਸਿਆਂ ਤੋਂ ਆਪਣੀ ਨੌਜਵਾਨ ਪੀੜ੍ਹੀ ਨੂੰ ਜਾਣੂ ਕਰਵਾਵਾਂਗੇ। ਉਹਨਾਂ ਕਿਹਾ ਕਿ ਇਸੇ ਤਰੀਕੇ ਦਿੱਲੀ ਕਮੇਟੀ ਨੇ ਇਕ ਯੋਜਨਾਬੰਦੀ ਕੀਤੀ ਹੈ ਜਿਸ ਤਹਿਤ 14 ਮਾਰਚ ਨੂੰ ਸੰਗਰਾਂਦ ਦੇ ਦਿਹਾੜੇ ਤੋਂ ਸ਼ੁਰੂ ਹੋ ਕੇ ਸਾਰਾ ਵਿਸਾਖੀ ਦਾ ਮਹੀਨਾ ਦਿੱਲੀ ਦੇ ਵੱਖ-ਵੱਖ ਗੁਰੂ ਘਰਾਂ ਵਿਚ ਗੁਰਮਤਿ ਸਮਾਗਮ ਕਰਵਾਏ ਜਾਣਗੇ ਅਤੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਏ ਜਾਣਗੇ। ਉਹਨਾਂ ਕਿਹਾ ਕਿ ਇਸੇ ਤਰੀਕੇ ਅਸੀਂ ਨਵੰਬਰ ਮਹੀਨੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ਵਰ੍ਹੇ ਦੀ ਸਮਾਪਤੀ ਸਮਾਗਮ ਕਰਾਂਗੇ। ਉਹਨਾਂ ਇਹ ਵੀ ਦੱਸਿਆ ਕਿ ਕਮੇਟੀ ਵੱਲੋਂ ਸ਼ੁਰੂ ਕੀਤੀਆਂ ਮੈਡੀਕਲ ਸਹੂਲਤਾਂ ਦਾ ਲਾਭ ਸੰਗਤਾਂ ਨੂੰ ਵੱਡੀ ਪੱਧਰ 'ਤੇ ਮਿਲ ਰਿਹਾ ਹੈ। ਉਹਨਾਂ ਦੱਸਿਆ ਕਿ ਬਹੁਤ ਦੇਰ ਤੱਕ ਵਿਵਾਦਾਂ ਵਿਚ ਘਿਰੇ ਰਹੇ ਬਾਲਾ ਸਾਹਿਬ ਹਸਪਤਾਲ ਨੂੰ ਅਸੀਂ ਅਣਥੱਕ ਯਤਨ ਕਰ ਕੇ ਸ਼ੁਰੂ ਕੀਤਾ ਤੇ ਹੁਣ ਤੱਕ ਬਾਲਾ ਸਾਹਿਬ ਹਸਪਤਾਲ ਵਿਚ ਸਵਾ ਲੱਖ ਪ੍ਰਾਣੀ ਮੁਫਤ ਡਾਇਲਸਿਸ ਕਰਵਾ ਚੁੱਕੇ ਹਨ। ਉਹਨਾਂ ਦੱਸਿਆ ਕਿ ਬਾਲਾ ਸਾਹਿਬ ਹਸਪਤਾਲ ਵਿਚ ਅਗਲੇ 10 ਤੋਂ 15 ਦਿਨਾਂ ਵਿਚ ਦਿਲ ਦੇ ਰੋਗਾਂ ਦਾ ਵਿਭਾਗ ਵੀ ਸ਼ੁਰੂ ਹੋ ਜਾਵੇਗਾ ਤੇ ਅੱਖਾਂ ਦੇ ਰੋਗਾਂ ਦਾ ਵਿਭਾਗ ਵੀ ਸ਼ੁਰੂ ਹੋ ਜਾਵੇਗਾ। ਉਹਨਾਂ ਨੇ ਕਿਹਾ ਕਿ ਜੋ ਵੀ ਸੇਵਾ ਸੰਗਤਾਂ ਨੇ ਸਾਨੂੰ ਬਖਸ਼ੀ ਹੈ, ਅਸੀਂ ਉਸ ਮੁਤਾਬਕ ਜਿਥੇ ਗੁਰੂ ਘਰਾਂ ਦੇ ਪ੍ਰਬੰਧ ਸੰਭਾਲ ਰਹੇ ਹਾਂ, ਉਥੇ ਹੀ ਸਿਹਤ ਤੇ ਸਿੱਖਿਆ ਦੇ ਖੇਤਰ ਵਿਚ ਬਹੁਤ ਮਿਹਨਤ ਨਾਲ ਕੰਮ ਕਰ ਰਹੇ ਹਾਂ ਤਾਂ ਸੰਗਤਾਂ ਨੂੰ ਵੱਧ ਤੋਂ ਵੱਧ ਲਾਭ ਮਿਲ ਸਕੇ।

# ਪੀ.ਪੀ.ਸੀ.ਬੀ. ਨੇ ਐਸ.ਜੀ.ਪੀ.ਸੀ. ਦੇ ਸਹਿਯੋਗ ਨਾਲ ਸਫ਼ਲਤਾਪੂਰਵਕ ਚਲਾਈ 'ਪਲਾਸਟਿਕ-ਮੁਕਤ ਹੋਲਾ- ਮਹੱਲਾ' ਮੁਹਿੰਮ

ਚੰਡੀਗੜ੍ਹ, 5 ਮਾਰਚ (ਚ.ਨ.ਸ.): ਸਿੱਖ ਧਰਮ ਦੇ ਸਭ ਤੋਂ ਵੱਡੇ ਤਿਉਹਾਰ "ਹੋਲਾ ਮਹੱਲਾ" ਦੀ ਪਵਿੱਤਰਤਾ ਤੇ ਵਾਤਾਵਰਣ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਲਈ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ (ਪੀ.ਪੀ.ਸੀ.ਬੀ.) ਨੇ ਇਸ ਸਮਾਗਮ ਨੂੰ ਪਲਾਸਟਿਕ ਮੁਕਤ ਬਣਾਉਣ ਲਈ ਇੱਕ ਵਿਆਪਕ ਮੁਹਿੰਮ ਸਫਲਤਾਪੂਰਵਕ ਚਲਾਈ ਗਈ। ਇਸ ਮੁਹਿੰਮ ਤਹਿਤ ਪੀ.ਪੀ.ਸੀ.ਬੀ.ਨੇ ਇੱਕ ਵੱਡੀ ਵਾਤਾਵਰਣ-ਪੱਖੀ ਪਹਿਲਕਦਮੀ ਕਰਦਿਆਂ ਸ੍ਰੀ ਆਨੰਦਪੁਰ ਸਾਹਿਬ ਵਿੱਚ ਵੱਖ-ਵੱਖ ਕਮੇਟੀਆਂ ਵੱਲੋਂ ਚਲਾਏ ਜਾ ਰਹੇ ਲੰਗਰਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਬਾਇਓਡੀਗ੍ਰੇਡੇਬਲ ਅਤੇ ਕੰਪੋਸਟੇਬਲ ਡਿਸਪੋਜ਼ੇਬਲ ਵਸਤੂਆਂ ਮੁਫ਼ਤ ਮੁਹੱਈਆ ਕਰਵਾਈਆਂ ਗਈਆਂ। ਇਸ ਬਾਬਤ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਮੁਹਿੰਮ ਦਾ ਰਸਮੀ ਉਦਘਾਟਨ 1 ਮਾਰਚ ਨੂੰ ਪੀ.ਪੀ.ਸੀ.ਬੀ. ਦੀ ਚੇਅਰਪਰਸਨ ਰੀਨਾ ਗੁਪਤਾ ਤੇ ਮੈਂਬਰ ਸਕੱਤਰ ਲਵਨੀਤ ਦੂਬੇ ਦੀ ਅਗਵਾਈ ਵਿੱਚ ਇੱਕ ਵਫ਼ਦ ਨੇ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕਰਕੇ ਇਸ ਮੁਹਿੰਮ ਦਾ ਆਗਾਜ਼ ਕੀਤਾ ਸੀ। ਬੁਲਾਰੇ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਵਿਸ਼ੇਸ਼ ਤੌਰ ਤੇ ਈਕੋ-ਫਰੈਂਡਲੀ ਬੁਨਿਆਦੀ ਢਾਂਚੇ ਦਾ ਵਿਸਥਾਰ ਕਰਨ ਤੇ ਧਿਆਨ ਕੇਂਦਰਿਤ ਕੀਤਾ ਗਿਆ ਜਿਸ ਤਹਿਤ ਸਿੰਗਲ-ਯੂਜ਼ ਪਲਾਸਟਿਕ ਦੀ ਵਰਤੋਂ ਨੂੰ ਰੋਕਣ ਲਈ, ਪੀ.ਪੀ.ਸੀ.ਬੀ. 20 ਲੱਖ ਤੋਂ ਵੱਧ ਉੱਚ-ਗੁਣਵੱਤਾ ਵਾਲੇ ਬਾਇਓਡੀਗ੍ਰੇਡੇਬਲ ਬਦਲਾਂ ਦੀ ਸਪਲਾਈ ਯਕੀਨੀ ਬਣਾਈ। ਹੋਲੇ ਮਹੱਲੇ ਦੌਰਾਨ 7 ਲੱਖ ਬਾਇਓਡੀਗ੍ਰੇਡੇਬਲ ਪਲਾਸਟਿਕ ਕੱਪ, 6.5 ਲੱਖ ਬਾਇਓਡੀਗ੍ਰੇਡੇਬਲ ਚਮਚੇ, 2.5 ਲੱਖ ਪਲੇਟਾਂ, 5 ਲੱਖ ਬਾਇਓਡੀਗ੍ਰੇਡੇਬਲ ਕੌਲੀਆਂ ਤੇ ਹੋਰ ਸਮਾਨ, 5,000 ਬਾਇਓਡੀਗ੍ਰੇਡੇਬਲ ਕੂੜਾ ਕਰਕਟ ਵਾਲੇ ਬੈਗ, 30,000 ਬਾਇਓਡੀਗ੍ਰੇਡੇਬਲ ਕੈਰੀ ਬੈਗ (ਕੜਾਹ ਪ੍ਰਸ਼ਾਦ ਲਈ) ਦੀ ਸਪਲਾਈ ਵੱਖ-ਵੱਖ ਲੰਗਰਾਂ ਤੇ ਗੁਰਦੁਆਰਾ ਸਾਹਿਬਾਨਾਂ ਵਿੱਚ ਕੀਤੀ ਗਈ।

ਬੁਲਾਰੇ ਨੇ ਦੱਸਿਆ ਕਿ ਇਸ ਵਡਕਾਰੀ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਚਲਾਉਣ ਲਈ ਪੀ.ਪੀ.ਸੀ.ਬੀ. ਦੀਆਂ 20 ਸਮਰਪਿਤ ਟੀਮਾਂ ਅਤੇ ਵਲੰਟੀਅਰਾਂ ਵੱਲੋਂ ਵੱਡੇ ਪੱਧਰ ਤੇ ਸਹਿਯੋਗ ਕੀਤਾ ਗਿਆ। ਇਹ ਕਾਰਜ 27 ਫਰਵਰੀ, 2026 ਤੋਂ 4 ਮਾਰਚ, 2026 ਤੱਕ ਪੂਰੇ ਜ਼ੋਰ ਸ਼ੋਰ ਨਾਲ ਕੀਤਾ ਗਿਆ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਪਰਸਨ ਰੀਨਾ ਗੁਪਤਾ ਨੇ ਕਿਹਾ ਕਿ "ਗੁਰੂ ਸਾਹਿਬ ਦਾ ਸੰਦੇਸ਼ "ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ" ਸਾਨੂੰ ਕੁਦਰਤੀ ਸਰੋਤਾਂ ਦੀ ਸੰਭਾਲ ਕਰਨ ਦਾ ਉਪਦੇਸ਼ ਦਿੰਦਾ ਹੈ।

# ਪੰਜਾਬ ਨੇ ਭੋਜਨ ਪਦਾਰਥਾਂ ਦੀ ਜਾਂਚ ਲਈ ਵਿਸ਼ਾਲ ਰਾਜ ਵਿਆਪੀ ਮੁਹਿੰਮ ਵਿੱਢੀ

ਚੰਡੀਗੜ੍ਹ, 5 ਮਾਰਚ (ਹਰਦੀਪ ਕੌਰ): ਸੂਬੇ ਦੇ ਲੋਕਾਂ ਲਈ ਸੁਰੱਖਿਅਤ ਤੇ ਸਿਹਤਮੰਦ ਭੋਜਨ ਪਦਾਰਥਾਂ ਨੂੰ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਭੋਜਨ ਪਦਾਰਥਾਂ ਦੀ ਜਾਂਚ ਲਈ ਇੱਕ ਵਿਸ਼ਾਲ ਤੇ ਟੀਚਾਗਤ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਲੋਕਾਂ ਲਈ ਸ਼ੁੱਧ ਅੰਨ (ਸਿਹਤਮੰਤ ਭੋਜਨ) ਯਕੀਨੀ ਬਣਾਉਣ ਲਈ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ। ਇੱਥੇ ਆਪਣੇ ਦਫ਼ਤਰ ਵਿਖੇ ਸੀਨੀਅਰ ਅਧਿਕਾਰੀਆਂ, ਜਨਤਕ ਸਿਹਤ ਮਾਹਿਰਾਂ ਅਤੇ ਮੁੱਖ ਰੈਗੂਲੇਟਰੀ ਤੇ ਵਿਗਿਆਨਕ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਾ. ਬਲਬੀਰ ਸਿੰਘ ਨੇ ਫੂਡ ਐਂਡ ਡਰੱਗਜ਼ ਐਡਮਿਨਿਸਟ੍ਰੇਸ਼ਨ (ਐਫ.ਡੀ.ਏ.) ਨੂੰ 'ਫੂਡ ਸੇਫਟੀ ਆਨ ਵ੍ਹੀਲਜ਼' (ਐਫ.ਐਸ.ਡਬਲਯੂਜ਼) ਵੈਨਾਂ ਰਾਹੀਂ ਭੋਜਨ ਵਿੱਚ ਮਿਲਾਵਟਖੋਰੀ ਦੀ ਵਿਆਪਕ ਜਾਂਚ ਲਈ 1 ਅਪ੍ਰੈਲ ਤੋਂ 15 ਅਪ੍ਰੈਲ, 2026 ਤੱਕ 15 ਦਿਨਾ ਰਾਜ ਵਿਆਪੀ ਮੁਹਿੰਮ ਵਿੱਢਣ ਦੇ ਨਿਰਦੇਸ਼ ਦਿੱਤੇ। ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿ ਇਹ ਮੋਬਾਈਲ ਵੈਨਾਂ ਭੋਜਨ ਵਿੱਚ ਮਿਲਾਵਟਖੋਰੀ ਵਿਰੁੱਧ ਲੜਾਈ ਵਿੱਚ ਇੱਕ ਮਹੱਤਵਪੂਰਨ ਸਾਧਨ ਹਨ, ਸਿਹਤ ਮੰਤਰੀ ਨੇ ਸਾਰੇ ਫੂਡ ਬਿਜ਼ਨਸ ਆਪਰੇਟਰਾਂ (ਐਫ.ਬੀ.ਓਜ਼.) ਅਤੇ ਆਮ ਲੋਕਾਂ ਨੂੰ ਇਸ ਵਿਸ਼ੇਸ਼ ਮੁਹਿੰਮ ਦੌਰਾਨ ਆਪਣੇ ਸੈਂਪਲਾਂ ਦੀ ਜਾਂਚ



ਕਰਵਾਉਣ ਦੀ ਅਪੀਲ ਕੀਤੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਦੇ ਭੋਜਨ ਪਦਾਰਥਾਂ ਵਿੱਚ ਕੋਈ ਮਿਲਾਵਟ ਨਹੀਂ ਹੈ ਅਤੇ ਇਹ ਸੁਰੱਖਿਆ ਮਾਪਦੰਡਾਂ ਮੁਤਾਬਕ ਸਹੀ ਹਨ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਐਫ.ਬੀ.ਓ. ਨੂੰ ਸਿੱਖਿਅਤ ਕਰਨ ਅਤੇ ਮੌਕੇ 'ਤੇ ਜਾਂਚ ਲਈ ਐਫ.ਐਸ.ਡਬਲਯੂ. ਦੀ ਵਰਤੋਂ 'ਤੇ ਕੇਂਦਰਿਤ ਹੋਵੇਗੀ।

ਦੱਸਣਯੋਗ ਹੈ ਕਿ 'ਫੂਡ ਸੇਫਟੀ ਆਨ ਵ੍ਹੀਲਜ਼' ਮੋਬਾਈਲ ਫੂਡ ਟੈਸਟਿੰਗ ਵੈਨਾਂ ਹਨ, ਜੋ ਦੁੱਧ, ਘਿਓ, ਪਨੀਰ, ਪਾਈ, ਮਸਾਲੇ, ਫੂਡ ਸਪਲੀਮੈਂਟ, ਮਠਿਆਈਆਂ, ਫਲ, ਸਬਜ਼ੀਆਂ ਅਤੇ ਹੋਰ ਰੋਜ਼ਾਨਾ ਵਰਤੋਂ ਵਾਲੀਆਂ ਚੀਜ਼ਾਂ ਸਮੇਤ ਭੋਜਨ ਦੀਆਂ ਪ੍ਰਮੁੱਖ ਸ਼੍ਰੇਣੀਆਂ ਵਿੱਚ ਮਿਲਾਵਟ ਦੀ ਜਾਂਚ ਲਈ ਉਪਕਰਨਾਂ ਨਾਲ ਪੂਰੀ ਤਰ੍ਹਾਂ ਲੈਸ ਹਨ। ਸਿਹਤ ਮੰਤਰੀ ਨੇ ਸੂਬੇ ਭਰ ਵਿੱਚ ਰਸਾਇਣਕ ਰਹਿੰਦ-ਖੂੰਹਦ ਅਤੇ ਦੂਸ਼ਿਤ ਕਰਨ ਵਾਲੇ ਤੱਤਾਂ ਦੇ ਯੋਜਨਾਬੱਧ ਢੰਗ ਨਾਲ ਨਮੂਨੇ ਇੱਕਤਰ ਕਰਨ ਅਤੇ ਜਾਂਚ ਲਈ ਇੱਕ ਸਮਾਂ-ਬੱਧ ਕਾਰਜ ਯੋਜਨਾ ਨੂੰ ਵੀ ਪ੍ਰਵਾਨਗੀ ਦਿੱਤੀ ਹੈ। ਇਨ੍ਹਾਂ ਕੀਤੇ ਜਾਣ ਵਾਲੇ ਮੁੱਖ ਅਧਿਐਨਾਂ ਵਿੱਚ ਉਦਯੋਗਿਕ ਖੇਤਰਾਂ ਅਤੇ ਨਾਲਿਆਂ ਦੇ ਆਲੇ-ਦੁਆਲੇ ਉਗਾਈਆਂ ਜਾਣ ਵਾਲੀਆਂ ਸਬਜ਼ੀਆਂ ਵਿੱਚ ਭਾਰੀ ਧਾਤਾਂ ਅਤੇ ਕੀਟਨਾਸ਼ਕਾਂ ਦੂਸ਼ਣ ਦੀ ਜਾਂਚ ਕਰਨਾ ਸ਼ਾਮਲ ਹੈ। ਇਸ ਦੇ ਨਾਲ ਹੀ ਨਿਊਟਰਾਸਿਊਟੀਕਲਜ਼ ਦੀ ਵਿਆਪਕ ਜਾਂਚ ਕੀਤੀ ਜਾਵੇਗੀ ਤੇ ਪੋਲਟਰੀ, ਅੰਡੇ ਅਤੇ ਮਾਸ ਵਿੱਚ ਐਂਟੀਬਾਇਓਟਿਕ ਰਹਿੰਦ-ਖੂੰਹਦ ਦਾ ਪਤਾ ਲਗਾਉਣ ਲਈ ਇੱਕ ਵੱਖਰਾ ਅਧਿਐਨ ਕੀਤਾ ਜਾਵੇਗਾ।

ਕੈਬਨਿਟ ਮੰਤਰੀ ਨੇ ਸਾਰੇ ਸਬੰਧਤ ਵਿਭਾਗਾਂ ਨੂੰ ਨੇੜਿਓਂ ਤਾਲਮੇਲ ਨਾਲ ਕੰਮ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਭੋਜਨ ਵਿੱਚ ਮਿਲਾਵਟ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਸਾਰੇ ਐਫ.ਬੀ.ਓਜ਼, ਜਿਨ੍ਹਾਂ ਵਿੱਚ ਸਟ੍ਰੀਟ ਫੂਡ ਵਿਕਰੇਤਾ ਵੀ ਸ਼ਾਮਲ ਹਨ, ਨੂੰ ਐਫ.ਡੀ.ਏ. ਨਾਲ ਆਪਣੇ ਆਪ ਨੂੰ ਰਜਿਸਟਰ ਕਰਨ ਤੇ "ਸਹੀ ਖਾਓ, ਸਿਹਤਮੰਦ ਰਹੋ" ਪਹੁੰਚ ਅਪਣਾਉਣ ਦੀ ਅਪੀਲ ਕੀਤੀ ਤਾਂ ਜੋ ਪੰਜਾਬ ਨੂੰ ਸਿਹਤਮੰਦ ਅਤੇ ਸੁਰੱਖਿਅਤ ਸੂਬਾ ਬਣਾਉਣ ਵਿੱਚ ਢੁਕਵਾਂ ਯੋਗਦਾਨ ਪਾਇਆ ਜਾ ਸਕੇ। ਇਸ ਮੀਟਿੰਗ ਵਿੱਚ ਪ੍ਰਮੁੱਖ ਸਕੱਤਰ ਸਿਹਤ ਕੁਮਾਰ ਰਾਹੁਲ, ਪ੍ਰਮੁੱਖ ਸਕੱਤਰ ਖੇਤੀਬਾੜੀ ਅਰਸ਼ਦੀਪ ਸਿੰਘ ਥਿੰਦ, ਕਮਿਸ਼ਨਰ ਐਫ.ਡੀ.ਏ. ਕੰਵਲ ਪ੍ਰੀਤ ਬਰਾੜ, ਮੈਂਬਰ ਪੰਜਾਬ ਵਿਕਾਸ ਕਮਿਸ਼ਨ ਅਨੁਰਾਗ ਕੁੰਡੂ, ਗਡਵਾਸੂ ਦੇ ਵਾਈਸ ਚਾਂਸਲਰ ਡਾ. ਜੇ.ਐਸ. ਗਿੱਲ, ਡਾਇਰੈਕਟਰ ਸਿਹਤ ਸੇਵਾਵਾਂ ਡਾ. ਹਿਤਿੰਦਰ ਕੌਰ, ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ ਡਾ. ਅਵਨੀਸ਼ ਕੁਮਾਰ, ਪ੍ਰਿੰਸੀਪਲ ਡਾਇਰੈਕਟਰ ਏਮਜ਼ ਮੋਹਾਲੀ, ਸੀਈਓ ਪੀਬੀਟੀਆਈ, ਪੀਪੀਸੀਬੀ ਦੇ ਸੀਨੀਅਰ ਵਿਗਿਆਨੀ, ਡਾਇਰੈਕਟਰ ਖੇਤੀਬਾੜੀ, ਬਾਗਬਾਨੀ, ਪੀਏਯੂ, ਗਡਵਾਸੂ ਤੇ ਏਮਜ਼ ਦੇ ਪ੍ਰਤੀਨਿਧੀ ਪ੍ਰੋਫੈਸਰ, ਫੂਡ ਐਂਡ ਡਰੱਗਜ਼ ਐਡਮਿਨਿਸਟ੍ਰੇਸ਼ਨ ਦੇ ਅਧਿਕਾਰੀ ਸ਼ਾਮਲ ਹੋਏ।

# "ਗੈਂਗਸਟਰਾਂ 'ਤੇ ਵਾਰ" ਦੇ 44ਵੇਂ ਦਿਨ 511 ਥਾਵਾਂ ਉੱਤੇ ਛਾਪੇਮਾਰੀ ਦੌਰਾਨ 207 ਕਾਬੂ

ਚੰਡੀਗੜ੍ਹ, 5 ਮਾਰਚ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਚੱਲ ਰਹੀ ਫੈਸਲਾਕੁੰਨ ਮੁਹਿੰਮ "ਗੈਂਗਸਟਰਾਂ ਤੇ ਵਾਰ" ਦੇ 44ਵੇਂ ਦਿਨ ਪੰਜਾਬ ਪੁਲਿਸ ਨੇ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 511 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ" ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜਿਸਦੀ ਸ਼ੁਰੂਆਤ 20 ਜਨਵਰੀ ਨੂੰ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਕੀਤੀ ਸੀ। ਇਸ ਮੁਹਿੰਮ ਤਹਿਤ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਪੂਰੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। ਮੁਹਿੰਮ ਦੇ 44ਵੇਂ ਦਿਨ, ਪੁਲਿਸ ਟੀਮਾਂ ਨੇ 207 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਮੁਲਜ਼ਮਾਂ ਦੇ ਕਬਜ਼ੇ 'ਚੋਂ 2 ਹਥਿਆਰ ਬਰਾਮਦ ਕੀਤੇ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 12,919 ਹੋ ਗਈ ਹੈ। ਇਸ ਤੋਂ ਇਲਾਵਾ 100 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 138 ਵਿਅਕਤੀਆਂ ਨੂੰ ਤਫ਼ਤੀਸ਼ ਅਤੇ ਪੁੱਛਗਿੱਛ ਪਿੱਛੋਂ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 5 ਭਗੌੜੇ ਅਪਰਾਧੀਆਂ (ਪੀਓ) ਨੂੰ ਵੀ ਗ੍ਰਿਫਤਾਰ ਕੀਤਾ ਹੈ।

ਉਨ੍ਹਾਂ ਕਿਹਾ ਕਿ ਲੋਕ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਗੁਪਤ ਰੂਪ ਵਿੱਚ ਜਾਣਕਾਰੀ ਦੇ ਸਕਦੇ ਹਨ ਤੇ ਇਸ 'ਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ/ ਜਾਣਕਾਰੀ ਵੀ ਸਾਂਝੀ ਕੀਤੀ ਜਾ ਸਕਦੀ ਹੈ। ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" 369ਵੇਂ ਦਿਨ ਵੀ ਜਾਰੀ ਰੱਖੀ ਹੈ ਰੱਖਦਿਆਂ ਅੱਜ 73 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 545 ਗ੍ਰਾਮ ਹੈਰੋਇਨ, 10 ਕਿਲੋ ਭੁੱਕੀ, 1515 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 3220 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ, ਸਿਰਫ 369 ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 52,280 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ ਪੰਜਾਬ ਪੁਲਿਸ ਨੇ ਅੱਜ 15 ਵਿਅਕਤੀਆਂ ਨੂੰ ਨਸ਼ਾ ਛੁਡਾਊ ਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ।

**ਸੰਪਾਦਕੀ**

# ਭਾਰਤ-ਕੈਨੇਡਾ ਵਿਚਾਲੇ ਕੂਟਨੀਤਕ ਹਿੱਸੇਦਾਰੀ

ਭਾਰਤ ਅਤੇ ਕੈਨੇਡਾ ਵਿਚਕਾਰ ਮਹੱਤਵਪੂਰਨ ਸਮਝੌਤਿਆਂ ਨੂੰ ਕੂਟਨੀਤਕ ਅਤੇ ਆਰਥਿਕ ਸਬੰਧਾਂ ਵਿੱਚ ਇੱਕ ਨਵੇਂ ਅਧਿਆਏ ਵਜੋਂ ਦੇਖਿਆ ਜਾ ਰਿਹਾ ਹੈ। ਦੋਵਾਂ ਦੇਸ਼ਾਂ ਨੇ ਸੋਮਵਾਰ ਨੂੰ ਕਈ ਇਤਿਹਾਸਕ ਸਮਝੌਤਿਆਂ 'ਤੇ ਦਸਤਖਤ ਕੀਤੇ, ਜਿਨ੍ਹਾਂ ਵਿੱਚ ਯੂਰੇਨੀਅਮ ਅਤੇ ਦੁਰਲੱਭ ਖਣਿਜਾਂ ਦੀ ਲੰਬੇ ਸਮੇਂ ਦੀ ਸਪਲਾਈ ਸ਼ਾਮਲ ਹੈ। ਇਸ ਕਦਮ ਨੂੰ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਇੱਕ ਜੀਵਨ ਰੇਖਾ ਮੰਨਿਆ ਜਾ ਰਿਹਾ ਹੈ, ਕਿਉਂਕਿ ਇਹ ਲੰਬੇ ਸਮੇਂ ਦੀ ਰੁਕਾਵਟ ਤੋਂ ਬਾਅਦ ਸਹਿਯੋਗ ਲਈ ਰਾਹ ਖੋਲ੍ਹਦਾ ਹੈ। ਇਹ ਸਮਝੌਤੇ ਇਸ ਗੱਲ ਦਾ ਸਪੱਸ਼ਟ ਸੰਕੇਤ ਹਨ ਕਿ ਦੋਵਾਂ ਦੇਸ਼ਾਂ ਵਿਚਕਾਰ ਸਬੰਧ ਹੁਣ ਅਸਥਿਰਤਾ ਦੇ ਦੌਰ ਤੋਂ ਪਾਰ ਹੋ ਗਏ ਹਨ ਅਤੇ ਭਵਿੱਖ ਦੀਆਂ ਜ਼ਰੂਰਤਾਂ ਦੀ ਸਮਝ ਦੇ ਪੜਾਅ ਵਿੱਚ ਦਾਖਲ ਹੋ ਗਏ ਹਨ, ਜਿਸ ਨਾਲ ਭਾਈਵਾਲੀ ਹੋਰ ਅੱਗੇ ਵਧੇਗੀ। ਜਦੋਂ ਕਿ ਕੈਨੇਡਾ ਤੋਂ ਯੂਰੇਨੀਅਮ ਦੀ ਸਪਲਾਈ ਭਾਰਤ ਦੇ ਪ੍ਰਮਾਣੂ ਊਰਜਾ ਪਲਾਂਟਾਂ ਲਈ ਬਾਲਣ ਦੀ ਨਿਰੰਤਰਤਾ ਨੂੰ ਯਕੀਨੀ ਬਣਾਏਗੀ, ਦੋਵਾਂ ਦੇਸ਼ਾਂ ਵਿਚਕਾਰ ਨਿਵੇਸ਼ ਅਤੇ ਵਪਾਰਕ ਗਤੀਵਿਧੀਆਂ ਦਾ ਨਵਾਂ ਪ੍ਰਵਾਹ ਆਰਥਿਕ ਵਿਕਾਸ ਨੂੰ ਤੇਜ਼ ਕਰੇਗਾ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰੇਗਾ। ਵਰਤਮਾਨ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਦੁਵੱਲਾ ਵਪਾਰ ਲਗਭਗ £13 ਬਿਲੀਅਨ ਹੈ ਅਤੇ ਟੀਚਾ ਇਸਨੂੰ ਚੌਗੁਣਾ ਕਰਨਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਭਾਰਤ ਅਤੇ ਕੈਨੇਡਾ ਵਿਚਕਾਰ ਸਬੰਧਾਂ ਵਿੱਚ 2023 ਵਿੱਚ ਖਟਾਸ ਆ ਗਈ ਸੀ, ਜਦੋਂ ਉਸ ਸਮੇਂ ਦੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਕਾਰਜਕਾਲ ਦੌਰਾਨ ਖਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦੇ ਦੋਸ਼ ਲਗਾਏ ਗਏ ਸਨ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਜ਼ੋਰਦਾਰ ਢੰਗ ਨਾਲ ਨਕਾਰ ਦਿੱਤਾ ਪਰ ਇਸ ਘਟਨਾ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਏ। ਨਤੀਜੇ ਵਜੋਂ ਪੈਦਾ ਹੋਏ ਤਣਾਅ ਨੇ ਵਪਾਰ ਅਤੇ ਕੂਟਨੀਤਕ ਗੱਲਬਾਤ ਨੂੰ ਲਗਭਗ ਵਿਗਾੜ ਦਿੱਤਾ। ਹਾਲਾਂਕਿ ਜਦੋਂ ਤੋਂ ਮਾਰਕਸ ਕਾਰਨੀ ਪਿਛਲੇ ਸਾਲ ਮਾਰਚ ਵਿੱਚ ਕੈਨੇਡੀਅਨ ਪ੍ਰਧਾਨ ਮੰਤਰੀ ਬਣੇ ਹਨ ਦੋਵਾਂ ਧਿਰਾਂ ਨੇ ਸਬੰਧਾਂ ਨੂੰ ਮੁੜ ਬਣਾਉਣ ਅਤੇ ਵਿਸ਼ਵਾਸ ਬਹਾਲ ਕਰਨ ਲਈ ਕਈ ਉਪਾਅ ਕੀਤੇ ਹਨ, ਜਿਸਦੇ ਨਤੀਜੇ ਵਜੋਂ ਇਤਿਹਾਸਕ ਸਮਝੌਤੇ ਹੋਏ ਹਨ। ਇਸ ਰਣਨੀਤਕ ਸਾਂਝੇਦਾਰੀ ਦੇ ਕੇਂਦਰ ਵਿੱਚ ਇਸ ਸਾਲ ਦੇ ਅੰਤ ਤੱਕ ਇੱਕ ਵਿਆਪਕ ਆਰਥਿਕ ਭਾਈਵਾਲੀ ਸਮਝੌਤਾ ਕਰਨ ਅਤੇ 2030 ਤੱਕ ਦੁਵੱਲੇ ਸਾਲਾਨਾ ਵਪਾਰ ਨੂੰ £50 ਬਿਲੀਅਨ ਤੋਂ ਵੱਧ ਕਰਨ ਦੀ ਵਚਨਬੱਧਤਾ ਹੈ। ਕੈਨੇਡਾ ਤੋਂ ਯੂਰੇਨੀਅਮ ਸਪਲਾਈ ਸਬੰਧੀ ਸਮਝੌਤੇ ਨੂੰ ਭਾਰਤ ਦੀ ਊਰਜਾ ਸੁਰੱਖਿਆ ਲਈ ਇੱਕ ਮਹੱਤਵਪੂਰਨ ਕਦਮ ਮੰਨਿਆ ਜਾਂਦਾ ਹੈ। ਇਸ ਸਮਝੌਤੇ ਦੇ ਤਹਿਤ 2027 ਅਤੇ 2035 ਦੇ ਵਿਚਕਾਰ ਕੈਨੇਡਾ ਤੋਂ ਭਾਰਤ ਨੂੰ ਲਗਭਗ 22 ਮਿਲੀਅਨ ਪੌਂਡ ਯੂਰੇਨੀਅਮ ਸਪਲਾਈ ਕੀਤਾ ਜਾਵੇਗਾ। ਇਹ ਭਾਰਤ ਨੂੰ ਆਪਣੇ ਪ੍ਰਮਾਣੂ ਊਰਜਾ ਪਲਾਂਟਾਂ ਲਈ ਬਾਲਣ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਯੋਗ ਬਣਾਏਗਾ। ਇਸ ਤੋਂ ਇਲਾਵਾ ਦੁਰਲੱਭ ਧਰਤੀ ਦੇ ਖਣਿਜਾਂ 'ਤੇ ਸਮਝੌਤਾ ਭਾਰਤ ਦੇ ਸਾਫ਼ ਊਰਜਾ ਮੁਹਿੰਮ ਅਤੇ ਇਲੈਕਟ੍ਰਿਕ ਵਾਹਨ ਉਦਯੋਗ ਨੂੰ ਤੇਜ਼ ਕਰਨ ਅਤੇ ਮੁੜ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਕੈਨੇਡਾ ਕੋਲ ਦੁਰਲੱਭ ਧਰਤੀ ਦੇ ਖਣਿਜਾਂ ਦੇ ਵਿਸ਼ਾਲ ਭੰਡਾਰ ਹਨ ਅਤੇ ਇਹ ਸਮਝੌਤਾ ਭਾਰਤ ਲਈ ਇੱਕ ਮਜ਼ਬੂਤ ਅਤੇ ਸੁਰੱਖਿਅਤ ਸਪਲਾਈ ਲੜੀ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ। ਇਸੇ ਤਰ੍ਹਾਂ ਰੱਖਿਆ ਖੇਤਰ ਵਿੱਚ ਦੋਵਾਂ ਦੇਸ਼ਾਂ ਨੇ ਸਹਿਯੋਗ ਦੇ ਨਵੇਂ ਰਸਤੇ ਖੋਲ੍ਹੇ ਹਨ ਅਤੇ ਇੱਕ ਦੁਵੱਲੀ ਰੱਖਿਆ ਗੱਲਬਾਤ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ ਜੋ ਰੱਖਿਆ ਉਦਯੋਗਾਂ ਦੇ ਏਕੀਕਰਨ ਅਤੇ ਫੌਜੀ ਉਪਕਰਣਾਂ ਦੇ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰੇਗਾ, ਨਾਲ ਹੀ ਸਮੁੰਦਰੀ ਸੁਰੱਖਿਆ ਲਈ ਸਾਂਝੇ ਯਤਨਾਂ ਨੂੰ ਮਜ਼ਬੂਤ ਕਰੇਗਾ। ਇਨ੍ਹਾਂ ਸਮਝੌਤਿਆਂ ਤੋਂ ਬਾਅਦ ਇਹ ਉਮੀਦ ਕੀਤੀ ਜਾਂਦੀ ਹੈ ਕਿ ਦੋਵੇਂ ਦੇਸ਼ ਸਾਂਝੇ ਹਿੱਤਾਂ ਦੇ ਅਧਾਰ 'ਤੇ ਭਵਿੱਖ ਵਿੱਚ ਸਹਿਯੋਗ ਦੇ ਨਵੇਂ ਪਹਿਲੂ ਸਥਾਪਤ ਕਰਨਗੇ।

**-ਜਗਜੀਤ ਸਿੰਘ ਦਰਦੀ**

**ਭਾਜਪਾ ਦੀ ਬਦਲਦੀ ਰਾਜਨੀਤੀ**

# ਬਿਹਾਰ 'ਚੋਂ ਨਿਤੀਸ਼ ਕੁਮਾਰ ਦਾ ਹਟਣਾ ਬਦਲਦੀ ਰਾਜਨੀਤੀ ਦਾ ਨਵਾਂ ਅਧਿਆਏ

## 2027 ਵਿੱਚ ਭਾਜਪਾ ਪੰਜਾਬ ਵਿੱਚ ਤ੍ਰਿਸ਼ੰਕੂ ਵਿਧਾਨ ਸਭਾ ਵਿੱਚ ਨਵੇਂ ਸਮੀਕਰਨ ਬਣਾਏਗੀ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

**ਬਿਹਾਰ ਤੋਂ ਪੰਜਾਬ ਤੱਕ** - ਨਿਤੀਸ਼ ਕੁਮਾਰ ਦੀ ਵਿਦਾਈ, ਭਾਜਪਾ ਦੀ ਚੁਸਤ ਰਣਨੀਤੀ ਅਤੇ ਆਉਣ ਵਾਲੀਆਂ ਚੋਣਾਂ ਦੀਆਂ ਸੰਭਾਵਨਾਵਾਂ ਨੂੰ ਭਾਰਤੀ ਰਾਜਨੀਤੀ ਨੂੰ ਕਦੇ ਵੀ ਅਟੱਲ ਨਹੀਂ ਮੰਨਿਆ ਜਾ ਸਕਦਾ। ਇਹ ਇੱਕ ਅਜਿਹੀ ਨਦੀ ਵਾਂਗ ਹੈ ਜੋ ਵਹਿੰਦੀ ਰਹਿੰਦੀ ਹੈ, ਕਈ ਵਾਰ ਤੇਜ਼ ਧਾਰ ਵਿੱਚ ਅਤੇ ਕਈ ਵਾਰ ਸ਼ਾਂਤ ਰੂਪ ਵਿੱਚ। ਪਰ ਜਦੋਂ ਬਦਲਾਅ ਆਉਂਦਾ ਹੈ ਤਾਂ ਉਹ ਪੂਰੇ ਮਾਹੌਲ ਨੂੰ ਬਦਲ ਦਿੰਦਾ ਹੈ। ਮਾਰਚ 2026 ਵਿੱਚ ਬਿਹਾਰ ਵਿੱਚ ਜੋ ਵਾਪਰ ਰਿਹਾ ਹੈ, ਉਹ ਇੱਕ ਅਜਿਹਾ ਹੀ ਬਦਲਾਅ ਹੈ। ਨਿਤੀਸ਼ ਕੁਮਾਰ, ਜਿਨ੍ਹਾਂ ਨੂੰ ਬਿਹਾਰ ਦੇ 'ਸੁਸ਼ਾਸਨ ਬਾਬੂ' ਵਜੋਂ ਜਾਣਿਆ ਜਾਂਦਾ ਹੈ ਅਤੇ ਜਿਨ੍ਹਾਂ ਨੇ ਲਗਭਗ ਦੋ ਦਹਾਕਿਆਂ ਤੱਕ ਰਾਜ ਨੂੰ ਆਪਣੇ ਨਾਂ ਨਾਲ ਜੋੜਿਆ ਹੈ, ਹੁਣ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਰਾਜ ਸਭਾ ਵੱਲ ਜਾ ਰਹੇ ਹਨ। ਅੱਜ ਇਹ ਘਟਨਾ ਨਾ ਸਿਰਫ਼ ਬਿਹਾਰ ਦੀ ਰਾਜਨੀਤੀ ਨੂੰ ਨਵਾਂ ਰੂਪ ਦੇ ਰਹੀ ਹੈ ਬਲਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਰਾਜਨੀਤਿਕ ਰਣਨੀਤੀ ਨੂੰ ਵੀ ਉਜਾਗਰ ਕਰ ਰਹੀ ਹੈ। ਇਸੇ ਤਰ੍ਹਾਂ ਪੰਜਾਬ ਵਿੱਚ ਵੀ ਭਾਜਪਾ ਆਪਣੀਆਂ ਜੜ੍ਹਾਂ ਮਜ਼ਬੂਤ ਕਰ ਰਹੀ ਹੈ। 2020-21 ਦੇ ਕਿਸਾਨ ਅੰਦੋਲਨ ਤੋਂ ਬਾਅਦ ਅਕਾਲੀ ਦਲ ਨਾਲ ਗਠਜੋੜ ਤੋੜਨ ਤੋਂ ਬਾਅਦ ਭਾਜਪਾ ਨੇ ਸੁਤੰਤਰ ਰਾਹ ਅਪਣਾਇਆ ਹੈ। 2024 ਦੇ ਲੋਕ ਸਭਾ ਚੁਣਾਵਾਂ ਵਿੱਚ ਵੋਟ ਸ਼ੇਅਰ 18.5% ਤੱਕ ਪਹੁੰਚ ਗਿਆ ਅਤੇ ਹੁਣ 2027 ਦੇ ਵਿਧਾਨ ਸਭਾ ਚੁਣਾਵਾਂ ਵਿੱਚ ਪਾਰਟੀ ਸਾਰੀਆਂ 117 ਸੀਟਾਂ 'ਤੇ ਲੜਨ ਦਾ ਐਲਾਨ ਕਰ ਚੁੱਕੀ ਹੈ। ਹੁਣ ਆਰਐੱਸਐੱਸ ਦੀ ਵਧਦੀ ਮੌਜੂਦਗੀ, ਨਵੇਂ ਸਿੱਖ ਚਿਹਰਿਆਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਅਤੇ ਡੇਰਿਆਂ ਨਾਲ ਨੇੜਤਾ ਇਸ ਰਣਨੀਤੀ ਦੇ ਮੁੱਖ ਹਿੱਸੇ ਹਨ। ਇਸ ਲੇਖ ਵਿੱਚ ਅਸੀਂ ਇਨ੍ਹਾਂ ਸਾਰੇ ਪਹਿਲੂਆਂ ਨੂੰ ਵਿਸਥਾਰ ਨਾਲ ਵੇਖਾਂਗੇ - ਬਿਹਾਰ ਵਿੱਚ ਨਿਤੀਸ਼ ਕੁਮਾਰ ਦੀ ਵਿਦਾਈ ਦੇ ਕਾਰਨ, ਭਾਜਪਾ ਦੀ ਬਦਲਦੀ ਨੀਤੀ, ਨਵੇਂ ਚਿਹਰਿਆਂ ਦੀ ਭੂਮਿਕਾ ਅਤੇ ਪੰਜਾਬ ਵਿੱਚ ਭਾਜਪਾ ਦੀਆਂ ਸੰਭਾਵਨਾਵਾਂ। ਇਸ ਰਾਜਨੀਤਿਕ ਆਇਨੇ ਵਿੱਚ ਇਨ੍ਹਾਂ ਬਦਲਾਵਾਂ ਨੂੰ ਪੇਸ਼ ਕਰਦਾ ਹੈ, ਜਿੱਥੇ ਭਾਵਨਾਤਮਕ ਅਤੇ ਵਿਸ਼ਲੇਸ਼ਣਾਤਮਕ ਦੋਵੇਂ ਪਹਿਲੂ ਸ਼ਾਮਲ ਹਨ।

ਅੱਜ ਬਿਹਾਰ ਵਿੱਚ ਨਿਤੀਸ਼ ਕੁਮਾਰ ਦਾ ਵਿਦਾਈ ਨਾਲ ਇੱਕ ਯੁੱਗ ਦਾ ਅੰਤ ਹੋ ਗਿਆ ਹੈ। 5 ਮਾਰਚ 2026 ਨੂੰ ਨਿਤੀਸ਼ ਕੁਮਾਰ ਨੇ ਆਪਣੇ ਸੋਸ਼ਲ ਮੀਡੀਆ ਪੋਸਟ ਵਿੱਚ ਐਲਾਨ ਕੀਤਾ ਕਿ ਉਹ ਰਾਜ ਸਭਾ ਚੁਣਾਵਾਂ ਵਿੱਚ ਹਿੱਸਾ ਲੈਣਗੇ ਅਤੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣਗੇ। ਇਹ ਐਲਾਨ ਬਿਹਾਰ ਵਾਸੀਆਂ ਲਈ ਭਾਵਨਾਤਮਕ ਝਟਕਾ ਸੀ। ਨਿਤੀਸ਼ ਕੁਮਾਰ ਨੇ ਲਿਖਿਆ: 'ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਤੁਸੀਂ ਮੇਰੇ 'ਤੇ ਭਰੋਸਾ ਕੀਤਾ ਹੈ... ਮੈਂ ਰਾਜ ਸਭਾ ਵਿੱਚ ਜਾ ਕੇ ਵੀ ਬਿਹਾਰ ਦੇ ਵਿਕਾਸ ਲਈ ਕੰਮ ਕਰਾਂਗਾ ਅਤੇ ਨਵੀਂ ਸਰਕਾਰ ਨੂੰ ਪੂਰਾ ਸਹਿਯੋਗ ਦਿਆਂਗਾ।' ਨਿਤੀਸ਼ ਕੁਮਾਰ ਨੇ ਬਿਹਾਰ ਨੂੰ 'ਜੰਗਲ ਰਾਜ' ਤੋਂ ਬਾਹਰ ਕੱਢਿਆ।

2005 ਤੋਂ ਬਾਅਦ ਉਹਨਾਂ ਨੇ ਸੜਕਾਂ, ਮਹਿਲਾਵਾਂ ਦੀ ਸਸ਼ਕਤੀਕਰਨ, ਵਿਦਿਆ ਅਤੇ ਸਿਹਤ ਵਿੱਚ ਅਹਿਮ ਸੁਧਾਰ ਕੀਤੇ। ਉਹਨਾਂ ਦੇ ਗਠਜੋੜਾਂ ਵਿੱਚ ਬਿਹਾਰ ਨੇ ਵਿਕਾਸ ਦੀ ਨਵੀਂ ਮਿਸਾਲ ਕਾਇਮ ਕੀਤੀ। ਪਰ ਹੁਣ ਉਹਨਾਂ ਦੀ ਉਮਰ 75 ਸਾਲ ਹੈ ਅਤੇ ਸਿਹਤ ਨੇ ਵੀ ਚਿੰਤਾ ਵਧਾਈ ਹੈ। ਇਸ ਲਈ ਇਹ ਫੈਸਲਾ ਸਮੇਂ ਸਿਰ ਹੈ ਜਾਂ ਭਾਜਪਾ ਦੀ ਰਣਨੀਤੀ ਦਾ ਹਿੱਸਾ?

ਅੱਜ ਪਟਨਾ ਵਿੱਚ ਜੇਡੀਯੂ ਵਰਕਰਾਂ ਨੇ ਨਿਤੀਸ਼ ਦੇ ਘਰ ਬਾਹਰ ਵਿਰੋਧ ਕੀਤਾ, ਕਈ ਵਰਕਰ ਰੋ ਪਏ। ਇਹ ਦਰਸਾਉਂਦਾ ਹੈ ਕਿ ਨਿਤੀਸ਼ ਬਿਹਾਰ ਵਿੱਚ ਇੱਕ ਭਾਵਨਾਤਮਕ ਚਿਹਰਾ ਹਨ। ਪਰ ਰਾਜਨੀਤੀ ਵਿੱਚ ਭਾਵਨਾਵਾਂ ਤੋਂ ਵੱਧ ਰਣਨੀਤੀ ਮਹੱਤਵਪੂਰਨ ਹੁੰਦੀ ਹੈ। ਨਿਤੀਸ਼ ਨੂੰ ਹਟਾਏ ਜਾਣ ਜਾਂ ਆਪਣੀ ਮਰਜ਼ੀ ਨਾਲ ਜਾਣਾ? ਅੱਜ ਇਹ ਸਵਾਲ ਅਜੇ ਵੀ ਗੂੰਜ ਰਿਹਾ ਹੈ ਅਤੇ ਕੁਝ ਵਿਸ਼ਲੇਸ਼ਕ ਮੰਨਦੇ ਹਨ ਕਿ ਭਾਜਪਾ ਨੇ ਨਿਤੀਸ਼ ਨੂੰ ਹਟਾਇਆ ਹੈ ਕਿਉਂਕਿ ਪਾਰਟੀ ਆਪਣਾ ਮੁੱਖ ਮੰਤਰੀ ਚਾਹੁੰਦੀ ਹੈ। 2025 ਦੇ ਵਿਧਾਨ ਸਭਾ ਚੁਣਾਵਾਂ ਵਿੱਚ ਐਨਡੀਏ ਨੇ ਵੱਡੀ ਜਿੱਤ ਹਾਸਲ ਕੀਤੀ ਸੀ ਅਤੇ ਭਾਜਪਾ ਸਭ ਤੋਂ ਵੱਡੀ ਪਾਰਟੀ ਬਣੀ ਸੀ। ਪਰ ਨਿਤੀਸ਼ ਨੇ ਆਪਣੇ ਪੋਸਟ ਵਿੱਚ ਕਿਹਾ ਕਿ ਇਹ ਉਹਨਾਂ ਦੀ ਲੰਮੇ ਸਮੇਂ ਦੀ ਇੱਛਾ ਹੈ ਕਿ ਉਹ ਰਾਜ ਸਭਾ ਵਿੱਚ ਜਾਣ। ਉਹ ਪਹਿਲਾਂ ਵਿਧਾਨ ਸਭਾ, ਵਿਧਾਨ ਪਰਿਸ਼ਦ ਅਤੇ ਲੋਕ ਸਭਾ ਮੈਂਬਰ ਰਹਿ ਚੁੱਕੇ ਹਨ - ਰਾਜ ਸਭਾ ਨਾਲ ਉਹਨਾਂ ਦਾ 'ਚਾਰ ਹਾਊਸ ਕਲੱਬ' ਪੂਰਾ ਹੋ ਜਾਵੇਗਾ। ਇਹ ਫੈਸਲਾ ਸਹਿਮਤੀ ਨਾਲ ਲੱਗਦਾ ਹੈ।

ਇਹ ਵੀ ਸੱਚ ਹੈ ਕਿ ਭਾਜਪਾ ਨੇ ਨਿਤੀਸ਼ ਨੂੰ ਸਨਮਾਨ ਨਾਲ ਅੱਗੇ ਵਧਾਇਆ ਅਤੇ ਨਵੀਂ ਸਰਕਾਰ ਨੂੰ ਉਹਨਾਂ ਦਾ ਸਹਿਯੋਗ ਮਿਲੇਗਾ। ਪਰ ਇਹ ਵੀ ਸਪੱਸ਼ਟ ਹੈ ਕਿ ਭਾਜਪਾ ਨੇ ਬਿਹਾਰ ਵਿੱਚ ਪਹਿਲੀ ਵਾਰ ਆਪਣਾ ਮੁੱਖ ਮੰਤਰੀ ਬਣਾਉਣ ਦਾ ਮੌਕਾ ਲੈ ਲਿਆ ਹੈ। ਨਵਾਂ ਮੁੱਖ ਮੰਤਰੀ ਕੌਣ? ਭਾਜਪਾ ਦਾ ਚਿਹਰਾ ਨਿਤੀਸ਼ ਦੇ ਜਾਣ ਨਾਲ ਭਾਜਪਾ ਦਾ ਕੋਈ ਚਿਹਰਾ ਮੁੱਖ ਮੰਤਰੀ ਬਣ ਸਕਦਾ ਹੈ। ਸਮਰਤ ਚੌਧਰੀ ਭਾਜਪਾ ਦੇ ਉਪ ਮੁੱਖ ਮੰਤਰੀ ਜਾਂ ਵਿਜੇ ਕੁਮਾਰ ਸਿਨਹਾ ਵਰਗੇ ਨੇਤਾ ਅੱਗੇ ਆ ਸਕਦੇ ਹਨ। ਨਿਸ਼ਾਂਤ ਕੁਮਾਰ (ਨਿਤੀਸ਼ ਦਾ ਪੁੱਤਰ) ਨੂੰ ਉਪ ਮੁੱਖ ਮੰਤਰੀ ਬਣਾਉਣ ਦੀਆਂ ਅਫਵਾਹਾਂ ਹਨ ਤਾਂ ਜੋ ਜੇਡੀਯੂ ਨੂੰ ਮਜ਼ਬੂਤ ਰੱਖਿਆ ਜਾ ਸਕੇ। ਇਹ ਬਦਲਾਅ ਭਾਜਪਾ ਲਈ ਲਾਭਦਾਇਕ ਹੈ।

ਹੁਣ ਪਾਰਟੀ ਨੇ ਬਿਹਾਰ ਵਿੱਚ ਆਪਣੀ ਪਕੜ ਮਜ਼ਬੂਤ ਕੀਤੀ ਹੈ ਅਤੇ ਹੁਣ ਉਹ ਆਪਣੀ ਲੀਡਰਸ਼ਿਪ ਨਾਲ ਰਾਜ ਨੂੰ ਚਲਾਏਗੀ। ਇਹ ਭਾਜਪਾ ਦੀ 'ਬਦਲ ਦੀ ਰਾਜਨੀਤੀ' ਦਾ ਹਿੱਸਾ ਹੈ - ਪੁਰਾਣੇ ਗਠਜੋੜ ਸਾਥੀਆਂ ਨੂੰ ਸਨਮਾਨ ਨਾਲ ਅੱਗੇ ਵਧਾਉਣਾ ਅਤੇ ਆਪਣੇ ਨਵੇਂ ਚਿਹਰੇ ਅੱਗੇ ਲਿਆਉਣਾ। ਭਾਜਪਾ ਦੀ ਰਾਜਨੀਤਿਕ ਚੁਸਤੀ ਅਤੇ ਨਵੇਂ ਚਿਹਰੇ ਭਾਜਪਾ ਦੀ ਰਣਨੀਤੀ ਹਮੇਸ਼ਾ ਲੰਮੇ ਸਮੇਂ ਵਾਲੀ ਰਹੀ ਹੈ। ਉਹ ਗਠਜੋੜਾਂ ਵਿੱਚ ਵੀ ਆਪਣੀ ਮਜ਼ਬੂਤੀ ਵਧਾਉਂਦੀ ਹੈ। ਬਿਹਾਰ ਵਿੱਚ ਭਾਜਪਾ ਦੀ ਵਿਧਾਇਕਾਂ ਦੀ ਗਿਣਤੀ ਜੇਡੀਯੂ ਨਾਲੋਂ ਵੱਧ ਹੈ ਅਤੇ ਇਸ ਨਾਲ ਪਾਰਟੀ ਨੂੰ ਮੁੱਖ ਮੰਤਰੀ ਦਾ ਅਹੁਦਾ ਮਿਲ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਨਵੇਂ ਚਿਹਰੇ ਜਿਵੇਂ ਸਮਰਤ ਚੌਧਰੀ ਜਾਂ ਹੋਰ ਭਾਜਪਾ ਨੇਤਾ ਅੱਗੇ ਆਉਣਗੇ। ਇਹ ਬਦਲਾਅ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰੇਗਾ ਅਤੇ ਵੋਟ ਬੈਂਕ ਨੂੰ ਵਿਸਥਾਰ ਦੇਵੇਗਾ।

ਇਧਰ ਪੰਜਾਬ ਵਿੱਚ ਭਾਜਪਾ ਦੀ ਨਵੀਂ ਰਣਨੀਤੀ ਦਾ ਸੁਤੰਤਰ ਚੁਣਾਵਾਂ ਅਤੇ ਆਰਐੱਸਐੱਸ ਦੀ ਭੂਮਿਕਾ ਵਿਚ ਪੰਜਾਬ ਵਿੱਚ ਵੀ ਭਾਜਪਾ ਦੀ ਰਣਨੀਤੀ ਵੀ ਬਿਹਾਰ ਵਾਂਗ ਚੁਸਤ ਅਤੇ ਫੁਰਤੀ ਵਾਲੀ ਹੈ। 2020-21 ਦੇ ਕਿਸਾਨ ਅੰਦੋਲਨ ਤੋਂ ਬਾਅਦ ਅਕਾਲੀ ਦਲ ਨਾਲ ਗਠਜੋੜ ਖ਼ਤਮ ਹੋਣ ਤੋਂ ਬਾਅਦ ਭਾਜਪਾ ਨੇ ਸੁਤੰਤਰ ਰਾਹ ਚੁਣਿਆ। 2024 ਵਿੱਚ ਵੋਟ ਸ਼ੇਅਰ 18.56% ਤੱਕ ਪਹੁੰਚ ਗਿਆ, ਜੋ ਪਹਿਲਾਂ ਨਾਲੋਂ ਦੁੱਗਣਾ ਹੈ। ਪਾਰਟੀ ਨੇ 2027 ਵਿੱਚ ਸਾਰੀਆਂ ਸੀਟਾਂ 'ਤੇ ਲੜਨ ਦਾ ਐਲਾਨ ਕੀਤਾ ਹੈ ਅਤੇ ਆਪਣੇ ਆਪ ਨੂੰ ਸਰਕਾਰ ਬਣਾਉਣ ਵਾਲੀ ਪਾਰਟੀ ਵਜੋਂ ਪੇਸ਼ ਕਰ ਰਹੀ ਹੈ।

ਅੱਜ ਆਰਐੱਸਐੱਸ ਪੰਜਾਬ ਵਿੱਚ ਆਪਣੀਆਂ ਜੜ੍ਹਾਂ ਜਮਾ ਰਿਹਾ ਹੈ। ਪਿੰਡਾਂ, ਜਾਤੀਆਂ ਅਤੇ ਗੁਰਦੁਆਰਿਆਂ ਤੱਕ ਪਹੁੰਚ ਵੱਧ ਰਹੀ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਰਗੇ ਨੇਤਾ ਪੰਜਾਬ ਵਿੱਚ ਆਉਂਦੇ ਰਹਿੰਦੇ ਹਨ ਅਤੇ ਗੁਰਦੁਆਰਿਆਂ ਵਿੱਚ ਦਰਸ਼ਨ ਕਰਦੇ ਹਨ। ਭਾਜਪਾ ਨਵੇਂ ਸਿੱਖ ਚਿਹਰਿਆਂ ਨੂੰ ਆਕਰਸ਼ਿਤ ਕਰ ਰਹੀ ਹੈ - ਪੁਰਾਣੇ ਅਕਾਲੀ ਨੇਤਾ ਜਾਂ ਨਵੇਂ ਚਿਹਰੇ ਜੋ ਸਿੱਖ ਪ੍ਰਤੀਕਾਂ ਨੂੰ ਅਪਣਾਉਣ। ਡੇਰਾ ਰਾਧਾ ਸੁਆਮੀ ਅਤੇ ਹੋਰ ਡੇਰਿਆਂ ਨਾਲ ਨੇੜਤਾ ਵਧਾਈ ਜਾ ਰਹੀ ਹੈ, ਜੋ ਵੋਟ ਸ਼ਿਫਟਿੰਗ ਦਾ ਕਾਰਨ ਬਣ ਸਕਦੀ ਹੈ। ਪੰਜਾਬ ਦਾ ਕੁੜਤਾ ਰਾਜਨੀਤਿਕ ਮੰਜ਼ਰ ਅਤੇ 2027 ਦੀਆਂ ਸੰਭਾਵਨਾਵਾਂ ਪੰਜਾਬ ਦੀ ਰਾਜਨੀਤੀ ਵਿਭਿੰਨਤਾ ਨਾਲ ਭਰੀ ਹੈ - ਸਿੱਖ, ਹਿੰਦੂ, ਦਲਿਤ, ਓਬੀਸੀ, ਪੇਂਡੂ ਅਤੇ ਸ਼ਹਿਰੀ। ਭਾਜਪਾ ਇਸ ਵਿਭਿੰਨਤਾ ਨੂੰ ਵਰਤ ਰਹੀ ਹੈ। ਉਹ ਦਲਿਤ ਅਤੇ ਓਬੀਸੀ ਵੋਟਰਾਂ (32% ਆਬਾਦੀ) ਨੂੰ ਟਾਰਗੇਟ ਕਰ ਰਹੀ ਹੈ ਅਤੇ ਸਿੱਖ ਪ੍ਰਤੀਕਾਂ ਨੂੰ ਅਪਣਾ ਰਹੀ ਹੈ।

ਪੰਜਾਬ ਵਿੱਚ ਚੁਣੌਤੀਆਂ ਵੀ ਹਨ - ਕਿਸਾਨ ਅੰਦੋਲਨ ਦੀ ਯਾਦ ਅਜੇ ਜ਼ਿੰਦਾ ਹੈ ਅਤੇ ਪੇਂਡੂ ਖੇਤਰਾਂ ਵਿੱਚ ਪਕੜ ਮਜ਼ਬੂਤ ਕਰਨੀ ਪਵੇਗੀ। 2027 ਵਿੱਚ ਭਾਜਪਾ 30-40 ਸੀਟਾਂ ਜਿੱਤ ਸਕਦੀ ਹੈ ਜੇਕਰ ਆਰਐੱਸਐੱਸ ਅਤੇ ਡੇਰੇ ਮਦਦ ਕਰਨ। ਪਰ ਆਪ, ਕਾਂਗਰਸ ਅਤੇ ਅਕਾਲੀ ਵੀ ਮਜ਼ਬੂਤ ਹਨ। ਜੇਕਰ ਕੋਈ ਪਾਰਟੀ ਬਹੁਮਤ (59 ਸੀਟਾਂ) ਨਹੀਂ ਪਾ ਸਕੀ ਤਾਂ ਤ੍ਰਿਸ਼ੰਕੂ ਵਿਧਾਨ ਸਭਾ ਹੋ ਸਕਦੀ ਹੈ ਅਤੇ ਗਠਜੋੜਾਂ ਦੀ ਲੋੜ ਪਵੇਗੀ। ਭਾਜਪਾ ਦੀ ਚੁਸਤੀ ਅਤੇ ਫੁਰਤੀ ਨੂੰ ਵੇਖਦੇ ਹੋਏ ਉਹਨਾਂ ਦੀਆਂ ਸੰਭਾਵਨਾਵਾਂ ਵਧ ਰਹੀਆਂ ਹਨ, ਪਰ ਪੂਰੀ ਜਿੱਤ ਲਈ ਅਜੇ ਬਹੁਤ ਕੰਮ ਕਰਨਾ ਪਵੇਗਾ।

ਅੱਜ ਬਿਹਾਰ ਅਤੇ ਪੰਜਾਬ ਵਿੱਚ ਬਦਲਦੀ ਰਾਜਨੀਤੀ ਭਾਜਪਾ ਦੀ ਮਹਾਰਥ ਨੂੰ ਦਰਸਾਉਂਦੀ ਹੈ। ਨਿਤੀਸ਼ ਕੁਮਾਰ ਵਰਗੇ ਮਹਾਨ ਨੇਤਾ ਦੀ ਵਿਦਾਈ ਨਾਲ ਬਿਹਾਰ ਨਵਾਂ ਰਾਹ ਲੈ ਰਿਹਾ ਹੈ ਅਤੇ ਪੰਜਾਬ ਵਿੱਚ ਭਾਜਪਾ ਨਵੀਆਂ ਸੰਭਾਵਨਾਵਾਂ ਖੋਲ੍ਹ ਰਹੀ ਹੈ। ਰਾਜਨੀਤੀ ਇੱਕ ਆਈਨਾ ਹੈ ਜੋ ਸਮਾਜ ਦੇ ਬਦਲਾਅ ਨੂੰ ਦਿਖਾਉਂਦਾ ਹੈ। ਬਦਲਾਅ ਨਾਲ ਹੀ ਵਿਕਾਸ ਅਤੇ ਨਵੀਂ ਸ਼ੁਰੂਆਤ ਹੁੰਦੀ ਹੈ। ਹੁਣ ਆਉਣ ਵਾਲੇ ਦਿਨ ਦੱਸਣਗੇ ਕਿ ਇਹ ਬਦਲਾਅ ਕਿੱਥੇ ਲੈ ਜਾਂਦੇ ਹਨ - ਪਰ ਇੱਕ ਗੱਲ ਪੱਕੀ ਹੈ ਕਿ ਭਾਜਪਾ ਦੀ ਰਣਨੀਤੀ ਨੇ ਰਾਜਨੀਤੀ ਨੂੰ ਨਵਾਂ ਰੰਗ ਦਿੱਤਾ ਹੈ।

# ਵਿਧਾਨ ਸਭਾ ਦਾ ਬਜਟ ਸੈਸ਼ਨ ਹੋਰ ਸੁੰਗੜਿਆ



ਕਮਲਜੀਤ ਸਿੰਘ ਬਨਵੈਤ
98147 34035

ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਅੱਜ ਛੇ ਮਾਰਚ ਤੋਂ ਸ਼ੁਰੂ ਹੋ ਰਿਹਾ ਹੈ ਅਤੇ ਇਹ 16 ਤੱਕ ਚੱਲੇਗਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਮਹਿਲਾ ਦਿਵਸ ਮੌਕੇ ਅੱਠ ਮਾਰਚ ਨੂੰ ਬਜਟ ਪੇਸ਼ ਕੀਤਾ ਜਾਣਾ ਹੈ ਅਤੇ ਉਸ ਤੋਂ ਵਿਵਾਦ 10 ਅਤੇ 11 ਮਾਰਚ ਬਜਟ ਉੱਤੇ ਬਹਿਸ ਲਈ ਰੱਖੇ ਗਏ। ਇਸ ਤੋਂ ਪਹਿਲਾਂ 9 ਮਾਰਚ ਨੂੰ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਭਾਸ਼ਣ ਉੱਤੇ ਬਹਿਸ ਹੋਵੇਗੀ। 12 ਮਾਰਚ ਨੂੰ ਗੈਰ ਸਰਕਾਰੀ ਕੰਮ ਕਾਰ ਹੋਵੇਗਾ ਅਤੇ 13 14 ਅਤੇ 15 ਮਾਰਚ ਦੀ ਛੁੱਟੀ ਹੋਵੇਗੀ ਕਿਉਂਕਿ ਇਹਨਾਂ ਦਿਨਾਂ ਦੌਰਾਨ ਤਿੰਨ ਦਿਨਾਂ ਪੰਜਾਬ ਨਿਵੇਸ਼ ਸੰਮੇਲਨ ਕਰਾਇਆ ਜਾ ਰਿਹਾ ਹੈ। ਵਿਧਾਨ ਸਭਾ ਦੇ ਸੈਸ਼ਨ ਲਗਾਤਾਰ ਸੁੰਗੜਦੇ ਜਾ ਰਹੇ ਹਨ ਪਰ ਇਸ ਵਾਰ ਦਾ ਸੈਸ਼ਨ ਪਿਛਲੇ ਸਾਲ ਨਾਲੋਂ ਵੀ ਅੱਧਾ ਰਹਿ ਗਿਆ ਹੈ।

ਬਜਟ ਸੈਸ਼ਨ ਨੂੰ ਲੈ ਕੇ ਜਿੱਥੇ ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਆਪਣੀ ਰਣਨੀਤੀ ਤਿਆਰ ਕਰਨ ਵਿੱਚ ਜੁੱਟ ਗਈਆਂ ਹਨ। ਆਲ ਇੰਡੀਆ ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਦੀ ਘੁਰਕੀ ਤੋਂ ਬਾਅਦ ਪੰਜਾਬ ਕਾਂਗਰਸ ਦੀ ਸਰਕਾਰ ਹੋਈ। ਕਾਂਗਰਸ ਵੱਲੋਂ ਸੈਸ਼ਨ ਵਿੱਚ ਪੁੱਛੇ ਜਾਣ ਵਾਲੇ ਸਵਾਲ ਵੀ ਤਿਆਰ ਕੀਤੇ ਗਏ ਹਨ ਅਤੇ ਵਿਧਾਇਕਾਂ ਨੂੰ 100 ਫ਼ੀਸਦੀ ਹਾਜ਼ਰੀ ਭਰਨ ਦਾ ਪਾਠ ਪੜ੍ਹਾਇਆ ਗਿਆ ਹੈ। ਕਾਂਗਰਸ ਸਮੇਤ ਦੂਜੀਆਂ ਪਾਰਟੀਆਂ ਵਿਧਾਨ ਸਭਾ ਦੇ ਸੁੰਗੜ ਰਹੇ ਸੈਸ਼ਨ ਨੂੰ ਲੈ ਕੇ ਪੰਜਾਬ ਸਰਕਾਰ ਦੀ ਆਲੋਚਨਾ ਕਰਨ ਲੱਗੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਿਹੜੇ ਵਿਰੋਧੀ ਧਿਰ ਵਿੱਚ ਹੁੰਦਿਆਂ ਸੱਤਾਧਾਰੀਆਂ ਉੱਤੇ ਸੈਸ਼ਨ ਦੀ ਸੰਘੀ ਕੁੱਟਣ ਦਾ ਦੋਸ਼ ਲਾਉਂਦੇ ਰਹੇ ਹਨ। ਅੱਜ ਉਹਨਾਂ ਨੂੰ ਵੀ ਉਸੇ ਤਰ੍ਹਾਂ ਦੇ ਇਲਜ਼ਾਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕਿਸੇ ਵੀ ਮੁਲਕ ਦੀ ਪਾਰਲੀਮੈਂਟ ਜਾਂ ਸੂਬਿਆਂ ਦੀਆਂ ਵਿਧਾਨ ਸਭਾਵਾਂ ਦਾ ਸਾਲ ਵਿੱਚ ਘੱਟੋ ਘੱਟ ਤਿੰਨ ਵਾਰ ਸੈਸ਼ਨ ਬੁਲਾਉਣ ਦਾ ਮਕਸਦ ਲੋਕ ਮਸਲਿਆਂ ਨੂੰ ਜਨਤਕ ਮੰਚ ਉੱਤੇ ਵਿਚਾਰ ਕਰਕੇ ਉਹਨਾਂ ਦਾ ਰਲ ਮਿਲ ਕੇ ਹੱਲ ਲੱਭਣਾ ਹੁੰਦਾ ਹੈ। ਸੁੱਤੀਆਂ ਪਈਆਂ ਸਰਕਾਰਾਂ ਨੂੰ ਹਲੂਣਾ ਦੇਣ ਦੀ ਵੀ ਇਹ ਇੱਕ ਢੁਕਵੀਂ ਸਟੇਜ ਹੈ। ਇਹ ਉਹ ਸਾਂਝਾ ਪਲੇਟਫਾਰਮ ਹੈ ਜਿੱਥੇ ਵਿਧਾਇਕ ਦਾ ਸੰਸਦ ਮੈਂਬਰਾਂ ਦੀ ਕਾਰਗੁਜ਼ਾਰੀ ਨੂੰ ਕੱਪੜਛਾਣ ਕੀਤਾ ਜਾਣਾ ਹੁੰਦਾ ਹੈ। ਇਸ ਦੇ ਉਲਟ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਸੁੰਗੜਦੇ ਜਾ ਰਹੇ ਹਨ। ਸ਼ਾਇਦ ਸਰਕਾਰਾਂ ਸਿਆਸੀ ਪਾਰਟੀਆਂ ਅਤੇ ਸਾਡੇ ਨੇਤਾਵਾਂ ਨੇ ਆਲੋਚਨਾ ਤੋਂ ਬਚਣ ਦਾ ਰਾਹ ਲੱਭ ਲਿਆ ਹੈ। ਸਰਕਾਰਾਂ ਸ਼ਾਇਦ ਕਾਨੂੰਨ ਤੋਂ ਬਚਣ ਲਈ ਸਾਲ ਵਿੱਚ ਤਿੰਨ ਵਾਰ ਸੰਖੇਪ ਸੈਸ਼ਨ ਸਦਕੇ ਕਾਰਵਾਈ ਪੂਰੀ ਕਰਨ ਦੇ ਰਾਹ ਤੁਰ ਪਈਆਂ ਹਨ। ਆਮ ਆਦਮੀ ਪਾਰਟੀ ਪਿਛਲੀਆਂ ਸਾਰੀਆਂ ਸਰਕਾਰਾਂ ਦੇ ਰਿਕਾਰਡ ਤੋੜਨ ਲੱਗੀ ਹੈ। ਹਾਂ, ਇੱਕ ਗੱਲ ਪੱਕੀ ਹੈ ਕਿ ਵਿਧਾਇਕਾਂ ਅਤੇ ਮੰਤਰੀਆਂ ਸਮੇਤ ਮੁੱਖ ਮੰਤਰੀਆਂ ਦਾ ਟੀ ਏ ਤੇ ਡੀ ਏ ਬਿੱਲ ਜ਼ਰੂਰ ਘਟਣ ਲੱਗਾ ਹੈ। ਵਿਰੋਧੀ ਧਿਰਾਂ ਵੀ ਲੋਕਾਂ ਨਾਲ ਜੁੜੇ ਮੁੱਦਿਆਂ ਦੀ ਜਾਣਕਾਰੀ ਤੋਂ ਊਣੀਆਂ ਹੁੰਦੀਆਂ ਹਨ, ਇਸ ਕਰਕੇ ਵਾਕ ਆਊਟ ਦਾ ਰਾਹ ਸੁਖਾਲਾ ਲੱਗਣ ਲੱਗਾ ਹੈ।

ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੀ ਗੱਲ ਕਰੀਏ ਤਾਂ ਕੁਝ ਦਿਨਾਂ ਲਈ ਹੀ ਚੱਲਿਆ ਸੀ । ਆਮ ਕਰਕੇ ਸੈਸ਼ਨ ਦੇ ਪਹਿਲੇ ਦਿਨ ਸ਼ਰਧਾਂਜਲੀਆਂ ਭੇਟ ਕਰਕੇ ਸਦਨ ਉਠਾ ਦਿੱਤਾ ਜਾਂਦਾ ਹੈ। ਆਖ਼ਰੀ ਦਿਨ ਵੀ ਬਿੱਲਾਂ ਨੂੰ ਪ੍ਰਵਾਨਗੀ ਦੇਣ ਵਿੱਚ ਲੰਘ ਜਾਂਦਾ ਹੈ। ਇੱਕ ਦੋ ਦਿਨਾਂ ਦੇ ਸੈਸ਼ਨ ਵਿਚ ਸਰਕਾਰ ਅਤੇ ਵਿਰੋਧੀ ਧਿਰਾਂ ਲੋਕ ਮਸਲਿਆਂ ਨੂੰ ਉੱਤੇ ਕਿੰਨੀ ਕੁ ਚਰਚਾ ਕਰ ਸਕਣਗੀਆਂ, ਸਰਕਾਰਾਂ ਦੀ ਮਨਸ਼ਾ ਦੀ ਮੂੰਹ ਬੋਲਦੀ ਤਸਵੀਰ ਹੈ। ਸਰਕਾਰਾਂ ਵਿੱਚ ਜ਼ਿਆਦਾਤਰ ਪਿਰਤ ਸ਼ੁੱਕਰਵਾਰ ਨੂੰ ਬਾਅਦ ਦੁਪਹਿਰ ਸੈਸ਼ਨ ਬੁਲਾਉਣ ਦੀ ਰਹੀ ਅਤੇ ਉਸ ਤੋਂ ਬਾਅਦ ਅਗਲੇ ਸੋਮਵਾਰ ਨੂੰ ਵੀ ਬਾਅਦ ਦੁਪਹਿਰ ਹੀ ਹਾਊਸ ਜੁੜਦਾ ਰਿਹਾ ਹੈ। ਕਈ ਵਾਰ ਤਾਂ ਸੈਸ਼ਨ ਦੇ ਅਜਿਹੇ ਦਿਨ ਵੀ ਮਿਥ ਲਏ ਜਾਂਦੇ ਰਹੇ ਹਨ। ਜਿਨ੍ਹਾਂ ਦੌਰਾਨ ਕੰਮ ਕਾਜ ਦੇ ਦਿਨ ਘੱਟ ਅਤੇ ਛੁੱਟੀਆਂ ਜ਼ਿਆਦਾ ਪੈਂਦੀਆਂ ਰਹੀਆਂ ਹਨ। ਇਸ ਵਾਰ ਵੀ ਸੈਸ਼ਨ ਦਾ ਆਰੰਭ 6 ਮਾਰਚ ਸ਼ੁੱਕਰਵਾਰ ਬਾਅਦ ਦੁਪਹਿਰ ਸ਼ੁਰੂ ਹੋਵੇਗਾ।

ਵਿਧਾਨ ਸਭਾ ਦਾ ਸਪੀਕਰ ਚਾਹੇ ਹਾਊਸ ਦਾ ਕਸਟੋਡੀਅਨ ਮੰਨਿਆ ਜਾਂਦਾ ਹੈ ਪਰ ਸਾਰੇ ਹਾਕਮ ਧਿਰ ਦੀ ਬੋਲੀ ਬੋਲਣ ਦੇ ਦੋਸ਼ਾਂ ਵਿੱਚ ਲਗਾਤਾਰ ਘਿਰਦੇ ਰਹੇ ਹਨ। ਇਸ ਵਿੱਚ ਵੀ ਦੋ ਰਾਵਾਂ ਨਹੀਂ ਕਿ ਸਪੀਕਰ ਦੀ ਕੋਸ਼ਿਸ਼ ਹਮੇਸ਼ਾ ਵਿਰੋਧੀ ਧਿਰ ਨੂੰ ਵਧੇਰੇ ਦਬਾਅ ਕੇ ਰੱਖਣ ਦੀ ਹੁੰਦੀ ਹੈ। ਵਿਰੋਧੀਆਂ ਦੇ ਹਮਲਿਆਂ ਨਾਲ ਸਰਕਾਰ ਦੱਬਦੀ ਦਿਸੇ ਤਾਂ ਸਪੀਕਰ ਵਲੋਂ ਵਿਧਾਇਕਾਂ ਨੂੰ ਮਾਰਸ਼ਲਾਂ ਦੀ ਮਦਦ ਨਾਲ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਰਿਹਾ ਹੈ। ਵਿਰੋਧੀ ਧਿਰ ਨੇ ਆਪਣੀ ਗੱਲ ਰੱਖਣ ਲਈ ਵਿਧਾਨ ਸਭਾ ਦੇ ਬਾਹਰ ਬਰਾਬਰ ਦਾ ਹਾਊਸ ਚਲਾਉਣ ਦਾ ਢੰਗ ਲੱਭ ਲਿਆ ਹੈ। ਸਰਕਾਰੀ ਅਤੇ ਸੱਤਾ ਧਿਰ ਦੇ ਵਿਧਾਇਕਾਂ ਦਾ ਰੁਝਾਨ ਰਿਹਾ ਹੈ ਕਿ ਉਹ ਵਿਧਾਨ ਸਭਾ ਵਿੱਚ ਬੋਲਣ ਲਈ ਘਰੋਂ ਹੋਮਵਰਕ ਕਰਕੇ ਨਹੀਂ ਆਉਂਦੇ ਹਨ। ਨਾ ਠੋਸ ਸਵਾਲ ਪੁੱਛੇ ਜਾਂਦੇ ਹਨ ਅਤੇ ਨਾ ਹੀ ਮੰਤਰੀਆਂ ਕੋਲ ਦਲੀਲ ਨਾਲ ਜਵਾਬ ਦੇਣ ਦੀ ਸਮਰੱਥਾ ਹੁੰਦੀ ਹੈ। ਬਹੁਤ ਵਾਰੀ ਤਾਂ ਇਹਨਾਂ ਦੀ ਆਪਸ ਵਿੱਚ ਮਿਹਣੋ ਮਿਹਣੀ ਹੋਣ ਦੀ ਸ਼ਬਦਾਵਲੀ ਏਨੀ ਹੇਠਾਂ ਡਿੱਗ ਜਾਂਦੀ ਹੈ ਕਿ ਆਮ ਲੋਕ ਵੀ ਸ਼ਰਮ ਮਹਿਸੂਸ ਕਰਨ ਲੱਗ ਪੈਂਦੇ ਹਨ। ਕਈ ਵਾਰੀ ਗੱਲ ਤਾਂ ਹੱਥੋਪਾਈ ਤੱਕ ਵੀ ਪੁੱਜ ਜਾਂਦੀ ਰਹੀ ਹੈ।

ਕਈ ਚਿਰਾਂ ਪਹਿਲਾਂ ਸਦਨ ਦੀ ਕਾਰਵਾਈ ਨੂੰ ਲਾਈਵ ਦਿਖਾਉਣ ਦੀ ਮੰਗ ਉੱਠ ਰਹੀ ਸੀ। ਆਮ ਆਦਮੀ ਪਾਰਟੀ ਨੇ ਹਾਊਸ ਦੀ ਕਾਰਵਾਈ ਲਾਈਵ ਤਾਂ ਕਰ ਦਿੱਤੀ ਪਰ ਵਿਰੋਧੀ ਧਿਰ ਨੂੰ ਹਰਖ ਹੈ ਕਿ ਉਹਨਾਂ ਵੱਲ ਕੈਮਰੇ ਦਾ ਮੂੰਹ ਹੀ ਨਹੀਂ ਕੀਤਾ ਜਾਂਦਾ ਜਾਂ ਫਿਰ ਜਦੋਂ ਉਹ ਸਰਕਾਰ ਨੂੰ ਘੇਰਨ ਦੇ ਰਾਹ ਤੁਰਦੇ ਹਨ ਤਾਂ ਉਹਨਾਂ ਦਾ ਮਾਈਕ ਬੰਦ ਕਰ ਦਿੱਤਾ ਜਾਂਦਾ ਹੈ। ਅਜਿਹਾ ਲੋਕਤੰਤਰ ਵਿੱਚ ਕਿਸੇ ਵੀ ਸਰਕਾਰ ਨੂੰ ਸ਼ੋਭਦਾ ਨਹੀਂ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੋਹਾਂ ਦੀ ਵਿਧਾਨ ਸਭਾ ਅੰਦਰ ਬੋਲ ਬਾਣੀ ਉੱਤੇ ਵੀ ਅਕਸਰ ਇਤਰਾਜ਼ ਉਠਦਾ ਹੈ। ਸਪੀਕਰ ਵੱਲੋਂ ਵਿਧਾਨ ਸਭਾ ਵਿੱਚ ਵਿਧਾਇਕਾਂ ਦੀ ਗਿਣਤੀ ਮੁਤਾਬਕ ਬੋਲਣ ਲਈ ਸਮੇਂ ਦੀ ਵੰਡ ਕੀਤੀ ਜਾਂਦੀ ਹੈ।

ਇਸੇ ਹਫਤੇ ਤੋਂ ਸ਼ੁਰੂ ਹੋਣ ਵਾਲੇ ਸੈਸ਼ਨ ਲਈ ਰਾਜਪਾਲ ਗੁਲਾਬ ਚੰਦ ਕਟਾਰੀਆ ਵਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ। ਪੰਜਾਬ ਦੇ ਸਾਬਕਾ ਰਾਜਪਾਲ ਬਨਵਾਰੀ ਲਾਲ ਪੁਰੋਹਤ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਖੜਕਦੀ ਰਹੀ ਹੈ, ਜਿਸ ਕਰਕੇ ਬੜੀ ਵਾਰ ਸੈਸ਼ਨ ਨੂੰ ਉਠਾਉਣ ਅਤੇ ਸਦਨ ਨੂੰ ਲੈ ਕੇ ਪੇਚਾ ਪੈਂਦਾ ਰਿਹਾ ਹੈ। ਨਵੇਂ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਆਉਣ ਨਾਲ ਪੰਜਾਬ ਅਜਿਹੀਆਂ ਦਿੱਕਤਾਂ ਤੋਂ ਬਚ ਕੇ ਲੰਘਣ ਲੱਗਾ ਹੈ। ਇਸ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਨਿੱਘੇ ਸਬੰਧਾਂ ਵਜੋਂ ਵੀ ਦੇਖਿਆ ਜਾ ਰਿਹਾ ਸੀ। ਪ੍ਰਾਪਤ ਅੰਕੜਿਆਂ ਮੁਤਾਬਕ ਸਾਲ 2024 ਵਿੱਚ 1 ਮਾਰਚ ਤੋਂ ਸ਼ੁਰੂ ਕੀਤੇ ਬਜਟ ਸੈਸ਼ਨ ਦੇ ਕੋਲ 12 ਦਿਨਾਂ ਵਿੱਚ ਸੱਤ ਬੈਠਕਾਂ ਹੋਈਆਂ ਸਨ ਅਤੇ ਦੋ ਸਤੰਬਰ ਤੋਂ ਚਾਰ ਤੱਕ ਤਿੰਨ ਬੈਠਕਾਂ ਹੋਰ ਪਾ ਕੇ ਕੁੱਲ 10 ਬੈਠਕਾਂ ਨਾਲ ਪੂਰੇ ਸਾਲ ਦਾ ਕੰਮ ਨਿਬੇੜ ਲਿਆ ਜਾਣਾ ਹੈ। ਪਿਛਲੇ ਸਾਲ 2023 ਵਿੱਚ ਕੇਵਲ 12 ਬੈਠਕਾਂ ਕੀਤੀਆਂ ਗਈਆਂ ਅਤੇ 2022 ਵਿੱਚ ਆਪ ਦੀ ਨਵੀਂ ਸਰਕਾਰ ਹੋਣ ਮੌਕੇ 17 ਬੈਠਕਾਂ ਹੋਈਆਂ ਸਨ। ਤਿੰਨ ਸਾਲਾਂ ਦੀ ਔਸਤ ਦੇਖੀਏ ਤਾਂ 13 ਬੈਠਕਾਂ ਬਣਦੀਆਂ ਹਨ। ਆਜ਼ਾਦੀ ਤੋਂ ਬਾਅਦ 1952 ਚੋਣਾਂ ਨੂੰ ਚੁਣੀ ਗਈ ਸਰਕਾਰ ਵੱਲੋਂ 50 ਤੋਂ 60 ਬੈਠਕਾਂ ਸਦਕੇ ਲੋਕ ਮੁੱਦਿਆਂ 'ਤੇ ਚਰਚਾ ਕੀਤੀ ਜਾਂਦੀ ਰਹੀ ਅਤੇ ਬਜਟ ਪਾਸ ਕਰਨ ਸਮੇਤ ਬਹਿਸ ਹੁੰਦੀ ਰਹੀ ਸੀ। ਉਹ ਵੀ ਸਮਾਂ ਸੀ ਜਦੋਂ ਮਾਰਚ ਮਹੀਨੇ ਦਾ ਬਜਟ ਇਜਲਾਸ ਦੋ ਤੋਂ ਤਿੰਨ ਮਹੀਨੇ ਚੱਲਿਆ ਸੀ ਅਤੇ ਛੇ ਮਹੀਨੇ ਦੇ ਵੱਖ-ਵੱਖ ਮਗਰੋਂ ਅਕਤੂਬਰ ਨਵੰਬਰ ਵਿੱਚ ਮੌਨਸੂਨ ਸੈਸ਼ਨ ਦੀਆਂ 40 ਤੋਂ 50 ਬੈਠਕਾਂ ਹੁੰਦੀਆਂ ਰਹੀਆਂ ਹਨ। ਵਿਧਾਨ ਸਭਾ ਸਕੱਤਰ ਤੋਂ ਪ੍ਰਾਪਤ ਦੇ ਮੁਤਾਬਕ 1965 ਵਿੱਚ ਹੋਏ ਬਜਟ ਇਜਲਾਸ ਦੌਰਾਨ 41 ਬੈਠਕਾਂ ਹੋਈਆਂ ਅਤੇ ਉਸ ਤੋਂ ਬਾਅਦ 1962 ਅਤੇ 64 ਵਿੱਚ 39 -39 ਬੈਠਕਾਂ ਸੱਦੀਆਂ ਗਈਆਂ ਸਨ। 1960 ਤੋਂ 1963 ਵਿੱਚ 38 ਬੈਠਕਾਂ ਕੀਤੀਆਂ ਗਈਆਂ। ਪੰਜਾਬ ਪੁਨਰਗਠਨ ਐਕਟ 1966 ਵੇਲੇ ਹੀ ਹਾਊਸ ਦੀਆਂ ਬੈਠਕਾਂ ਦੀ ਗਿਣਤੀ ਘੱਟ ਗਈ ਸੀ ਅਤੇ ਇਹ ਗਿਣਤੀ ਘੱਟ ਕੇ ਦੋ ਦਰਜਨ 'ਤੇ ਡਿੱਗੀ। ਸਾਲ 1970 ਤੋਂ 80ਵੇਂ ਤੱਕ ਹਾਊਸ 15 ਤੋਂ 18 ਵਾਰ ਜੁੜਦਾ ਰਿਹਾ ਅਤੇ ਉਸ ਤੋਂ ਬਾਅਦ ਇਹ ਗਿਣਤੀ ਆ ਕੇ ਸੱਤ ਤੋਂ ਅੱਠ ਤੱਕ ਹੀ ਰਹਿ ਗਈ। ਭਾਵੇਂ 1981 ਅਤੇ 82 ਵਿੱਚ ਪੰਜਾਬ ਵਿਧਾਨ ਸਭਾ ਨੇ ਹੀ ਘੱਟੋ ਘੱਟ 40 ਬੈਠਕਾਂ ਕਰਨ ਦਾ ਪ੍ਰਸਤਾਵ ਪਾਸ ਕੀਤਾ ਸੀ ਪਰ ਇਹ ਅਮਲ ਵਿੱਚ ਨਹੀਂ ਲਿਆਂਦਾ ਜਾ ਸਕਿਆ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਬਜਟ ਤੋਂ ਪਹਿਲਾਂ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ ਕਿ ਆਪ ਦੀਆਂ ਨੀਤੀਆਂ ਸਦਕਾ ਕਰਜ਼ੇ ਵਿੱਚ 4 ਫ਼ੀਸਦੀ ਤੱਕ ਦੀ ਗਿਰਾਵਟ ਦਰਜ ਕੀਤੀ ਗਈ ਹੈ। ਕੋਈ ਦਾਅਵਾ ਕਰਦੇ ਹਨ ਤੇ ਆਪ ਨੂੰ ਵਿਰਾਸਤ ਵਿੱਚੋਂ 3 ਲੱਖ ਕਰੋੜ ਦਾ ਕਰਜ਼ਾ ਮਿਲਿਆ ਸੀ, ਜਿਹੜਾ ਕਿ ਹੁਣ ਵੱਧ ਕੇ ਚਾਰ ਲੱਖ ਕਰੋੜ ਦੇ ਕਰੀਬ ਹੋ ਗਿਆ ਹੈ, ਹਾਲਾਂਕਿ ਨਵੇਂ ਕਰਜ਼ੇ ਦਾ 35 ਫੀਸਦੀ ਹਿੱਸਾ ਪੁਰਾਣੇ ਕਰਜ਼ੇ ਦੀ ਮੂਲ ਰਕਮ ਮੋੜਨ ਅਤੇ 50 ਫੀਸਦੀ ਵਿਆਜ ਅਦਾਇਗੀ ਲਈ ਵਰਤਿਆ ਗਿਆ ਹੈ। ਸਿਰਫ 15 ਫ਼ੀਸਦੀ ਰਕਮ ਹੀ ਸੂਬੇ ਦੇ ਵਿਕਾਸ ਲਈ ਖਰਚੀ ਗਈ ਹੈ।।

ਇੱਕ ਵੱਖਰੀ ਰਿਪੋਰਟ ਅਨੁਸਾਰ ਚਾਲੂ ਵਿੱਤੀ ਵਰ੍ਹੇ ਦੇ ਅੰਤ ਤੱਕ ਇਹ ਕਰਜ਼ਾ ਵੱਧ ਕੇ 4.17 ਲੱਖ ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ, 31 ਮਾਰਚ 2025 ਤੱਕ ਪੰਜਾਬ 'ਤੇ ਤਿੰਨ ਪੁਆਇੰਟ 83 ਲੱਖ ਕਰੋੜ ਦਾ ਕਰਜ਼ਾ ਸੀ। ਜਿਹੜਾ ਕਿ ਘਰੇਲੂ ਉਤਪਾਦ ਦਾ 44 ਫੀਸ ਤੋਂ ਵੱਧ ਬਣਦਾ ਹੈ। ਜਦੋਂ ਪੰਜਾਬ ਵਿੱਚ ਆਪ ਨੇ ਹਕੂਮਤ ਸੰਭਾਲੀ ਸੀ ਤਾਂ ਉਸ ਸਮੇਂ ਸੂਬੇ ਤੇ 2.82 ਲੱਖ ਕਰੋੜ ਰੁਪਏ ਦਾ ਕਰਜ਼ਾ ਸੀ ਉਸ ਤੋਂ ਪਹਿਲਾਂ ਜਦੋਂ ਕਾਂਗਰਸ ਨੇ ਸੱਤਾ ਸੰਭਾਲੀ ਸੀ ਤਾਂ 1.82 ਲੱਖ ਕਰੋੜ ਕਰਜ਼ਾ ਸੀ। ਸਿਆਸਤ ਵਿੱਚ ਆ ਰਹੇ ਨਿਘਾਰ ਲਈ ਕਿਸੇ ਇੱਕ ਪਾਰਟੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਹੈ। ਸਰਕਾਰ ਅਕਾਲੀਆਂ ਦੀ ਰਹੀ ਹੋਵੇ ਜਾਂ ਫਿਰ ਕਾਂਗਰਸ ਦੀ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਾਰੇ ਹੀ ਵਿਰੋਧੀ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰਨ ਤੋਂ ਝੇਪਦੇ ਆ ਰਹੇ ਹਨ। ਦੁੱਖ ਤਾਂ ਉਦੋਂ ਹੁੰਦਾ ਹੈ ਜਦੋਂ ਵਿਰੋਧੀ ਧਿਰ ਵਿੱਚ ਰਹਿ ਕੇ ਲੰਮੇ ਸੈਸ਼ਨ ਦੀ ਮੰਗ ਕਰਨ ਵਾਲੇ ਸੱਤਾ ਵਿੱਚ ਆਉਂਦਿਆਂ ਹੀ ਪਹਿਲੀਆਂ ਸਰਕਾਰਾਂ ਵਾਲੇ ਰਸਤੇ ਤੁਰ ਪੈਂਦੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਿਹੜੇ ਕਿ ਵਿਅੰਗਕਾਰ ਹੁੰਦਿਆਂ ਮਿੱਠੀਆਂ ਮਿਰਚਾਂ ਅਤੇ ਕੁਲਫੀ ਗਰਮਾ ਗਰਮ ਵੇਚਦੇ ਰਹੇ ਹਨ, ਹੁਣ ਉਹਨਾਂ ਦੀਆਂ ਯੁਗਤਾਂ ਕਦੇ ਕਦੇ ਪਹਿਲਾਂ ਦੀ ਤਰ੍ਹਾਂ ਚੱਲ ਜਾਂਦੀਆਂ ਹਨ। ਵੈਸੇ ਉਹ ਸ਼ਾਇਦ ਸਮਝਣ ਲੱਗ ਪਏ ਹਨ ਕਿ ਨਿਬੇੜੇ ਅਮਲਾਂ ਨਾਲ ਹੀ ਹੋਣੇ ਹਨ। ਪਿਛਲੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਕੇਵਲ ਤਿੰਨ ਵਿਧਾਇਕ ਜਿੱਤੇ ਸਨ। ਜਿਨ੍ਹਾਂ ਵਿੱਚੋਂ ਮਨਪ੍ਰੀਤ ਸਿੰਘ ਇਆਲੀ ਨੇ ਆਪਣੀ ਪਾਰਟੀ ਤੋਂ ਪਹਿਲਾਂ ਹੀ ਮੁੱਖ ਮੋੜ ਲਿਆ ਸੀ। ਬੰਗਾ ਤੋਂ ਵਿਧਾਇਕ ਡਾਕਟਰ ਸੁਖਵਿੰਦਰ ਸੁੱਖੀ ਅਕਾਲੀ ਦਲ ਨੂੰ ਅਲਵਿਦਾ ਕਹਿ ਗਏ ਸਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਦੀ ਪਤਨੀ ਗੁਨੀਵ ਮਜੀਠੀਆ ਦੀ ਵਿਧਾਨ ਸਭਾ ਵਿੱਚ ਹਾਜ਼ਰੀ ਬੜੀ ਘੱਟ ਦੇਖਣ ਨੂੰ ਮਿਲੀ ਹੈ। ਪਹਿਲੀ ਵਾਰ ਹੈ ਜਦੋਂ ਵਿਧਾਨ ਸਭਾ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਤੀਨਿੱਧਤਾ ਲਗਭਗ ਜ਼ੀਰੋ ਦੇ ਬਰਾਬਰ ਹੋਵੇਗੀ। ਭਾਰਤੀ ਜਨਤਾ ਪਾਰਟੀ ਦੇ ਦੋ ਵਿਧਾਇਕ ਹਨ ਅਤੇ ਕਾਂਗਰਸ 14 ਦੀ ਗਿਣਤੀ ਨਾਲ ਮੁੱਖ ਵਿਰੋਧੀ ਧਿਰ ਵਜੋਂ ਵਿਚਰ ਰਹੀ ਹੈ।



ਡਾ. ਵਿਕਰਮ ਸਿੰਘ
ਮੋ: 98884 13836

# ਵਿਕਸਿਤ ਭਾਰਤ ਦੇ ਖ਼ੁਆਬ ਵਿੱਚ ਹਕੀਕਤ ਦੇ ਰੰਗ ਭਰਦਾ 'ਗੁਜਰਾਤ'

ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਜਿਸ ਧਰਤੀ 'ਤੇ ਵਿਕਸਿਤ ਭਾਰਤ ਦਾ ਜੋ ਖ਼ੁਆਬ ਖ਼ੁਦ ਦੇਖਿਆ ਅਤੇ ਸਮੁੱਚੇ ਦੇਸ਼-ਵਾਸੀਆਂ ਨੂੰ ਦਿਖਾਇਆ, ਅੱਜ ਉਸੇ ਧਰਤੀ ਵਰਗਾ ਵਿਕਾਸ ਦਾ ਰੰਗ ਸਮੁੱਚੇ ਭਾਰਤ ਦੀ ਸਰਜ਼ਮੀਨ 'ਤੇ ਗੂੜ੍ਹਾ ਹੁੰਦਾ ਨਜ਼ਰ ਆ ਰਿਹਾ ਹੈ। ਸਾਡੀ ਪੀੜ੍ਹੀ ਬੜੀ ਖ਼ੁਸ਼ਨਸੀਬ ਹੈ, ਜੋ ਵਿਕਸਿਤ ਭਾਰਤ ਦੇ ਖ਼ੁਆਬ ਨੂੰ ਬੜੀ ਤੇਜ਼ੀ ਨਾਲ ਸਾਕਾਰ ਹੁੰਦੇ ਹੋਏ ਆਪਣੇ ਅੱਖੀਂ ਦੇਖ ਰਹੀ ਹੈ। ਵਿਕਸਿਤ ਭਾਰਤ ਦੀ ਇੱਕ ਖ਼ੂਬਸੂਰਤ ਮਿਸਾਲ ਹੈ, 'ਗੁਜਰਾਤ'। ਗੁਜਰਾਤ ਦੀ ਧਰਤੀ ਸਿਰਫ਼ ਉਦਯੋਗ, ਊਰਜਾ, ਟੈਕਨਾਲੋਜੀ, ਟਰਾਂਸਪੋਰਟ, ਸੈਰ-ਸਪਾਟੇ, ਡੇਅਰੀ ਆਦਿ ਖੇਤਰ ਵਿੱਚ ਤੇਜ਼ੀ ਨਾਲ ਹੋ ਰਹੇ ਵਿਕਾਸ ਦਾ ਹੀ ਨਾਮ ਨਹੀਂ ਹੈ, ਸਗੋਂ ਇਸ ਵਿਕਾਸ ਦੀ ਰਫ਼ਤਾਰ ਵਿੱਚ ਇਸ ਸੂਬੇ ਨੇ ਆਪਣੀ ਵਿਰਾਸਤ ਅਤੇ ਸਲੀਕੇ ਦਾ ਪੱਲਾ ਵੀ ਘੁੱਟ ਕੇ ਫੜ੍ਹ ਰੱਖਿਆ ਹੈ। ਅਸਲ ਵਿੱਚ ਇਹੀ ਇਸ ਦੇ ਵਿਕਾਸ ਦੀ ਚਾਬੀ ਹੈ। ਗੁਜਰਾਤ ਉਹ ਧਰਤੀ ਹੈ, ਜਿੱਥੋਂ ਦੇ ਲੋਕੀਂ ਮਰਦ ਦੇ ਨਾਮ ਪਿੱਛੇ 'ਭਾਈ' ਅਤੇ ਔਰਤ ਦੇ ਨਾਮ ਪਿੱਛੇ 'ਭੈਣ' ਆਖ ਬੁਲਾਉਂਦੇ ਹਨ। ਅਪਣੱਤ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋਵੇਗੀ ਕਿ ਇੱਥੋਂ ਦੇ ਲੋਕ ਦੇਸ਼ ਦੇ ਮਾਣਯੋਗ ਪ੍ਰਧਾਨ ਮੰਤਰੀ ਦਾ ਨਾਮ ਵੀ ਜਦੋਂ ਬੋਲਦੇ ਹਨ ਤਾਂ ਉਹ ਸ਼੍ਰੀ ਨਰੇਂਦਰ 'ਭਾਈ' ਮੋਦੀ ਜੀ ਆਖਦੇ ਹਨ। ਗੁਜਰਾਤ ਖ਼ੁਆਬਾਂ ਨੂੰ ਦ੍ਰਿੜ੍ਹ ਹੌਸਲਾ ਦੇਣ ਵਾਲਾ ਸੂਬਾ ਹੈ। ਇਹ ਸੂਬਾ ਇਸ ਗੱਲ ਦਾ ਗਵਾਹ ਹੈ ਕਿ ਜੋ ਖ਼ੁਆਬ ਨਿੱਜ ਤੋਂ ਉੱਪਰ ਉੱਠ ਕੇ ਲੋਕ-ਹਿਤ ਲਈ ਦੇਖੇ ਜਾਣ ਉਹ ਜ਼ਰੂਰ ਸਾਕਾਰ ਹੁੰਦੇ ਹਨ। ਇਸ ਦੀ ਇੱਕ ਮਿਸਾਲ ਹੈ, ਗੁਜਰਾਤ ਦੇ ਏਕਤਾ ਨਗਰ ਦਾ 'ਸਟੈਚੂ ਆਫ਼ ਯੂਨਿਟੀ'। ਇਹ ਸਰਦਾਰ ਵੱਲਭ ਭਾਈ ਪਟੇਲ ਜੀ ਦੀ 182 ਮੀਟਰ ਉੱਚੀ ਦੁਨੀਆਂ ਦੀ ਸਭ ਤੋਂ ਉੱਚੀ ਮੂਰਤ ਹੈ। ਇਸ ਮੂਰਤ ਉੱਤੇ ਸਰਦਾਰ ਪਟੇਲ ਜੀ ਵੱਲੋਂ ਪਹਿਨੀ ਜੈਕੇਟ ਦੇ ਦੂਜੇ ਅਤੇ ਤੀਜੇ ਬਟਨ ਵਿਚਕਾਰ ਬਣੀ ਜਗ੍ਹਾ ਵਿੱਚ ਖਲੋ ਕੇ ਜਦੋਂ ਕੋਈ ਸ਼ਖ਼ਸ ਬਾਹਰ ਵੱਲ ਦੇਖਦਾ ਹੈ ਤਾਂ ਪਹਿਲੀ ਨਜ਼ਰੇ ਉਸ ਨੂੰ ਸਰਦਾਰ ਵੱਲਭ ਭਾਈ ਪਟੇਲ ਜੀ ਦਾ ਖ਼ੁਆਬ ਸਾਕਾਰ ਹੋਇਆ ਨਜ਼ਰ ਆਉਂਦਾ ਹੈ। ਇਹ ਖ਼ੁਆਬ ਸੀ 'ਸਰਦਾਰ ਸਰੋਵਰ ਡੈਮ'। ਸਰਦਾਰ ਪਟੇਲ ਜੀ ਦੇ ਇਸ ਡੈਮ ਦੇ ਖ਼ੁਆਬ ਨੂੰ ਸਾਕਾਰ ਹੁੰਦੇ ਹੋਏ ਬੇਸ਼ੱਕ ਦਹਾਕੇ ਲੱਗ ਗਏ ਪਰ ਉਨ੍ਹਾਂ ਦੀ ਦੂਰ-ਦ੍ਰਿਸ਼ਟੀ ਅੱਜ ਸਿਰਫ਼ 'ਦਿ ਲਾਈਫਲਾਈਨ ਆਫ਼ ਗੁਜਰਾਤ' ਹੀ ਨਹੀਂ ਹੈ, ਸਗੋਂ ਇਸ ਡੈਮ ਦਾ ਕਈ ਗੁਆਂਢੀ ਸੂਬਿਆਂ ਨੂੰ ਵੀ ਫਾਇਦਾ ਹੋ ਰਿਹਾ ਹੈ। ਸਰਦਾਰ ਸਰੋਵਰ ਡੈਮ ਦਾ ਪਾਣੀ ਗੁਜਰਾਤ ਅਤੇ ਰਾਜਸਥਾਨ ਦੇ ਕੁਝ ਹਿੱਸਿਆਂ ਵਿੱਚ ਲਗਭਗ 18 ਲੱਖ ਹੈਕਟੇਅਰ ਜ਼ਮੀਨ ਨੂੰ ਸਿੰਚਾਈ ਪ੍ਰਦਾਨ ਕਰਦਾ ਹੈ। ਇਹ ਹਜ਼ਾਰਾਂ ਪਿੰਡਾਂ ਅਤੇ ਕਈ ਸ਼ਹਿਰੀ ਕੇਂਦਰਾਂ ਨੂੰ ਪੀਣਯੋਗ ਪਾਣੀ ਸਪਲਾਈ ਕਰਦਾ ਹੈ। ਇਸਦੀ ਬਿਜਲੀ ਉਤਪਾਦਨ ਸਮਰੱਥਾ 1,450 ਮੈਗਾਵਾਟ ਹੈ, ਜੋ ਗੁਜਰਾਤ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿੱਚ ਸਾਂਝੀ ਵੰਡੀ ਜਾਂਦੀ ਹੈ।

ਇਸ ਇਲਾਕੇ ਦਾ ਵਿਕਾਸ ਸਿਰਫ਼ ਸਰਦਾਰ ਸਰੋਵਰ ਡੈਮ ਦੇ ਖ਼ੁਆਬ ਦੇ ਸਾਕਾਰ ਹੋਣ 'ਤੇ ਹੀ ਨਹੀਂ ਰੁਕਿਆ, ਸਗੋਂ ਸਰਦਾਰ ਵੱਲਭ ਭਾਈ ਪਟੇਲ ਦੀ ਮੂਰਤ ਵਾਂਗ ਨਿਰੰਤਰ ਅੱਗੇ ਵਧਣ ਦਾ ਸੁਨੇਹਾ ਦੇ ਰਿਹਾ ਹੈ। 'ਵਿਕਾਸ ਤੋਂ ਅਗਾਂਹ ਵਿਕਾਸ' ਦੀ ਸੋਚ ਸਦਕਾ ਇਸ ਇਲਾਕੇ ਦੇ ਆਲ਼ੇ-ਦੁਆਲ਼ੇ ਦੇ ਜੰਗਲ ਵਿੱਚ ਮੰਗਲ ਵਾਲੀ ਗੱਲ ਨਜ਼ਰ ਆਉਂਦੀ ਹੈ। ਸਰਦਾਰ ਸਰੋਵਰ ਡੈਮ ਦੇ ਨੇੜੇ-ਤੇੜੇ ਸਟੈਚੂ ਆਫ਼ ਯੂਨਿਟੀ ਸਮੇਤ ਕਈ ਸੈਰ ਸਪਾਟਾ ਕੇਂਦਰ ਸਥਾਪਤ ਕੀਤੇ ਗਏ ਹਨ, ਜੋ ਇਸ ਇਲਾਕੇ ਨੂੰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾ ਰਹੇ ਹਨ। ਇਸ ਖੇਤਰ ਵਿੱਚ ਲਗਭਗ 375 ਏਕੜ ਵਿੱਚ ਫੈਲਿਆ ਸਰਦਾਰ ਪਟੇਲ ਜ਼ੂਓਲੋਜੀਕਲ ਪਾਰਕ, ਫੁੱਲਾਂ ਦੀ ਘਾਟੀ, ਅਰੋਗਿਆ ਵਣ, ਮੀਆਵਾਕੀ ਜੰਗਲ, ਕੈਕਟਸ ਗਾਰਡਨ ਅਤੇ ਏਕਤਾ ਕਰੂਜ਼ ਵਰਗੀਆਂ ਕਰੀਬ 27 ਤੋਂ ਵੱਧ ਅਜਿਹੀਆਂ ਦਿਲਕਸ਼ ਸੈਰ ਸਪਾਟੇ ਦੀਆਂ ਥਾਂਵਾਂ ਹਨ, ਜੋ ਇੱਥੇ ਸੈਲਾਨੀਆਂ ਨੂੰ ਦੋ-ਤਿੰਨ ਦਿਨ ਰਹਿਣ ਲਈ ਮੱਲੋ-ਮੱਲੀ ਮਜਬੂਰ ਕਰਦੀਆਂ ਹਨ। ਗੁਜਰਾਤ ਦਾ ਇਹ ਇਲਾਕਾ ਮਹਿਲਾ ਸਸ਼ਕਤੀਕਰਨ ਅਤੇ ਰੋਜ਼ਗਾਰ ਸਿਰਜਣਾ ਦੀ ਬਹੁਤ ਉਮਦਾ ਮਿਸਾਲ ਹੈ। ਇਨ੍ਹਾਂ ਸੈਰ ਸਪਾਟੇ ਦੀਆਂ ਥਾਂਵਾਂ ਵਿੱਚ ਸਿਰਫ਼ ਇਲਾਕਾ ਵਾਸੀਆਂ ਨੂੰ ਹੀ ਰੁਜ਼ਗਾਰ ਦਿੱਤਾ ਗਿਆ ਹੈ। ਇੱਥੇ ਜੋ ਆਟੋ ਡਰਾਈਵਰ ਹਨ, ਉਹ ਸਿਰਫ਼ ਔਰਤਾਂ ਹੀ ਹਨ। ਅਸਲ ਵਿੱਚ ਏਕਤਾ ਨਗਰ ਪਾਣੀ ਸੰਭਾਲ, ਕੁਦਰਤ ਨਾਲ ਮੁਹੱਬਤ ਅਤੇ ਅਨੇਕਤਾ ਵਿੱਚ ਏਕਤਾ ਦੀ ਤਸਵੀਰ ਹੈ।

ਇਸ ਸਥਾਨ ਤੋਂ ਕੁਝ ਦੂਰੀ 'ਤੇ ਰਾਸ਼ਟਰੀ ਸਮੁੰਦਰੀ ਵਿਰਾਸਤੀ ਕੰਪਲੈਕਸ ਦਾ ਪ੍ਰਾਜੈਕਟ ਬੜੀ ਤੇਜ਼ੀ ਨਾਲ ਚੱਲ ਰਿਹਾ ਹੈ। ਇਸ ਪ੍ਰਾਜੈਕਟ ਦਾ ਵਿਕਾਸ ਕੇਂਦਰੀ ਬੰਦਰਗਾਹਾਂ, ਜਹਾਜ਼ਰਾਨੀ ਅਤੇ ਜਲ ਮਾਰਗ ਮੰਤਰਾਲੇ ਵੱਲੋਂ ਕੀਤਾ ਜਾ ਰਿਹਾ ਹੈ। ਇਸ ਕੰਪਲੈਕਸ ਦੇ ਕੇਂਦਰ ਵਿੱਚ ਆਈਕਾਨਿਕ ਨੈਸ਼ਨਲ ਮੈਰੀਟਾਈਮ ਮਿਊਜ਼ੀਅਮ ਤਿਆਰ ਹੋ ਰਿਹਾ ਹੈ, ਜਿਸ ਵਿੱਚ 14 ਥੀਮ ਅਧਾਰਿਤ ਗੈਲਰੀਆਂ ਬਣਾਈਆਂ ਜਾ ਰਹੀਆਂ ਹਨ। ਇਨ੍ਹਾਂ ਗੈਲਰੀਆਂ ਵਿੱਚ ਵੱਖ-ਵੱਖ ਪ੍ਰਭਾਵਸ਼ਾਲੀ ਤਰੀਕਿਆਂ ਨਾਲ ਭਾਰਤ ਦੀ ਸਮੁੰਦਰੀ ਇਤਿਹਾਸਕ ਵਿਰਾਸਤ ਨੂੰ ਪੇਸ਼ ਕੀਤਾ ਜਾਵੇਗਾ। ਇੱਕ ਵਾਰ ਮੁਕੰਮਲ ਹੋ ਜਾਣ ਤੋਂ ਬਾਅਦ ਇਹ ਦੁਨੀਆ ਦਾ ਸਭ ਤੋਂ ਵੱਡਾ ਮੈਰੀਟਾਈਮ ਮਿਊਜ਼ੀਅਮ ਹੋਵੇਗਾ, ਜਿਸ ਨੂੰ ਦੇਖਣ ਵਾਲੀਆਂ ਅੱਖਾਂ ਯਕੀਨਨ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਜਾਣਗੀਆਂ। ਗੁਜਰਾਤ ਦੇ ਵਿਕਾਸ ਦੀ ਰਫ਼ਤਾਰ ਇੱਥੇ ਹੀ ਮੱਠੀ ਨਹੀਂ ਪੈਂਦੀ, ਸਗੋਂ ਇਹ ਸੂਬਾ ਵਿਗਿਆਨ ਦੇ ਕੁਝ ਖੇਤਰਾਂ ਵਿੱਚ ਸਿਰਫ਼ ਭਾਰਤ ਵਿੱਚ ਹੀ ਨਹੀਂ ਸਗੋਂ ਸਾਰੀ ਦੁਨੀਆ ਵਿੱਚ ਮੋਹਰੀ ਹੈ। ਇੱਥੋਂ ਦੇ ਗਾਂਧੀਨਗਰ ਵਿਖੇ 'ਨੈਸ਼ਨਲ ਫੋਰੈਂਸਿਕ ਸਾਇੰਸ ਯੂਨੀਵਰਸਿਟੀ' ਇਸ ਦੀ ਇੱਕ ਮਿਸਾਲ ਹੈ, ਜੋ ਵਿਸ਼ਵ ਦੀ ਪਹਿਲੀ ਅਤੇ ਇੱਕੋ ਇੱਕ ਫੋਰੈਂਸਿਕ ਸਾਇੰਸ ਯੂਨੀਵਰਸਿਟੀ ਹੈ। ਇਹ ਫੋਰੈਂਸਿਕ ਸਾਇੰਸ ਦੇ ਖੇਤਰ ਵਿੱਚ ਸਿੱਖਿਆ, ਖੋਜ ਅਤੇ ਟਰੇਨਿੰਗ ਦਾ ਕਾਰਜ ਕਰ ਰਹੀ ਹੈ। ਇਸਦੀ ਇੱਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਫੋਰੈਂਸਿਕ ਸਾਇੰਸ ਖੇਤਰ ਵਿੱਚ ਸਿਰਫ਼ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੱਖ-ਵੱਖ ਪ੍ਰਯੋਗਸ਼ਾਲਾਵਾਂ ਸਥਾਪਤ ਕਰਨ ਜਾਂ ਅਪਗ੍ਰੇਡ ਕਰਨ ਵਿੱਚ ਮਾਹਰ ਸਲਾਹ ਪ੍ਰਦਾਨ ਕਰਦੀ ਹੈ। ਇਸ ਵਿੱਚ ਸਥਾਪਤ ਅਤਿ-ਆਧੁਨਿਕ ਪ੍ਰਯੋਗਸ਼ਾਲਾਵਾਂ ਦੇਸ਼ ਵਿੱਚ ਹੋਣ ਵਾਲੇ ਅਪਰਾਧ ਨੂੰ ਰੋਕਣ ਅਤੇ ਅਪਰਾਧ ਦੀ ਛਾਣ-ਬੀਣ ਕਰਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਅ ਰਹੀਆਂ ਹਨ। ਵਿਗਿਆਨ ਤੋਂ ਇਲਾਵਾ ਪੁਲਾੜ ਦੇ ਖੇਤਰ ਵਿੱਚ ਵੀ ਗੁਜਰਾਤ ਦੀ ਅਹਿਮ ਥਾਂ ਹੈ। ਇੱਥੋਂ ਦੇ ਅਹਿਮਦਾਬਾਦ ਦੇ ਸਪੇਸ ਐਪਲੀਕੇਸ਼ਨਜ਼ ਸੈਂਟਰ (ਐੱਸਏਸੀ) -ਇਸਰੋ ਦੇ ਕੇਂਦਰ ਦੀ ਪੁਲਾੜ ਖੇਤਰ ਵਿੱਚ ਬਹੁਤ ਹੀ ਖ਼ਾਸ ਭੂਮਿਕਾ ਹੈ। ਇਹ ਕੇਂਦਰ ਮੁੱਖ ਤੌਰ 'ਤੇ ਸੰਚਾਰ ਉਪਗ੍ਰਹਿ ਅਤੇ ਰਿਮੋਟ ਸੈਂਸਿੰਗ ਉਪਗ੍ਰਹਿਆਂ ਲਈ ਉਪਕਰਨ ਵਿਕਸਤ ਕਰਦਾ ਹੈ। ਸੰਚਾਰ ਉਪਗ੍ਰਹਿ ਟੈਲੀਵਿਜ਼ਨ ਪ੍ਰਸਾਰਨ, ਟੈਲੀਫ਼ੋਨ ਸੇਵਾਵਾਂ, ਇੰਟਰਨੈੱਟ ਅਤੇ ਆਫ਼ਤ ਪ੍ਰਬੰਧਨ ਵਰਗੀਆਂ ਸੇਵਾਵਾਂ ਨੂੰ ਸਮਰੱਥ ਬਣਾਉਂਦੇ ਹਨ। ਰਿਮੋਟ ਸੈਂਸਿੰਗ ਉਪਗ੍ਰਹਿਆਂ ਤੋਂ ਤਸਵੀਰਾਂ ਅਤੇ ਡੇਟਾ ਖੇਤੀਬਾੜੀ, ਜਲ ਸਰੋਤਾਂ, ਜੰਗਲਾਤ ਸੰਭਾਲ, ਸ਼ਹਿਰੀ ਯੋਜਨਾਬੰਦੀ ਅਤੇ ਵਾਤਾਵਰਨ ਨਿਗਰਾਨੀ ਵਿੱਚ ਵਰਤੇ ਜਾਂਦੇ ਹਨ। ਜੇਕਰ ਗੁਜਰਾਤ ਦੇ ਊਰਜਾ ਖੇਤਰ ਵਿੱਚ ਹੋ ਰਹੇ ਵਿਕਾਸ ਦੀ ਗੱਲ ਕੀਤੀ ਜਾਵੇ ਤਾਂ ਸਾਲ 1966 ਵਿੱਚ ਦੇਸ਼ ਨੂੰ ਸਮਰਪਿਤ ਹੋਈ, ਗੁਜਰਾਤ ਦੇ ਵਡੋਦਰਾ ਦੀ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ (ਆਈਓਸੀਐੱਲ) ਰਿਫ਼ਾਇਨਰੀ ਸਿਰਫ਼ ਗੁਜਰਾਤ ਦੇ ਹੀ ਨਹੀਂ, ਸਗੋਂ ਸਮੁੱਚੇ ਦੇਸ਼ ਦੀ ਊਰਜਾ ਨੂੰ ਹੁਲਾਰਾ ਦੇ ਰਹੀ ਹੈ। ਵਡੋਦਰਾ ਦੇ ਨੇੜੇ ਦੁਮਾਦ ਵਿਖੇ ਐਕ੍ਰੀਲਿਕ ਆਕਸੋ ਅਲਕੋਹਲ ਪਲਾਂਟ ਸਥਾਪਿਤ ਕੀਤਾ ਹੋਇਆ ਹੈ, ਜੋ ਕਿ ਬਿਊਟਾਇਲ ਐਕਰੀਲੇਟ ਅਤੇ ਐੱਨ-ਬਿਊਟਾਨੋਲ ਵਰਗੇ ਮੁੱਲ-ਵਾਧਾ ਉਤਪਾਦ ਪੈਦਾ ਕਰਦਾ ਹੈ। ਇਹ ਪਲਾਂਟ ਉੱਚ-ਮੁੱਲ ਵਾਲੇ ਪੈਟਰੋ ਕੈਮੀਕਲ ਬਣਾਉਣ ਲਈ ਰਿਫਾਇਨਰੀ ਉਪ-ਉਤਪਾਦ ਪ੍ਰੋਪੀਲੀਨ ਦੀ ਵਰਤੋਂ ਕਰਦਾ ਹੈ, ਜਿਸ ਨਾਲ ਪੇਂਟ, ਕੋਟਿੰਗ, ਗੂੰਦ ਅਤੇ ਕੱਪੜਾ ਵਰਤੋਂ ਲਈ ਆਯਾਤ 'ਤੇ ਦੇਸ਼ ਦੀ ਨਿਰਭਰਤਾ ਘਟਦੀ ਹੈ, ਜੋ ਪੈਟਰੋ ਕੈਮੀਕਲ ਆਤਮ-ਨਿਰਭਰਤਾ ਵੱਲ ਭਾਰਤ ਦੀ ਯਾਤਰਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਊਰਜਾ ਤੋਂ ਬਾਅਦ ਜੇਕਰ ਡੇਅਰੀ ਉਤਪਾਦਨ ਦੀ ਗੱਲ ਕੀਤੀ ਜਾਵੇ ਤਾਂ ਇੱਥੋਂ ਦੇ ਆਨੰਦ ਦੀ 'ਅਮੂਲ ਡੇਅਰੀ' ਦਾ ਨਾਮ ਸਿਰਫ਼ ਭਾਰਤ ਵਿੱਚ ਹੀ ਨਹੀਂ ਸਗੋਂ ਦੁਨੀਆ ਭਰ ਵਿੱਚ ਮਕਬੂਲ ਹੈ। ਅਮੂਲ ਦਾ ਜਨਮ 1946 ਵਿੱਚ ਹੋਇਆ, ਜਦੋਂ ਸਥਾਨਕ ਕਿਸਾਨਾਂ ਨੇ ਆਪਣੇ ਦੁੱਧ ਦੀਆਂ ਬਿਹਤਰ ਕੀਮਤਾਂ ਪ੍ਰਾਪਤ ਕਰਨ ਲਈ ਇੱਕ ਸਹਿਕਾਰੀ ਸੰਸਥਾ ਬਣਾਉਣ ਦਾ ਫੈਸਲਾ ਕੀਤਾ ਸੀ। ਇਸ ਮਾਡਲ ਨੇ ਭਾਰਤ ਵਿੱਚ ਚਿੱਟੀ ਕ੍ਰਾਂਤੀ ਲਿਆਂਦੀ। ਅੱਜ ਇਹ ਫੈਡਰੇਸ਼ਨ ਲਗਭਗ 3.6 ਮਿਲੀਅਨ ਕਿਸਾਨਾਂ ਤੋਂ ਸਾਲਾਨਾ ਲਗਭਗ 11 ਬਿਲੀਅਨ ਲੀਟਰ ਦੁੱਧ ਖਰੀਦਦੀ ਹੈ। ਆਨੰਦ ਡੇਅਰੀ ਦੀ ਪ੍ਰੋਸੈਸਿੰਗ ਸਮਰੱਥਾ ਹੀ ਇਸਨੂੰ ਦੁਨੀਆ ਦੀਆਂ ਸਭ ਤੋਂ ਵੱਡੀਆਂ ਡੇਅਰੀਆਂ ਵਿੱਚੋਂ ਇੱਕ ਬਣਾਉਂਦੀ ਹੈ, ਜਿਸਦੀ ਕੁੱਲ ਹੈਂਡਲਿੰਗ ਸਮਰੱਥਾ ਲਗਭਗ 50 ਮਿਲੀਅਨ ਲੀਟਰ ਪ੍ਰਤੀ ਦਿਨ ਹੈ, ਜੋ ਇਸਨੂੰ ਦੁਨੀਆ ਭਰ ਵਿੱਚ ਚੋਟੀ ਦੇ ਰੋਜ਼ਾਨਾ ਦੁੱਧ ਪ੍ਰੋਸੈਸਰਾਂ ਵਿੱਚੋਂ ਇੱਕ ਬਣਾਉਂਦੀ ਹੈ। ਆਨੰਦ ਯੂਨੀਅਨ ਨਾਲ 1,278 ਗ੍ਰਾਮ ਸਹਿਕਾਰੀ ਸਭਾਵਾਂ ਰਾਹੀਂ ਲਗਭਗ 8 ਲੱਖ ਕਿਸਾਨ ਜੁੜੇ ਹੋਏ ਹਨ। ਗੁਜਰਾਤ ਦੇ ਇੰਨੇ ਤੇਜ਼ੀ ਨਾਲ ਹੋ ਰਹੇ ਵਿਕਾਸ ਨੂੰ ਦੇਖ ਕੇ ਇੱਕ ਸਵਾਲ ਮਨ ਵਿੱਚ ਇਹ ਵੀ ਆਉਂਦਾ ਹੋਵੇਗਾ ਕਿ ਵਿਕਾਸ ਦੀ ਤੇਜ਼ੀ ਵਿੱਚ ਕੁਦਰਤ ਨਾਲ ਇੱਥੇ ਜ਼ਰੂਰ ਨਾ-ਇਨਸਾਫ਼ੀ ਹੋ ਰਹੀ ਹੋਵੇਗੀ। ਪਰ ਅਜਿਹਾ ਨਹੀਂ ਹੈ, ਇੱਥੇ ਸਰਕਾਰ ਨੇ ਹਰ ਸਾਲ 10 ਲੱਖ ਤੋਂ ਵੱਧ ਰੁੱਖ ਲਗਾਉਣ ਦੇ ਟੀਚੇ ਨਾਲ ਹੀ ਵਿਕਾਸ ਦੀ ਉਂਗਲ ਫੜ੍ਹੀ ਹੋਈ ਹੈ। ਗੁਜਰਾਤ ਨਵਿਆਉਣਯੋਗ ਊਰਜਾ ਦੇ ਖੇਤਰ ਵਿੱਚ ਦੇਸ਼ ਦੇ ਮੋਹਰੀ ਸੂਬਿਆਂ ਵਿੱਚੋਂ ਇੱਕ ਹੈ, ਜੋ ਇਸ ਖੇਤਰ ਵਿੱਚ ਭਾਰਤ ਦੇ ਕੁੱਲ ਉਤਪਾਦਨ ਦਾ ਲਗਭਗ 65 ਫ਼ੀਸਦ ਯੋਗਦਾਨ ਪਾਉਂਦਾ ਹੈ। ਅਸਲ ਵਿੱਚ ਗੁਜਰਾਤ, ਭਾਰਤ ਦਾ ਉਹ ਸੂਬਾ ਹੈ, ਜੋ ਵਿਕਸਿਤ ਭਾਰਤ ਦੇ ਖ਼ੁਆਬ ਵਿੱਚ ਹਕੀਕਤ ਦੇ ਰੰਗ ਭਰ ਰਿਹਾ ਹੈ। ਗੁਜਰਾਤ ਦੀ ਇਹ ਤਰੱਕੀ ਰਾਤੋ ਰਾਤ ਨਹੀਂ ਹੋਈ, ਇਸ ਵਿੱਚ ਸਰਕਾਰ ਦੇ ਨਾਲ-ਨਾਲ ਇੱਥੋਂ ਦੇ ਲੋਕਾਂ ਦੀ ਸਖ਼ਤ ਮਿਹਨਤ ਅਤੇ ਦੇਸ਼ ਪ੍ਰਤੀ ਉਨ੍ਹਾਂ ਦਾ ਸਮਰਪਣ ਵੀ ਸ਼ਾਮਿਲ ਹੈ। ਗੁਜਰਾਤ ਦੇਸ਼ ਨੂੰ ਇਹ ਗੱਲ ਵੀ ਦੱਸਦਾ ਹੈ ਕਿ ਸਰਕਾਰ ਦੇ ਨਾਲ-ਨਾਲ ਦੇਸ਼ ਦੇ ਨਾਗਰਿਕਾਂ ਨੂੰ ਵੀ ਆਪਣੀ ਬਣਦਾ ਸਹਿਯੋਗ ਦੇਣਾ ਪਵੇਗਾ ਤਾਂ ਜੋ ਵਿਕਸਿਤ ਭਾਰਤ ਬਣਨ ਦੀ ਰਫ਼ਤਾਰ ਹੋਰ ਵੀ ਤੇਜ਼ ਹੋ ਸਕੇ।

**-(ਲੇਖਕ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵਿੱਚ ਭਾਰਤੀ ਸੂਚਨਾ ਸੇਵਾ ਦੇ ਅਧਿਕਾਰੀ ਹਨ।)**

# ਟੈਕਸਲਾ ਟੀਵੀ ਰਾਹੀਂ ਘਰ-ਘਰ ਟੈਲੀਵਿਜ਼ਨ ਪਹੁੰਚਾਉਣ ਵਾਲੇ ਰਾਜਾ ਸਿੰਘ ਦਾ ਦੇਹਾਂਤ

ਲੁਧਿਆਣਾ, 5 ਮਾਰਚ (ਚ.ਨ.ਸ): ਪੰਜਾਬ ਵਿੱਚ 80 ਦੇ ਦਹਾਕੇ ਦੌਰਾਨ ਟੈਲੀਵਿਜ਼ਨ ਨੂੰ ਆਮ ਲੋਕਾਂ ਦੀ ਪਹੁੰਚ ਵਿੱਚ ਲਿਆਉਣ ਵਾਲੀ ਉਘੀ ਸ਼ਖ਼ਸੀਅਤ ਤੇ ਟੈਕਸਲਾ ਟੀਵੀ ਦੇ ਸੰਸਥਾਪਕ ਰਾਜਾ ਸਿੰਘ ਓਬਰਾਏ ਦਾ 90 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਹ ਨਾ ਸਿਰਫ਼ ਇੱਕ ਸਫਲ ਉਦਯੋਗਪਤੀ ਸਨ, ਸਗੋਂ ਜੀ.ਆਰ.ਡੀ. ਅਕੈਡਮੀ ਤੇ ਕਲੱਬ ਨਿਰਵਾਣਾ ਦੇ ਮਾਲਕ



ਵਜੋਂ ਵੀ ਜਾਣੇ ਜਾਂਦੇ ਸਨ। ਉਨ੍ਹਾਂ ਦੇ ਸਪੁੱਤਰ ਕਵਲਜੀਤ ਓਬਰਾਏ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਭਾਵੇਂ ਉਨ੍ਹਾਂ ਦੇ ਪਿਤਾ ਕੋਲ ਕੋਈ ਰਸਮੀ ਉਚ ਵਿੱਦਿਆ ਨਹੀਂ ਸੀ, ਪਰ ਉਹ ਅਦੁੱਤੀ ਦੂਰਅੰਦੇਸ਼ੀ ਤੇ ਸਖ਼ਤ ਮਿਹਨਤ ਦੇ ਮਾਲਕ ਸਨ। ਰਾਜਾ ਸਿੰਘ ਓਬਰਾਏ ਦਾ ਜਨਮ 19 ਫਰਵਰੀ 1936 ਨੂੰ ਅਣਵੰਡੇ ਪੰਜਾਬ ਦੇ ਮੀਰਪੁਰ (ਹੁਣ ਪਾਕਿਸਤਾਨ) ਨੇੜਲੇ ਪਿੰਡ ਹਿੱਲਣ ਵਿਖੇ ਹੋਇਆ ਸੀ। 1947 ਦੀ ਵੰਡ ਸਮੇਂ ਉਹ ਮਹਿਜ਼ 11 ਸਾਲਾਂ ਦੇ ਸਨ ਜਦੋਂ ਉਨ੍ਹਾਂ ਦਾ ਪਰਿਵਾਰ ਉਜੜ ਕੇ ਭਾਰਤ ਆ ਗਿਆ ਸੀ। ਉਨ੍ਹਾਂ ਨੇ ਆਪਣੇ ਕਾਰੋਬਾਰੀ ਸਫਰ ਦੀ ਸ਼ੁਰੂਆਤ 1961 ਵਿੱਚ ਜੁਪੀਟਰ ਰੇਡੀਓ ਰਾਹੀਂ ਕੀਤੀ ਸੀ। ਇਹ ਰੇਡੀਓ ਸੈਟ ਆਪਣੀ ਵਾਜਬ ਕੀਮਤ ਕਾਰਨ ਬਹੁਤ ਮਕਬੂਲ ਹੋਏ ਤੇ ਸਾਲਾਨਾ 1.5 ਲੱਖ ਸੈਟਾਂ ਦੀ ਵਿਕਰੀ ਦਾ ਅੰਕੜਾ ਪਾਰ ਕਰ ਗਏ। ਇਸ ਤੋਂ ਬਾਅਦ 1972 ਵਿੱਚ ਉਨ੍ਹਾਂ ਨੇ ਟੈਕਸਲਾ ਦੇ ਨਾਂ ਹੇਠ ਟੈਲੀਵਿਜ਼ਨ ਬਾਜ਼ਾਰ ਵਿੱਚ ਕਦਮ ਰੱਖਿਆ। ਅਗਲੇ 15 ਸਾਲਾਂ ਵਿੱਚ ਟੈਕਸਲਾ ਟੀਵੀ ਨੇ ਪੰਜਾਬ ਦੇ ਬਾਜ਼ਾਰ 'ਤੇ ਲਗਭਗ 95 ਫੀਸਦੀ ਕਬਜ਼ਾ ਕਰ ਲਿਆ ਸੀ ਤੇ ਕੰਪਨੀ ਸਾਲਾਨਾ 3 ਲੱਖ ਤੋਂ ਵੱਧ ਟੀਵੀ ਸੈਟਾਂ ਦਾ ਨਿਰਮਾਣ ਕਰਨ ਲੱਗੀ ਸੀ। ਕਾਰੋਬਾਰ ਵਿੱਚ ਬੁਲੰਦੀਆਂ ਛੂਹਣ ਤੋਂ ਬਾਅਦ ਰਾਜਾ ਸਿੰਘ ਨੇ ਆਪਣਾ ਜੀਵਨ ਪਰਉਪਕਾਰ ਤੇ ਧਰਮ ਪ੍ਰਚਾਰ ਦੇ ਲੇਖੇ ਲਾ ਦਿੱਤਾ।

# ਪੁਲਿਸ ਵੱਲੋਂ ਹੈਰੋਇਨ ਸਮੇਤ ਪੰਜ ਵਿਅਕਤੀ ਗ੍ਰਿਫ਼ਤਾਰ

## ☛ਨਸ਼ਾ ਤਸਕਰਾਂ ਤੇ ਸੇਵਨ ਕਰਨ ਵਾਲਿਆਂ ਨੂੰ ਨਹੀਂ ਬਖਸ਼ਿਆ ਜਾਵੇਗਾ: ਐਸਐਚਓ ਢੀਂਡਸਾ

ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 5 ਮਾਰਚ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ, ਪੰਜਾਬ ਪੁਲਿਸ ਵਧੀਆ ਕੰਮ ਕਰ ਰਹੀ ਹੈ, ਜਿਸਦੇ ਚੱਲਦਿਆਂ ਡੀਜੀਪੀ ਪੰਜਾਬ ਦੇ ਹੁਕਮਾਂ ਐਸਐਸਪੀ ਬਟਾਲਾ ਡਾ. ਮਹਿਤਾਬ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤੇ ਡੀਐਸਪੀ ਹਰੀਸ਼ ਬਹਿਲ ਦੀ ਅਗਵਾਈ ਹੇਠ ਐਸਐਚਓ ਗਗਨਦੀਪ ਸਿੰਘ ਢੀਂਡਸਾ ਥਾਣਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਵੱਲੋਂ ਲਗਾਤਾਰ ਭੈੜੇ ਅਨਸਰਾਂ ਵਿਰੁੱਧ ਕਾਰਵਾਈ ਕਰਦਿਆਂ ਉਸ ਵੇਲੇ ਵੱਡੀ ਸਫਲਤਾ ਹਾਸਲ ਕੀਤੀ, ਜਦੋਂ ਪੁਲਿਸ ਪਾਰਟੀ ਦੌਰਾਨੇ ਗਸ਼ਤ ਸ੍ਰੀ ਹਰਿਗੋਬਿੰਦਪੁਰ ਸਾਹਿਬ ਇੱਕ ਘਰ ਵਿੱਚ ਛਾਪੇਮਾਰੀ ਦੌਰਾਨ ਪੰਜ ਵਿਅਕਤੀਆਂ ਨੂੰ ਕਾਬੂ ਕੀਤਾ। ਜਿਨ੍ਹਾਂ



ਕੋਲੋਂ 8 ਗ੍ਰਾਮ ਸਮੇਤ (ਮੋਮੀ ਲਿਫ਼ਾਫ਼ਾ) ਹੈਰੋਇਨ ਬ੍ਰਾਮਦ ਕੀਤੀ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਲਵਪ੍ਰੀਤ ਸਿੰਘ ਬੁੰਗੀ ਪੁੱਤਰ ਅਜੈ ਕੁਮਾਰ ਅੰਮ੍ਰਿਤਪਾਲ ਸਿੰਘ ਪੁੱਤਰ ਰਣਧੀਰ ਸਿੰਘ ਗੌਤਮ ਕੁਮਾਰ ਪੁੱਤਰ ਰਤਨ ਚੰਦ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਚਰਨਜੀਤ ਸਿੰਘ ਰਾਜਦੀਪ ਕੁਮਾਰ ਪੁੱਤਰ ਰਤਨ ਲਾਲ ਵਜੋਂ ਹੋਈ, ਜਿਨ੍ਹਾਂ ਵਿਰੁੱਧ ਥਾਣਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਬਣਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮੌਕੇ ਏਐਸਆਈ ਰਛਪਾਲ ਸਿੰਘ ਏਐਸਆਈ ਰਵਿੰਦਰ ਸਿੰਘ, ਏਐਸਆਈ ਨਿਸ਼ਾ ਕੁਮਾਰੀ ਰੀਡਰ ਸਤਿੰਦਰਪਾਲ ਸਿੰਘ ਮੁੱਖ ਮੁਨਸ਼ੀ ਰਮਨਦੀਪ ਸਿੰਘ ਨਵਪ੍ਰੀਤ ਸਿੰਘ ਮੁਨਸ਼ੀ ਲਵਪ੍ਰੀਤ ਸਿੰਘ ਐਚਸੀ ਹਰਦੇਵ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਸ਼ਹਿਰ 'ਚ ਵਿਕਾਸ ਕਾਰਜ ਜਾਰੀ

## ☛ਵਾਰਡ ਨੰਬਰ 18 'ਚ ਜਲ ਸਪਲਾਈ ਦੇ ਕੁਨੈਕਸ਼ਨਾਂ ਦਾ ਕੰਮ ਤੇਜ਼

ਬਟਾਲਾ, 5 ਮਾਰਚ (ਬਲਵਿੰਦਰ ਪੰਜਗਰਾਈਂ/ਡਾ. ਸਤਨਾਮ ਸਿੰਘ ਸੰਧੂ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਹਲਕੇ ਅੰਦਰ ਜਿਥੇ ਸਰਬਪੱਖੀ ਵਿਕਾਸ ਤੇਜ਼ੀ ਨਾਲ ਚੱਲ ਰਹੇ ਹਨ, ਜਿਸ ਦੇ ਚੱਲਦਿਆਂ ਲੋਕਾਂ ਨੂੰ ਪੀਣ ਲਈ ਸਾਫ਼ ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਜਲ ਸਪਲਾਈ ਦੇ ਕੁਨੈਕਸ਼ਨਾਂ ਦਾ ਕੰਮ ਤੇਜ਼ੀ ਨਾਲ ਜਾਰੀ ਹੈ। ਵਾਰਡ ਨੰਬਰ 18 ਵਿੱਚ ਲੋਕਾਂ ਦੀ ਸਹੂਲਤ ਲਈ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਲਈ ਧੰਨਵਾਦ ਕਰਦਿਆਂ ਦਵਿੰਦਰ ਸਿੰਘ ਨੇ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠਾਂ ਹਲਕਾ ਬਟਾਲਾ ਖਾਸਕਰਕੇ ਸ਼ਹਿਰ ਬਟਾਲਾ ਵਿੱਚ ਵਿਕਾਸ ਕਾਰਜਾਂ ਜਾਰੀ ਹਨ ਤੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਰਹਿੰਦੇ ਕਾਰਜਾਂ ਨੂੰ ਮੁਕੰਮਲ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਿਧਾਇਕ



ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਅੰਦਰ ਵੱਖ-ਵੱਖ ਵਿਕਾਸ ਕੰਮ ਕਰਵਾਏ ਗਏ ਹਨ ਤੇ ਸ਼ਹਿਰ ਵਾਸੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਵਿਕਾਸ ਕਾਰਜ ਨਿਰੰਤਰ ਜਾਰੀ ਹਨ। ਉਨ੍ਹਾਂ ਦੱਸਿਆ ਕਿ ਮਹਿਜ਼ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਬਟਾਲਾ ਸ਼ਹਿਰ ਅੰਦਰ ਟ੍ਰੈਫਿਕ ਦੀ ਸਮੱਸਿਆ ਦੇ ਹੱਲ ਲਈ ਸੜਕਾਂ ਤੇ ਚੌਕਾਂ ਨੂੰ ਖੁੱਲ੍ਹਾ ਕੀਤਾ ਗਿਆ ਹੈ। ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ ਦਾ ਲਾਭ ਦੇਣ ਲਈ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ। ਸ਼ਹਿਰ ਵਾਸੀਆਂ ਨੂੰ ਸਾਫ ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਕਰੀਬ 24 ਕਰੋੜ ਰੁਪਏ ਦੀ ਲਾਗਤ ਨਾਲ ਨਵਾਂ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ, ਜਿਸ ਨਾਲ ਲੋਕਾਂ ਨੂੰ ਪੀਣ ਲਈ ਸਾਫ ਸੁਥਰਾ ਪਾਣੀ ਮਿਲੇਗਾ। ਪਾਰਕਾਂ ਦੀ ਉਸਾਰੀ ਕਰਵਾਈ ਗਈ ਹੈ, ਸਮੇਤ ਵੱਖ-ਵੱਖ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

# ਐਨ.ਪੀ.ਐਸ. ਕਰਮਚਾਰੀ 8 ਨੂੰ ਕਰਨਗੇ ਚੰਡੀਗੜ੍ਹ 'ਚ ਵਿਧਾਨ ਸਭਾ ਦਾ ਘਿਰਾਓ: ਜੀਟੀਯੂ



ਹਰਿਆਣਾ, 5 ਮਾਰਚ (ਚੰਦਰ ਪ੍ਰਕਾਸ਼): ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੇ ਸੀ.ਪੀ.ਐਫ. ਕਰਮਚਾਰੀ ਯੂਨੀਅਨ ਤੇ ਹੋਰ ਮੁਲਾਜ਼ਮ ਜਥੇਬੰਦੀਆਂ ਵੱਲੋਂ ਸਰਕਾਰ ਦੁਆਰਾ ਲਗਾਤਾਰ ਪਿਛਲੇ ਚਾਰ ਸਾਲਾਂ ਤੋਂ ਪੁਰਾਣੀ ਪੈਨਸ਼ਨ ਦੀ ਬਹਾਲੀ ਤੇ ਹੋਰ ਮੁਲਾਜ਼ਮ ਮੰਗਾਂ ਪ੍ਰਤੀ ਅਪਣਾਈ ਜਾ ਰਹੀ ਟਾਲ-ਮਟੋਲ ਦੀ ਨੀਤੀ ਤੋਂ ਖ਼ਫ਼ਾ ਕਰਮਚਾਰੀ ਵਰਗ ਹੁਣ ਚੋਣ ਵਰ੍ਹਾ ਹੋਣ ਕਾਰਨ ਸਰਕਾਰ ਨਾਲ ਆਰ-ਪਾਰ ਦੇ ਸੰਘਰਸ਼ ਦੇ ਰੋਹ 'ਚ ਹੈ ਤੇ ਗੌਰਮਿੰਟ ਟੀਚਰਜ਼ ਯੂਨੀਅਨ ਵੱਡੀ ਗਿਣਤੀ ਵਿੱਚ ਇਸ ਸੰਘਰਸ਼ ਵਿੱਚ ਹਿੱਸਾ ਲਵੇਗੀ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਪ੍ਰਧਾਨ ਗੌਰਮਿੰਟ ਟੀਚਰਜ਼ ਯੂਨੀਅਨ ਹੁਸ਼ਿਆਰਪੁਰ ਪ੍ਰਿਤਪਾਲ ਸਿੰਘ ਚੌਟਾਲਾ ਤੇ ਸੀਨੀਅਰ ਮੀਤ ਪ੍ਰਧਾਨ ਅਮਰ ਸਿੰਘ ਨੇ ਕਿਹਾ ਕਿ ਸਰਕਾਰ ਨੇ ਪਿਛਲੇ ਚਾਰ ਸਾਲਾਂ ਦੌਰਾਨ ਮੁਲਾਜ਼ਮਾਂ ਨਾਲ ਕੀਤੇ ਚੋਣ ਵਾਅਦਿਆਂ 'ਚੋਂ ਇੱਕ ਵਾਅਦਾ ਵੀ ਪੂਰਾ ਨਹੀਂ ਕੀਤਾ, ਜਿਸ ਦਾ ਐਨ.ਪੀ.ਐਸ. ਮੁਲਾਜ਼ਮਾਂ 'ਚ ਭਾਰੀ ਰੋਸ ਹੈ। ਸਰਕਾਰ ਆਪਣੀ ਪਾਰੀ ਦਾ ਅੰਤਿਮ ਬਜਟ ਪੇਸ਼ ਕਰਨ ਜਾ ਰਹੀ ਹੈ ਤਾਂ ਕਰਮਚਾਰੀ ਵੀ ਸਰਕਾਰ ਨੂੰ ਯਾਦ ਕਰਵਾਉਣਗੇ ਕਿ ਅੱਜ ਤੋਂ ਚਾਰ ਸਾਲ ਪਹਿਲਾਂ ਸਰਕਾਰ ਨੇ ਹਿਮਾਚਲ ਤੇ ਗੁਜਰਾਤ ਦੇ ਵੋਟਰਾਂ ਨੂੰ ਭਰਮਾਉਣ ਲਈ ਪੁਰਾਣੀ ਪੈਨਸ਼ਨ ਬਹਾਲੀ ਦਾ ਝੂਠਾ ਨੋਟੀਫਿਕੇਸ਼ਨ ਜਾਰੀ ਕੀਤਾ, ਜਿਸ ਨੂੰ ਚਾਰ ਸਾਲ ਬੀਤਣ ਤੋਂ ਬਾਅਦ ਵੀ ਲਾਗੂ ਨਹੀਂ ਕਰ ਸਕੀ। ਇਸ ਲਈ ਅੱਠ ਮਾਰਚ ਦੀ ਰੈਲੀ ਨੂੰ ਸਫਲ ਬਣਾਉਣ ਤੇ ਸਰਕਾਰ ਦੀਆਂ ਜੜ੍ਹਾਂ ਹਿਲਾਉਣ ਲਈ ਐਨ.ਪੀ.ਐਸ. ਮੁਲਾਜ਼ਮ ਵੱਡੀ ਗਿਣਤੀ 'ਚ ਆਪਣੀ ਸ਼ਮੂਲੀਅਤ ਕਰਨਗੇ। ਇਸ ਮੌਕੇ ਬੋਲਦਿਆਂ ਸੂਬਾ ਕਨਵੀਨਰ ਜਸਵੀਰ ਤਲਵਾੜਾ ਨੇ ਕਿਹਾ ਕਿ ਇਹ ਰੈਲੀ ਇਕੱਠ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਕਰ ਦੇਵੇਗੀ, ਜਿਸ ਦਾ ਖ਼ਮਿਆਜ਼ਾ ਸਰਕਾਰ ਨੂੰ ਚੋਣਾਂ 'ਚ ਭੁਗਤਣਾ ਪਵੇਗਾ। ਇਸ ਮੌਕੇ ਸੰਜੀਵ ਧੂਤ, ਪਰਮਜੀਤ ਕਾਤਬ, ਨਰਿੰਦਰ ਅਜਨੋਹਾ, ਉਮੇਸ਼ ਕੁਮਾਰ, ਜਸਵੀਰ ਬੋਦਲ, ਰਜੇਸ਼ ਅਰੋੜਾ, ਪ੍ਰਿੰਸ ਗੜ੍ਹਦੀਵਾਲ ਵਿਕਾਸ ਸ਼ਰਮਾ, ਰਾਜ ਕੁਮਾਰ, ਸਚਿਨ ਕੁਮਾਰ, ਸਰਬਜੀਤ ਸਿੰਘ, ਦਵਿੰਦਰ ਸਿੰਘ, ਪਰਮਜੀਤ ਸਿੰਘ ਸੰਦੀਪ ਬਡਵਾਲ ਵੱਡੀ ਗਿਣਤੀ ਵਿੱਚ ਅਧਿਆਪਕ ਆਗੂ ਹਾਜ਼ਰ ਸਨ।

# ਬੁਰਾਈ 'ਤੇ ਸੱਚਾਈ ਦੀ ਪ੍ਰਤੀਕ ਹੋਲੀ ਸਾਨੂੰ ਸਾਰਿਆਂ ਨੂੰ ਮਿਲ ਕੇ ਮਨਾਉਣੀ ਚਾਹੀਦੀ ਹੈ: ਪੰਡਿਤ ਭਗਵਤ ਪ੍ਰਸਾਦ

ਟਾਂਡਾ ਉੜਮੁੜ, 5 ਮਾਰਚ (ਅਰਜੁਨ ਜੈਨ): ਹੋਲੀ ਦਾ ਤਿਉਹਾਰ ਦੇਸ਼ ਭਰ ਵਿੱਚ ਬੜੇ ਉਤਸ਼ਾਹ ਤੇ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ। ਇਸ ਸਬੰਧ ਵਿੱਚ ਮਹਿਲਾ ਸੰਕੀਰਤਨ ਭਜਨ ਮੰਡਲੀ ਵੱਲੋਂ ਪੰਡਿਤ ਭਗਵਤ ਪ੍ਰਸਾਦ ਦੀ ਅਗਵਾਈ ਵਿੱਚ ਠਾਕੁਰ ਦੁਆਰਾ ਮੰਦਰ ਉੜਮੁੜ ਵਿਖੇ ਬੜੀ ਧੂਮਧਾਮ ਨਾਲ ਹੋਲੀ



ਮਨਾਈ ਗਈ। ਇਸ ਮੌਕੇ 'ਤੇ ਸਾਰਿਆਂ ਨੇ ਇੱਕ-ਦੂਜੇ 'ਤੇ ਹੋਲੀ ਦੇ ਰੰਗ ਪਾ ਕੇ ਵਧਾਈ ਦਿੰਦੇ ਹੋਏ ਸ਼ੁਭਕਾਮਨਾਵਾਂ ਦਿੱਤੀਆਂ। ਪੰਡਿਤ ਭਗਵਤ ਪ੍ਰਸਾਦ ਨੇ ਭਗਵਾਨ ਰਾਧਾ ਕ੍ਰਿਸ਼ਨ ਜੀ ਦੀ ਆਰਤੀ ਪੂਜਾ ਕਰਨ ਉਪਰੰਤ ਹੋਲੀ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਹੋਲੀ ਬੁਰਾਈ 'ਤੇ ਸੱਚਾਈ ਦੀ ਪ੍ਰਤੀਕ ਹੈ ਤੇ ਹੋਲੀ ਦੇ ਰੰਗ ਇੱਕ ਦੂਜੇ 'ਤੇ ਪਾਉਣ ਨਾਲ ਆਪਸੀ ਭਾਈਚਾਰੇ ਵਿੱਚ ਵੀ ਵਾਧਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਹੋਲੀ ਇੱਕ ਅਜਿਹਾ ਤਿਉਹਾਰ ਹੈ ਜਿਸਨੂੰ ਹਰ ਧਰਮ ਦੇ ਲੋਕ ਮਨਾਉਂਦੇ ਹੋਏ ਆਪਸੀ ਏਕਤਾ ਦਾ ਸੰਦੇਸ਼ ਦਿੰਦੇ ਹਨ। ਉਨ੍ਹਾਂ ਕਿਹਾ ਕਿ ਹੋਲੀ ਤੋਂ ਅਗਲੇ ਦਿਨ ਹੋਲੇ ਦੇ ਮੌਕੇ 'ਤੇ ਖਾਲਸਾਈ ਬੜੀ ਸ਼ਾਨੋ-ਸ਼ੌਕਤ ਨਾਲ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਦੇ ਹਨ। ਉਨ੍ਹਾਂ ਹੋਲੀ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਨਾਰਦ ਪੁਰਾਣ ਤੇ ਇਤਿਹਾਸ ਵਿੱਚ ਦੱਸਿਆ ਗਿਆ ਹੈ ਕਿ ਰਾਜਾ ਹਿਰਣਯਾਕਸ਼ਪ ਬੜਾ ਘਮੰਡੀ ਰਾਜਾ ਸੀ ਤੇ ਪ੍ਰਜਾ ਨੂੰ ਪ੍ਰਭੂ ਭਗਤੀ ਦੀ ਥਾਂ ਆਪਣੀ ਹੀ ਭਗਤੀ ਕਰਨ ਲਈ ਮਜਬੂਰ ਕਰਦਾ ਸੀ। ਉਨ੍ਹਾਂ ਕਿਹਾ ਕਿ ਉਸਦਾ ਪੁੱਤਰ ਪ੍ਰਹਿਲਾਦ ਹਰ ਸਮੇਂ ਪ੍ਰਭੂ ਭਗਤੀ ਵਿੱਚ ਲੀਨ ਰਹਿੰਦਾ ਸੀ ਜਿਸ ਕਾਰਨ ਰਾਜਾ ਦੀ ਬਹਿਨ ਹੋਲਿਕਾ ਪ੍ਰਹਿਲਾਦ ਨੂੰ ਆਪਣੀ ਗੋਦੀ 'ਚ ਲੈ ਕੇ ਅੱਗ ਵਿੱਚ ਬੈਠ ਗਈ ਸੀ ਪਰ ਹੋਲਿਕਾ ਦਾ ਅੰਤ ਹੋ ਗਿਆ ਸੀ ਪ੍ਰਹਿਲਾਦ ਨੂੰ ਕੁਝ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਉਦੋਂ ਤੋਂ ਹੀ ਹੋਲੀ ਖੇਡਣ ਦੀ ਪ੍ਰੰਪਰਾ ਚੱਲਦੀ ਆ ਰਹੀ ਹੈ। ਮਹਿਲਾ ਕੀਰਤਨ ਭਜਨ ਮੰਡਲੀ 'ਚ ਸ਼ਾਮਲ ਸੁਨੀਤਾ ਭੱਲਾ, ਸੁਨੀਤਾ ਬਿੱਗ, ਅਰੁਨਾ ਰਾਣੀ, ਰਾਧਾ, ਗੀਤਾ ਰਾਨੀ, ਸ਼ੀਤਲ, ਸ਼ਮਾ ਰਾਣੀ, ਕੋਮਲ, ਸੋਨੂੰ, ਮਮਤਾ ਤੇ ਹੋਰ ਮੰਡਲੀ 'ਚ ਸ਼ਾਮਲ ਔਰਤਾਂ ਨੇ ਆਪਣੇ ਕੀਰਤਨਾਂ ਰਾਹੀਂ ਪ੍ਰਭੂ ਦਾ ਗੁਣਗਾਨ ਕਰਦੇ ਹੋਏ ਇੱਕ-ਦੂਜੇ 'ਤੇ ਰੰਗ ਪਾਉਂਦੇ ਹੋਲੀ ਦੀਆਂ ਮੁਬਾਰਕਾਂ ਦਿੱਤੀਆਂ।

# ਪਿੰਡ ਧੀਰ ਤੋਂ 17 ਪਰਿਵਾਰ 'ਆਪ' 'ਚ ਸ਼ਾਮਲ, ਹਲਕਾ ਇੰਚਾਰਜ ਪੰਨੂੰ ਵੱਲੋਂ ਸਵਾਗਤ



ਫਤਹਿਗੜ੍ਹ ਚੂੜੀਆਂ, 5 ਮਾਰਚ (ਰਾਜਨ ਸ਼ਰਮਾ): ਹਲਕਾ ਫਤਹਿਗੜ੍ਹ ਚੂੜੀਆਂ ਦੇ ਪਿੰਡ ਧੀਰ ਤੋਂ ਤਕਰੀਬਨ 17 ਪਰਿਵਾਰ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ, ਪਾਰਟੀ ਵਿੱਚ ਸ਼ਾਮਲ ਹੋਣ 'ਤੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਨੇ ਸਵਾਗਤ ਕੀਤਾ ਤੇ ਪੂਰਨ ਵਿਸ਼ਵਾਸ ਦਿਵਾਇਆ ਕਿ ਪਾਰਟੀ 'ਚ ਉਨ੍ਹਾਂ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ। ਪਿੰਡ ਧੀਰ ਵਿੱਚ ਤਕਰੀਬਨ 2 ਕਰੋੜ ਦਾ ਡਿਵੈਲਪਮੈਂਟ ਦਾ ਕੰਮ ਹੋ ਚੁੱਕਾ ਹੈ। ਅੱਗੇ ਹੋਰ ਵੀ ਕੰਮ ਕਰਨ ਦਾ ਵਾਅਦਾ ਕੀਤਾ। ਪਾਰਟੀ ਵਿੱਚ ਸ਼ਾਮਲ ਹੋਣ 'ਤੇ ਸਾਰੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਜਿਸ ਵਿੱਚ ਪਰਿਵਾਰਕ ਮੈਂਬਰ ਨਿਸ਼ਾਨ ਸਿੰਘ, ਅਰਸ਼ਦੀਪ ਸਿੰਘ, ਪਰਗਟ ਸਿੰਘ, ਹਰਦੇਵ ਸਿੰਘ, ਗੁਰਸੇਵਕ ਸਿੰਘ, ਹਰਮਨਜੋਤ ਸਿੰਘ, ਸੰਦੀਪ ਸਿੰਘ, ਰਣਜੀਤ ਸਿੰਘ, ਮਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਕੇਵਲ ਸਿੰਘ, ਬੀਰ ਸਿੰਘ, ਮਲਕੀਤ ਸਿੰਘ, ਬਲਵਿੰਦਰ ਸਿੰਘ, ਕਰਨੈਲ ਸਿੰਘ, ਸੁਰਿੰਦਰ ਸਿੰਘ, ਗਗਨਦੀਪ ਸਿੰਘ ਸ਼ਾਮਲ ਹੋਏ। ਇਸ ਮੌਕੇ ਹਲਕਾ ਯੂਥ ਪ੍ਰਧਾਨ ਗੁਰਬਿੰਦਰ ਕਾਦੀਆਂ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਹਲਕਾ ਸੰਗਠਨ ਇੰਚਾਰਜ ਗਗਨਦੀਪ ਸਿੰਘ ਪੰਨੂੰ ਬਲਾਕ ਪ੍ਰਧਾਨ ਰਘਬੀਰ ਸਿੰਘ ਹਾਜ਼ਰ ਰਹੇ।

# ਹੁਸ਼ਿਆਰਪੁਰ ਲਈ ਇੱਕ ਇਤਿਹਾਸਕ ਤੋਹਫ਼ਾ...

## ਸ਼ਹੀਦ ਊਧਮ ਸਿੰਘ ਮੈਡੀਕਲ ਕਾਲਜ ਤੇ 300 ਬਿਸਤਰਿਆਂ ਵਾਲੇ ਅਤਿ-ਆਧੁਨਿਕ ਹਸਪਤਾਲ ਦਾ ਨਿਰਮਾਣ ਕਾਰਜ ਅਲਾਟ

ਹੁਸ਼ਿਆਰਪੁਰ, 5 ਮਾਰਚ (ਦੀਪਕ ਅਗਨੀਹੋਤਰੀ): ਹੁਸ਼ਿਆਰਪੁਰ ਦੇ ਵਿਕਾਸ ਨੂੰ ਇੱਕ ਨਵੀਂ ਦਿਸ਼ਾ ਦਿੰਦੇ ਹੋਏ ਸ਼ਹੀਦ ਊਧਮ ਸਿੰਘ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਟੀਚਿੰਗ ਹਸਪਤਾਲ ਤੇ ਮੈਡੀਕਲ ਕਾਲਜ ਦੇ ਨਿਰਮਾਣ ਕਾਰਜ ਨੂੰ ਮਨਜ਼ੂਰੀ ਮਿਲ ਗਈ ਹੈ ਤੇ ਇਸ ਦਾ ਨਿਰਮਾਣ ਕਾਰਜ ਅਲਾਟ ਕਰ ਦਿੱਤਾ ਗਿਆ ਹੈ। ਲਗਭਗ 218 ਕਰੋੜ



ਰੁਪਏ ਦੀ ਲਾਗਤ ਨਾਲ ਬਣਨ ਵਾਲਾ ਇਹ ਮਹੱਤਵਪੂਰਨ ਪ੍ਰੋਜੈਕਟ ਜ਼ਿਲ੍ਹੇ ਦੇ ਸਿਹਤ ਢਾਂਚੇ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਮੈਡੀਕਲ ਸਿੱਖਿਆ ਦੇ ਖੇਤਰ ਵਿੱਚ ਵੀ ਇੱਕ ਨਵੀਂ ਪਹਿਚਾਣ ਸਥਾਪਤ ਕਰੇਗਾ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਇਸ ਮੈਡੀਕਲ ਕਾਲਜ ਤੇ ਮੌਜੂਦਾ ਜ਼ਿਲ੍ਹਾ ਹਸਪਤਾਲ ਕੈਂਪਸ ਵਿੱਚ ਬਣਨ ਵਾਲੇ 300 ਬਿਸਤਰਿਆਂ ਵਾਲੇ ਅਤਿ-ਆਧੁਨਿਕ ਹਸਪਤਾਲ ਦੀ ਉਸਾਰੀ 'ਤੇ ਕੁੱਲ ਲਗਭਗ 218.21 ਕਰੋੜ ਖਰਚ ਕੀਤੇ ਜਾਣਗੇ। ਇਸ ਵਿੱਚ ਹਸਪਤਾਲ ਦੀ ਇਮਾਰਤ ਲਈ ਲਗਭਗ 131 ਕਰੋੜ ਤੇ ਮੈਡੀਕਲ ਕਾਲਜ ਦੀ ਇਮਾਰਤ ਲਈ ਲਗਭ 87.21 ਕਰੋੜ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਸੇ ਮਹੀਨੇ ਇਸ ਇਤਿਹਾਸਕ ਪ੍ਰੋਜੈਕਟ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਨਗੇ, ਜੋ ਕਿ ਪੂਰੇ ਜ਼ਿਲ੍ਹੇ ਲਈ ਮਾਣ ਤੇ ਖ਼ੁਸ਼ੀ ਦੀ ਗੱਲ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਇਸ ਮੈਡੀਕਲ ਕਾਲਜ ਦੀ ਘੋਸ਼ਣਾ ਤਾਂ ਕੀਤੀ ਗਈ, ਪਰ ਇਸ ਦੇ ਨਿਰਮਾਣ ਲਈ ਜ਼ਰੂਰੀ ਰਾਸ਼ੀ ਜਾਰੀ ਨਹੀਂ ਕੀਤੀ ਗਈ, ਜਿਸ ਕਾਰਨ ਇਹ ਮਹੱਤਵਪੂਰਨ ਪ੍ਰੋਜੈਕਟ ਸਾਲਾਂ ਤੱਕ ਕਾਗਜ਼ਾਂ ਵਿੱਚ ਹੀ ਅਟਕਿਆ ਰਿਹਾ। ਉਨ੍ਹਾਂ ਕਿਹਾ ਕਿ ਸਾਲ 2022 ਵਿੱਚ ਵਿਧਾਨ ਸਭਾ ਚੋਣਾਂ ਦੌਰਾਨ ਉਨ੍ਹਾਂ ਨੇ ਤੇ ਆਮ ਆਦਮੀ ਪਾਰਟੀ ਨੇ ਹੁਸ਼ਿਆਰਪੁਰ ਦੀ ਜਨਤਾ ਨਾਲ ਮੈਡੀਕਲ ਕਾਲਜ ਦੇ ਨਿਰਮਾਣ ਦਾ ਜੋ ਵਾਅਦਾ ਕੀਤਾ ਸੀ, ਅੱਜ ਉਹ ਵਾਅਦਾ ਪੂਰਾ ਹੋ ਰਿਹਾ ਹੈ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਹ ਪ੍ਰੋਜੈਕਟ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਿਹਤ ਤੇ ਸਿੱਖਿਆ ਬੁਨਿਆਦੀ ਢਾਂਚੇ ਨੂੰ ਉਚਾ ਚੁੱਕੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਹਰ ਜ਼ਿਲ੍ਹੇ ਵਿੱਚ ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਵੱਡੇ ਤੇ ਇਤਿਹਾਸਕ ਬਦਲਾਅ ਲਿਆਉਣ ਲਈ ਵਚਨਬੱਧ ਹੈ ਤੇ ਹੁਸ਼ਿਆਰਪੁਰ ਵਿੱਚ ਮੈਡੀਕਲ ਕਾਲਜ ਦੀ ਉਸਾਰੀ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

# ਪੈਦਲ ਯਾਤਰਾ ਦਾ ਜੱਥਾ 7 ਨੂੰ ਰਵਾਨਾ ਹੋਵੇਗਾ

ਗੜ੍ਹਦੀਵਾਲਾ, 5 ਮਾਰਚ (ਗੌਰਵ): ਪਿੰਡ ਜੰਡੋਰ ਤੋਂ ਸੇਵਾਦਾਰ



ਬੀਬੀ ਪ੍ਰਕਾਸ਼ ਕੌਰ ਦੀ ਅਗਵਾਈ 'ਚ ਸਿੱਧ ਜੋਗੀ ਬਾਬਾ ਬਾਲਕ ਨਾਥ ਜੀ ਦੇ ਦਰਸ਼ਨਾਂ ਲਈ ਪੈਦਲ ਯਾਤਰਾ 07 ਮਾਰਚ ਨੂੰ ਸ਼ੁਰੂ ਕੀਤੀ ਜਾਵੇਗੀ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਬੱਬੂ ਠੱਕਰ ਨੇ ਦੱਸਿਆ ਕਿ ਪੈਦਲ ਯਾਤਰਾ ਪਿੰਡ ਦੇ ਬਾਬਾ ਬਾਲਕ ਨਾਥ ਮੰਦਰ ਤੋਂ ਸਵੇਰੇ 10 ਵਜੇ ਸ਼ੁਰੂ ਹੋਵੇਗੀ, ਜਿਸ ਦੌਰਾਨ ਪਹਿਲਾਂ ਮੰਦਰ ਵਿੱਚ ਬਾਬਾ ਜੀ ਦੀ ਚੌਕੀ ਲਗਾਈ ਜਾਵੇਗੀ ਤੇ ਪਿੰਡ ਦੀ ਪਰਿਕਰਮਾ ਕਰਦੇ ਹੋਏ ਯਾਤਰਾ ਸ਼ੁਰੂ ਕੀਤੀ ਜਾਵੇਗੀ। ਇਸ ਮੌਕੇ ਪਿੰਡ ਵਾਸੀ ਤੇ ਸੰਗਤਾਂ ਹਾਜ਼ਰ ਸਨ।

# ਸਲੱਮ ਏਰੀਆ ਮਾਨ ਕੌਰ ਦੇ ਬੱਚਿਆਂ ਲਈ ਸਿੱਖਿਆ ਤੇ ਖੇਡਾਂ ਰਾਹੀਂ ਨਵਾਂ ਸਵੇਰਾ: ਰੋਮੇਸ਼ ਮਹਾਜਨ ਰਾਸ਼ਟਰੀ ਐਵਾਰਡੀ

ਗੁਰਦਾਸਪੁਰ, 5 ਮਾਰਚ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਰੋਮੇਸ਼ ਮਹਾਜਨ ਰਾਸ਼ਟਰੀ ਐਵਾਰਡੀ ਨੇ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਨਾਲ ਵੀ ਜੋੜਨ ਦੇ ਸਫਲ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਪਰਲੀਮੀਨਰੀ ਐਜੂਕੇਸ਼ਨ ਸਟੱਡੀ ਸੈਂਟਰ ਸਲੱਮ ਏਰੀਆ ਮਾਨ ਕੌਰ ਦੇ ਬੱਚਿਆਂ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਦੀ ਪ੍ਰੇਰਕ ਯਾਤਰਾ ਸਾਂਝੀ ਕਰਦੇ ਹੋਏ ਅਤਿ ਗੌਰਵ



ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਕਿ ਸਾਲਾਂ ਤੋਂ ਮੇਰਾ ਇਹ ਅਟੱਲ ਮਿਸ਼ਨ ਰਿਹਾ ਹੈ ਕਿ ਮਾਨ ਕੌਰ ਦੇ ਪਿੱਛੜੇ ਤੇ ਅਸਹਾਇ ਪਰਿਵਾਰਾਂ ਦੇ ਬੱਚਿਆਂ ਦੀ ਜ਼ਿੰਦਗੀ ਵਿੱਚ ਸਿੱਖਿਆ ਦੀ ਤਾਕਤ ਰਾਹੀਂ ਅਰਥਪੂਰਨ ਤੇ ਸਕਾਰਾਤਮਕ ਬਦਲਾਅ ਲਿਆਇਆ ਜਾਵੇ। ਮੇਰਾ ਮੰਨਣਾ ਹੈ ਕਿ ਹਰ ਇੱਕ ਬੱਚਾ ਚਾਹੇ ਉਸਦਾ ਪਿਛੋਕੜ ਜੋ ਮਰਜ਼ੀ ਹੋਵੇ, ਉਚ-ਗੁਣਵੱਤਾ ਵਾਲੀ ਸਿੱਖਿਆ ਦੇ ਨਾਲ-ਨਾਲ ਇੱਕ ਐਸੇ ਪ੍ਰੇਰਕ ਤੇ ਪਾਲਣਹਾਰ ਮਾਹੌਲ ਦਾ ਹੱਕਦਾਰ ਹੈ, ਜੋ ਉਸਦਾ ਆਤਮ-ਵਿਸ਼ਵਾਸ ਵਧਾਏ, ਰਚਨਾਤਮਕਤਾ ਨੂੰ ਪ੍ਰਫੁੱਲਤ ਕਰੇ ਤੇ ਸਰਵਾਂਗੀਣ ਵਿਕਾਸ ਯਕੀਨੀ ਬਣਾਏ। ਉਨ੍ਹਾਂ ਦੱਸਿਆ ਕਿ ਇਸ ਦ੍ਰਿਸ਼ਟੀਕੋਣ ਨੂੰ ਅਮਲ ਵਿੱਚ ਲਿਆਂਦੇ ਹੋਏ, ਵਿਸ਼ਵ-ਪੱਧਰੀ ਸਿੱਖਿਆ ਦੇ ਨਾਲ ਇੱਕ ਸੁਸਜੱਜਿਤ ਬਾਲ ਪਲੇ ਪਾਰਕ ਦੀ ਸਥਾਪਨਾ ਕੀਤੀ ਗਈ ਹੈ। ਆਧੁਨਿਕ ਖੇਡ ਸਹੂਲਤਾਂ ਤੇ ਉਨਤ ਖੇਡ ਸਾਜ਼ੋ-ਸਮਾਨ ਨਾਲ ਤਿਆਰ ਕੀਤਾ ਗਿਆ। ਇਹ ਜੀਵੰਤ ਤੇ ਰੰਗੀਲਾ ਕੇਂਦਰ ਸਿਰਫ਼ ਇੱਕ ਖੇਡ ਮੈਦਾਨ ਨਹੀਂ, ਸਗੋਂ ਉਮੀਦਾਂ ਦੀ ਪ੍ਰਤੀਕ ਜੋਤ ਹੈ। ਇੱਥੇ ਬੱਚੇ ਟੀਮ ਵਰਕ ਦੀ ਮਹੱਤਤਾ ਸਿੱਖਦੇ ਹਨ, ਹੌਸਲਾ ਤੇ ਧੀਰਜ ਵਿਕਸਿਤ ਕਰਦੇ ਹਨ ਤੇ ਆਪਣੇ ਲੁਕੇ ਹੋਏ ਹੁਨਰਾਂ ਨੂੰ ਖੋਜ ਕੇ ਉਨ੍ਹਾਂ ਨੂੰ ਨਿਖਾਰਦੇ ਹਨ। ਇਹ ਉਪਰਾਲਾ ਕੇਵਲ ਇੱਕ ਪ੍ਰੋਜੈਕਟ ਨਹੀਂ, ਸਗੋਂ ਸਮਾਜਿਕ ਬਦਲਾਅ ਵੱਲ ਇੱਕ ਸ਼ਕਤੀਸ਼ਾਲੀ ਕਦਮ ਹੈ। ਇਹ ਨੰਨ੍ਹੇ ਮਨਾਂ ਨੂੰ ਇੱਜ਼ਤ, ਆਤਮ-ਨਿਰਭਰਤਾ ਤੇ ਨਵੀਂ ਉਮੀਦ ਨਾਲ ਭਰ ਰਿਹਾ ਹੈ ਤਾਂ ਜੋ ਉਹ ਵਿਸ਼ਵਾਸ ਨਾਲ ਭਰੇ ਕਦਮਾਂ ਨਾਲ ਚਮਕਦੇ ਭਵਿੱਖ ਵੱਲ ਵੱਧ ਸਕਣ। ਉਨ੍ਹਾਂ ਕਿਹਾ ਕਿ ਇਸ ਯਤਨ ਰਾਹੀਂ ਮਾਨ ਕੌਰ ਦੇ ਬੱਚਿਆਂ ਲਈ ਮੌਕਿਆਂ ਤੇ ਪ੍ਰੇਰਣਾ ਦਾ ਨਵਾਂ ਅਧਿਆਇ ਲਿਖਿਆ ਜਾ ਰਿਹਾ ਹੈ।

# ਸਰਕਾਰੀ ਸਕੂਲ 'ਚ ਚੱਲ ਰਹੀ ਹੈ ਪ੍ਰੀਖੀਆ ਤੇ ਅਧਿਆਪਕ ਵਿਆਹ ਦੇਖਣ 'ਚ ਮਸ਼ਰੂਫ

ਡੇਰਾ ਬਾਬਾ ਨਾਨਕ, 5 ਮਾਰਚ (ਹੈਪੀ ਕੋਟਲੀ): ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਸਿੱਖਿਆ ਕ੍ਰਾਂਤੀ, ਤਹਿਤ ਜਿਥੇ ਸਰਕਾਰ ਨੇ ਸਿੱਖਿਆ ਵਿਭਾਗ 'ਚ ਤੇ ਸਰਕਾਰੀ ਸਕੂਲਾਂ 'ਚ ਸੁਧਾਰ ਲਿਆਉਣ ਦਾ ਬੀੜਾ ਚੁੱਕਿਆ ਹੋਇਆ ਹੈ, ਉਥੇ ਕੁਝ ਸਰਕਾਰੀ ਅਧਿਆਪਕ ਸਰਕਾਰ ਦੇ ਹੁਕਮਾਂ ਨੂੰ ਟਿੱਚ ਜਾਣਦੇ ਹੋਏ ਆਪਣੀ ਮਨਮਰਜ਼ੀ ਚਲਾ ਰਹੇ ਹਨ। ਇਹੋ ਜਿਹਾ ਹੀ ਮਾਮਲਾ ਹਲਕਾ ਡੇਰਾ ਬਾਬਾ ਨਾਨਕ ਅਧੀਨ ਪੈਂਦੇ ਸ਼ਹੀਦ ਹਰਵਿੰਦਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਲੀ ਸੂਰਤ ਮੱਲ੍ਹੀ ਤੋਂ ਸਾਹਮਣੇ ਆਇਆ ਹੈ। ਜਿੱਥੇ ਪੰਜਾਬ ਸਕੂਲ ਸਿੱਖਿਆ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਛੇਵੀਂ, ਸੱਤਵੀਂ, ਨੌਵੀਂ ਤੇ+1 ਜਮਾਤਾ ਦੀਆਂ ਸਾਲਾਨਾ ਪ੍ਰੀਖਿਆਵਾਂ ਹੋ ਰਹੀਆਂ ਹਨ, ਉਥੇ ਹੀ ਅੱਜ ਇਸ ਸਕੂਲ 'ਚ ਸਕੂਲ ਦੇ ਵਿਦਿਆਰਥੀ ਪ੍ਰੀਖੀਆ ਦੇ ਰਹੇ ਹਨ।




ਸਕੂਲ ਦੇ ਅਧਿਆਪਕ ਸਕੂਲ ਦੇ ਬੱਚਿਆਂ ਭਵਿੱਖ ਖ਼ਤਰੇ 'ਚ ਪਾ ਕੇ ਵਿਆਹ ਦੇਖਣ 'ਚ ਮਸ਼ਰੂਫ ਹਨ। ਇਸ ਸਬੰਧੀ ਜਦੋਂ ਅਚਾਨਕ ਪੱਤਰਕਾਰਾਂ ਦੀ ਟੀਮ ਵੱਲੋਂ ਸ਼ਹੀਦ ਹਰਵਿੰਦਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਲੀ ਸੂਰਤ ਮੱਲ੍ਹੀ ਦਾ ਦੌਰਾ ਕੀਤਾ ਗਿਆ। ਜਦੋਂ ਸਕੂਲ 'ਚ ਮੌਜੂਦ ਮਿਡ-ਡੇ-ਮੀਲ ਵਰਕਰ ਤੋਂ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਸਕੂਲ ਅਧਿਆਪਕ ਵਿਆਹ ਦੇਖਣ ਗਏ ਹਨ, ਇਥੋਂ ਤੱਕ ਕਿ ਸਕੂਲ ਅਧਿਆਪਕ ਵੀ ਵਿਆਹ ਦੇਖਣ 'ਚ ਮਸ਼ਰੂਫ ਸੀ। ਇਸ ਸਬੰਧੀ ਜਦੋਂ ਸਕੂਲ 'ਚ ਮੌਜੂਦ ਅਧਿਆਪਕਾਂ ਨਾਲ ਗੱਲਬਾਤ ਕੀਤੀ ਗਈ। ਉਨ੍ਹਾਂ ਵੱਲੋਂ ਵੀ ਕੋਈ ਸਹੀ ਜਵਾਬ ਨਹੀਂ ਦਿੱਤਾ ਗਿਆ। ਇਸ ਸਬੰਧੀ ਜਦੋਂ ਪੰਜਾਬ ਸਕੂਲ ਸਿੱਖਿਆ ਵਿਭਾਗ ਸੈਕੰਡਰੀ ਦੇ ਜ਼ਿਲ੍ਹਾ ਸਿੱਖਿਆ ਅਫਸਰ ਪਰਮਜੀਤ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਮੀਡੀਆ ਕਰਮੀਆਂ ਜ਼ਰੀਏ ਉਨ੍ਹਾਂ ਦੇ ਧਿਆਨ 'ਚ ਆਇਆ ਹੈ ਤੇ ਜਲਦ ਹੀ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰਕੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

# ਆਦੀਆਂ ਚੌਕ ਪੋਸਟ 'ਤੇ ਸ਼ਹੀਦ ਹੋਏ ਪੰਜਾਬ ਹੋਮਗਾਰਡ ਦੇ ਜਵਾਨ ਅਸ਼ੋਕ ਕੁਮਾਰ ਨਮਿੱਤ ਸ਼ਰਧਾਂਜਲੀ ਸਮਾਗਮ



ਧਾਰੀਵਾਲ/ਗੁਰਦਾਸਪੁਰ, 5 ਮਾਰਚ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਬੀਤੀ ਦਿਨੀਂ ਆਦੀਆਂ ਚੌਕ ਪੋਸਟ 'ਤੇ ਸ਼ਹੀਦ ਹੋਏ ਪੰਜਾਬ ਹੋਮਗਾਰਡ ਦੇ ਜਵਾਨ ਅਸ਼ੋਕ ਕੁਮਾਰ ਦੇ ਜੱਦੀ ਪਿੰਡ ਅਖਲਾਸਪੁਰ ਨੇੜੇ ਧਾਰੀਵਾਲ ਵਿਖੇ ਉਨ੍ਹਾਂ ਨਮਿੱਤ ਸ਼ਰਧਾਂਜਲੀ ਸਮਾਗਮ ਹੋਇਆ, ਜਿਸ ਵਿੱਚ ਪੰਜਾਬ ਪੁਲਿਸ ਦੇ ਏ.ਡੀ.ਜੀ.ਪੀ. ਪੰਜਾਬ, ਐਮਐਫ ਫਾਰੂਕੀ ਤੇ ਐਡ. ਜਗਰੂਪ ਸਿੰਘ ਸੇਖਵਾਂ ਸਮੇਤ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸ਼ਹੀਦ ਅਸ਼ੋਕ ਕੁਮਾਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਸ਼ਹੀਦ ਅਸ਼ੋਕ ਕੁਮਾਰ ਦੀ ਸ਼ਹਾਦਤ ਨੂੰ ਨਮਨ ਹੁੰਦਿਆਂ ਕਿਹਾ ਕਿ ਸ਼ਹੀਦ ਦੇਸ਼ ਦਾ ਕੀਮਤੀ ਸਰਮਾਇਆ ਹੁੰਦੇ ਹਨ, ਜੋ ਹਮੇਸ਼ਾ ਸਾਡੇ ਮਨਾਂ ਵਿੱਚ ਵਸਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸੁਰੱਖਿਆ ਫੋਰਸਾਂ ਨੇ ਹਮੇਸ਼ਾ ਸੂਬੇ ਤੇ ਦੇਸ਼ ਦੀ ਅਮਨ-ਸ਼ਾਂਤੀ ਲਈ ਹਿੱਕ ਡਾਹ ਕੇ ਦੁਸ਼ਮਣਾਂ ਦਾ ਟਾਕਰਾ ਕੀਤਾ ਹੈ ਤੇ ਕੁਰਬਾਨੀਆਂ ਦੇ ਕੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਰਕਰਾਰ ਰੱਖਿਆ ਹੈ। ਉਨ੍ਹਾਂ ਕਿਹਾ ਕਿ ਉਹ ਆਦੀਆਂ ਚੌਕ ਪੋਸਟ 'ਤੇ ਡਿਊਟੀ ਦੌਰਾਨ ਸ਼ਹੀਦ ਜਵਾਨ ਸ਼ਹੀਦ ਅਸ਼ੋਕ ਕੁਮਾਰ ਨੂੰ ਸਿਜਦਾ ਕਰਦੇ ਹਨ ਤੇ ਦੁੱਖ ਦੀ ਇਸ ਘੜੀ ਵਿੱਚ ਸ਼ਹੀਦ ਪਰਿਵਾਰ ਨਾਲ ਮੋਢੇ ਨਾਲ ਮੋਢਾ ਲਗਾ ਕੇ ਖੜ੍ਹੇ ਹਨ। ਇਸ ਮੌਕੇ ਹਲਕਾ ਇੰਚਾਰਜ ਕਾਦੀਆਂ ਐਡ. ਜਗਰੂਪ ਸਿੰਘ ਸੇਖਵਾਂ ਨੇ ਸ਼ਹੀਦ ਅਸ਼ੋਕ ਕੁਮਾਰ ਨੂੰ ਸ਼ਰਧਾ ਦੇ ਫੁੱਲ ਅਰਪਣ ਕਰਦਿਆਂ ਕਿਹਾ ਕਿ ਸ਼ਹੀਦ ਅਸ਼ੋਕ ਕੁਮਾਰ ਦੀ ਸ਼ਹਾਦਤ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਵੇਗਾ ਤੇ ਪੰਜਾਬ ਸਰਕਾਰ, ਸ਼ਹੀਦ ਪਰਿਵਾਰ ਦੇ ਦੁੱਖ ਵਿੱਚ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਭਗਵੰਤ ਸਿੰਘ ਮਾਨ ਸ਼ਹੀਦ ਅਸ਼ੋਕ ਕੁਮਾਰ ਦੇ ਪਰਿਵਾਰ ਨੂੰ ਖੁਦ ਮਿਲਣ ਆਉਣਗੇ। ਇਸ ਮੌਕੇ ਆਦਿਤਿਆ ਐਸਐਸਪੀ ਗੁਰਦਾਸਪੁਰ, ਚੇਅਰਮੈਨ ਵਜ਼ੀਰ ਸਿੰਘ ਲਾਲੀ, ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਦੇ ਜਨਰਲ ਸਕੱਤਰ ਕੁੰਵਰ ਰਵਿੰਦਰ ਸਿੰਘ ਵਿੱਕੀ, ਬਿਊਟੀ ਰੰਧਾਵਾ, ਵੱਖ-ਵੱਖ ਸ਼ਖ਼ਸੀਅਤਾਂ ਸਮੇਤ ਸ਼ਹੀਦ ਅਸ਼ੋਕ ਕੁਮਾਰ ਦੇ ਪਰਿਵਾਰਕ ਮੈਂਬਰ, ਰਿਸ਼ਤੇਦਾਰ, ਪਿੰਡ ਵਾਸੀ ਮੌਜੂਦ ਸਨ।

# ਚੋਲ੍ਹਾ ਸਾਹਿਬ ਦੇ ਮੇਲੇ ਨੂੰ ਮੁੱਖ ਰੱਖਦਿਆਂ ਸੈਂਟਰ ਸਕੂਲ ਨਬੀਪੁਰ ਵਿਖੇ ਅਧਿਆਪਕਾਂ ਨੂੰ ਬੂਟੇ ਵੰਡੇ



ਗੁਰਦਾਸਪੁਰ, 5 ਮਾਰਚ (ਸੰਧੂ/ਬਸਰਾ): ਚੋਲ੍ਹਾ ਸਾਹਿਬ ਦੇ ਮੇਲੇ ਨੂੰ ਮੁੱਖ ਰੱਖਦਿਆਂ ਹੋਇਆਂ ਸੈਂਟਰ ਮੁੱਖ ਅਧਿਆਪਕ ਨਾਨਕ ਸਿੰਘ ਵੱਲੋਂ ਆਪਣੇ ਸਕੂਲ ਵਿਖੇ ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਅਧਿਆਪਕਾਂ ਦੀ ਇੱਕ ਰੋਜ਼ਾ ਟ੍ਰੇਨਿੰਗ ਕਮ ਵਰਕਸ਼ਾਪ ਵਿੱਚ ਹਾਜ਼ਰ ਅਧਿਆਪਕਾਂ ਨੂੰ ਬੂਟੇ ਵੰਡੇ ਗਏ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਤੇ ਸੈਕੰਡਰੀ ਮੈਡਮ ਪਰਮਜੀਤ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਗੁਰਨਾਮ ਸਿੰਘ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਗੁਰਇੱਕਬਾਲ ਸਿੰਘ ਗੁਰਾਇਆ ਵੀ ਹਾਜ਼ਰ ਸਨ। ਸੈਂਟਰ ਮੁੱਖ ਅਧਿਆਪਕ ਨਾਨਕ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਜਿੱਥੇ ਚੋਲ੍ਹਾ ਸਾਹਿਬ ਦੇ ਸੰਘ ਮੇਲੇ ਦੇ ਸਬੰਧ ਵਿੱਚ ਸੰਗਤਾਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਖਾਣ-ਪੀਣ ਦੇ ਪਦਾਰਥਾਂ ਦੇ ਲੰਗਰ ਲਗਾਏ ਜਾਂਦੇ ਹਨ, ਉਥੇ ਹੀ ਉਨ੍ਹਾਂ ਵੱਲੋਂ ਨਿਵੇਕਲੀ ਪਹਿਲਕਦਮੀ ਕਰਦੇ ਹੋਏ ਇੱਕ ਕੋਸ਼ਿਸ਼ ਕੀਤੀ ਕਿ ਕਿਉਂ ਨਾ ਵਾਤਾਵਰਨ ਦੀ ਸਾਂਭ-ਸੰਭਾਲ ਨੂੰ ਮੁੱਖ ਰੱਖਦੇ ਹੋਏ ਰੁੱਖਾਂ ਦਾ ਲੰਗਰ ਲਗਾਇਆ ਜਾਵੇ। ਆਪਣੀ ਇਸ ਨਿਵੇਕਲੀ ਸੋਚ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਵੱਲੋਂ ਸਮੂਹ ਹਾਜ਼ਰ ਅਧਿਆਪਕਾਂ ਨੂੰ ਬੂਟੇ ਵੰਡੇ ਗਏ। ਇਸ ਮੌਕੇ ਬੀਆਰਸੀ ਹਰਦੀਪ ਸਿੰਘ, ਜਸਪਿੰਦਰ ਸਿੰਘ ਬਸਰਾ, ਸੀਐਚਟੀ ਹਰਪਾਲ ਸਿੰਘ, ਹਰਪ੍ਰੀਤ ਕੌਰ ਤੇ ਜਗਦੀਪ ਸਿੰਘ ਸੈਂਟਰ ਨਾਲ ਸਬੰਧਤ ਮੁੱਖ ਅਧਿਆਪਕ ਕੁਲਦੀਪ ਪੁਰੇਵਾਲ ਜਤਿੰਦਰ ਕੁਮਾਰ ਤੇ ਅਨਿਲ ਕੁਮਾਰ ਵੀ ਮੌਜੂਦ ਰਹੇ।

# ਅਗਨੀਵੀਰ ਭਰਤੀ ਰੈਲੀ 9 ਤੋਂ 18 ਤੱਕ ਸਰਕਾਰੀ ਕਾਲਜ ਵਿਖੇ ਹੋਵੇਗੀ

ਗੁਰਦਾਸਪੁਰ, 5 ਮਾਰਚ (ਜਗੀਰ ਸਿੰਘ ਮੰਡ/ਨਾਹਰ): ਭਾਰਤੀ ਫੌਜ ਭਰਤੀ ਦਫ਼ਤਰ, ਅੰਮ੍ਰਿਤਸਰ, ਜ਼ਿਲ੍ਹਾ ਪ੍ਰਸ਼ਾਸਨ



ਗੁਰਦਾਸਪੁਰ ਦੇ ਸਹਿਯੋਗ ਨਾਲ 9 ਤੋਂ 18 ਮਾਰਚ ਤੱਕ ਸਰਕਾਰੀ ਕਾਲਜ ਗੁਰਦਾਸਪੁਰ ਦੇ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਸਟੇਡੀਅਮ ਵਿਖੇ ਅਗਨੀਵੀਰ ਭਰਤੀ ਰੈਲੀ ਕਰਵਾ ਰਿਹਾ ਹੈ। ਇਸ ਭਰਤੀ ਰੈਲੀ ਵਿੱਚ ਅਗਨੀਵੀਰ ਜਨਰਲ ਡਿਊਟੀ, ਅਗਨੀਵੀਰ ਟੈਕਨੀਕਲ, ਅਗਨੀਵੀਰ ਕਲਰਕ/ਸਟੋਰ ਕੀਪਰ ਤੇ ਅਗਨੀਵੀਰ ਟਰੇਡਸਮੈਨ (10ਵੀਂ ਤੇ 8ਵੀਂ) ਦੀ ਭਰਤੀ ਕੀਤੀ ਜਾਵੇਗੀ। ਕਰਨਲ ਜੇਮਜ਼ ਜੈਕਬ, ਡਾਇਰੈਕਟਰ ਭਰਤੀ ਦਫ਼ਤਰ ਨੇ ਦੱਸਿਆ ਕਿ ਇਸ ਗੁਰਦਾਸਪੁਰ ਭਰਤੀ ਰੈਲੀ ਵਿੱਚ ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ ਤੇ ਪਠਾਨਕੋਟ ਦੇ ਉਮੀਦਵਾਰਾਂ ਦੀ ਸਰੀਰਕ ਤੰਦਰੁਸਤੀ, ਮੈਡੀਕਲ ਤੰਦਰੁਸਤੀ ਦੇ ਨਾਲ-ਨਾਲ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਇਸ ਭਰਤੀ ਰੈਲੀ ਵਿੱਚ ਭਾਰਤੀ ਫੌਜ ਨੂੰ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ ਤਾਂ ਜੋ ਵੱਧ ਤੋਂ ਵੱਧ ਨੌਜਵਾਨ ਇਸ ਭਰਤੀ ਰੈਲੀ ਵਿੱਚ ਪਹੁੰਚ ਸਕਣ ਤੇ ਭਰਤੀ ਹੋ ਕੇ ਆਪਣੇ ਦੇਸ਼ ਦੀ ਸੇਵਾ ਕਰ ਸਕਣ। ਇਸ ਮੌਕੇ ਸੂਬੇਦਾਰ ਮੇਜਰ ਸੰਜੇ ਤੇ ਸੂਬੇਦਾਰ ਪ੍ਰਵੀਨ ਵੀ ਮੌਜੂਦ ਸਨ।

# ਪਿੰਡ ਘਗਵਾਲ 'ਚ ਸਾਬਕਾ ਵਿਧਾਇਕ ਅਰੁਣ ਮਿੱਕੀ ਡੋਗਰਾ ਨੇ ਪਹੁੰਚ ਕੇ ਲੋਕਾਂ ਨਾਲ ਮੁਲਾਕਾਤ ਕੀਤੀ

ਤਲਵਾੜਾ, 5 ਮਾਰਚ (ਜਗਮੋਹਨ ਸ਼ਰਮਾ): ਤਲਵਾੜਾ ਇਲਾਕੇ ਦੇ ਪਿੰਡ ਘਗਵਾਲ ਵਿੱਚ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਅਰੁਣ ਮਿੱਕੀ ਡੋਗਰਾ ਪਹੁੰਚੇ, ਜਿੱਥੇ ਉਨ੍ਹਾਂ ਦਾ ਸਥਾਨਕ ਲੋਕਾਂ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਪਿੰਡ ਵਾਸੀਆਂ ਨਾਲ ਮਿਲ ਕੇ ਇਲਾਕੇ ਦੀਆਂ ਵੱਖ-ਵੱਖ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਤੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਧਿਆਨ ਨਾਲ ਸੁਣੀਆਂ। ਇਸ ਮੌਕੇ ਗੱਲਬਾਤ ਕਰਦੇ ਹੋਏ ਅਰੁਣ ਮਿੱਕੀ ਡੋਗਰਾ ਨੇ ਸਰਕਾਰ 'ਤੇ ਨਿਸ਼ਾਨੇ ਸਾਧਦੇ ਹੋਏ ਕਿਹਾ ਕਿ ਮੌਜੂਦਾ ਸਰਕਾਰ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਵਿਕਾਸ



ਤੇ ਸੁਵਿਧਾਵਾਂ ਦੇ ਵੱਡੇ ਵਾਅਦੇ ਕੀਤੇ ਗਏ ਸਨ, ਪਰ ਹਕੀਕਤ ਵਿੱਚ ਲੋਕ ਅੱਜ ਵੀ ਬੁਨਿਆਦੀ ਸਮੱਸਿਆਵਾਂ ਨਾਲ ਜੂਝ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ, ਨੌਜਵਾਨਾਂ ਤੇ ਆਮ ਵਰਗ ਦੇ ਲੋਕਾਂ ਨੂੰ ਅੱਜ ਵੀ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਲੋਕਾਂ ਦੇ ਹੱਕਾਂ ਲਈ ਆਵਾਜ਼ ਉਠਾਉਂਦੀ ਰਹੀ ਹੈ ਤੇ ਅਗਲੇ ਸਮੇਂ ਵਿੱਚ ਵੀ ਲੋਕਾਂ ਦੇ ਹਿੱਤਾਂ ਦੀ ਰੱਖਿਆ ਲਈ ਸੰਘਰਸ਼ ਜਾਰੀ ਰੱਖੇਗੀ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਹੱਕਾਂ ਲਈ ਇਕੱਠੇ ਹੋ ਕੇ ਆਵਾਜ਼ ਬੁਲੰਦ ਕਰਨ। ਇਸ ਮੌਕੇ ਸਾਬਕਾ ਸਰਪੰਚ ਬਾਵਾ, ਮਨਮੋਹਣ ਸਿੰਘ, ਰਵਿੰਦਰ ਸਿੰਘ, ਬ੍ਰਹਮਦਾਸ ਸਿੰਘ ਸਮੇਤ ਹੋਰ ਕਈ ਪਿੰਡ ਵਾਸੀ ਤੇ ਕਾਂਗਰਸ ਪਾਰਟੀ ਦੇ ਵਰਕਰ ਵੀ ਮੌਜੂਦ ਸਨ, ਜਿਨ੍ਹਾਂ ਨੇ ਇਲਾਕੇ ਦੇ ਵਿਕਾਸ ਤੇ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਆਪਣੀਆਂ ਗੱਲਾਂ ਸਾਬਕਾ ਵਿਧਾਇਕ ਨਾਲ ਸਾਂਝੀਆਂ ਕੀਤੀਆਂ।

# ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਤਹਿਤ ਮੁਫ਼ਤ ਟ੍ਰੇਨਿੰਗ

## ☛ਨੌਜਵਾਨ ਲੜਕੇ ਤੇ ਲੜਕੀਆਂ ਨੂੰ ਅੱਗੇ ਆਉਣ ਦੀ ਅਪੀਲ

ਹੁਸ਼ਿਆਰਪੁਰ, 5 ਮਾਰਚ : ਦੀਪਕ ਅਗਨੀਹੋਤਰੀ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ ਨੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਰੁਜ਼ਗਾਰ ਦਫਤਰ (ਮਲਟੀ ਸਕਿੱਲ ਡਿਵੈਂਪਲਮੈਂਟ ਸੈਂਟਰ) ਹੁਸਿਆਰਪੁਰ ਵਿਖੇ ਸ਼ੁਰੂ ਹੋ ਰਹੇ ਕੋਰਸ ਸੋਲਰ ਪੈਨਲ ਇੰਸਟਾਲੇਸ਼ਨ ਟੈਕਨੀਸ਼ੀਅਨ ਕੋਰਸ ਦਾ ਵੱਧ ਤੋਂ ਵੱਧ ਲਾਭ ਉਠਾਉਣ। ਉਨ੍ਹਾਂ ਕਿਹਾ ਕਿ ਇਹ ਕੋਰਸ ਨੌਜਵਾਨਾਂ ਨੂੰ ਸਵੈ—ਰੁਜ਼ਗਾਰ ਅਤੇ ਨਿੱਜੀ ਖੇਤਰ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਪ੍ਰਦਾਨ ਕਰੇਗਾ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਸਿਆਰਪੁਰ ਜ਼ਿਲ੍ਹੇ ਦੇ ਨਾਲ—ਨਾਲ ਪੰਜਾਬ ਦੇ ਕਿਸੇ ਵੀ ਹੋਰ ਜ਼ਿਲ੍ਹੇ ਨਾਲ ਸਬੰਧਤ ਨੌਜਵਾਨ ਇਸ ਕੋਰਸ ਵਿਚ ਦਾਖਲਾ ਲੈ ਸਕਦੇ ਹਨ। ਦਾਖਲੇ ਲਈ ਉਮੀਦਵਾਰ ਸਥਾਨਕ ਜ਼ਿਲ੍ਹਾ ਰੁਜ਼ਗਾਰ ਦਫਤਰ ਦੇ ਪੰਜਾਬ ਸਕਿੱਲ ਡਿਵੈਂਪਲਮੈਂਟ ਦੇ ਜ਼ਿਲਾ ਪ੍ਰੋਗਰਾਮ ਮੈਨੇਜਮੈਂਟ ਯੂਨਿਟ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜਿਹੜੇ ਨੌਜਵਾਨ ਲੜਕੇ / ਲੜਕੀਆਂ ਜਿੰਨਾ ਦੀ ਉਮਰ 18 ਤੋਂ 45 ਸਾਲ ਤੱਕ ਹੈ। ਜਿਲਾ ਰੁਜਗਾਰ ਦਫਤਰ (ਮਲਟੀ ਸਕਿੱਲਡਿਵੈਂਪਲਮੈਂਟ ਸੈਂਟਰ) ਹੁਸਿਆਰਪੁਰ ਨਾਲ ਦੇ ਇਲਾਕਿਆਂ ਨਾਲ ਸੰਬਧਿਤ ਹਨ, ਉਹ ਸਿੱਧੇ ਤੌਰ ਤੇ ਮਿਲ ਕੇ ਦਾਖਲਾ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਹ ਕੋਰਸ ਪ੍ਰਧਾਨ ਮੰਤਰੀ ਸਕੀਮ ਅਧੀਨ ਪੰਜਾਬ ਸਕਿੱਲ ਡਿਵੈਂਪਲਮੈਂਟ ਮਿਸ਼ਨ ਵੱਲੋਂ ਬਿਲਕੁਲ ਮੁਫਤ ਕਰਵਾਇਆ ਜਾ ਰਿਹਾ ਹੈ। ਟਰੇਨਿੰਗ ਦੌਰਾਨ ਨੌਜਵਾਨਾਂ ਨੂੰ ਮੁਫਤ ਕਿਤਾਬਾਂ, ਮੁਫਤ, ਵਰਦੀ ਸਮੇਤ ਸਾਰੀਆਂ ਲੋੜੀਂਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ, ਟ੍ਰੇਨਿੰਗ ਉਪਰੰਤ ਸਰਕਾਰੀ ਸਰਟੀਫਿਕੇਟ ਵੀ ਦਿੱਤਾ ਜਾਵੇਗਾ।

# ਹਿਸਟਰੀ-ਸ਼ੀਟਰ ਨੇ ਪਤਨੀ 'ਤੇ ਚਲਾਈਆਂ 8 ਗੋਲੀਆਂ, ਮੌਤ

ਝੱਜਰ, 5 ਮਾਰਚ (ਚ.ਨ.ਸ): ਹਰਿਆਣਾ ਦੇ ਝੱਜਰ ਜ਼ਿਲ੍ਹੇ ਦੇ ਪਿੰਡ ਬੀਰਧਾਨਾ ਵਿੱਚ ਇੱਕ ਬੇਹੱਦ ਦਿਲ ਕੰਬਾਉਣ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਹਿਸਟਰੀ-ਸ਼ੀਟਰ ਵਿਅਕਤੀ ਨੇ ਘਰੇਲੂ ਕਲੇਸ਼ ਦੇ ਚੱਲਦਿਆਂ ਆਪਣੀ ਪਤਨੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਮੁਲਜ਼ਮ ਨੇ ਆਪਣੀ ਪਤਨੀ 'ਤੇ ਇੱਕ ਤੋਂ ਬਾਅਦ ਇੱਕ 8 ਗੋਲੀਆਂ ਚਲਾਈਆਂ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਫਰਾਰ ਹੋਣ ਵਿੱਚ ਕਾਮਯਾਬ ਰਿਹਾ। ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ ਮੁਲਜ਼ਮ ਦੀ ਪਛਾਣ ਸੰਜੇ ਵਜੋਂ ਹੋਈ ਹੈ, ਜੋ ਕਿ ਪਹਿਲਾਂ ਹੀ ਕਈ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਰਿਹਾ ਹੈ। ਸਹਾਇਕ ਪੁਲਿਸ ਕਮਿਸ਼ਨਰ ਅਨਿਲ ਕੁਮਾਰ ਨੇ ਦੱਸਿਆ ਕਿ ਬੀਤੀ ਰਾਤ ਨੂੰ ਸੰਜੇ ਦਾ ਆਪਣੀ ਪਤਨੀ ਅੰਜਲੀ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਹੋਇਆ ਸੀ। ਇਹ ਵਿਵਾਦ ਇੰਨਾ ਵੱਧ ਗਿਆ ਕਿ ਸੰਜੇ ਨੇ ਘਰ ਦੇ ਬਾਹਰ ਹੀ ਅੰਜਲੀ 'ਤੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ।ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਤੇ ਫੋਰੈਂਸਿਕ ਟੀਮ ਨੇ ਮੌਕੇ 'ਤੇ ਪਹੁੰਚ ਕੇ ਸਬੂਤ ਇਕੱਠੇ ਕੀਤੇ। ਪੁਲਿਸ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲ ਰਹੀ ਹੈ ਤਾਂ ਜੋ ਮੁਲਜ਼ਮ ਦੇ ਫਰਾਰ ਹੋਣ ਦੇ ਰਸਤੇ ਤੇ ਘਟਨਾ ਦੇ ਸਹੀ ਕ੍ਰਮ ਦਾ ਪਤਾ ਲਗਾਇਆ ਜਾ ਸਕੇ। ਜ਼ਿਕਰਯੋਗ ਹੈ ਕਿ ਮੁਲਜ਼ਮ ਸੰਜੇ ਖ਼ਿਲਾਫ਼ ਪਹਿਲਾਂ ਹੀ ਤਿੰਨ ਸੰਗੀਨ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚੋਂ ਇੱਕ ਕਤਲ ਦਾ ਮਾਮਲਾ ਵੀ ਸ਼ਾਮਲ ਹੈ। ਏਸੀਪੀ ਅਨਿਲ ਕੁਮਾਰ ਨੇ ਦੱਸਿਆ ਕਿ ਇਸ ਤਾਜ਼ਾ ਵਾਰਦਾਤ ਤੋਂ ਬਾਅਦ ਸੰਜੇ ਖ਼ਿਲਾਫ਼ ਕਤਲ ਦਾ ਇੱਕ ਹੋਰ ਮਾਮਲਾ ਦਰਜ ਕਰ ਲਿਆ ਗਿਆ ਹੈ। ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਸੀਆਈਏ ਤੇ ਸਪੈਸ਼ਲ ਸਟਾਫ਼ ਸਮੇਤ ਪੁਲਿਸ ਦੀਆਂ ਕਈ ਟੀਮਾਂ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰ ਰਹੀਆਂ ਹਨ।

# ਪੁਲਿਸ ਦੀ ਭਾਰੀ ਨਫ਼ਰੀ ਦੇ ਬਾਵਜੂਦ ਸਵਾਂ ਨਦੀ 'ਚ ਮਾਈਨਿੰਗ ਮਾਫੀਆ ਦਾ ਕਬਜ਼ਾ

ਸ੍ਰੀ ਅਨੰਦਪੁਰ ਸਾਹਿਬ, 5 ਮਾਰਚ (ਚ.ਨ.ਸ): ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਜਿੱਥੇ ਹੋਲਾ-ਮਹੱਲਾ ਦੇ ਸਾਲਾਨਾ ਜੋੜ ਮੇਲੇ ਕਾਰਨ ਚਾਰੇ ਪਾਸੇ ਪੁਲਿਸ ਦਾ ਸਖ਼ਤ ਪਹਿਰਾ ਹੈ, ਉੱਥੇ ਹੀ ਨਾਜਾਇਜ਼ ਮਾਈਨਿੰਗ ਦਾ ਕਾਲਾ ਕਾਰੋਬਾਰ ਬਿਨਾਂ ਕਿਸੇ ਡਰ ਦੇ ਜਾਰੀ ਹੈ। ਤਾਜ਼ਾ ਰਿਪੋਰਟਾਂ ਅਨੁਸਾਰ, ਸਵਾਂ ਨਦੀ ਦੇ ਪੱਤਣਾਂ 'ਤੇ ਰਾਤ ਦੇ ਹਨ੍ਹੇਰੇ ਵਿੱਚ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਖੁਦਾਈ ਕੀਤੀ ਜਾ ਰਹੀ ਹੈ। ਇਹ ਸਭ ਕੁਝ ਉਸ ਸਮੇਂ ਹੋ ਰਿਹਾ ਹੈ ਜਦੋਂ ਪੂਰੇ ਇਲਾਕੇ ਵਿੱਚ ਸੁਰੱਖਿਆ ਦੇ ਮੱਦੇਨਜ਼ਰ ਹਜ਼ਾਰਾਂ ਦੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਤਾਇਨਾਤ ਹਨ ਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਮਾਈਨਿੰਗ 'ਤੇ ਸਖ਼ਤ ਪਾਬੰਦੀ ਲਗਾਈ ਹੋਈ ਹੈ। ਇਲਾਕੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਤੇ ਸ਼ਰਧਾਲੂਆਂ ਦੀ ਸੁਰੱਖਿਆ ਲਈ ਲਗਭਗ 4,500 ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਇੰਨੀ ਵੱਡੀ ਗਿਣਤੀ ਵਿੱਚ ਫੋਰਸ ਦੀ ਮੌਜੂਦਗੀ ਦੇ ਬਾਵਜੂਦ ਮਾਈਨਿੰਗ ਮਾਫੀਆ ਵੱਲੋਂ ਰਾਤ ਵੇਲੇ ਨਦੀ ਦਾ ਸੀਨਾ ਚੀਰਨਾ ਪ੍ਰਸ਼ਾਸਨਿਕ ਚੌਕਸੀ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਇਹ ਨਾਜਾਇਜ਼ ਕਾਰੋਬਾਰ ਕਥਿਤ ਤੌਰ 'ਤੇ ਉਚ ਅਧਿਕਾਰੀਆਂ ਤੇ ਸਿਆਸੀ ਸਰਪ੍ਰਸਤੀ ਦੀ ਮਿਲੀਭੁਗਤ ਨਾਲ ਚੱਲ ਰਿਹਾ ਹੈ, ਕਿਉਂਕਿ ਇੰਨੀ ਵੱਡੀ ਮਸ਼ੀਨਰੀ ਦੀ ਹਲਚਲ ਪੁਲਿਸ ਦੀਆਂ ਨਜ਼ਰਾਂ ਤੋਂ ਓਹਲੇ ਹੋਣਾ ਲਗਭਗ ਅਸੰਭਵ ਹੈ।ਨਦੀ ਦੇ ਵੱਖ-ਵੱਖ ਪੁਆਇੰਟਾਂ 'ਤੇ ਲਗਭਗ 16 ਭਾਰੀ ਮਸ਼ੀਨਾਂ, ਜਿਨ੍ਹਾਂ ਵਿੱਚ ਆਧੁਨਿਕ ਜੇ.ਸੀ.ਬੀ. ਤੇ ਪੋਕਲੇਨ ਮਸ਼ੀਨਾਂ ਸ਼ਾਮਲ ਹਨ, ਨਦੀ ਵਿੱਚੋਂ ਰੇਤ ਤੇ ਬੱਜਰੀ ਕੱਢਣ ਵਿੱਚ ਜੁਟੀਆਂ ਹੋਈਆਂ ਸਨ। ਇਨ੍ਹਾਂ ਮਸ਼ੀਨਾਂ ਰਾਹੀਂ ਕੱਢਿਆ ਗਿਆ ਮਾਲ ਮੌਕੇ 'ਤੇ ਖੜ੍ਹੇ ਦਰਜਨਾਂ ਟਿੱਪਰਾਂ ਵਿੱਚ ਲੱਦਿਆ ਜਾ ਰਿਹਾ ਸੀ। ਇਨ੍ਹਾਂ ਵਾਹਨਾਂ ਰਾਹੀਂ ਰੇਤ-ਬੱਜਰੀ ਨੂੰ ਗੁਆਂਢੀ ਰਾਜਾਂ ਤੇ ਸਥਾਨਕ ਸਟੋਨ ਕਰੱਸ਼ਰਾਂ ਤੱਕ ਪਹੁੰਚਾਇਆ ਜਾਂਦਾ ਹੈ। ਸਥਾਨਕ ਵਸਨੀਕਾਂ ਅਨੁਸਾਰ, ਸਟੋਨ ਕਰੱਸ਼ਰਾਂ ਦੀ ਚੱਲਣ ਦੀ ਆਵਾਜ਼ ਸਾਰੀ ਰਾਤ ਗੂੰਜਦੀ ਰਹਿੰਦੀ ਹੈ, ਪਰ ਕੋਈ ਵੀ ਸਰਕਾਰੀ ਵਿਭਾਗ ਕਾਰਵਾਈ ਕਰਨ ਦੀ ਹਿੰਮਤ ਨਹੀਂ ਦਿਖਾ ਰਿਹਾ।ਵਾਤਾਵਰਨ ਮਾਹਿਰਾਂ ਤੇ ਮਾਈਨਿੰਗ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਨਦੀਆਂ ਵਿੱਚੋਂ ਬਿਨਾਂ ਰੋਕ-ਟੋਕ ਖੁਦਾਈ ਕਰਨ ਨਾਲ ਭਵਿੱਖ ਵਿੱਚ ਭਿਆਨਕ ਨਤੀਜੇ ਨਿਕਲ ਸਕਦੇ ਹਨ। ਇਸ ਨਾਲ ਸਭ ਤੋਂ ਵੱਡਾ ਨੁਕਸਾਨ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਹੋ ਰਿਹਾ ਹੈ, ਜੋ ਲਗਾਤਾਰ ਡਿੱਗਦਾ ਜਾ ਰਿਹਾ ਹੈ।



# ਦੇਸ਼ ਭਗਤ ਯੂਨੀਵਰਸਿਟੀ ਵਿਖੇ ਉਤਸ਼ਾਹ ਨਾਲ ਹੋਲੀ ਸਨੇਹ ਮਿਲਣ ਸਮਾਰੋਹ ਮਨਾਇਆ

ਮੰਡੀ ਗੋਬਿੰਦਗੜ੍ਹ, 5 ਮਾਰਚ (ਅੰਮ੍ਰਿਤਪਾਲ ਸਿੰਘ/ਸੂਦ): ਮਹਿਲਾ ਸ਼ਿਕਾਇਤ ਨਿਵਾਰਣ ਸੈਲ, ਅੰਦਰੂਨੀ ਸ਼ਿਕਾਇਤ ਕਮੇਟੀ (ਆਈ.ਸੀ.ਸੀ.) ਨੇ ਹਰਾ ਪੰਜਾਬ ਖਰਾ ਸਮਾਜ, ਐਨ.ਐਸ.ਐਸ. ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਗਰਲਜ਼ ਹੋਸਟਲ ਦੇ ਸਹਿਯੋਗ ਨਾਲ ਮਾਤਾ ਗੁਜਰੀ ਗਰਲਜ਼ ਹੋਸਟਲ ਵਿਖੇ ਹੋਲੀ ਮੌਕੇ 'ਹੋਲੀ ਸਨੇਹ ਮਿਲਣ ਸਮਾਰੋਹ' ਕਰਵਾਇਆ। ਇਸ ਮੌਕੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਬੋਲਦਿਆਂ ਉਨ੍ਹਾਂ ਯੂਨੀਵਰਸਿਟੀ ਨੂੰ 'ਮਿੰਨੀ ਭਾਰਤ' ਦਾ ਸੱਚਾ ਪ੍ਰਤੀਕ ਦੱਸਿਆ ਜਿੱਥੇ ਜੰਮੂ ਤੇ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਦੇ ਵਿਦਿਆਰਥੀ ਏਕਤਾ ਤੇ ਭਾਈਚਾਰੇ ਵਿੱਚ ਇਕੱਠੇ ਰਹਿੰਦੇ, ਪੜ੍ਹਦੇ ਤੇ ਵਧਦੇ-ਫੁੱਲਦੇ ਹਨ। ਮਹਿਲਾ ਸ਼ਿਕਾਇਤ ਨਿਵਾਰਣ ਸੈਲ, ਆਈਸੀਸੀ ਦੀ ਚੇਅਰਪਰਸਨ ਡਾ. ਪ੍ਰਿਸ਼ੀਅਸ ਸ਼ੇਰੋਨ ਨੇ ਸਮਾਜ ਵਿੱਚ ਔਰਤਾਂ ਦੀ ਸ਼ਕਤੀਸ਼ਾਲੀ ਪਛਾਣ ਤੇ ਰਾਸ਼ਟਰ ਨਿਰਮਾਣ, ਲੀਡਰਸ਼ਿਪ ਤੇ ਸਮਾਜਿਕ ਪਰਿਵਰਤਨ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਚਾਨਣਾ ਪਾਇਆ। ਪ੍ਰੋਗਰਾਮ ਡਾ. ਆਰਤੀ ਮੈਂਬਰ ਸਕੱਤਰ ਮਹਿਲਾ ਸ਼ਿਕਾਇਤ ਨਿਵਾਰਣ ਸੈਲ ਤੇ ਫੈਕਲਟੀ ਇੰਚਾਰਜ ਦੇ ਯਤਨਾਂ ਹੇਠ ਮੁਕੰਮਲ ਹੋਇਆ, ਜਿਸ ਵਿੱਚ ਫੈਕਲਟੀ ਤੇ ਵਿਦਿਆਰਥੀ ਸ਼ਾਮਲ ਹੋਏ ਜਿਨ੍ਹਾਂ ਦੇ ਟੀਮ ਵਰਕ ਨੇ ਇੱਕ ਯਾਦਗਾਰੀ ਤੇ ਸੁਚੱਜੇ ਢੰਗ ਨਾਲ ਤਾਲਮੇਲ ਵਾਲੇ ਪ੍ਰੋਗਰਾਮ ਨੂੰ ਯਕੀਨੀ ਬਣਾਇਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।



# ਅੱਜ ਤੋਂ ਸਜੇਗਾ 'ਪੰਜਾਬ ਸਖੀ ਸ਼ਕਤੀ ਮੇਲਾ'

## ☛ਏ.ਡੀ.ਸੀ.ਨੇ ਮੀਟਿੰਗ ਕਰਕੇ ਮੇਲੇ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ



ਫਿਰੋਜ਼ਪੁਰ, 5 ਮਾਰਚ (ਤਿਵਾੜੀ): ਮਹਿਲਾ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ 'ਰੈਂਪ' (ਆਰ.ਏ.ਐਮ.ਪੀ.) ਸਕੀਮ ਅਧੀਨ 6 ਤੋਂ 8 ਮਾਰਚ ਤੱਕ ਜ਼ਿਲ੍ਹਾ ਪੱਧਰੀ 'ਪੰਜਾਬ ਸਖੀ ਸ਼ਕਤੀ ਮੇਲਾ' ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਮੇਲਾ ਗਰਾਊਂਡ ਨੇੜੇ ਸ਼ੀਤਲਾ ਮਾਤਾ ਮੰਦਰ, ਫਿਰੋਜ਼ਪੁਰ ਛਾਉਣੀ ਵਿਖੇ ਲਗਾਇਆ ਜਾਵੇਗਾ। ਇਹ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਵਿ) ਕ੍ਰਿਸ਼ਨਾ ਪਾਲ ਰਾਜਪੂਤ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੇਲੇ ਦੀਆਂ ਅਗਾਊਂ ਤਿਆਰੀਆਂ ਸਬੰਧੀ ਮੀਟਿੰਗ ਕਰਨ ਮੌਕੇ ਕੀਤਾ। ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਦੀ ਅਗਵਾਈ ਹੇਠ ਹੋ ਰਹੇ ਇਸ ਮੇਲੇ ਬਾਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕ੍ਰਿਸ਼ਨਾ ਪਾਲ ਰਾਜਪੂਤ ਨੇ ਦੱਸਿਆ ਕਿ ਮੇਲੇ ਵਿੱਚ ਮਹਿਲਾਵਾਂ ਦੁਆਰਾ ਤਿਆਰ ਕੀਤੇ ਉਤਪਾਦਾਂ ਦੀ ਪ੍ਰਦਰਸ਼ਨੀ ਲਈ ਵਿਸ਼ੇਸ਼ ਸਟਾਲ ਲਗਾਏ ਜਾਣਗੇ, ਜਿਨ੍ਹਾਂ ਰਾਹੀਂ ਉਨ੍ਹਾਂ ਨੂੰ ਆਪਣੀ ਕਾਬਲੀਅਤ ਦਰਸਾਉਣ ਦਾ ਸੁਨੇਹਰਾ ਮੌਕਾ ਮਿਲੇਗਾ। ਉਨ੍ਹਾਂ ਦੱਸਿਆ ਕਿ ਇਸ ਮੇਲੇ ਦਾ ਮੁੱਖ ਉਦੇਸ਼ ਮਹਿਲਾ ਉਦਮੀਆਂ, ਸਵੈ-ਸਹਾਇਤਾ ਸਮੂਹਾਂ ਤੇ ਸੂਖਮ ਉਦਯੋਗਾਂ ਨੂੰ ਇੱਕ ਮਜ਼ਬੂਤ ਵਪਾਰਕ ਮੰਚ ਪ੍ਰਦਾਨ ਕਰਨਾ ਹੈ।ਇਸ ਮੇਲੇ ਵਿੱਚ ਵਪਾਰਕ ਗਤੀਵਿਧੀਆਂ ਦੇ ਨਾਲ-ਨਾਲ ਲੋਕਾਂ ਦੇ ਮਨੋਰੰਜਨ ਲਈ ਵਿਸ਼ੇਸ਼ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਏ ਜਾਣਗੇ। ਮੇਲੇ ਵਿੱਚ ਗਿੱਧਾ, ਭੰਗੜਾ ਤੇ ਪ੍ਰਸਿੱਧ ਗਾਇਕ ਤੇ ਨੋਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ ਦੀਆਂ ਪੇਸ਼ਕਾਰੀਆਂ ਖਿੱਚ ਦਾ ਕੇਂਦਰ ਹੋਣਗੀਆਂ। ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਤੇ ਆਪਸੀ ਤਾਲਮੇਲ ਨਾਲ ਇਸ ਮੇਲੇ ਨੂੰ ਸਫਲ ਬਣਾਉਣ ਵਿੱਚ ਯੋਗਦਾਨ ਪਾਉਣ।ਵਧੀਕ ਡਿਪਟੀ ਕਮਿਸ਼ਨਰ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਮੇਲੇ ਵਿੱਚ ਸ਼ਿਰਕਤ ਕਰਕੇ ਮਹਿਲਾ ਸ਼ਕਤੀ ਦਾ ਹੌਸਲਾ ਵਧਾਉਣ। ਮੀਟਿੰਗ ਵਿੱਚ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਡਾ. ਸਤਿੰਦਰ ਸਿੰਘ, ਸੁਖਰਾਜ ਸਿੰਘ ਐਫਐਮ ਇੰਡਸਟਰੀਜ਼, ਐਸਡੀਓ ਸਿਮਰਨ ਕੌਰ ਸਮੇਤ ਵੱਖ-ਵੱਖ ਵਿਭਾਗਾਂ ਤੇ ਕਾਲਜਾਂ ਦੇ ਅਧਿਕਾਰੀ ਸ਼ਾਮਲ ਸਨ।

# ਪੱਛਮੀ ਏਸ਼ੀਆ 'ਚ ਜੰਗ ਦੇ ਬਾਵਜੂਦ ਭਾਰਤ ਕੋਲ ਊਰਜਾ ਦੇ ਪੁਖ਼ਤਾ ਭੰਡਾਰ

## ☛ਨਹੀਂ ਹੋਣ ਦਿੱਤੀ ਜਾਵੇਗੀ ਕਿੱਲਤ: ਤੇਲ ਮੰਤਰੀ

ਨਵੀਂ ਦਿੱਲੀ, 5 ਮਾਰਚ (ਚ.ਨ.ਸ): ਪੱਛਮੀ ਏਸ਼ੀਆ ਵਿੱਚ ਇਜ਼ਰਾਈਲ, ਅਮਰੀਕਾ ਤੇ ਈਰਾਨ ਦਰਮਿਆਨ ਵੱਧਦੇ ਤਣਾਅ ਤੇ ਜੰਗ ਵਰਗੇ ਹਾਲਾਤਾਂ ਦੇ ਵਿਚਕਾਰ ਭਾਰਤ ਸਰਕਾਰ ਨੇ ਦੇਸ਼ ਵਾਸੀਆਂ ਨੂੰ ਵੱਡੀ ਰਾਹਤ ਦਿੱਤੀ ਹੈ। ਕੇਂਦਰੀ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਭਰੋਸਾ ਦਿਵਾਇਆ ਹੈ ਕਿ ਭਾਰਤ ਕੋਲ ਕੱਚੇ ਤੇਲ ਤੇ ਰਸੋਈ ਗੈਸ ਦੇ ਲੋੜੀਂਦੇ ਭੰਡਾਰ ਮੌਜੂਦ ਹਨ। ਸਰਕਾਰ ਅਨੁਸਾਰ ਅੰਤਰਰਾਸ਼ਟਰੀ ਪੱਧਰ 'ਤੇ ਤੇਲ ਦੀ ਸਪਲਾਈ ਵਿੱਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਨਾਲ ਨਜਿੱਠਣ ਲਈ ਭਾਰਤ ਪੂਰੀ ਤਰ੍ਹਾਂ ਤਿਆਰ ਹੈ ਤੇ ਆਮ ਜਨਤਾ ਨੂੰ ਪੈਟਰੋਲ-ਡੀਜ਼ਲ ਜਾਂ ਗੈਸ ਦੀ ਘਾਟ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਮੀਡੀਆ ਨਾਲ ਗੱਲਬਾਤ ਕਰਦਿਆਂ ਕੇਂਦਰੀ ਮੰਤਰੀ ਨੇ ਸਪੱਸ਼ਟ ਕੀਤਾ ਕਿ ਦੇਸ਼ ਵਿੱਚ ਇਸ ਸਮੇਂ ਲਗਭਗ 25 ਦਿਨਾਂ ਦਾ ਕੱਚੇ ਤੇਲ ਦਾ ਸਟਾਕ ਮੌਜੂਦ ਹੈ। ਇਸ ਤੋਂ ਇਲਾਵਾ ਪੈਟਰੋਲ, ਡੀਜ਼ਲ ਤੇ ਹੋਰ ਈਂਧਨਾਂ ਦਾ ਵੀ ਅਗਲੇ 25 ਦਿਨਾਂ ਲਈ ਵੱਖਰਾ ਭੰਡਾਰ ਰੱਖਿਆ ਗਿਆ ਹੈ। ਜੇਕਰ ਦੇਸ਼ ਦੇ ਰਣਨੀਤਕ ਪੈਟਰੋਲੀਅਮ ਭੰਡਾਰਾਂ ਨੂੰ ਵੀ ਜੋੜ ਲਿਆ ਜਾਵੇ ਤਾਂ ਭਾਰਤ ਕੋਲ ਕੁੱਲ 8 ਹਫ਼ਤਿਆਂ (ਲਗਭਗ 50-60 ਦਿਨ) ਦਾ ਈਂਧਨ ਮੌਜੂਦ ਹੈ। ਸਰਕਾਰ ਵੱਲੋਂ ਸਥਿਤੀ 'ਤੇ 24 ਘੰਟੇ ਨਜ਼ਰ ਰੱਖਣ ਲਈ ਇੱਕ ਕੰਟਰੋਲ ਰੂਮ ਵੀ ਸਥਾਪਤ ਕੀਤਾ ਗਿਆ ਹੈ। ਜੰਗ ਕਾਰਨ ਹੋਰਮੂਜ਼ ਜਲਡਮਰੂ ਵਰਗੇ ਅਹਿਮ ਸਮੁੰਦਰੀ ਰਸਤਿਆਂ 'ਤੇ ਪਏ ਪ੍ਰਭਾਵ ਬਾਰੇ ਗੱਲ ਕਰਦਿਆਂ ਮੰਤਰੀ ਨੇ ਕਿਹਾ ਕਿ ਭਾਰਤ ਨੇ ਪਿਛਲੇ ਕੁਝ ਸਾਲਾਂ ਵਿੱਚ ਆਪਣੇ ਤੇਲ ਸਰੋਤਾਂ ਵਿੱਚ ਕਾਫੀ ਵਿਭਿੰਨਤਾ ਲਿਆਂਦੀ ਹੈ। ਹੁਣ ਭਾਰਤ ਦੀ ਕੁੱਲ ਤੇਲ ਦਰਾਮਦ ਦਾ ਸਿਰਫ਼ 40 ਫੀਸਦੀ ਹਿੱਸਾ ਹੀ ਇਸ ਰਸਤੇ ਰਾਹੀਂ ਆਉਂਦਾ ਹੈ, ਜਦੋਂ ਕਿ ਬਾਕੀ 60 ਫੀਸਦੀ ਤੇਲ ਰੂਸ, ਉਤਰੀ ਅਮਰੀਕਾ ਤੇ ਅਫਰੀਕੀ ਦੇਸ਼ਾਂ ਵਰਗੇ ਹੋਰਨਾਂ ਰਸਤਿਆਂ ਤੋਂ ਮੰਗਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਤਰ ਵਿੱਚ ਉਤਪਾਦਨ ਪ੍ਰਭਾਵਿਤ ਹੋਣ ਦੇ ਬਾਵਜੂਦ ਭਾਰਤ ਕੈਨੇਡਾ ਤੇ ਨਾਰਵੇ ਵਰਗੇ ਦੇਸ਼ਾਂ ਨਾਲ ਸੰਪਰਕ ਵਿੱਚ ਹੈ ਤਾਂ ਜੋ ਗੈਸ ਦੀ ਸਪਲਾਈ ਬਰਕਰਾਰ ਰਹੇ।




# ਰਸ਼ਪਿੰਦਰ ਸਿੰਘ ਰਾਜਾ ਬੈਡਮਿੰਟਨ ਐਸੋਸੀਏਸ਼ਨ ਫਤਹਿਗੜ੍ਹ ਸਾਹਿਬ ਦੇ ਜ਼ਿਲ੍ਹਾ ਪ੍ਰਧਾਨ ਬਣੇ

ਸ੍ਰੀ ਫਤਹਿਗੜ੍ਹ ਸਾਹਿਬ, 5 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਡਿਸਟ੍ਰਿਕਟ ਬੈਡਮਿੰਟਨ ਐਸੋਸੀਏਸ਼ਨ ਫਤਹਿਗੜ੍ਹ ਸਾਹਿਬ ਦੇ ਮੈਂਬਰਾਂ ਦੀ ਹੋਈ ਮੀਟਿੰਗ ਵਿੱਚ ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਜਥੇਬੰਦੀ ਨੂੰ ਬਿਹਤਰ ਤਰੀਕੇ ਨਾਲ ਚਲਾਉਣ ਲਈ ਅਹੁਦੇਦਾਰਾਂ ਚੁਣੇ ਗਏ, ਜਿਸ ਵਿੱਚ ਖੇਡ ਪਰਮੋਟਰ ਰਸ਼ਪਿੰਦਰ ਸਿੰਘ ਰਾਜਾ ਨੂੰ ਸਰਬਸੰਮਤੀ ਨਾਲ ਪ੍ਰਧਾਨ ਤੇ ਰੁਪਿੰਦਰ ਸਿੰਘ ਨੂੰ ਜਨਰਲ ਸਕੱਤਰ ਚੁਣਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਾ ਨੇ ਦੱਸਿਆ ਕਿ ਬਾਕੀ ਮੈਂਬਰਾਂ ਵਿੱਚੋਂ ਸੱਤ ਮੈਂਬਰਾਂ ਨੂੰ ਕਾਰਜਕਾਰੀ ਟੀਮ ਵਜੋਂ ਜ਼ਿੰਮੇਵਾਰੀ ਦਿੱਤੀ ਗਈ ਹੈ ਤੇ ਛੇ ਐਗਜ਼ੀਕਿਊਟਿਵ ਮੈਂਬਰਾਂ ਵਜੋਂ ਸ਼ਾਮਲ ਕੀਤੇ ਗਏ ਹਨ, ਜੋ ਕਿ ਆਉਣ ਵਾਲੇ ਸਮੇਂ ਵਿੱਚ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਵਿੱਚ ਯੋਗਦਾਨ ਪਾਉਣਗੇ ਕਿਉਂਕਿ ਅੱਜ ਦੇ ਸਮੇਂ ਵਿੱਚ ਮਾਨਸਿਕ ਸਿਹਤ ਤੇ ਤੰਦਰੁਸਤੀ ਲਈ ਖੇਡਾਂ ਦੇ ਯੋਗਦਾਨ ਨੂੰ ਬਹੁਤ ਮਹੱਤਵ ਦੇਣਾ ਚਾਹੀਦਾ ਹੈ।ਰਾਜਾ ਨੇ ਕਿਹਾ ਕਿ ਉਨ੍ਹਾਂ ਦਾ ਟੀਚਾ ਹੈ ਕਿ ਆਪਣੇ ਜ਼ਿਲ੍ਹੇ ਫਤਹਿਗੜ੍ਹ ਸਾਹਿਬ ਦੇ ਪਿੰਡਾਂ ਤੇ ਸ਼ਹਿਰਾਂ ਦੇ ਨੌਜਵਾਨਾਂ ਨੂੰ ਬੈਡਮਿੰਟਨ ਖੇਡਣ ਲਈ ਉਤਸ਼ਾਹਿਤ ਕੀਤਾ ਜਾਵੇਗਾ ਤੇ ਹਰ ਤਰ੍ਹਾਂ ਦੀ ਸਹਾਇਤਾ ਤੇ ਸਹੂਲਤਾਂ ਨਾਲ ਲੈਸ ਗਰਾਊਂਡ ਤਿਆਰ ਕੀਤੇ ਜਾਣਗੇ ਤੇ ਪੰਜਾਬ ਪੱਧਰ ਦੇ ਖਿਡਾਰੀ ਤਿਆਰ ਕੀਤੇ ਜਾਣਗੇ ਜੋ ਬੈਡਮਿੰਟਨ ਵਿੱਚ ਵੀ ਫਤਹਿਗੜ੍ਹ ਸਾਹਿਬ ਦਾ ਝੰਡਾ ਬੁਲੰਦ ਕਰਨਗੇ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਐਸੋਸੀਏਸ਼ਨ ਵੱਲੋਂ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਮੈਂਬਰ ਪਾਰਲੀਮੈਂਟ ਮੀਤ ਹੇਅਰ ਨਾਲ ਮੀਟਿੰਗ ਰੱਖੀ ਗਈ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਫਤਹਿਗੜ੍ਹ ਸਾਹਿਬ ਵਿਖੇ ਬੈਡਮਿੰਟਨ ਦਾ ਟੂਰਨਾਮੈਂਟ ਕਰਵਾਇਆ ਜਾਵੇਗਾ।



# ਐਡਵੋਕੇਟ ਰਵਿੰਦਰ ਸਿੰਘ ਸੈਂਪਲਾ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਬੁਲਾਰੇ ਨਿਯੁਕਤ

ਸ੍ਰੀ ਫਤਹਿਗੜ੍ਹ ਸਾਹਿਬ, 5 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਦਫ਼ਤਰ ਵੱਲੋਂ ਪਾਰਟੀ ਦੇ ਬੁਲਾਰਿਆਂ ਦੀ ਸੂਚੀ ਜਾਰੀ ਕਰਦਿਆਂ ਵਿਧਾਨ ਸਭਾ ਹਲਕਾ ਬੱਸੀ ਪਠਾਣਾਂ ਦੇ ਪਿੰਡ ਸੈਂਪਲਾ ਨਾਲ ਸਬੰਧਤ ਪਾਰਟੀ ਦੇ ਕਾਨੂੰਨੀ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਐਡਵੋਕੇਟ ਰਵਿੰਦਰ ਸਿੰਘ ਸੈਂਪਲਾ ਨੂੰ ਪਾਰਟੀ ਦਾ ਕੌਮੀ ਬੁਲਾਰਾ ਨਿਯੁਕਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸੈਂਪਲਾ ਪਹਿਲਾਂ ਵੀ ਪਾਰਟੀ ਦੇ ਬੁਲਾਰੇ ਵਜੋਂ ਸੇਵਾਵਾਂ ਨਿਭਾਅ ਰਹੇ ਸਨ ਤੇ ਉਨ੍ਹਾਂ ਦੀ ਪਾਰਟੀ ਪ੍ਰਤੀ ਵਚਨਬੱਧਤਾ ਤੇ ਕਾਰਗੁਜ਼ਾਰੀ ਨੂੰ ਦੇਖਦਿਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਕੌਮੀ ਬੁਲਾਰੇ ਵਜੋਂ ਵੱਡੀ ਜ਼ਿੰਮੇਵਾਰੀ ਦੇ ਕੇ ਉਨ੍ਹਾਂ ਪ੍ਰਤੀ ਭਰੋਸਾ ਜਤਾਇਆ ਹੈ। ਐਡ. ਸੈਂਪਲਾ ਜੋ ਹਲਕਾ ਬੱਸੀ ਪਠਾਣਾਂ ਦੇ ਪਿੰਡ ਸੈਂਪਲਾ ਨਾਲ ਸਬੰਧਤ ਹਨ ਤੇ ਪਿਛਲੇ ਡੇਢ ਦਹਾਕੇ ਤੋਂ ਹਾਈਕੋਰਟ ਵਿੱਚ ਵਕਾਲਤ ਕਰ ਰਹੇ ਹਨ ਤੇ ਹਮੇਸ਼ਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਤੇ ਪਾਰਟੀ ਨਾਲ ਸਬੰਧਤ ਮੁਕੱਦਮਿਆਂ ਵਿੱਚ ਪੈਰਵਾਈ ਕਰਦੇ ਆ ਰਹੇ ਹਨ ਤੇ ਪਾਰਟੀ ਵਰਕਰਾਂ ਨਾਲ ਚੱਟਾਨ ਵਾਂਗ ਖੜ੍ਹੇ ਰਹੇ ਹਨ। ਉਨ੍ਹਾਂ ਦੀ ਇਸ ਨਿਯੁਕਤੀ ਨਾਲ ਹਲਕਾ ਬੱਸੀ ਪਠਾਣਾਂ ਦੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਹੈ ਤੇ ਸਮੂਹ ਵਰਕਰਾਂ ਵੱਲੋਂ ਇਸ ਨਿਯੁਕਤੀ ਲਈ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਤੇ ਅਰਸ਼ਦੀਪ ਸਿੰਘ ਕਲੇਰ ਦਾ ਧੰਨਵਾਦ ਕੀਤਾ।



# ਅਕਾਲੀ ਦਲ ਦੀ ਸਰਕਾਰ ਬਣਨ 'ਤੇ ਸ਼ਹੀਦਾਂ ਦੀ ਧਰਤੀ ਫਤਹਿਗੜ੍ਹ ਸਾਹਿਬ ਦਾ ਕਰਵਾਇਆ ਜਾਵੇਗਾ ਚਹੁੰਤਰਫਾ ਵਿਕਾਸ: ਭੁੱਟਾ

ਸ੍ਰੀ ਫਤਹਿਗੜ੍ਹ ਸਾਹਿਬ, 5 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨਾਲ ਜੁੜੀ ਫਤਹਿਗੜ੍ਹ ਸਾਹਿਬ ਦੀ ਧਰਤੀ ਦਾ ਮੌਜੂਦਾ ਸਰਕਾਰ ਨੇ ਕੋਈ ਵਿਕਾਸ ਨਹੀਂ ਕਰਵਾਇਆ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਇੱਥੋਂ ਦਾ ਚਹੁੰਤਰਫਾ ਵਿਕਾਸ ਕਰਵਾਇਆ ਜਾਵੇਗਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਬਲਜੀਤ ਸਿੰਘ ਭੁੱਟਾ ਨੇ ਰੇਲਵੇ ਰੋਡ ਹਮਾਯੂਪੁਰ ਸਰਹਿੰਦ ਵਿਖੇ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿਵਾਏ ਲਾਰਿਆਂ ਤੋਂ ਲੋਕਾਂ ਨੂੰ ਹੋਰ ਕੁਝ ਨਹੀਂ ਦਿੱਤਾ ਜਿਸ ਕਾਰਨ ਲੋਕਾਂ ਵਿੱਚ ਇਸ ਸਰਕਾਰ ਪ੍ਰਤੀ ਰੋਸ ਵਧਦਾ ਜਾ ਰਿਹਾ ਹੈ।ਸ. ਭੁੱਟਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬੀਆਂ ਦੀ ਮਾਂ ਪਾਰਟੀ ਹੈ, ਜਿਸ ਨੇ ਹਮੇਸ਼ਾ ਹੀ ਸੂਬੇ ਦੇ ਸਰਬਪੱਖੀ ਵਿਕਾਸ ਨੂੰ ਤਰਜੀਹ ਦਿੱਤੀ ਹੈ।ਉਨ੍ਹਾਂ ਕਿਹਾ ਕਿ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਵਾਸਤੇ ਛੇਤੀ ਹੀ ਵਿਆਪਕ ਪੱਧਰ 'ਤੇ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ ਜਿਸ ਤਹਿਤ ਸਰਹਿੰਦ ਸ਼ਹਿਰ ਦੇ ਘਰ-ਘਰ ਵਿੱਚ ਜਾ ਕੇ ਲੋਕਾਂ ਨੂੰ ਪਾਰਟੀ ਦੀਆਂ ਨੀਤੀਆਂ ਨਾਲ ਜੋੜ ਕੇ ਪਾਰਟੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।ਇਸ ਮੌਕੇ ਤਜਿੰਦਰ ਸਿੰਘ ਕੋਹਲੀ, ਬਲਵਿੰਦਰ ਸਿੰਘ ਸਹਾਰਨ, ਪੰਕਜ ਕੁਮਾਰ ਸ਼ਰਮਾ, ਤਰੁਣ ਦੇਵੀ, ਸੌਰਵ ਸ਼ਰਮਾ, ਸੁਖਵਿੰਦਰ ਸਿੰਘ ਪ੍ਰਧਾਨ ਸੈਣੀ ਸਭਾ, ਗੱਜਣ ਸਿੰਘ, ਹਰਪ੍ਰੀਤ ਸਿੰਘ ਨੌ ਅਬਾਦ ਸਰਹਿੰਦ, ਕਮਲਜੀਤ ਸਿੰਘ ਸੇਠੀ, ਬਲਜੀਤ ਸਿੰਘ ਖ਼ਾਲਸਾ, ਕੁਲਵੀਰ ਸਿੰਘ ਸੋਨੀ ਖਵਾਜਾ ਪੀਰ ਕਲੋਨੀ, ਸਨੀ ਅਰੋੜਾ, ਰਿੰਪੀ ਗਰੇਵਾਲ, ਗਿਆਨੀ ਕੁਲਵਿੰਦਰ ਸਿੰਘ ਰਾਜੂ, ਗਿਆਨੀ ਕੇਸਰ ਸਿੰਘ ਹਰਨਾਮ ਨਗਰ, ਰਘਵੀਰ ਸਿੰਘ ਨਵੀਂ ਆਬਾਦੀ, ਗੁਰਤੇਜ ਸਿੰਘ ਗਿੱਲ ਹਰਨਾਮ ਨਗਰ, ਗੁਰਬੰਤ ਸਿੰਘ, ਸੁਰਜੀਤ ਸਿੰਘ ਸੜਕੀਆ, ਹਰਮੀਤ ਸਿੰਘ ਮਾਤਾ ਗੁਜਰੀ ਕਲੋਨੀ, ਕ੍ਰਿਸ਼ਨ ਇਲੈਕਟ੍ਰੋਨਿਕ ਸਰਹਿੰਦ, ਮਨਦੀਪ ਸਿੰਘ, ਬੋਬੀ ਧਾਲੀਵਾਲ, ਜੈਮਲ ਸਿੰਘ ਖ਼ਾਲਸਾ, ਰੇਖਾ ਮਹਿਰਾ, ਗੁਰਪ੍ਰੀਤ ਸਿੰਘ, ਬਹਾਦਰ ਸਿੰਘ ਬਾੜਾ, ਹਰਪ੍ਰੀਤ ਸਿੰਘ ਤਲਾਣੀਆਂ, ਜਗਵਿੰਦਰ ਸਿੰਘ ਮਾਹਲ ਨੰਬਰਦਾਰ, ਹਨੀ ਓਬਰੋਏ, ਮੰਗਾ ਪ੍ਰਿਥਵੀ ਹਾਜ਼ਰ ਸਨ।



# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਫਾਰਮੇਸੀ ਵਿਦਿਆਰਥੀਆਂ ਦਾ ਸੈਲਸ ਫਾਰਮਾਸਿਊਟੀਕਲਜ਼ ਵਿਖੇ ਉਦਯੋਗਿਕ ਦੌਰਾ

ਮੰਡੀ ਗੋਬਿੰਦਗੜ੍ਹ, 5 ਮਾਰਚ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਫਾਰਮੇਸੀ ਫੈਕਲਟੀ ਦੇ ਪਲੇਸਬੋ ਕਲੱਬ ਨੇ ਆਈਕਿਊਏਸੀ ਦੇ ਸਹਿਯੋਗ ਨਾਲ ਆਪਣੇ ਅਕਾਦਮਿਕ ਪਾਠਕ੍ਰਮ ਦੇ ਹਿੱਸੇ ਵਜੋਂ ਬੀ. ਫਾਰਮ 6ਵੇਂ ਤੇ 8ਵੇਂ ਸਮੈਸਟਰ ਦੇ ਵਿਦਿਆਰਥੀਆਂ ਦਾ ਇੱਕ ਦਿਨਾਂ ਉਦਯੋਗਿਕ ਦੌਰੇ ਦਾ ਆਯੋਜਨ ਕੀਤਾ। ਇਹ ਪ੍ਰੋਗਰਾਮ ਡਾ. ਸ਼ਫਕਤ ਤੇ ਡਾ. ਇਮਤਿਆਜ਼ ਦੀ ਨਿਗਰਾਨੀ ਹੇਠ ਕਰਵਾਇਆ ਗਿਆ, ਜਿਸ ਵਿੱਚ ਸਕੂਲ ਆਫ਼ ਫਾਰਮੇਸੀ ਤੇ ਸਰਦਾਰ ਲਾਲ ਸਿੰਘ ਮੈਮੋਰੀਅਲ ਕਾਲਜ ਆਫ਼ ਫਾਰਮੇਸੀ ਦੇ ਫੈਕਲਟੀ ਮੈਂਬਰਾਂ ਦਾ ਸਰਗਰਮ ਸਹਿਯੋਗ ਸ਼ਾਮਲ ਸੀ। ਵਿਦਿਆਰਥੀਆਂ ਨੇ ਬੱਦੀ (ਹਿਮਾਚਲ ਪ੍ਰਦੇਸ਼) ਵਿਖੇ ਸਥਿਤ ਸੈਲਸ ਫਾਰਮਾਸਿਊਟੀਕਲਜ਼ ਦਾ ਦੌਰਾ ਕੀਤਾ, ਤਾਂ ਜੋ ਫਾਰਮਾਸਿਊਟੀਕਲ ਨਿਰਮਾਣ ਪ੍ਰਕਿਰਿਆਵਾਂ, ਗੁਣਵੱਤਾ ਨਿਯੰਤਰਣ ਪ੍ਰਣਾਲੀਆਂ ਤੇ ਉਦਯੋਗ ਵਿੱਚ ਅਪਣਾਈਆਂ ਜਾਣ ਵਾਲੀਆਂ ਰੈਗੂਲੇਟਰੀ ਪਾਲਣਾ ਅਭਿਆਸਾਂ ਦਾ ਵਿਹਾਰਕ ਅਨੁਭਵ ਪ੍ਰਾਪਤ ਕੀਤਾ ਜਾ ਸਕੇ। ਇਸ ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਵੱਡੇ ਪੱਧਰ 'ਤੇ ਉਤਪਾਦਨ ਪ੍ਰਕਿਰਿਆਵਾਂ ਨੂੰ ਸਮਝਣ, ਚੰਗੇ ਨਿਰਮਾਣ ਅਭਿਆਸਾਂ ਦਾ ਨਿਰੀਖਣ ਕਰਨ, ਗੁਣਵੱਤਾ ਨਿਯੰਤਰਣ ਤੇ ਗੁਣਵੱਤਾ ਭਰੋਸਾ ਪ੍ਰਕਿਰਿਆਵਾਂ ਬਾਰੇ ਸਿੱਖਣ ਤੇ ਦਸਤਾਵੇਜ਼ੀਕਰਨ ਤੇ ਰੈਗੂਲੇਟਰੀ ਜ਼ਰੂਰਤਾਂ ਬਾਰੇ ਸਮਝ ਪ੍ਰਾਪਤ ਕਰਨ ਵਿੱਚ ਮਦਦ ਕਰਨਾ ਸੀ। ਇਸ ਦੌਰੇ ਦੌਰਾਨ ਵਿਦਿਆਰਥੀਆਂ ਨੇ ਉਤਪਾਦਨ ਯੂਨਿਟ, ਗੁਣਵੱਤਾ ਨਿਯੰਤਰਣ ਪ੍ਰਯੋਗਸ਼ਾਲਾ, ਗੁਣਵੱਤਾ ਭਰੋਸਾ ਸੈਕਸ਼ਨ, ਪੈਕੇਜਿੰਗ ਯੂਨਿਟ ਤੇ ਵੇਅਰਹਾਊਸ ਸਮੇਤ ਮੁੱਖ ਵਿਭਾਗਾਂ ਦਾ ਦੌਰਾ ਕੀਤਾ। ਉਦਯੋਗ ਦੇ ਪੇਸ਼ੇਵਰਾਂ ਨੇ ਫਾਰਮਾਸਿਊਟੀਕਲ ਸੈਕਟਰ ਵਿੱਚ ਨਿਰਮਾਣ ਤਕਨੀਕਾਂ, ਪਾਲਣਾ ਮਿਆਰਾਂ ਤੇ ਕਰੀਅਰ ਦੇ ਮੌਕਿਆਂ ਬਾਰੇ ਵਿਦਿਆਰਥੀਆਂ ਨੂੰ ਦੱਸਿਆ। ਇਸ ਦੌਰੇ ਨੇ ਕੀਮਤੀ ਵਿਹਾਰਕ ਸੰਪਰਕ ਪ੍ਰਦਾਨ ਕੀਤਾ ਤੇ ਵਿਦਿਆਰਥੀਆਂ ਨੂੰ ਰੈਗੂਲੇਟਰੀ ਅਭਿਆਸਾਂ ਦੀ ਸਮਝ ਵਿੱਚ ਵਾਧਾ ਕੀਤਾ।



# ਪੁਲਿਸ ਦਾ ਮਾੜੇ ਅਨਸਰਾਂ ਤੇ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਐਕਸ਼ਨ, ਜ਼ਿਲ੍ਹੇ ਭਰ 'ਚ ਨਾਕਾਬੰਦੀ



ਫਾਜ਼ਿਲਕਾ, 5 ਮਾਰਚ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਾਜ਼ਿਲਕਾ ਜ਼ਿਲ੍ਹੇ ਵਿੱਚ ਨਸ਼ਾ ਤਸਕਰੀ ਤੇ ਅਪਰਾਧਿਕ ਗਤੀਵਿਧੀਆਂ ਨੂੰ ਜੜ੍ਹੋਂ ਖਤਮ ਕਰਨ ਲਈ ਪੁਲਿਸ ਵੱਲੋਂ ਲਗਾਤਾਰ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਇਸੇ ਕੜੀ ਤਹਿਤ ਜ਼ਿਲ੍ਹੇ ਭਰ ਵਿੱਚ ਵਿਸ਼ੇਸ਼ ਨਾਕਾਬੰਦੀ ਅਭਿਆਨ ਚਲਾਇਆ ਗਿਆ। ਇਨ੍ਹਾਂ ਨਾਕਿਆਂ ਰਾਹੀਂ ਸੜਕਾਂ 'ਤੇ ਆਉਣ-ਜਾਣ ਵਾਲੇ ਵਾਹਨਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਗਈ। ਪੁਲਿਸ ਵੱਲੋਂ ਹਰ ਗੱਡੀ ਨੂੰ ਰੋਕ ਕੇ ਬਾਰੀਕੀ ਨਾਲ ਤਲਾਸ਼ੀ ਲਈ ਗਈ ਤੇ ਵਾਹਨ ਚਾਲਕਾਂ ਤੋਂ ਲੋੜੀਂਦੀ ਪੁੱਛਗਿੱਛ ਵੀ ਕੀਤੀ ਗਈ ਤਾਂ ਜੋ ਕਾਨੂੰਨ-ਵਿਵਸਥਾ ਨੂੰ ਹੋਰ ਮਜ਼ਬੂਤ ਬਣਾਇਆ ਜਾ ਸਕੇ। ਇਸ ਵਿਸ਼ੇਸ਼ ਮੁਹਿੰਮ ਦੀ ਅਗਵਾਈ ਐਸ.ਐਸ.ਪੀ ਗੁਰਮੀਤ ਸਿੰਘ ਨੇ ਕੀਤੀ। ਉਨ੍ਹਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ ਤੇ ਲਗਾਏ ਗਏ ਨਾਕਿਆਂ ਦੀ ਗਹਿਰਾਈ ਨਾਲ ਚੈਕਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਨੇ ਡਿਊਟੀ 'ਤੇ ਤਾਇਨਾਤ ਪੁਲਿਸ ਕਰਮਚਾਰੀਆਂ ਨੂੰ ਚੌਕਸ ਰਹਿਣ ਤੇ ਹਰ ਆਉਣ-ਜਾਣ ਵਾਲੇ ਵਾਹਨ ਦੀ ਸੰਪੂਰਨ ਤਲਾਸ਼ੀ ਯਕੀਨੀ ਬਣਾਉਣ ਲਈ ਹੁਕਮ ਜਾਰੀ ਕੀਤੇ। ਐਸਐਸਪੀ ਨੇ ਪੁਲਿਸ ਕਰਮਚਾਰੀਆਂ ਨੂੰ ਸਖ਼ਤ ਹਦਾਇਤ ਕੀਤੀ ਕਿ ਕਿਸੇ ਵੀ ਸ਼ੱਕੀ ਵਾਹਨ ਜਾਂ ਵਿਅਕਤੀ ਨੂੰ ਬਿਨਾਂ ਜਾਂਚ ਤੋਂ ਨਾ ਛੱਡਿਆ ਜਾਵੇ ਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਨਿਪਟਿਆ ਜਾਵੇ।ਐਸ.ਐਸ.ਪੀ ਗੁਰਮੀਤ ਸਿੰਘ ਨੇ ਦੱਸਿਆ ਕਿ ਇਹ ਮੁਹਿੰਮ ਨਸ਼ਾ ਤਸਕਰੀ, ਗੈਰਕਾਨੂੰਨੀ ਹਥਿਆਰਾਂ ਤੇ ਅਪਰਾਧਿਕ ਗਤੀਵਿਧੀਆਂ 'ਤੇ ਨਕੇਲ ਪਾਉਣ ਦੇ ਮਕਸਦ ਨਾਲ ਚਲਾਈ ਗਈ ਹੈ। ਉਨ੍ਹਾਂ ਕਿਹਾ ਕਿ ਫਾਜ਼ਿਲਕਾ ਪੁਲਿਸ ਨਸ਼ਾ ਤਸਕਰੀ ਤੇ ਅਪਰਾਧ ਖ਼ਿਲਾਫ਼ ਜ਼ੀਰੋ ਟਾਲਰੈਂਸ ਨੀਤੀ ਅਪਨਾ ਰਹੀ ਹੈ।

# ਗਲੀ 'ਚੋਂ ਲੰਘਣ ਲਈ ਰਸਤਾ ਮੰਗਣ 'ਤੇ ਵੱਜੀਆਂ ਇੱਟਾਂ, ਕਿੱਥੇ ਗਿਆ ਪ੍ਰਸ਼ਾਸਨ

ਮੋਗਾ, 5 ਮਾਰਚ (ਨਿਸ਼ੀ ਮਨਚੰਦਾ/ਗੁਰਦੇਵ ਖਰਾਣਾ): ਮੋਗਾ ਵਿੱਚ ਅੱਜ ਹੋਲੀ ਦਾ ਤਿਉਹਾਰ ਬੜੀ ਖੁਸ਼ੀ-ਖੁਸ਼ੀ ਨਾਲ ਮਨਾਇਆ ਜਾ ਰਿਹਾ ਸੀ ਪਰ ਬਾਅਦ ਵਿੱਚ ਲਖਬੀਰ ਸਿੰਘ ਫੌਜੀ ਜੋ ਕਿ ਗਲੀ ਵਿੱਚੋਂ ਆਪਣੇ ਬੇਟੇ ਨਾਲ ਸਬਜ਼ੀ ਲੈ ਕੇ ਲੰਘ ਰਿਹਾ ਸੀ, ਉਸ ਨੇ ਜਾਣ ਲਈ ਰਸਤਾ ਮੰਗਿਆ, ਹੋਲੀ ਖੇਡ ਰਹੇ ਲੋਕਾਂ ਨੇ ਉਸ ਉਤੇ ਹਮਲਾ ਕਰ ਦਿੱਤਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਐਸਐਚਓ ਸਿਟੀ-ਦੋ ਗੁਰਵਿੰਦਰ ਸਿੰਘ ਢਿੱਲੋਂ ਵੱਲੋਂ ਕੀਤਾ ਗਿਆ।ਐਸਐਚਓ ਸਿਟੀ-ਦੋ ਗੁਰਵਿੰਦਰ ਸਿੰਘ ਢਿੱਲੋਂ ਦਾ ਕਹਿਣਾ ਹੈ ਕਿ ਲਖਬੀਰ ਸਿੰਘ ਫੌਜੀ ਜੋ ਕਿ ਗਲੀ ਵਿੱਚੋਂ ਲੰਘ ਰਿਹਾ ਸੀ ਤਾਂ ਉਸ ਟਾਈਮ ਗਲੀ ਵਿੱਚ ਹੋਲੀ ਦਾ ਤਿਉਹਾਰ ਕੁਝ ਨੌਜਵਾਨ ਮਨਾ ਰਹੇ ਸਨਠ ਜਦੋਂ ਲਖਬੀਰ ਸਿੰਘ ਫੌਜੀ ਵੱਲੋਂ ਜਾਣ ਲਈ ਰਸਤਾ ਮੰਗਿਆ ਗਿਆ ਤਾਂ ਉਨ੍ਹਾਂ ਨੌਜਵਾਨਾਂ ਵੱਲੋਂ ਲਖਬੀਰ ਸਿੰਘ ਫੌਜੀ ਉਤੇ ਇੱਟਾਂ ਨਾਲ ਹਮਲਾ ਕੀਤਾ ਗਿਆ। ਲਖਬੀਰ ਸਿੰਘ ਫੌਜੀ ਜੋ ਕਿ ਸਿਵਲ ਹਸਪਤਾਲ ਵਿੱਚ ਇਲਾਜ ਅਧੀਨ ਦਾਖਲ ਹੈ। ਅਗਰ ਆਪਾਂ ਗੱਲ ਪ੍ਰਸ਼ਾਸਨ ਦੀ ਕਰੀਏ ਤਾਂ ਪ੍ਰਸ਼ਾਸਨ ਨੂੰ ਪਹਿਲਾਂ ਹੀ ਪਤਾ ਹੈ ਕਿ ਹੋਲੀ ਵਾਲੇ ਦਿਨ ਬਹੁਤ ਹੁੱਲੜਬਾਜ਼ ਲੋਕ ਹੁੱਲੜਬਾਜ਼ੀ ਕਰਦੇ ਹਨ ਪਰ ਪ੍ਰਸ਼ਾਸਨ ਵੱਲੋਂ ਕੀ ਇੰਤਜ਼ਾਮ ਕੀਤੇ ਗਏ ਹਨ, ਇਹ ਇੱਕ ਸਵਾਲੀਆ ਨਿਸ਼ਾਨ ਹੈ।ਐਸਐਚਓ ਸਿਟੀ-2 ਦਾ ਕਹਿਣਾ ਹੈ ਕਿ ਰਸਤਾ ਮੰਗਣ ਲਈ ਉਸ 'ਤੇ ਇੱਟਾਂ ਚਲਾਈਆਂ ਗਈਆਂ ਪਰ ਪ੍ਰਸ਼ਾਸਨ ਵੱਲੋਂ ਕੀ ਇਹ ਕਾਰਵਾਈ ਕੀਤੀ ਗਈ। ਪ੍ਰਸ਼ਾਸਨ ਵੱਲ ਵੀ ਇਹ ਨਿਸ਼ਾਨੀਆ ਸਵਾਲ ਖੜ੍ਹਾ ਹੁੰਦਾ ਕਿ ਹੋਲੀ ਵਾਲੇ ਦਿਨ ਹੁੱਲੜਬਾਜ਼ੀਆਂ ਨੇ ਕੁਝ ਨਾ ਕੁਝ ਕਾਰਨਾਮੇ ਕਰਨ ਹੁੰਦੇ ਹਨ ਪਰ ਪ੍ਰਸ਼ਾਸਨ ਕਿੱਥੇ ਗਿਆ, ਪ੍ਰਸ਼ਾਸਨ ਦੀ ਲਾਪ੍ਰਵਾਹੀ ਨਾਲ ਹੀ ਇਹੋ ਜਿਹੇ ਹਾਦਸੇ ਹੁੰਦੇ ਹਨ। ਜੋ ਕਿ ਲੋਕਾਂ ਦੀ ਜਾਲਮਾਲ ਦੀ ਰੱਖਿਆ ਨਹੀਂ ਕਰ ਸਕਦੇ, ਪ੍ਰਸ਼ਾਸਨ ਵੱਲੋਂ ਰੋਜ਼ ਲੋਕਾਂ ਨੂੰ ਸੁਰੱਖਿਅਤ ਰਹਿਣ ਲਈ ਸੁਪਨੇ ਦਿਖਾਈ ਜਾਂਦੇ ਹਨ ਪਰ ਸੱਚਾਈ ਕੁਝ ਹੋਰ ਹੈ।



# ਐਸ.ਡੀ.ਐਮ. ਰਵਿੰਦਰਪਾਲ ਸਿੰਘ ਅਰੋੜਾ ਨੇ ਅਹੁਦਾ ਸੰਭਾਲਿਆ

ਫਾਜ਼ਿਲਕਾ/ਅਬੋਹਰ, 5 ਮਾਰਚ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੀ.ਸੀ.ਐਸ. ਅਧਿਕਾਰੀ ਰਵਿੰਦਰਪਾਲ ਸਿੰਘ ਅਰੋੜਾ ਨੇ ਅਬੋਹਰ ਵਿਖੇ ਬਤੌਰ ਐਸ.ਡੀ.ਐਮ ਆਪਣਾ ਅਹੁਦਾ ਸੰਭਾਲ ਲਿਆ ਹੈ। 2016 ਬੈਚ ਦੇ ਇਹ ਅਧਿਕਾਰੀ ਅਜਨਾਲਾ ਤੋਂ ਤਬਦੀਲ ਹੋ ਕੇ ਅਬੋਹਰ ਪਹੁੰਚੇ ਹਨ। ਦਫ਼ਤਰ ਵਿਖੇ ਪਹੁੰਚਣ 'ਤੇ ਤਹਿਸੀਲਦਾਰ ਬਲਵਿੰਦਰ ਸਿੰਘ ਤੇ ਹੋਰ ਅਧਿਕਾਰੀਆਂ ਵੱਲੋਂ ਉਨ੍ਹਾਂ ਦਾ ਤਹਿ ਦਿਲੋਂ ਸਵਾਗਤ ਕੀਤਾ ਗਿਆ ਤੇ ਪ੍ਰਸ਼ਾਸਕੀ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ।ਅਹੁਦਾ ਸੰਭਾਲਣ ਮੌਕੇ ਐਸ.ਡੀ.ਐਮ ਰਵਿੰਦਰਪਾਲ ਸਿੰਘ ਅਰੋੜਾ ਨੇ ਕਿਹਾ ਕਿ ਅਬੋਹਰ ਦੇ ਨਿਵਾਸੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਸਬੰਧੀ ਉਨ੍ਹਾਂ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਵੱਲੋਂ ਲੋਕ-ਭਲਾਈ ਤੇ ਵਿਕਾਸ ਲਈ ਚੱਲ ਰਹੀਆਂ ਯੋਜਨਾਵਾਂ ਨੂੰ ਪੂਰੀ ਪਾਰਦਰਸ਼ਤਾ ਨਾਲ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ, ਨਿਸ਼ਠਾ ਤੇ ਇਮਾਨਦਾਰੀ ਨਾਲ ਨਿਭਾਉਣਗੇ। ਆਮ ਲੋਕਾਂ ਦੀ ਸੇਵਾ ਲਈ ਉਹ ਹਰ ਵੇਲੇ ਉਪਲਬਧ ਰਹਿਣਗੇ ਤੇ ਦਫ਼ਤਰ ਦੇ ਦਰਵਾਜ਼ੇ ਜਨਤਾ ਲਈ ਖੁੱਲ੍ਹੇ ਰਹਿਣਗੇ।



# ਲੋਕਾਂ ਦੇ ਹਿੱਤਾਂ ਤੇ ਹੱਕਾਂ ਲਈ ਫੈਸਲੇ ਲੈ ਰਹੀ ਹੈ ਦੀ ਮਾਨ ਸਰਕਾਰ: ਪੀਟਰ ਮੱਟੂ

ਗੁਰਦਾਸਪੁਰ, 5 ਮਾਰਚ (ਜਸਵਿੰਦਰ ਸਿੰਘ): ਪੰਜਾਬ ਵਿੱਚ ਲੋਕਾਂ ਵੱਲੋਂ ਲੋਕਾਂ ਦੁਆਰਾ ਚੁਣੀ ਗਈ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਲਈ ਫੈਸਲੇ ਲੈ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪੀਟਰ ਮੱਟੂ ਧਾਰੀਵਾਲ ਨਗਰ ਸੁਧਾਰ ਟਰੱਸਟ ਟਰੱਸਟੀ ਗੁਰਦਾਸਪੁਰ ਨੇ ਦੱਸਿਆ ਕਿ ਹੁਣ ਤੱਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜਿੰਨੇ ਵੀ ਸਰਕਾਰ ਨੇ ਫੈਸਲੇ ਕੀਤੇ ਹਨ, ਇਹ ਸਾਰੇ ਲੋਕਾਂ ਦੇ ਹੱਕਾਂ ਤੇ ਹਿੱਤਾਂ ਲਈ ਹਨ, ਨਹਿਰੀ ਪਾਣੀ, ਸਿੱਖਿਆ ਹੈਲਥ ਬਿਜਲੀ ਸੜਕਾਂ ਗਰਾਊਂਡ ਲਾਇਬ੍ਰੇਰੀਆਂ ਸਕੂਲ ਹਸਪਤਾਲ ਮੁਹੱਲਾ ਕਲੀਨਿਕ ਗਰੀਬ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਦਾ ਫੈਸਲਾ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਦਾ ਮੁਫਤ ਇਲਾਜ ਆਦਿ ਵੱਡੇ ਫੈਸਲੇ ਹਨ। ਉਨ੍ਹਾਂ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਿਆ ਕਿ ਉਨ੍ਹਾਂ ਨੇ ਆਪਣੇ ਨਿੱਜੀ ਹਿੱਤਾਂ ਦੀ ਰਾਜਨੀਤੀ ਕੀਤੀ ਹੈ, ਜਿਸ ਨੂੰ ਲੋਕ ਕਦੇ ਪ੍ਰਵਾਨ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਇੱਕੋ-ਇੱਕ ਮਕਸਦ ਹੈ ਕਿ ਪੰਜਾਬ ਦੇ ਗਰੀਬ ਤੇ ਆਰਥਿਕ ਪੱਖੋਂ ਕਮਜ਼ੋਰ ਲੋਕਾਂ ਨੂੰ ਬੇਹਤਰੀਨ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ।



# ਬਲਾਕ ਪ੍ਰਧਾਨ ਜਗਵੀਰ ਸਲਾਣਾ ਦੀ ਪ੍ਰਧਾਨਗੀ ਹੇਠ ਬਲਾਕ ਕਾਂਗਰਸ ਦੀ ਮੀਟਿੰਗ



ਅਮਲੋਹ, 5 ਮਾਰਚ (ਜਸਵੰਤ ਸਿੰਘ): ਬਲਾਕ ਕਾਂਗਰਸ ਅਮਲੋਹ ਦੀ ਮੀਟਿੰਗ ਬਲਾਕ ਪ੍ਰਧਾਨ ਜਗਵੀਰ ਸਿੰਘ ਸਲਾਣਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਬਰਨਾਲਾ ਵਿਖੇ ਮਨਰੇਗਾ ਮਜ਼ਦੂਰਾਂ ਤੇ ਕਿਸਾਨਾਂ ਦੇ ਹੱਕ ਵਿੱਚ ਰਾਹੁਲ ਗਾਂਧੀ ਵੱਲੋਂ ਕੀਤੀ ਰੈਲੀ ਨੂੰ ਸਫ਼ਲ ਬਣਾਉਣ ਲਈ ਹਲਕਾ ਅਮਲੋਹ ਦੇ ਪਾਰਟੀ ਵਰਕਰਾਂ ਤੇ ਲੋਕਾਂ ਵੱਲੋਂ ਵੱਡੀ ਗਿਣਤੀ ਵਿਚ ਕੀਤੀ ਸ਼ਮੂਲੀਅਤ ਲਈ ਧੰਨਵਾਦ ਕੀਤਾ ਗਿਆ। ਮੀਟਿੰਗ ਵਿੱਚ ਪਾਰਟੀ ਨੂੰ ਹੋਰ ਵਧੇਰੇ ਮਜ਼ਬੂਤ ਕਰਨ ਲਈ ਵਰਕਰਾਂ ਦੇ ਸੁਝਾਅ ਵੀ ਲਏ ਗਏ ਤੇ ਆਉਣ ਵਾਲੇ ਦਿਨਾਂ ਵਿੱਚ ਘਰ-ਘਰ ਜਾ ਕੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਬਲਾਕ ਪ੍ਰਧਾਨ ਜਗਵੀਰ ਸਿੰਘ ਸਲਾਣਾ, ਹਰਪ੍ਰੀਤ ਸਿੰਘ ਗੁਰਧਨਪੁਰ, ਬਿੱਕਰ ਸਿੰਘ ਦੀਵਾ, ਗੁਰਪ੍ਰੀਤ ਸਿੰਘ ਗਰੇਵਾਲ, ਗੁਰਚਰਨ ਸਿੰਘ ਤੰਦਾ ਬੱਧਾ, ਰਾਜਵਿੰਦਰ ਸਿੰਘ ਘੁਟੀਡ, ਗੁਰਮੀਤ ਸਿੰਘ ਟਿੱਬੀ, ਪਰਮਜੀਤ ਭੱਦਲਥੂਹਾ, ਜੱਗੀ ਵੜੈਚਾਂ, ਗੁਰਚਰਨ ਕਾਹਨਪੁਰਾ, ਰਾਕੇਸ਼ ਕੁਮਾਰ ਗੋਗੀ, ਜਗਤਾਰ ਅਲੀਪੁਰ ਤੇ ਪੀਏ ਮਨਪ੍ਰੀਤ ਸਿੰਘ ਮਿੰਟਾ ਹਾਜ਼ਰ ਸਨ।

# ਕੌਂਸਲਰ ਪੂਜਾ ਲੂਥਰਾ ਨੇ ਹਲਕਾ ਵਾਸੀਆਂ ਨਾਲ ਹੋਲੀ ਦਾ ਤਿਉਹਾਰ ਮਨਾਇਆ

ਫਾਜ਼ਿਲਕਾ, 5 ਮਾਰਚ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਸਥਾਨਕ ਵਾਰਡ ਨੰਬਰ 21 ਦੀ ਕੌਂਸਲਰ ਤੇ ਸਮਾਜਸੇਵੀ ਪੂਜਾ ਲੂਥਰਾ ਵੱਲੋਂ ਅੱਜ ਹਲਕਾ ਵਾਸੀਆਂ ਨਾਲ ਮਿਲਜੁਲ ਕੇ ਰੰਗਾਂ ਨਾਲ ਭਰੇ ਤਿਉਹਾਰ ਹੋਲੀ ਨੂੰ ਬੜੇ ਹੀ ਉਤਸ਼ਾਹ ਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਉਨ੍ਹਾਂ ਨੇ ਇਲਾਕੇ ਦੇ ਨਿਵਾਸੀਆਂ ਨਾਲ ਰੰਗਾਂ ਤੇ ਫੁੱਲਾਂ ਦੀ ਹੋਲੀ ਖੇਡਦਿਆਂ ਆਪਸੀ ਪਿਆਰ, ਭਾਈਚਾਰੇ ਤੇ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ। ਹੋਲੀ ਦੇ ਇਸ ਤਿਉਹਾਰ ਦੌਰਾਨ ਇਲਾਕੇ ਵਿੱਚ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ। ਬੱਚੇ, ਨੌਜਵਾਨ, ਬਜ਼ੁਰਗ ਤੇ ਮਹਿਲਾਵਾਂ ਸਭ ਨੇ ਇਕੱਠੇ ਹੋ ਕੇ ਰੰਗਾਂ ਦੇ ਇਸ ਤਿਉਹਾਰ ਨੂੰ ਮਨਾਇਆ। ਉਨ੍ਹਾਂ ਕਿਹਾ ਕਿ ਰਸਾਇਣਕ ਰੰਗਾਂ ਦੀ ਥਾਂ ਕੁਦਰਤੀ ਰੰਗਾਂ ਤੇ ਫੁੱਲਾਂ ਦੀ ਵਰਤੋਂ ਨਾਲ ਅਸੀਂ ਆਪਣੇ ਸਿਹਤ ਤੇ ਵਾਤਾਵਰਨ ਦੀ ਰੱਖਿਆ ਕਰ ਸਕਦੇ ਹਾਂ। ਇਸ ਮੌਕੇ ਗੱਲਬਾਤ ਕਰਦਿਆਂ ਕੌਂਸਲਰ ਪੂਜਾ ਲੂਥਰਾ ਨੇ ਹਲਕਾ ਵਾਸੀਆਂ ਨੂੰ ਹੋਲੀ ਦੀਆਂ ਦਿਲੋਂ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਹੋਲੀ ਸਿਰਫ਼ ਰੰਗਾਂ ਦਾ ਹੀ ਨਹੀਂ, ਸਗੋਂ ਪਿਆਰ ਤੇ ਮਿਲਾਪ ਦਾ ਤਿਉਹਾਰ ਹੈ। ਇਹ ਤਿਉਹਾਰ ਸਾਨੂੰ ਪੁਰਾਣੀਆਂ ਰੰਜਿਸ਼ਾਂ ਭੁਲਾ ਕੇ ਨਵੀਂ ਸ਼ੁਰੂਆਤ ਕਰਨ ਦਾ ਸੰਦੇਸ਼ ਦਿੰਦਾ ਹੈ। ਉਨ੍ਹਾਂ ਨੇ ਕਿਹਾ ਕਿ ਸਾਰੇ ਲੋਕਾਂ ਨੂੰ ਚਾਹੀਦਾ ਹੈ ਕਿ ਇਸ ਤਿਉਹਾਰ ਨੂੰ ਆਪਸੀ ਸਾਂਝ ਤੇ ਭਾਈਚਾਰੇ ਨੂੰ ਹੋਰ ਮਜ਼ਬੂਤ ਕਰਨ ਲਈ ਮਨਾਇਆ ਜਾਵੇ। ਅੰਤ ਵਿੱਚ ਕੌਂਸਲਰ ਪੂਜਾ ਲੂਥਰਾ ਨੇ ਸਭ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਸ-ਪਾਸ ਸਫ਼ਾਈ ਦਾ ਖ਼ਾਸ ਧਿਆਨ ਰੱਖਣ ਤੇ ਤਿਉਹਾਰਾਂ ਦੌਰਾਨ ਸ਼ਾਂਤੀ ਤੇ ਕਾਨੂੰਨ-ਵਿਵਸਥਾ ਬਣਾਈ ਰੱਖਣ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕਰਨ। ਉਨ੍ਹਾਂ ਨੇ ਵਿਸ਼ਵਾਸ ਜਤਾਇਆ ਕਿ ਹਲਕਾ ਵਾਸੀ ਇਸੇ ਤਰ੍ਹਾਂ ਇਕਜੁੱਟ ਹੋ ਕੇ ਹਰ ਤਿਉਹਾਰ ਨੂੰ ਮਨਾਉਂਦੇ ਰਹਿਣਗੇ ਤੇ ਇਲਾਕੇ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣਗੇ।





# ਈਰਾਨ ਸੰਕਟ 'ਤੇ ਸਰਕਾਰ ਚੁੱਪ ਕਿਉਂ?

## ਕੀ ਅਸੀਂ ਆਪਣੀ ਵਿਦੇਸ਼ ਨੀਤੀ ਦੀ ਆਤਮਾ ਗੁਆ ਰਹੇ ਹਾਂ?

ਪ੍ਰਤੀਕ੍ਰਿਆ

**ਸੋਨੀਆ ਗਾਂਧੀ**

(ਸੋਨੀਆ ਗਾਂਧੀ ਕਾਂਗਰਸ ਸੰਸਦੀ ਪਾਰਟੀ ਦੀ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਹੈ।)



1 ਮਾਰਚ, 2026 ਨੂੰ, ਈਰਾਨ ਨੇ ਪੁਸ਼ਟੀ ਕੀਤੀ ਕਿ ਇਸਦੇ ਸੁਪਰੀਮ ਲੀਡਰ, ਅਯਾਤੁੱਲਾ ਸੱਯਦ ਅਲੀ ਹੁਸੈਨੀ ਖਮੇਨੀ, ਦੀ ਅਮਰੀਕਾ ਅਤੇ ਇਜ਼ਰਾਈਲ ਦੁਆਰਾ ਕੀਤੇ ਗਏ ਹਮਲਿਆਂ ਵਿੱਚ ਇੱਕ ਦਿਨ ਪਹਿਲਾਂ ਹੱਤਿਆ ਕਰ ਦਿੱਤੀ ਗਈ ਸੀ। ਚੱਲ ਰਹੀਆਂ ਗੱਲਬਾਤਾਂ ਦੌਰਾਨ ਇੱਕ ਮੌਜੂਦਾ ਰਾਸ਼ਟਰ ਮੁਖੀ ਦੀ ਹੱਤਿਆ ਸਮਕਾਲੀ ਅੰਤਰਰਾਸ਼ਟਰੀ ਸਬੰਧਾਂ ਵਿੱਚ ਇੱਕ ਗੰਭੀਰ ਦਰਾਰ ਦਾ ਸੰਕੇਤ ਦਿੰਦੀ ਹੈ। ਪਰ ਇਸ ਘਟਨਾ ਦੇ ਸਦਮੇ ਤੋਂ ਪਰੇ, ਜੋ ਬਰਾਬਰ ਹੈਰਾਨ ਕਰਨ ਵਾਲੀ ਹੈ ਉਹ ਹੈ ਨਵੀਂ ਦਿੱਲੀ ਦੀ ਚੁੱਪੀ।

ਭਾਰਤ ਸਰਕਾਰ ਨੇ ਨਾ ਤਾਂ ਇਸ ਕਤਲ ਦੀ ਨਿੰਦਾ ਕੀਤੀ ਹੈ ਅਤੇ ਨਾ ਹੀ ਈਰਾਨੀ ਪ੍ਰਭੂਸੱਤਾ ਦੀ ਉਲੰਘਣਾ 'ਤੇ ਸਪੱਸ਼ਟ ਤੌਰ 'ਤੇ ਇਤਰਾਜ਼ ਕੀਤਾ ਹੈ। ਸ਼ੁਰੂ ਵਿੱਚ, ਅਮਰੀਕਾ-ਇਜ਼ਰਾਈਲ ਦੇ ਹਮਲੇ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਆਪਣੇ ਆਪ ਨੂੰ ਯੂਏਈ ਵਿਰੁੱਧ ਈਰਾਨ ਦੇ ਜਵਾਬੀ ਹਮਲਿਆਂ ਦੀ ਨਿੰਦਾ ਕਰਨ ਤੱਕ ਸੀਮਤ ਰੱਖਿਆ, ਅਤੇ ਇਸ ਤੋਂ ਪਹਿਲਾਂ ਦੀਆਂ ਘਟਨਾਵਾਂ 'ਤੇ ਚੁੱਪ ਰਹੇ। ਬਾਅਦ ਵਿੱਚ, ਉਸਨੇ "ਡੂੰਘੀ ਚਿੰਤਾ" ਅਤੇ "ਸੰਵਾਦ ਅਤੇ ਕੂਟਨੀਤੀ" ਦੀ ਗੱਲ ਕੀਤੀ - ਜਦੋਂ ਕਿ ਇਹ ਪ੍ਰਕਿਰਿਆ ਇਜ਼ਰਾਈਲ ਅਤੇ ਅਮਰੀਕਾ ਦੁਆਰਾ ਸ਼ੁਰੂ ਕੀਤੇ ਗਏ ਵੱਡੇ, ਬਿਨਾਂ ਭੜਕਾਹਟ ਦੇ ਹਮਲਿਆਂ ਤੋਂ ਪਹਿਲਾਂ ਚੱਲ ਰਹੀ ਸੀ। ਜੇਕਰ ਸਾਡਾ ਦੇਸ਼ ਪ੍ਰਭੂਸੱਤਾ ਜਾਂ ਅੰਤਰਰਾਸ਼ਟਰੀ ਕਾਨੂੰਨ ਦੇ ਸਮਰਥਨ ਵਿੱਚ ਸਪੱਸ਼ਟ ਤੌਰ 'ਤੇ ਬੋਲਣ ਵਿੱਚ ਅਸਫਲ ਰਹਿੰਦਾ ਹੈ ਅਤੇ ਕਿਸੇ ਵਿਦੇਸ਼ੀ ਰਾਸ਼ਟਰ ਮੁਖੀ ਦੀ ਹੱਤਿਆ ਦੇ ਸਾਹਮਣੇ ਨਿਰਪੱਖਤਾ ਤੋਂ ਭਟਕਦਾ ਦਿਖਾਈ ਦਿੰਦਾ ਹੈ, ਤਾਂ ਇਹ ਸਾਡੀ ਵਿਦੇਸ਼ ਨੀਤੀ ਦੀ ਦਿਸ਼ਾ ਅਤੇ ਭਰੋਸੇਯੋਗਤਾ ਬਾਰੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਇਸ ਸੰਦਰਭ ਵਿੱਚ ਚੁੱਪ ਨੂੰ ਨਿਰਪੱਖਤਾ ਨਹੀਂ ਮੰਨਿਆ ਜਾ ਸਕਦਾ। ਇਹ ਕਤਲ ਜੰਗ ਦੇ ਰਸਮੀ ਐਲਾਨ ਤੋਂ ਬਿਨਾਂ ਅਤੇ ਚੱਲ ਰਹੀ ਕੂਟਨੀਤਕ ਪ੍ਰਕਿਰਿਆ ਦੌਰਾਨ ਹੋਇਆ। ਸੰਯੁਕਤ ਰਾਸ਼ਟਰ ਚਾਰਟਰ ਦਾ ਆਰਟੀਕਲ 2(4) ਕਿਸੇ ਵੀ ਦੇਸ਼ ਦੀ ਖੇਤਰੀ ਅਖੰਡਤਾ ਜਾਂ ਰਾਜਨੀਤਿਕ ਆਜ਼ਾਦੀ ਦੇ ਵਿਰੁੱਧ ਤਾਕਤ ਦੀ ਵਰਤੋਂ ਜਾਂ ਧਮਕੀ ਦੀ ਮਨਾਹੀ ਕਰਦਾ ਹੈ। ਇੱਕ ਮੌਜੂਦਾ ਰਾਸ਼ਟਰ ਮੁਖੀ ਦੀ ਹੱਤਿਆ ਇਹਨਾਂ ਸਿਧਾਂਤਾਂ ਦੇ ਮੂਲ 'ਤੇ ਹਮਲਾ ਕਰਦੀ ਹੈ। ਜੇਕਰ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੁਆਰਾ ਅਜਿਹੇ ਕੰਮਾਂ ਨੂੰ ਸਜ਼ਾ ਨਹੀਂ ਦਿੱਤੀ ਜਾਂਦੀ, ਤਾਂ ਅੰਤਰਰਾਸ਼ਟਰੀ ਨਿਯਮਾਂ ਦੇ ਖੋਰੇ ਨੂੰ ਆਮ ਬਣਾਉਣਾ ਆਸਾਨ ਹੋ ਜਾਂਦਾ ਹੈ।

**ਸਿਰਫ਼ 48 ਘੰਟੇ ਪਹਿਲਾਂ, ਪ੍ਰਧਾਨ ਮੰਤਰੀ ਇਜ਼ਰਾਈਲ ਦੀ ਫੇਰੀ ਤੋਂ ਵਾਪਸ ਆਏ ਸਨ।**

ਸਮੇਂ ਅਤੇ ਹਾਲਾਤਾਂ ਦੁਆਰਾ ਸਥਿਤੀ ਦੀ ਗੰਭੀਰਤਾ ਹੋਰ ਵੀ ਵਧ ਜਾਂਦੀ ਹੈ। ਕਤਲ ਤੋਂ ਸਿਰਫ਼ 48 ਘੰਟੇ ਪਹਿਲਾਂ, ਪ੍ਰਧਾਨ ਮੰਤਰੀ ਇਜ਼ਰਾਈਲ ਦੇ ਦੌਰੇ ਤੋਂ ਵਾਪਸ ਆਏ ਸਨ, ਜਿੱਥੇ ਉਨ੍ਹਾਂ ਨੇ ਬੈਂਜਾਮਿਨ ਨੇਤਨਯਾਹੂ ਦੀ ਸਰਕਾਰ ਲਈ ਆਪਣਾ ਸਪੱਸ਼ਟ ਸਮਰਥਨ ਦੁਹਰਾਇਆ - ਗਾਜ਼ਾ ਵਿੱਚ ਭਾਰੀ ਨਾਗਰਿਕ ਮੌਤਾਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਬੱਚੇ ਸ਼ਾਮਲ ਹਨ, 'ਤੇ ਲਗਾਤਾਰ ਵਿਸ਼ਵਵਿਆਪੀ ਰੋਸ ਦੇ ਬਾਵਜੂਦ। ਅਜਿਹੇ ਸਮੇਂ ਜਦੋਂ ਗਲੋਬਲ ਸਾਊਥ ਦੇ ਬਹੁਤ ਸਾਰੇ ਦੇਸ਼, ਨਾਲ ਹੀ ਭਾਰਤ ਦੇ ਬ੍ਰਿਕਸ ਭਾਈਵਾਲ ਰੂਸ ਅਤੇ ਚੀਨ, ਇਜ਼ਰਾਈਲ ਤੋਂ ਆਪਣੇ ਆਪ ਨੂੰ ਦੂਰ ਕਰ ਰਹੇ ਹਨ, ਭਾਰਤ ਵੱਲੋਂ ਇਹ ਹਾਈ-ਪ੍ਰੋਫਾਈਲ ਰਾਜਨੀਤਿਕ ਸਮਰਥਨ ਨੈਤਿਕ ਸਪੱਸ਼ਟਤਾ ਤੋਂ ਬਿਨਾਂ ਇੱਕ ਚਿੰਤਾਜਨਕ ਭਟਕਣਾ ਜਾਪਦਾ ਹੈ। ਇਸ ਘਟਨਾ ਦਾ ਪ੍ਰਭਾਵ ਭੂ-ਰਾਜਨੀਤੀ ਤੱਕ ਸੀਮਤ ਨਹੀਂ ਹੈ; ਇਸ ਦੀਆਂ ਗੂੰਜਾਂ ਮਹਾਂਦੀਪਾਂ ਵਿੱਚ ਗੂੰਜ ਰਹੀਆਂ ਹਨ। ਅਤੇ ਭਾਰਤ ਦੀ ਸਥਿਤੀ ਇਸ ਦੁਖਾਂਤ ਨੂੰ ਚੁੱਪ-ਚਾਪ ਸਵੀਕਾਰ ਕਰਨ ਦਾ ਸੰਕੇਤ ਦਿੰਦੀ ਪ੍ਰਤੀਤ ਹੁੰਦੀ ਹੈ।

ਇੰਡੀਅਨ ਨੈਸ਼ਨਲ ਕਾਂਗਰਸ ਨੇ ਈਰਾਨੀ ਧਰਤੀ 'ਤੇ ਬੰਬਾਰੀ ਅਤੇ ਕਤਲੇਆਮ ਦੀ ਸਪੱਸ਼ਟ ਤੌਰ 'ਤੇ ਨਿੰਦਾ ਕੀਤੀ ਹੈ, ਇਸਨੂੰ ਗੰਭੀਰ ਖੇਤਰੀ ਅਤੇ ਵਿਸ਼ਵਵਿਆਪੀ ਨਤੀਜਿਆਂ ਦੇ ਨਾਲ ਇੱਕ ਖ਼ਤਰਨਾਕ ਵਾਧਾ ਕਿਹਾ ਹੈ। ਅਸੀਂ ਦੁਨੀਆ ਭਰ ਦੇ ਈਰਾਨੀ ਲੋਕਾਂ ਅਤੇ ਸ਼ੀਆ ਭਾਈਚਾਰਿਆਂ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ ਹੈ, ਅਤੇ ਦੁਹਰਾਇਆ ਹੈ ਕਿ ਭਾਰਤ ਦੀ ਵਿਦੇਸ਼ ਨੀਤੀ ਵਿਵਾਦਾਂ ਦੇ ਸ਼ਾਂਤੀਪੂਰਨ ਹੱਲ ਦੇ ਸਿਧਾਂਤ 'ਤੇ ਅਧਾਰਤ ਹੈ, ਜਿਵੇਂ ਕਿ ਭਾਰਤੀ ਸੰਵਿਧਾਨ ਦੇ ਅਨੁਛੇਦ 51 ਵਿੱਚ ਦਰਸਾਇਆ ਗਿਆ ਹੈ। ਪ੍ਰਭੂਸੱਤਾ ਸਮਾਨਤਾ, ਦਖਲਅੰਦਾਜ਼ੀ ਨਾ ਕਰਨਾ ਅਤੇ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਵਰਗੇ ਸਿਧਾਂਤ ਇਤਿਹਾਸਕ ਤੌਰ 'ਤੇ ਭਾਰਤ ਦੀ ਕੂਟਨੀਤਕ ਪਛਾਣ ਦਾ ਅਨਿੱਖੜਵਾਂ ਅੰਗ ਰਹੇ ਹਨ। ਇਸ ਲਈ, ਮੌਜੂਦਾ ਝਿਜਕ ਨਾ ਸਿਰਫ਼ ਰਣਨੀਤਕ ਹੈ, ਸਗੋਂ ਸਾਡੇ ਦੱਸੇ ਗਏ ਮੁੱਲਾਂ ਨਾਲ ਵੀ ਅਸੰਗਤ ਜਾਪਦੀ ਹੈ।

ਇਹ ਘਟਨਾ ਭਾਰਤ ਲਈ ਖਾਸ ਤੌਰ 'ਤੇ ਚਿੰਤਾਜਨਕ ਹੈ। ਈਰਾਨ ਨਾਲ ਸਾਡੇ ਸਬੰਧ ਸੱਭਿਅਤਾ ਅਤੇ ਰਣਨੀਤਕ ਦੋਵੇਂ ਤਰ੍ਹਾਂ ਦੇ ਰਹੇ ਹਨ। 1994 ਵਿੱਚ, ਜਦੋਂ ਇਸਲਾਮਿਕ ਸਹਿਯੋਗ ਸੰਗਠਨ ਦੇ ਅੰਦਰਲੇ ਤੱਤਾਂ ਨੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਵਿੱਚ ਕਸ਼ਮੀਰ 'ਤੇ ਭਾਰਤ ਵਿਰੁੱਧ ਇੱਕ ਮਤਾ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਤਹਿਰਾਨ ਨੇ ਉਸ ਕੋਸ਼ਿਸ਼ ਨੂੰ ਅਸਫਲ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ। ਉਸ ਦਖਲ ਨੇ ਭਾਰਤ ਦੇ ਆਰਥਿਕ ਪਰਿਵਰਤਨ ਦੇ ਇੱਕ ਸੰਵੇਦਨਸ਼ੀਲ ਸਮੇਂ 'ਤੇ ਕਸ਼ਮੀਰ ਮੁੱਦੇ ਦੇ ਅੰਤਰਰਾਸ਼ਟਰੀਕਰਨ ਨੂੰ ਰੋਕਿਆ। ਈਰਾਨ ਨੇ ਪਾਕਿਸਤਾਨ ਸਰਹੱਦ ਦੇ ਨੇੜੇ ਜ਼ਾਹੇਦਾਨ ਵਿੱਚ ਭਾਰਤ ਦੀ ਕੂਟਨੀਤਕ ਮੌਜੂਦਗੀ ਨੂੰ ਵੀ ਸਮਰੱਥ ਬਣਾਇਆ, ਜੋ ਗਵਾਦਰ ਬੰਦਰਗਾਹ ਅਤੇ ਚੀਨ-ਪਾਕਿਸਤਾਨ ਆਰਥਿਕ ਕੋਰੀਡੋਰ ਦੇ ਵਿਕਾਸ ਲਈ ਇੱਕ ਰਣਨੀਤਕ ਵਿਰੋਧੀ ਸੰਤੁਲਨ ਵਜੋਂ ਕੰਮ ਕਰਦਾ ਹੈ।

'ਮੋਦੀ ਸਰਕਾਰ ਨੂੰ ਵਾਜਪਾਈ ਦੀ ਫੇਰੀ ਨੂੰ ਯਾਦ ਰੱਖਣਾ ਚਾਹੀਦਾ ਹੈ'

ਮੌਜੂਦਾ ਸਰਕਾਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅਪ੍ਰੈਲ 2001 ਵਿੱਚ, ਤਹਿਰਾਨ ਦੀ ਇੱਕ ਸਰਕਾਰੀ ਫੇਰੀ ਦੌਰਾਨ, ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਈਰਾਨ ਨਾਲ ਭਾਰਤ ਦੇ ਡੂੰਘੇ, ਸੱਭਿਅਕ ਅਤੇ ਸਮਕਾਲੀ ਸਬੰਧਾਂ ਦੀ ਗਰਮਜੋਸ਼ੀ ਨਾਲ ਪੁਸ਼ਟੀ ਕੀਤੀ ਸੀ। ਉਨ੍ਹਾਂ ਲੰਬੇ ਸਮੇਂ ਤੋਂ ਚੱਲ ਰਹੇ ਸਬੰਧਾਂ ਦੀ ਉਨ੍ਹਾਂ ਦੀ ਮਾਨਤਾ ਅਤੇ ਕਦਰ ਅੱਜ ਦੀ ਸਰਕਾਰ ਲਈ ਅਪ੍ਰਸੰਗਿਕ ਜਾਪਦੀ ਹੈ।

ਹਾਲ ਹੀ ਦੇ ਸਾਲਾਂ ਵਿੱਚ, ਇਜ਼ਰਾਈਲ ਨਾਲ ਭਾਰਤ ਦੇ ਸਬੰਧ ਰੱਖਿਆ, ਖੇਤੀਬਾੜੀ ਅਤੇ ਤਕਨਾਲੋਜੀ ਦੇ ਖੇਤਰਾਂ ਵਿੱਚ ਫੈਲੇ ਹਨ। ਹਾਲਾਂਕਿ, ਇਹ ਤੱਥ ਕਿ ਭਾਰਤ ਤਹਿਰਾਨ ਅਤੇ ਤੇਲ ਅਵੀਵ ਦੋਵਾਂ ਨਾਲ ਸਬੰਧ ਬਣਾਈ ਰੱਖਦਾ ਹੈ, ਸੰਜਮ ਦੀ ਅਪੀਲ ਕਰਨ ਦਾ ਇੱਕ ਕੂਟਨੀਤਕ ਮੌਕਾ ਪ੍ਰਦਾਨ ਕਰਦਾ ਹੈ। ਪਰ ਅਜਿਹਾ ਮੌਕਾ ਭਰੋਸੇਯੋਗਤਾ 'ਤੇ ਨਿਰਭਰ ਕਰਦਾ ਹੈ। ਅਤੇ ਭਰੋਸੇਯੋਗਤਾ ਸਿਧਾਂਤਕ ਆਚਰਣ ਤੋਂ ਆਉਂਦੀ ਹੈ, ਤੁਰੰਤ ਸਹੂਲਤ ਤੋਂ ਨਹੀਂ।

ਇਹ ਸਿਰਫ਼ ਇੱਕ ਨੈਤਿਕ ਜ਼ਰੂਰੀ ਨਹੀਂ ਹੈ, ਸਗੋਂ ਇੱਕ ਰਣਨੀਤਕ ਲੋੜ ਵੀ ਹੈ। ਲਗਭਗ 10 ਮਿਲੀਅਨ ਭਾਰਤੀ ਖਾੜੀ ਖੇਤਰ ਵਿੱਚ ਰਹਿੰਦੇ ਹਨ ਅਤੇ ਕੰਮ ਕਰਦੇ ਹਨ। ਖਾੜੀ ਯੁੱਧ ਤੋਂ ਲੈ ਕੇ ਯਮਨ, ਇਰਾਕ ਅਤੇ ਸੀਰੀਆ ਤੱਕ, ਪਿਛਲੇ ਸੰਕਟਾਂ ਵਿੱਚ ਆਪਣੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਭਾਰਤ ਦੀ ਯੋਗਤਾ ਇਸਦੀ ਸੁਤੰਤਰ ਪਛਾਣ 'ਤੇ ਅਧਾਰਤ ਰਹੀ ਹੈ, ਕਿਸੇ ਵੀ ਸ਼ਕਤੀ ਸਮੂਹ ਲਈ ਇੱਕ ਪ੍ਰੌਕਸੀ ਵਜੋਂ ਨਹੀਂ।

ਇਹ ਭਰੋਸੇਯੋਗਤਾ ਸੰਜੋਗ ਨਾਲ ਨਹੀਂ ਬਣਾਈ ਗਈ ਸੀ। ਆਜ਼ਾਦੀ ਤੋਂ ਬਾਅਦ, ਭਾਰਤ ਦੀ ਵਿਦੇਸ਼ ਨੀਤੀ ਗੈਰ-ਗਠਜੋੜ ਦੇ ਸਿਧਾਂਤ 'ਤੇ ਅਧਾਰਤ ਸੀ - ਪੈਸਿਵ ਨਿਰਪੱਖਤਾ ਨਹੀਂ, ਸਗੋਂ ਰਣਨੀਤਕ ਖੁਦਮੁਖਤਿਆਰੀ ਦਾ ਸੁਚੇਤ ਦਾਅਵਾ। ਇਹ ਮਹਾਨ ਸ਼ਕਤੀਆਂ ਦੇ ਮੁਕਾਬਲੇ ਵਿੱਚ ਲੀਨ ਹੋਣ ਤੋਂ ਇਨਕਾਰ ਸੀ। ਮੌਜੂਦਾ ਪਲ ਇਹ ਸਵਾਲ ਉਠਾਉਂਦਾ ਹੈ ਕਿ ਕੀ ਇਹ ਰੁਖ਼ ਕਮਜ਼ੋਰ ਹੋ ਰਿਹਾ ਹੈ। ਸ਼ਕਤੀਸ਼ਾਲੀ ਦੇਸ਼ਾਂ ਦੁਆਰਾ ਇੱਕਪਾਸੜ ਫੌਜੀ ਕਾਰਵਾਈ 'ਤੇ ਬੇਲੋੜੀ ਚੁੱਪੀ ਉਸ ਸਿਧਾਂਤ ਤੋਂ ਪਿੱਛੇ ਹਟਣ ਜਾਪਦੀ ਹੈ - ਅਤੇ, ਅਸਲ ਵਿੱਚ, ਸਾਡੀ ਵਿਰਾਸਤ ਦੇ ਅਸਵੀਕਾਰ ਦਾ ਸੰਕੇਤ ਹੈ।

ਇਹ ਸਿਰਫ਼ ਇਤਿਹਾਸ ਦਾ ਸਵਾਲ ਨਹੀਂ ਹੈ, ਸਗੋਂ ਭਾਰਤ ਦੀਆਂ ਮੌਜੂਦਾ ਇੱਛਾਵਾਂ ਦਾ ਵੀ ਸਵਾਲ ਹੈ। ਇੱਕ ਦੇਸ਼ ਲਈ ਜੋ ਆਪਣੇ ਆਪ ਨੂੰ ਗਲੋਬਲ ਦੱਖਣ ਦੀ ਆਵਾਜ਼ ਵਜੋਂ ਪੇਸ਼ ਕਰਨਾ ਚਾਹੁੰਦਾ ਹੈ, ਸਹਿਮਤੀ ਦੀ ਤਸਵੀਰ ਨੁਕਸਾਨਦੇਹ ਹੋਵੇਗੀ। ਜੇਕਰ ਪ੍ਰਭੂਸੱਤਾ ਨੂੰ ਬਿਨਾਂ ਕਿਸੇ ਨਤੀਜੇ ਦੇ ਅਣਡਿੱਠ ਕੀਤਾ ਜਾ ਸਕਦਾ ਹੈ, ਤਾਂ ਛੋਟੇ ਰਾਸ਼ਟਰ ਸ਼ਕਤੀਸ਼ਾਲੀ ਦੇਸ਼ਾਂ ਦੀਆਂ ਇੱਛਾਵਾਂ ਦੇ ਸਾਹਮਣੇ ਕਮਜ਼ੋਰ ਹੋ ਜਾਂਦੇ ਹਨ। ਭਾਰਤ ਨੇ ਵਾਰ-ਵਾਰ ਇੱਕ ਨਿਯਮ-ਅਧਾਰਤ ਅੰਤਰਰਾਸ਼ਟਰੀ ਵਿਵਸਥਾ ਦੀ ਵਕਾਲਤ ਕੀਤੀ ਹੈ ਜੋ ਕਮਜ਼ੋਰਾਂ ਨੂੰ ਜ਼ਬਰਦਸਤੀ ਤੋਂ ਬਚਾਉਂਦਾ ਹੈ। ਪਰ ਜੇਕਰ ਇਸ ਸਿਧਾਂਤ ਨੂੰ ਉਦੋਂ ਲਾਗੂ ਨਹੀਂ ਕੀਤਾ ਜਾਂਦਾ ਜਦੋਂ ਟੈਸਟ ਤੁਰੰਤ ਅਤੇ ਅਸੁਵਿਧਾਜਨਕ ਹੁੰਦਾ ਹੈ, ਤਾਂ ਉਹ ਦਲੀਲ ਖੋਖਲੀ ਹੈ। ਜੇਕਰ ਭਾਰਤ ਅੱਜ ਈਰਾਨ ਦੇ ਸੰਦਰਭ ਵਿੱਚ ਪ੍ਰਭੂਸੱਤਾ ਦੇ ਮੁੱਦੇ 'ਤੇ ਜ਼ੋਰਦਾਰ ਨਹੀਂ ਹੈ, ਤਾਂ ਗਲੋਬਲ ਦੱਖਣ ਦੇ ਹੋਰ ਦੇਸ਼ ਕੱਲ੍ਹ ਨੂੰ ਆਪਣੀ ਖੇਤਰੀ ਅਖੰਡਤਾ ਦੀ ਰੱਖਿਆ ਲਈ ਭਾਰਤ 'ਤੇ ਕਿਉਂ ਭਰੋਸਾ ਕਰਨਗੇ?

ਇਸ ਅਸਹਿਮਤੀ ਨੂੰ ਹੱਲ ਕਰਨ ਲਈ ਸੰਸਦ ਢੁਕਵਾਂ ਮੰਚ ਹੈ। ਜਦੋਂ ਇਹ ਮੁੜ ਜੁੜਦਾ ਹੈ, ਤਾਂ ਅੰਤਰਰਾਸ਼ਟਰੀ ਵਿਵਸਥਾ ਦੇ ਇਸ ਵਿਘਨ ਅਤੇ ਇਸ 'ਤੇ ਭਾਰਤ ਦੀ ਚੁੱਪੀ 'ਤੇ ਖੁੱਲ੍ਹੀ ਬਹਿਸ ਹੋਣੀ ਚਾਹੀਦੀ ਹੈ। ਇੱਕ ਵਿਦੇਸ਼ੀ ਰਾਜ ਮੁਖੀ ਦੀ ਹੱਤਿਆ, ਅੰਤਰਰਾਸ਼ਟਰੀ ਨਿਯਮਾਂ ਦਾ ਖੋਰਾ, ਅਤੇ ਪੱਛਮੀ ਏਸ਼ੀਆ ਵਿੱਚ ਵਧਦੀ ਅਸਥਿਰਤਾ - ਇਹ ਸਾਰੇ ਮੁੱਦੇ ਸਿੱਧੇ ਤੌਰ 'ਤੇ ਭਾਰਤ ਦੇ ਰਣਨੀਤਕ ਹਿੱਤਾਂ ਅਤੇ ਨੈਤਿਕ ਵਚਨਬੱਧਤਾਵਾਂ ਨਾਲ ਜੁੜੇ ਹੋਏ ਹਨ। ਭਾਰਤ ਦੀ ਸਥਿਤੀ ਦਾ ਸਪੱਸ਼ਟ ਪ੍ਰਗਟਾਵਾ ਹੁਣ ਜ਼ਰੂਰੀ ਹੈ। ਲੋਕਤੰਤਰੀ ਜਵਾਬਦੇਹੀ ਇਸਦੀ ਮੰਗ ਕਰਦੀ ਹੈ, ਜਿਵੇਂ ਕਿ ਰਣਨੀਤਕ ਸਪੱਸ਼ਟਤਾ ਵੀ।

ਭਾਰਤ ਨੇ ਲੰਬੇ ਸਮੇਂ ਤੋਂ "ਵਸੁਧੈਵ ਕੁਟੁੰਬਕਮ" ਦੇ ਆਦਰਸ਼ ਨੂੰ ਬੁਲਾਇਆ ਹੈ ਅਤੇ ਦੁਹਰਾਇਆ ਹੈ ਕਿ ਦੁਨੀਆ ਇੱਕ ਪਰਿਵਾਰ ਹੈ। ਇਹ ਸੱਭਿਅਤਾ ਦੀ ਭਾਵਨਾ ਸਿਰਫ਼ ਰਸਮੀ ਕੂਟਨੀਤੀ ਦਾ ਨਾਅਰਾ ਨਹੀਂ ਹੈ; ਇਹ ਨਿਆਂ, ਸੰਜਮ ਅਤੇ ਸੰਵਾਦ ਪ੍ਰਤੀ ਵਚਨਬੱਧਤਾ ਦਾ ਸੰਕੇਤ ਦਿੰਦਾ ਹੈ, ਭਾਵੇਂ ਇਹ ਅਸੁਵਿਧਾਜਨਕ ਹੋਵੇ। ਜਦੋਂ ਨਿਯਮ-ਅਧਾਰਤ ਵਿਸ਼ਵ ਵਿਵਸਥਾ ਸਪੱਸ਼ਟ ਦਬਾਅ ਹੇਠ ਹੁੰਦੀ ਹੈ, ਤਾਂ ਚੁੱਪ ਰਹਿਣਾ ਸਿਧਾਂਤਾਂ ਨੂੰ ਤਿਆਗਣ ਦੇ ਬਰਾਬਰ ਹੈ। ਭਾਰਤ ਨੇ ਆਪਣੇ ਆਪ ਨੂੰ ਸਿਰਫ਼ ਇੱਕ ਖੇਤਰੀ ਸ਼ਕਤੀ ਤੋਂ ਵੱਧ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ; ਇਸਨੇ ਇੱਕ ਅਜਿਹੀ ਆਵਾਜ਼ ਬਣਨ ਦੀ ਇੱਛਾ ਕੀਤੀ ਹੈ ਜੋ ਪ੍ਰਭੂਸੱਤਾ, ਸ਼ਾਂਤੀ, ਅਹਿੰਸਾ ਅਤੇ ਨਿਆਂ ਲਈ ਬੋਲਦੀ ਹੈ, ਭਾਵੇਂ ਹਾਲਾਤ ਕਿੰਨੇ ਵੀ ਔਖੇ ਕਿਉਂ ਨਾ ਹੋਣ। ਅੱਜ, ਸਾਨੂੰ ਉਸ ਨੈਤਿਕ ਤਾਕਤ ਨੂੰ ਯਾਦ ਕਰਨ ਅਤੇ ਇਸਨੂੰ ਸਪਸ਼ਟਤਾ ਅਤੇ ਦ੍ਰਿੜਤਾ ਨਾਲ ਪ੍ਰਗਟ ਕਰਨ ਦੀ ਲੋੜ ਹੈ।

# AI ਬਣਿਆ ਨਵਾਂ ਹਥਿਆਰ



**ਮੁਨਜ਼ੀਰ ਅਹਿਮਦ**

ਈਰਾਨ-ਇਜ਼ਰਾਈਲ-ਅਮਰੀਕਾ ਟਕਰਾਅ ਨੇ ਸਾਬਤ ਕਰ ਦਿੱਤਾ ਹੈ ਕਿ ਭਵਿੱਖ ਦੀਆਂ ਲੜਾਈਆਂ ਸਰਵਰਾਂ ਅਤੇ ਐਲਗੋਰਿਦਮ ਰਾਹੀਂ ਲੜੀਆਂ ਜਾਣਗੀਆਂ। ਜਦੋਂ ਕਿ AI ਨਿਸ਼ਾਨਾ ਚੋਣ ਅਤੇ ਰਣਨੀਤੀ ਵਿਕਾਸ ਵਿੱਚ ਮਦਦ ਕਰ ਰਿਹਾ ਹੈ, ਈਰਾਨ ਦੇ "Aria" ਵਰਗੇ ਲੜਾਕੂ ਰੋਬੋਟ ਜ਼ਮੀਨੀ ਫੌਜਾਂ ਲਈ ਜੋਖਮ ਨੂੰ ਘਟਾ ਰਹੇ ਹਨ।

ਅਮਰੀਕਾ ਅਤੇ ਇਜ਼ਰਾਈਲ ਲਗਾਤਾਰ ਈਰਾਨ 'ਤੇ ਹਮਲਾ ਕਰ ਰਹੇ ਹਨ। ਈਰਾਨ ਅਮਰੀਕੀ ਠਿਕਾਣਿਆਂ ਅਤੇ ਇਜ਼ਰਾਈਲ 'ਤੇ ਵੀ ਲਗਾਤਾਰ ਮਿਜ਼ਾਈਲਾਂ ਦਾਗੀਆਂ ਜਾ ਰਹੀਆਂ ਹਨ। ਇਸ ਟਕਰਾਅ ਵਿੱਚ ਨਕਲੀ ਬੁੱਧੀ ਦੀ ਵਰਤੋਂ ਮਹੱਤਵਪੂਰਨ ਹੋ ਗਈ ਹੈ। ਅੱਜ ਦੀਆਂ ਲੜਾਈਆਂ ਸਿਰਫ਼ ਮਿਜ਼ਾਈਲਾਂ ਅਤੇ ਲੜਾਕੂ ਜਹਾਜ਼ਾਂ ਨਾਲ ਨਹੀਂ ਲੜੀਆਂ ਜਾਂਦੀਆਂ।

ਅਸਲ ਖੇਡ ਹੁਣ ਡੇਟਾ ਅਤੇ AI ਹੈ। ਈਰਾਨ 'ਤੇ ਹਾਲ ਹੀ ਵਿੱਚ ਅਮਰੀਕਾ ਅਤੇ ਇਜ਼ਰਾਈਲੀ ਹਮਲਿਆਂ ਵਿੱਚ ਨਕਲੀ ਬੁੱਧੀ (AI) ਦੀ ਵਿਆਪਕ ਵਰਤੋਂ ਕੀਤੀ ਗਈ ਹੈ। AI ਟੂਲਸ ਨੇ ਖੁਫੀਆ ਜਾਣਕਾਰੀ ਨੂੰ ਸਮਝਣ, ਟੀਚਿਆਂ ਦੀ ਚੋਣ ਕਰਨ ਅਤੇ ਕਾਰਜਾਂ ਦੀ ਯੋਜਨਾ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਸਭ ਤੋਂ ਵੱਧ ਚਰਚਾ ਵਿੱਚ ਆਉਣ ਵਾਲਾ ਨਾਮ ਐਂਥ੍ਰੋਪਿਕ ਦਾ ਕਲਾਉਡ AI ਹੈ। ਦਿ ਗਾਰਡੀਅਨ ਅਤੇ ਰਾਇਟਰਜ਼ ਦੀਆਂ ਰਿਪੋਰਟਾਂ ਦੇ ਅਨੁਸਾਰ, ਅਮਰੀਕੀ ਫੌਜ ਨੇ ਈਰਾਨ 'ਤੇ ਹਮਲਿਆਂ ਤੋਂ ਪਹਿਲਾਂ ਡੇਟਾ ਵਿਸ਼ਲੇਸ਼ਣ ਲਈ ਕਲੌਡ ਵਰਗੇ AI ਮਾਡਲਾਂ ਦੀ ਵਰਤੋਂ ਕੀਤੀ ਸੀ। ਇਹ AI ਸਿੱਧੇ ਤੌਰ 'ਤੇ ਬੰਬ ਨਹੀਂ ਸੁੱਟਦਾ, ਪਰ ਇਹ ਸੈਟੇਲਾਈਟ ਤਸਵੀਰਾਂ, ਡਰੋਨ ਫੁਟੇਜ, ਸਿਗਨਲ ਡੇਟਾ ਅਤੇ ਰਿਪੋਰਟਾਂ ਨੂੰ ਤੇਜ਼ੀ ਨਾਲ ਪੜ੍ਹਦਾ ਹੈ ਤਾਂ ਜੋ ਸਾਨੂੰ ਦੱਸਿਆ ਜਾ ਸਕੇ ਕਿ ਕੀ ਹੋ ਰਿਹਾ ਹੈ।

ਇਹ ਯੋਜਨਾਬੰਦੀ ਨੂੰ ਕਾਫ਼ੀ ਤੇਜ਼ ਕਰਦਾ ਹੈ। ਇਹ ਉਸ ਬਿੰਦੂ 'ਤੇ ਵੀ ਪਹੁੰਚ ਗਿਆ ਜਿੱਥੇ ਅਮਰੀਕਾ ਨੇ ਸ਼ੁਰੂ ਵਿੱਚ ਐਂਥ੍ਰੋਪਿਕ ਨਾਲ ਸਬੰਧ ਤੋੜ ਲਏ ਸਨ, ਪਰ ਇਸਦੇ ਬਾਵਜੂਦ, ਐਂਥ੍ਰੋਪਿਕ ਦੇ ਔਜ਼ਾਰ ਅਜੇ ਵੀ ਯੁੱਧ ਲਈ ਵਰਤੇ ਜਾਂਦੇ ਸਨ।

ਹੁਣ, ਅਮਰੀਕੀ ਯੁੱਧ ਵਿਭਾਗ ਐਂਥ੍ਰੋਪਿਕ ਦੀ ਬਜਾਏ ਸੈਮ ਅਲਟਮੈਨ ਦੇ ਓਪਨਏਆਈ ਦੀ ਵਰਤੋਂ ਕਰੇਗਾ। ਇਹ ਇਸ ਲਈ ਹੈ ਕਿਉਂਕਿ ਐਂਥ੍ਰੋਪਿਕ ਦੇ ਸੰਸਥਾਪਕ ਦਾ ਮੰਨਣਾ ਹੈ ਕਿ AI ਨੂੰ ਬਹੁਤ ਜ਼ਿਆਦਾ ਨਿਯੰਤਰਣ ਦੇਣਾ ਖ਼ਤਰਨਾਕ ਹੋ ਸਕਦਾ ਹੈ। ਦੂਜੇ ਪਾਸੇ, ਸੈਮ ਅਲਟਮੈਨ ਦਾ ਮੰਨਣਾ ਹੈ ਕਿ AI ਨੂੰ ਨਿਯੰਤਰਣ ਦਿੱਤਾ ਜਾਣਾ ਚਾਹੀਦਾ ਹੈ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਫੌਜੀ ਪ੍ਰਣਾਲੀਆਂ AI 'ਤੇ ਵੱਧ ਤੋਂ ਵੱਧ ਨਿਰਭਰ ਕਰ ਰਹੀਆਂ ਹਨ। ਹੁਣ, ਸਮਝੋ ਕਿ AI ਕੀ ਕਰਦਾ ਹੈ। ਕਲਪਨਾ ਕਰੋ ਕਿ ਹਜ਼ਾਰਾਂ ਸੈਟੇਲਾਈਟ ਤਸਵੀਰਾਂ ਆ ਰਹੀਆਂ ਹਨ। ਜੇਕਰ ਕੋਈ ਮਨੁੱਖ ਉਨ੍ਹਾਂ ਨੂੰ ਇੱਕ-ਇੱਕ ਕਰਕੇ ਦੇਖਦਾ ਹੈ, ਤਾਂ ਇਸ ਵਿੱਚ ਘੰਟੇ ਲੱਗ ਜਾਣਗੇ।

AI ਕੁਝ ਮਿੰਟਾਂ ਵਿੱਚ ਪੈਟਰਨਾਂ ਨੂੰ ਚੁੱਕ ਲੈਂਦਾ ਹੈ: ਜਿੱਥੇ ਜ਼ਿਆਦਾ ਗਤੀ ਹੈ, ਕਿਹੜੀਆਂ ਇਮਾਰਤਾਂ ਸਰਗਰਮ ਦਿਖਾਈ ਦਿੰਦੀਆਂ ਹਨ, ਕਿਹੜੇ ਖੇਤਰਾਂ ਵਿੱਚ ਅਚਾਨਕ ਸਿਗਨਲ ਟ੍ਰੈਫਿਕ ਵਧ ਗਿਆ ਹੈ। ਇਸ ਸਾਰੀ ਜਾਣਕਾਰੀ ਨੂੰ ਜੋੜ ਕੇ, ਸਿਸਟਮ ਸੰਭਾਵੀ ਟੀਚਿਆਂ ਦੀ ਇੱਕ ਸੂਚੀ ਬਣਾ ਸਕਦਾ ਹੈ। ਇਜ਼ਰਾਈਲ ਲੰਬੇ ਸਮੇਂ ਤੋਂ ਏਆਈ-ਅਧਾਰਤ ਪ੍ਰਣਾਲੀਆਂ ਦੀ ਵਰਤੋਂ ਕਰ ਰਿਹਾ ਹੈ ਜੋ ਟੀਚਿਆਂ ਦੀ ਪਛਾਣ ਕਰਨ ਵਿੱਚ ਮਦਦ ਕਰਦੇ ਹਨ। ਡਰੋਨ ਅਤੇ ਨਿਗਰਾਨੀ ਡੇਟਾ ਨੂੰ ਏਆਈ ਦੁਆਰਾ ਤੇਜ਼ ਫੈਸਲੇ ਲੈਣ ਲਈ ਪ੍ਰੋਸੈਸ ਕੀਤਾ ਜਾਂਦਾ ਹੈ, ਜਿਸ ਨਾਲ ਕਾਰਜਾਂ ਦੀ ਗਤੀ ਵਧਦੀ ਹੈ। ਏਆਈ ਦੀ ਭੂਮਿਕਾ ਸਿਰਫ ਨਿਸ਼ਾਨਾ ਬਣਾਉਣ ਤੱਕ ਸੀਮਿਤ ਨਹੀਂ ਹੈ। ਲੌਜਿਸਟਿਕਸ ਵਿੱਚ ਇਹ ਫੈਸਲਾ ਕਰਨਾ ਵੀ ਸ਼ਾਮਲ ਹੈ ਕਿ ਕਿਹੜੀ ਯੂਨਿਟ ਨੂੰ ਭੇਜਣਾ ਹੈ, ਕਿਹੜਾ ਰਸਤਾ ਸੁਰੱਖਿਅਤ ਹੈ, ਅਤੇ ਕਿਹੜਾ ਕੋਣ ਘੱਟ ਤੋਂ ਘੱਟ ਨੁਕਸਾਨ ਪਹੁੰਚਾਏਗਾ। ਏਆਈ ਮਾਡਲ ਅਜਿਹੇ ਬਹੁਤ ਸਾਰੇ ਫੈਸਲਿਆਂ ਵਿੱਚ ਵੱਖ-ਵੱਖ ਦ੍ਰਿਸ਼ਾਂ ਦੀ ਨਕਲ ਕਰਨ ਲਈ ਸਿਮੂਲੇਸ਼ਨ ਚਲਾ ਸਕਦੇ ਹਨ।

ਇਹ ਕਮਾਂਡਰਾਂ ਨੂੰ ਹਰੇਕ ਫੈਸਲੇ ਦੇ ਸੰਭਾਵੀ ਪ੍ਰਭਾਵ ਦਾ ਅੰਦਾਜ਼ਾ ਦਿੰਦਾ ਹੈ। ਸਾਈਬਰ ਯੁੱਧ ਇੱਕ ਹੋਰ ਪ੍ਰਮੁੱਖ ਹਿੱਸਾ ਹੈ। ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਇੱਕ ਡਿਜੀਟਲ ਮੋਰਚਾ ਵੀ ਖੁੱਲ੍ਹ ਗਿਆ ਹੈ। ਵੈੱਬਸਾਈਟਾਂ ਨੂੰ ਹੈਕ ਕਰਨਾ, ਨੈੱਟਵਰਕ ਹਮਲੇ ਅਤੇ ਸੰਚਾਰ ਪ੍ਰਣਾਲੀਆਂ ਵਿੱਚ ਵਿਘਨ ਪਾਉਣਾ ਅੱਜ ਦੇ ਯੁੱਧ ਦਾ ਹਿੱਸਾ ਹਨ। ਏਆਈ ਅਜਿਹੇ ਹਮਲਿਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਜਵਾਬ ਦੇਣ ਵਿੱਚ ਵੀ ਮਦਦ ਕਰਦਾ ਹੈ। ਪਰ ਇੱਕ ਵੱਡਾ ਸਵਾਲ ਹੈ: ਜੇਕਰ ਏਆਈ ਸੁਝਾਅ ਦੇ ਰਿਹਾ ਹੈ ਕਿ ਕਿਹੜੇ ਟੀਚਿਆਂ ਨੂੰ ਚੁਣਨਾ ਹੈ, ਤਾਂ ਅੰਤਿਮ ਫੈਸਲਾ ਕੌਣ ਲੈਂਦਾ ਹੈ?

ਮਨੁੱਖ ਅਜੇ ਵੀ ਅੰਤਿਮ ਫੈਸਲੇ ਲੈਂਦੇ ਹਨ। AI ਸਿਰਫ਼ ਸਲਾਹ ਦਿੰਦਾ ਹੈ। ਹਾਲਾਂਕਿ, ਇਹ ਡਰ ਹੈ ਕਿ ਜੇਕਰ ਭਵਿੱਖ ਵਿੱਚ ਸਿਸਟਮ ਵਧੇਰੇ ਸਵੈਚਾਲਿਤ ਹੋ ਜਾਂਦੇ ਹਨ, ਤਾਂ ਮਨੁੱਖੀ ਨਿਯੰਤਰਣ ਘੱਟ ਸਕਦਾ ਹੈ। AI ਨੂੰ ਪੂਰੀ ਤਰ੍ਹਾਂ ਫੈਸਲੇ ਲੈਣ ਲਈ ਛੱਡਣ ਨਾਲ ਪ੍ਰਮਾਣੂ ਯੁੱਧ ਹੋ ਸਕਦਾ ਹੈ। ਕੁਝ ਅਧਿਐਨਾਂ ਨੇ ਇਹ ਵੀ ਦਿਖਾਇਆ ਹੈ ਕਿ ਜਦੋਂ AI ਨੂੰ ਯੁੱਧ ਵਰਗੀਆਂ ਸਥਿਤੀਆਂ ਦੇ ਸਿਮੂਲੇਸ਼ਨ ਦਿੱਤੇ ਜਾਂਦੇ ਸਨ, ਤਾਂ ਇਹ ਅਕਸਰ ਅਜਿਹੇ ਵਿਕਲਪਾਂ ਨੂੰ ਚੁਣਦਾ ਸੀ ਜੋ ਟਕਰਾਅ ਨੂੰ ਵਧਾਉਂਦੇ ਸਨ। ਇਸ ਅਧਿਐਨ ਵਿੱਚ, AI ਨੇ ਰਵਾਇਤੀ ਹਥਿਆਰਾਂ ਨਾਲੋਂ ਪ੍ਰਮਾਣੂ ਹਥਿਆਰਾਂ ਨੂੰ ਵੀ ਤਰਜੀਹ ਦਿੱਤੀ। ਇਹ ਦਰਸਾਉਂਦਾ ਹੈ ਕਿ ਜੇਕਰ AI ਨੂੰ ਆਜ਼ਾਦੀ ਦਿੱਤੀ ਜਾਵੇ ਤਾਂ ਯੁੱਧ ਕਿੰਨਾ ਖਤਰਨਾਕ ਹੋ ਸਕਦਾ ਹੈ।

ਇਸ ਲਈ, ਇਸ ਬਾਰੇ ਦੁਨੀਆ ਭਰ ਵਿੱਚ ਬਹਿਸ ਚੱਲ ਰਹੀ ਹੈ ਕਿ ਯੁੱਧ ਵਿੱਚ AI ਨੂੰ ਕਿੰਨੀ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ। ਸਪੱਸ਼ਟ ਤੌਰ 'ਤੇ, ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਇਸ ਟਕਰਾਅ ਨੇ ਦਿਖਾਇਆ ਹੈ ਕਿ ਯੁੱਧ ਹੁਣ ਨਾ ਸਿਰਫ਼ ਜੰਗ ਦੇ ਮੈਦਾਨ ਵਿੱਚ, ਸਗੋਂ ਸਰਵਰਾਂ ਅਤੇ ਐਲਗੋਰਿਦਮ ਵਿੱਚ ਵੀ ਲੜੇ ਜਾ ਰਹੇ ਹਨ। ਡੇਟਾ ਅਤੇ AI ਵਿੱਚ ਉੱਤਮ ਦੇਸ਼ ਇੱਕ ਰਣਨੀਤਕ ਫਾਇਦਾ ਪ੍ਰਾਪਤ ਕਰ ਸਕਦੇ ਹਨ। ਭਵਿੱਖ ਦਾ ਯੁੱਧ ਕਿਹੋ ਜਿਹਾ ਹੋਵੇਗਾ? ਸ਼ਾਇਦ ਇੱਕ ਜਿੱਥੇ ਮਿਜ਼ਾਈਲਾਂ ਲਾਂਚ ਕਰਨ ਤੋਂ ਪਹਿਲਾਂ ਐਲਗੋਰਿਦਮ ਚੱਲਦੇ ਹਨ, ਜਿੱਥੇ ਇੱਕ ਬਟਨ ਦਬਾਉਣ ਤੋਂ ਪਹਿਲਾਂ ਹਜ਼ਾਰਾਂ ਸਿਮੂਲੇਸ਼ਨ ਕੀਤੇ ਗਏ ਹਨ। ਅਤੇ ਜਿੱਥੇ ਫੈਸਲਾ ਲੈਣ ਵਿੱਚ ਮਨੁੱਖ ਅਤੇ ਮਸ਼ੀਨਾਂ ਦੋਵੇਂ ਸ਼ਾਮਲ ਹਨ।

ਜਿਵੇਂ-ਜਿਵੇਂ ਯੁੱਧ ਤਕਨਾਲੋਜੀ ਅੱਗੇ ਵਧਦੀ ਹੈ, ਇੱਕ ਹੋਰ ਵੱਡਾ ਬਦਲਾਅ ਰੋਬੋਟ ਅਤੇ AI ਮਸ਼ੀਨਾਂ ਦੀ ਜ਼ਮੀਨ 'ਤੇ ਵਰਤੋਂ ਹੈ। ਸਿਰਫ਼ ਅਸਮਾਨ ਤੋਂ ਡਰੋਨ ਹੀ ਨਹੀਂ, ਕੁਝ ਦੇਸ਼ਾਂ ਨੇ ਖੁਦਮੁਖਤਿਆਰ ਜਾਂ ਨਿਯੰਤਰਿਤ ਰੋਬੋਟਿਕ ਯੰਤਰ ਵਿਕਸਤ ਕੀਤੇ ਹਨ ਜੋ ਜ਼ਮੀਨ 'ਤੇ ਘੁੰਮ ਸਕਦੇ ਹਨ, ਖੋਜ ਕਰ ਸਕਦੇ ਹਨ ਅਤੇ ਸਹਾਇਤਾ ਪ੍ਰਦਾਨ ਕਰ ਸਕਦੇ ਹਨ। ਫੌਜੀ-ਗ੍ਰੇਡ ਰੋਬੋਟ, ਜਿਵੇਂ ਕਿ ਟਰੈਕ ਕੀਤੇ ਵਾਹਨ, ਤੁਰਨ ਵਾਲੇ ਰੋਬੋਟ, ਅਤੇ ਛੋਟੇ ਟੈਂਕ ਵਰਗੇ ਪਲੇਟਫਾਰਮ, ਦੁਨੀਆ ਦੇ ਕੁਝ ਹਿੱਸਿਆਂ ਵਿੱਚ ਪਹਿਲਾਂ ਹੀ ਵਰਤੋਂ ਵਿੱਚ ਹਨ। ਅਮਰੀਕਾ ਅਤੇ ਹੋਰ ਦੇਸ਼ਾਂ ਨੇ ਸੈਨਿਕਾਂ ਦੀ ਥਾਂ 'ਤੇ ਜ਼ਮੀਨੀ ਖੋਜ ਅਤੇ ਖਤਰਨਾਕ ਖੇਤਰਾਂ ਵਿੱਚ ਇਨ੍ਹਾਂ ਮਸ਼ੀਨਾਂ ਨੂੰ ਤਾਇਨਾਤ ਕਰਨਾ ਸ਼ੁਰੂ ਕਰ ਦਿੱਤਾ ਹੈ।

ਪਹਿਲਾਂ ਦੀਆਂ ਉਦਾਹਰਣਾਂ ਵਿੱਚ, ਅਮਰੀਕੀ ਫੌਜ ਨੇ MARCbot ਵਰਗੇ ਛੋਟੇ ਰੋਬੋਟਾਂ ਦੀ ਵਰਤੋਂ ਕੀਤੀ ਹੈ, ਜੋ ਖਤਰਨਾਕ ਸਥਾਨਾਂ ਦੀ ਯਾਤਰਾ ਕਰਦੇ ਹਨ ਅਤੇ ਮਨੁੱਖੀ ਖ਼ਤਰੇ ਤੋਂ ਬਚਣ ਲਈ ਕੈਮਰਿਆਂ ਅਤੇ ਸੈਂਸਰਾਂ ਤੋਂ ਜਾਣਕਾਰੀ ਇਕੱਠੀ ਕਰਦੇ ਹਨ। ਅਜਿਹੇ ਰੋਬੋਟ ਪਹਿਲਾਂ ਹੀ ਅਫਗਾਨਿਸਤਾਨ ਅਤੇ ਇਰਾਕ ਵਰਗੇ ਖੇਤਰਾਂ ਵਿੱਚ ਤਾਇਨਾਤ ਕੀਤੇ ਜਾ ਚੁੱਕੇ ਹਨ। ਚੀਨ ਰੋਬੋਟਿਕ ਤਕਨਾਲੋਜੀ ਨੂੰ ਵੀ ਤੇਜ਼ੀ ਨਾਲ ਵਿਕਸਤ ਕਰ ਰਿਹਾ ਹੈ। ਕੁਝ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਚੀਨ ਗਸ਼ਤ, ਨਿਗਰਾਨੀ ਅਤੇ ਸੁਰੱਖਿਆ ਵਰਗੇ ਕੰਮ ਕਰਨ ਲਈ ਸਰਹੱਦ 'ਤੇ ਹਿਊਮਨਾਈਡ ਰੋਬੋਟਾਂ ਨੂੰ ਤਾਇਨਾਤ ਕਰ ਰਿਹਾ ਹੈ। ਇਹ ਰੋਬੋਟ AI ਦਿਮਾਗ ਨਾਲ ਲੈਸ ਹਨ, ਜਿਸ ਨਾਲ ਉਹ ਸੁਤੰਤਰ ਤੌਰ 'ਤੇ ਨੈਵੀਗੇਟ ਕਰ ਸਕਦੇ ਹਨ, ਬੈਟਰੀਆਂ ਨੂੰ ਅਕਸਰ ਬਦਲਦੇ ਹਨ, ਅਤੇ ਲੰਬੇ ਸਮੇਂ ਦੇ ਮਿਸ਼ਨ ਕਰਦੇ ਹਨ। ਜਦੋਂ ਕਿ ਔਨਲਾਈਨ ਘੁੰਮ ਰਹੇ ਕੁਝ ਵੀਡੀਓ ਜਿਨ੍ਹਾਂ ਵਿੱਚ ਰੋਬੋਟ ਸਿਪਾਹੀਆਂ ਨੂੰ ਰਾਈਫਲਾਂ ਲੈ ਕੇ ਜਾਂਦੇ ਦਿਖਾਇਆ ਗਿਆ ਹੈ, ਕਈ ਵਾਰ AI-ਤਿਆਰ ਕੀਤੇ ਜਾਂ ਨਕਲੀ ਵੀ ਪਾਏ ਗਏ ਹਨ, ਦੁਨੀਆ ਭਰ ਦੀਆਂ ਫੌਜਾਂ ਮਨੁੱਖੀ ਸੈਨਿਕਾਂ ਨੂੰ ਜੋਖਮ ਤੋਂ ਬਚਾਉਣ ਅਤੇ ਰੋਬੋਟਾਂ ਨੂੰ ਜ਼ਮੀਨ 'ਤੇ ਖਤਰਨਾਕ ਕੰਮ ਕਰਨ ਦੇ ਯੋਗ ਬਣਾਉਣ ਲਈ ਰੋਬੋਟਿਕਸ 'ਤੇ ਕੰਮ ਕਰ ਰਹੀਆਂ ਹਨ। ਈਰਾਨ ਵੀ ਅਜਿਹੇ ਸਿਸਟਮ ਵਿਕਸਤ ਕਰ ਰਿਹਾ ਹੈ।



ਸਤੰਬਰ 2025 ਵਿੱਚ, ਈਰਾਨੀ ਫੌਜ ਨੇ ਆਪਣੇ Aria ਲੜਾਕੂ ਰੋਬੋਟ ਦਾ ਪਰਦਾਫਾਸ਼ ਕੀਤਾ, ਜੋ ਇੱਕ ਟਰੈਕ ਕੀਤੇ ਪਲੇਟਫਾਰਮ 'ਤੇ ਚਲਦਾ ਹੈ ਅਤੇ ਨਿਗਰਾਨੀ, ਗਸ਼ਤ, ਜਾਂ, ਜੇ ਲੋੜ ਹੋਵੇ, ਆਪਣੇ ਆਪ ਲੜਾਈ ਵਿੱਚ ਸ਼ਾਮਲ ਹੋਣ ਲਈ ਰਿਮੋਟਲੀ ਜਾਂ AI ਸਹਾਇਤਾ ਨਾਲ ਕੰਮ ਕਰ ਸਕਦਾ ਹੈ। ਇਹ ਰੋਬੋਟ ਮਸ਼ੀਨ ਗਨ ਵੀ ਲਗਾ ਸਕਦਾ ਹੈ ਅਤੇ 2 ਕਿਲੋਮੀਟਰ ਦੂਰ ਤੱਕ ਦੇ ਟੀਚਿਆਂ 'ਤੇ ਗੋਲੀਬਾਰੀ ਕਰ ਸਕਦਾ ਹੈ, ਜਿਸ ਨਾਲ ਕਮਾਂਡਰਾਂ ਨੂੰ ਸ਼ੁੱਧਤਾ ਅਤੇ ਸ਼ੁੱਧਤਾ ਮਿਲਦੀ ਹੈ।

ਇਸਦਾ ਮਤਲਬ ਹੈ ਕਿ ਜੇਕਰ ਭਵਿੱਖ ਵਿੱਚ ਯੁੱਧ ਜ਼ਮੀਨ ਤੱਕ ਫੈਲਦਾ ਹੈ, ਤਾਂ ਸਿਪਾਹੀ ਨਾ ਸਿਰਫ਼ ਮਨੁੱਖਾਂ ਵਜੋਂ, ਸਗੋਂ AI ਨਾਲ ਲੈਸ ਰੋਬੋਟਿਕ ਜ਼ਮੀਨੀ ਇਕਾਈਆਂ ਵਜੋਂ ਵੀ ਕੰਮ ਕਰਨਗੇ। ਇਹ ਮਸ਼ੀਨਾਂ ਪਹਿਲਾਂ ਤੋਂ ਹੀ ਖਤਰਨਾਕ ਖੇਤਰਾਂ ਨੂੰ ਸਕੈਨ ਕਰ ਸਕਦੀਆਂ ਹਨ, ਦੁਸ਼ਮਣ ਦੀਆਂ ਸਥਿਤੀਆਂ ਦੀ ਪਛਾਣ ਕਰ ਸਕਦੀਆਂ ਹਨ, ਹਮਲਿਆਂ ਵਿੱਚ ਸਹਾਇਤਾ ਕਰ ਸਕਦੀਆਂ ਹਨ, ਅਤੇ ਜ਼ਖਮੀ ਸੈਨਿਕਾਂ ਨੂੰ ਸੁਰੱਖਿਅਤ ਥਾਂ 'ਤੇ ਵੀ ਪਹੁੰਚਾ ਸਕਦੀਆਂ ਹਨ।

ਜੇਕਰ ਇਸ ਤਕਨਾਲੋਜੀ ਨੂੰ ਵੱਡੇ ਪੱਧਰ 'ਤੇ ਲਾਗੂ ਕੀਤਾ ਜਾਂਦਾ ਹੈ, ਤਾਂ ਇਹ ਜ਼ਮੀਨੀ ਯੁੱਧ ਦੀ ਪ੍ਰਕਿਰਤੀ ਨੂੰ ਬਦਲ ਦੇਵੇਗਾ। ਮਨੁੱਖਾਂ ਨੂੰ ਖ਼ਤਰਨਾਕ ਖੇਤਰਾਂ ਵਿੱਚ ਭੇਜਣ ਤੋਂ ਪਹਿਲਾਂ, ਏਆਈ ਰੋਬੋਟ ਭਰੋਸੇਯੋਗ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ ਅਤੇ, ਕਈ ਵਾਰ, ਉਹ ਕੰਮ ਕਰ ਸਕਦੇ ਹਨ ਜੋ ਮਨੁੱਖਾਂ ਲਈ ਜੋਖਮ ਭਰੇ ਹੁੰਦੇ ਹਨ। ਇਹੀ ਕਾਰਨ ਹੈ ਕਿ ਦੁਨੀਆ ਦੇ ਪ੍ਰਮੁੱਖ ਦੇਸ਼ ਏਆਈ ਪ੍ਰਣਾਲੀਆਂ ਅਤੇ ਰੋਬੋਟਿਕਸ ਵਿੱਚ ਇੰਨੀ ਤੇਜ਼ੀ ਨਾਲ ਨਿਵੇਸ਼ ਕਰ ਰਹੇ ਹਨ, ਤਾਂ ਜੋ ਭਵਿੱਖ ਦੇ ਯੁੱਧ ਵਿੱਚ ਤਿੰਨੋਂ ਮੋਰਚਿਆਂ: ਜ਼ਮੀਨ, ਹਵਾ ਅਤੇ ਸਾਈਬਰ 'ਤੇ ਮਸ਼ੀਨਾਂ ਪਹਿਲਾਂ ਤਿਆਰ ਕੀਤੀਆਂ ਜਾਣ।

# ਜਦੋਂ ਬਾਰੂਦ ਬਣਿਆ ਵਰਦਾਨ

**ਓਮ ਪ੍ਰਕਾਸ਼**

ਰੂਸ-ਯੂਕਰੇਨ ਅਤੇ ਪਾਕਿਸਤਾਨ-ਅਫਗਾਨਿਸਤਾਨ ਵਿਚਕਾਰ ਚੱਲ ਰਹੀਆਂ ਜੰਗਾਂ ਦੇ ਵਿਚਕਾਰ, ਮੱਧ ਪੂਰਬ ਦੇ ਦੇਸ਼ ਹੁਣ ਤੀਬਰ ਫੌਜੀ ਟਕਰਾਅ ਅਤੇ ਭਾਰੀ ਬੰਬਾਰੀ ਵਿੱਚ ਵੀ ਉਲਝੇ ਹੋਏ ਹਨ। ਇਸਨੂੰ ਤੀਜੇ ਵਿਸ਼ਵ ਯੁੱਧ ਦਾ ਸੰਕੇਤ ਮੰਨਿਆ ਜਾ ਰਿਹਾ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਵਿਸ਼ਵਵਿਆਪੀ ਖਾਦ ਕ੍ਰਾਂਤੀ ਉਨ੍ਹਾਂ ਹੀ ਅਮਰੀਕੀ ਪਲਾਂਟਾਂ ਵਿੱਚ ਸ਼ੁਰੂ ਹੋਈ ਸੀ ਜਿਨ੍ਹਾਂ ਨੇ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਬੰਬ ਬਣਾਏ ਸਨ?

ਬੰਬ ਬਣਾਉਣ ਵਾਲੀਆਂ ਫੈਕਟਰੀਆਂ ਤੋਂ ਨਾਈਟ੍ਰੋਜਨ ਅਤੇ ਅਮੋਨੀਅਮ ਨਾਈਟ੍ਰੇਟ ਨੂੰ ਖਾਦ ਵਿੱਚ ਬਦਲ ਦਿੱਤਾ ਗਿਆ ਸੀ। ਅਮਰੀਕਾ ਦੇ ਅੰਤਰਰਾਸ਼ਟਰੀ ਖਾਦ ਵਿਕਾਸ ਕੇਂਦਰ (IFDC) ਵਿਖੇ ਲਚਕੀਲੇਪਣ ਅਤੇ ਵਾਤਾਵਰਣ ਦੇ ਨਿਰਦੇਸ਼ਕ ਡਾ. ਯਸ਼ਪਾਲ ਸਹਿਰਾਵਤ ਨੇ "ਕਿਸਾਨ ਤੱਕ" 'ਤੇ ਪੋਡਕਾਸਟ "ਅੰਨਾਗਾਥਾ" ਵਿੱਚ ਵਿਸਫੋਟਕਾਂ ਤੋਂ ਖਾਦ ਤੱਕ ਦੀ ਯਾਤਰਾ ਬਾਰੇ ਇਹ ਦਿਲਚਸਪ ਜਾਣਕਾਰੀ ਸਾਂਝੀ ਕੀਤੀ। ਡਾ. ਸਹਿਰਾਵਤ ਨੇ ਦੱਸਿਆ ਕਿ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ, ਅਮਰੀਕੀ ਸਰਕਾਰ ਨੇ ਬੰਬਾਂ ਲਈ ਨਾਈਟ੍ਰੋਜਨ ਸਪਲਾਈ ਕਰਨ ਲਈ ਕਈ ਵੱਡੇ ਅਮੋਨੀਆ ਪਲਾਂਟ ਬਣਾਏ ਸਨ। ਅਮੋਨੀਅਮ ਨਾਈਟ੍ਰੇਟ ਮੁੱਖ ਤੌਰ 'ਤੇ ਯੁੱਧ ਸਮੇਂ ਦੇ ਵਿਸਫੋਟਕਾਂ ਵਿੱਚ ਵਰਤਿਆ ਜਾਂਦਾ ਸੀ।

ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਸਰਕਾਰ ਕੋਲ ਅਮੋਨੀਅਮ ਨਾਈਟ੍ਰੇਟ ਦਾ ਇੱਕ ਵੱਡਾ ਭੰਡਾਰ ਬਚਿਆ ਸੀ। ਵਿਸਫੋਟਕ ਫੈਕਟਰੀਆਂ ਬੇਕਾਰ ਹੋ ਰਹੀਆਂ ਸਨ। ਵਿਗਿਆਨੀ ਜਾਣਦੇ ਸਨ ਕਿ ਇਹ ਰਸਾਇਣਕ ਪਲਾਂਟਾਂ ਲਈ ਨਾਈਟ੍ਰੋਜਨ ਦਾ ਇੱਕ ਵਧੀਆ ਸਰੋਤ ਸੀ। ਯੁੱਧ ਖਤਮ ਹੋਣ ਤੋਂ ਬਾਅਦ, ਇਹਨਾਂ ਫੌਜੀ ਪਲਾਂਟਾਂ ਨੂੰ ਖੇਤੀਬਾੜੀ ਲਈ ਨਾਈਟ੍ਰੋਜਨ ਖਾਦ ਪੈਦਾ ਕਰਨ ਲਈ ਦੁਬਾਰਾ ਵਰਤਿਆ ਗਿਆ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਨਾਈਟ੍ਰੋਜਨ ਖਾਦ ਦੀ ਉਪਲਬਧਤਾ ਇੰਨੀ ਵੱਧ ਗਈ ਕਿ ਇਸ ਨਾਲ ਅਮਰੀਕਾ ਅਤੇ ਯੂਰਪ ਵਿੱਚ ਭੋਜਨ ਉਤਪਾਦਨ ਵਿੱਚ ਮਹੱਤਵਪੂਰਨ ਵਾਧਾ ਹੋਇਆ।

ਇਸ ਪੂਰੀ ਪ੍ਰਕਿਰਿਆ ਦਾ ਮੂਲ ਹੈਬਰ-ਬੋਸ਼ ਵਿਧੀ ਸੀ, ਜਿਸਨੂੰ ਜਰਮਨ ਵਿਗਿਆਨੀਆਂ ਨੇ ਪਹਿਲੇ ਵਿਸ਼ਵ ਯੁੱਧ ਦੌਰਾਨ ਵਿਸਫੋਟਕ ਪੈਦਾ ਕਰਨ ਲਈ ਵਿਕਸਤ ਕੀਤਾ ਸੀ। ਅਮਰੀਕਾ ਨੇ ਬਾਅਦ ਵਿੱਚ ਇਸ ਤਕਨਾਲੋਜੀ ਦੀ ਵਰਤੋਂ ਆਪਣੇ ਖਾਦ ਉਦਯੋਗ ਨੂੰ ਬਣਾਉਣ ਲਈ ਕੀਤੀ। ਹੈਬਰ-ਬੋਸ਼ ਅਮੋਨੀਆ ਉਤਪਾਦਨ ਲਈ ਮੁੱਖ ਉਦਯੋਗਿਕ ਪ੍ਰਕਿਰਿਆ ਹੈ। ਕਹਿਣਯੋਗ ਹੈ ਕਿ ਅੱਜ ਦੁਨੀਆ ਭਰ ਵਿੱਚ ਵਰਤੀਆਂ ਜਾਣ ਵਾਲੀਆਂ 75% ਤੋਂ ਵੱਧ ਆਧੁਨਿਕ ਖਾਦਾਂ, ਜਾਂ ਉਨ੍ਹਾਂ ਦੀਆਂ ਨਿਰਮਾਣ ਪ੍ਰਕਿਰਿਆਵਾਂ, ਮਸਲ ਸ਼ੋਲਸ, ਅਲਾਬਾਮਾ, ਅਮਰੀਕਾ ਦੀਆਂ ਪ੍ਰਯੋਗਸ਼ਾਲਾਵਾਂ ਵਿੱਚ ਵਿਕਸਤ ਕੀਤੀਆਂ ਗਈਆਂ ਹਨ। ਉੱਥੇ ਖਾਦ ਕ੍ਰਾਂਤੀ ਦੀ ਅਗਵਾਈ ਦੋ ਪ੍ਰਮੁੱਖ ਸੰਗਠਨਾਂ ਦੁਆਰਾ ਕੀਤੀ ਗਈ ਸੀ, ਹਰੇਕ ਦੇ ਵੱਖ-ਵੱਖ ਉਦੇਸ਼ ਅਤੇ ਸਮੇਂ ਸਨ। ਪਹਿਲੇ ਵਿਸ਼ਵ ਯੁੱਧ ਤੋਂ ਬਾਅਦ, 18 ਮਈ, 1933 ਨੂੰ, ਅਮਰੀਕਾ ਨੇ ਟੈਨੇਸੀ ਵੈਲੀ ਅਥਾਰਟੀ (ਟੀਵੀਏ) ਦੀ ਸਥਾਪਨਾ ਕੀਤੀ। ਇਹ ਉਹ ਥਾਂ ਸੀ ਜਿੱਥੇ ਵੱਡੇ ਪੱਧਰ 'ਤੇ ਖਾਦ ਉਤਪਾਦਨ ਪਹਿਲਾਂ ਸ਼ੁਰੂ ਹੋਇਆ ਸੀ। ਇਸ ਤੋਂ ਬਾਅਦ ਅੰਤਰਰਾਸ਼ਟਰੀ ਖਾਦ ਵਿਕਾਸ ਕੇਂਦਰ ਬਣਾਇਆ ਗਿਆ, ਜਿਸਨੂੰ ਇਸ ਤੋਂ ਵੱਖ ਕਰ ਦਿੱਤਾ ਗਿਆ ਸੀ। ਇਸ ਕੇਂਦਰ ਦਾ ਮੁੱਖ ਦਫਤਰ ਮਸਕਲ ਸ਼ੋਲਸ ਵਿੱਚ ਟੀਵੀਏ ਦੀ ਜ਼ਮੀਨ 'ਤੇ ਸਥਿਤ ਹੈ, ਪਰ ਇਹ ਇੱਕ ਸੁਤੰਤਰ ਸੰਗਠਨ ਹੈ। ਡਾ. ਸੇਹਰਾਵਤ ਨੇ ਦੱਸਿਆ ਕਿ ਅੰਤਰਰਾਸ਼ਟਰੀ ਖਾਦ ਵਿਕਾਸ ਕੇਂਦਰ (ਆਈਐਫਡੀਸੀ) 1974 ਵਿੱਚ ਉਸੇ ਜਗ੍ਹਾ 'ਤੇ ਸਥਾਪਿਤ ਕੀਤਾ ਗਿਆ ਸੀ ਜਿੱਥੇ ਦੂਜੇ ਵਿਸ਼ਵ ਯੁੱਧ ਦੌਰਾਨ ਵਿਸਫੋਟਕ ਤਿਆਰ ਕੀਤੇ ਜਾਂਦੇ ਸਨ। 1973 ਵਿੱਚ, ਊਰਜਾ ਸੰਕਟ ਸੀ। ਤੇਲ ਦੀਆਂ ਕੀਮਤਾਂ ਵਧ ਗਈਆਂ। ਇਸ ਤੋਂ ਬਾਅਦ, ਅਮਰੀਕੀ ਵਿਦੇਸ਼ ਮੰਤਰੀ ਹੈਨਰੀ ਕਿਸਿੰਗਰ ਨੇ ਸੰਯੁਕਤ ਰਾਸ਼ਟਰ ਵਿੱਚ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਕੋਲ ਖਾਦ ਪੈਦਾ ਕਰਨ ਦੀ ਤਕਨਾਲੋਜੀ ਸੀ। ਇਹ ਤਕਨਾਲੋਜੀ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਤਿਆਰ ਕੀਤੇ ਗਏ ਬੰਬਾਂ ਤੋਂ ਆਈ ਸੀ।

ਇੱਕ ਤਰ੍ਹਾਂ ਨਾਲ, ਅਸੀਂ ਕਹਿ ਸਕਦੇ ਹਾਂ ਕਿ ਖਾਦ ਉਨ੍ਹਾਂ ਬੰਬਾਂ ਦਾ ਉਪ-ਉਤਪਾਦ ਹੈ ਜੋ ਸ਼ੁਰੂ ਵਿੱਚ ਤਿਆਰ ਕੀਤੇ ਗਏ ਸਨ। 1977 ਵਿੱਚ, ਰਾਸ਼ਟਰਪਤੀ ਜਿੰਮੀ ਕਾਰਟਰ ਨੇ ਇਸਨੂੰ "ਜਨਤਕ ਅੰਤਰਰਾਸ਼ਟਰੀ ਸੰਗਠਨ" ਦਾ ਦਰਜਾ ਦਿੱਤਾ। ਟੀਵੀਏ ਨੇ ਸੰਯੁਕਤ ਰਾਜ ਨੂੰ ਭੋਜਨ-ਨਿਰਭਰ ਬਣਾਇਆ, ਜਦੋਂ ਕਿ ਆਈਐਫਡੀਸੀ ਉਸ ਤਕਨਾਲੋਜੀ ਨੂੰ ਪੂਰੀ ਦੁਨੀਆ, ਖਾਸ ਕਰਕੇ ਗਰੀਬ ਦੇਸ਼ਾਂ ਵਿੱਚ ਫੈਲਾਉਣ ਲਈ ਇੱਕ ਵਾਹਕ ਬਣ ਗਿਆ। ਹਾਲਾਂਕਿ, ਪਹਿਲੀ ਵਪਾਰਕ ਤੌਰ 'ਤੇ ਸਫਲ ਰਸਾਇਣਕ ਖਾਦ ਦੀ ਖੋਜ 1842 ਵਿੱਚ ਕੀਤੀ ਗਈ ਸੀ। ਇੰਗਲੈਂਡ ਦੇ ਸਰ ਜੌਨ ਬੇਨੇਟ ਲਾਅਜ਼ ਨੇ "ਸੁਪਰਫਾਸਫੇਟ" ਬਣਾਉਣ ਲਈ ਫਾਸਫੇਟ ਚੱਟਾਨ ਨੂੰ ਸਲਫਿਊਰਿਕ ਐਸਿਡ ਨਾਲ ਜੋੜਿਆ। ਇਹ ਦੁਨੀਆ ਦਾ ਪਹਿਲਾ ਪੇਟੈਂਟ ਕੀਤਾ ਰਸਾਇਣਕ ਖਾਦ ਸੀ। ਲਗਭਗ ਉਸੇ ਸਮੇਂ, 1840 ਵਿੱਚ, ਜਰਮਨ ਵਿਗਿਆਨੀ ਜਸਟਸ ਵਾਨ ਲੀਬਿਗ ਨੇ ਆਪਣੀ ਮਸ਼ਹੂਰ ਕਿਤਾਬ ਪ੍ਰਕਾਸ਼ਿਤ ਕੀਤੀ। ਉਸਨੇ ਸਾਬਤ ਕੀਤਾ ਕਿ ਪੌਦਿਆਂ ਨੂੰ ਵਧਣ ਲਈ ਨਾਈਟ੍ਰੋਜਨ (N), ਫਾਸਫੋਰਸ (P), ਅਤੇ ਪੋਟਾਸ਼ੀਅਮ (K) ਦੀ ਲੋੜ ਹੁੰਦੀ ਹੈ।

ਉਸਦੀ ਖੋਜ ਨੇ ਉਸਨੂੰ "ਖਾਦ ਉਦਯੋਗ ਦਾ ਪਿਤਾ" ਉਪਨਾਮ ਦਿੱਤਾ ਹੈ। ਸਭ ਤੋਂ ਕ੍ਰਾਂਤੀਕਾਰੀ ਤਬਦੀਲੀ ਉਦੋਂ ਆਈ ਜਦੋਂ ਖਾਦ ਬਣਾਉਣ ਲਈ ਹਵਾ ਤੋਂ ਨਾਈਟ੍ਰੋਜਨ ਕੱਢਣਾ ਸੰਭਵ ਹੋਇਆ। ਇਹ ਪਹਿਲੀ ਵਾਰ 1909 ਵਿੱਚ ਪ੍ਰਯੋਗਸ਼ਾਲਾ ਵਿੱਚ ਸਫਲਤਾਪੂਰਵਕ ਪ੍ਰਾਪਤ ਕੀਤਾ ਗਿਆ ਸੀ, ਅਤੇ 1913 ਵਿੱਚ ਵੱਡੇ ਪੱਧਰ 'ਤੇ ਉਤਪਾਦਨ ਸ਼ੁਰੂ ਹੋਇਆ ਸੀ। ਡਾ. ਸਹਿਰਾਵਤ ਨੇ ਸਾਡੇ ਪੋਡਕਾਸਟ ਵਿੱਚ ਕਿਹਾ ਕਿ ਖਾਦ ਇੱਕ ਜ਼ਰੂਰੀ ਬੁਰਾਈ ਹੈ।

ਜ਼ਿਆਦਾ ਵਰਤੋਂ ਨੁਕਸਾਨਦੇਹ ਹੋ ਸਕਦੀ ਹੈ, ਪਰ ਸੰਤੁਲਿਤ ਵਰਤੋਂ ਮਨੁੱਖਤਾ ਲਈ ਇੱਕ ਸ਼ਾਨਦਾਰ ਚੀਜ਼ ਸਾਬਤ ਹੋ ਸਕਦੀ ਹੈ। ਅਸੀਂ ਖਾਦ ਤੋਂ ਬਿਨਾਂ ਦੁਨੀਆ ਨੂੰ ਭੋਜਨ ਨਹੀਂ ਦੇ ਸਕਦੇ, ਅਤੇ ਖਾਦ ਦੇ ਨੁਕਸਾਨਦੇਹ ਪ੍ਰਭਾਵਾਂ ਦਾ ਸਾਡੇ ਵਾਤਾਵਰਣ, ਮਿੱਟੀ, ਹਵਾ, ਪਾਣੀ ਅਤੇ ਮਨੁੱਖੀ ਸਿਹਤ 'ਤੇ ਕਾਫ਼ੀ ਮਾੜਾ ਪ੍ਰਭਾਵ ਪੈਂਦਾ ਹੈ।

ਜੇ ਅਸੀਂ ਪਿਛਲੇ ਕੁਝ ਸਾਲਾਂ ਦੇ ਅਧਿਐਨਾਂ 'ਤੇ ਨਜ਼ਰ ਮਾਰੀਏ, ਜੇਕਰ ਖਾਦਾਂ ਦੀ ਖੋਜ ਨਾ ਕੀਤੀ ਗਈ ਹੁੰਦੀ, ਤਾਂ ਸਾਡੀ ਆਬਾਦੀ ਅੱਜ ਦੇ ਮੁਕਾਬਲੇ ਅੱਧੀ ਹੁੰਦੀ। ਇਹ 2015 ਵਿੱਚ ਕੀਤੇ ਗਏ ਇੱਕ ਵਿਗਿਆਨਕ ਅਧਿਐਨ ਦਾ ਸਿੱਟਾ ਹੈ। ਜੇਕਰ ਖਾਦ ਉਪਲਬਧ ਨਾ ਹੁੰਦੀ, ਤਾਂ ਦੁਨੀਆ ਦਾ ਅੱਧਾ ਹਿੱਸਾ ਭੁੱਖਮਰੀ ਕਾਰਨ ਮਰ ਜਾਂਦਾ। ਇਹ ਤੱਥ ਵਿਸ਼ਵ ਬੈਂਕ ਦੇ ਇੱਕ ਅਧਿਐਨ ਵਿੱਚ ਸਾਹਮਣੇ ਆਇਆ ਹੈ।

ਜਦੋਂ ਅਸੀਂ ਹਰੀ ਕ੍ਰਾਂਤੀ ਬਾਰੇ ਗੱਲ ਕਰਦੇ ਹਾਂ, ਤਾਂ ਅਸੀਂ ਅਕਸਰ ਆਪਣੇ ਆਪ ਨੂੰ ਬੀਜਾਂ ਤੱਕ ਸੀਮਤ ਰੱਖਦੇ ਹਾਂ, ਜਦੋਂ ਕਿ ਖਾਦਾਂ ਨੇ ਇਸ ਵਿੱਚ ਵੱਡੀ ਭੂਮਿਕਾ ਨਿਭਾਈ। ਖਾਦਾਂ ਨੇ ਉਤਪਾਦਨ ਵਧਾਉਣ ਵਿੱਚ 40 ਤੋਂ 60 ਪ੍ਰਤੀਸ਼ਤ ਯੋਗਦਾਨ ਪਾਇਆ।

# ਮਾਝਾ-ਦੁਆਬਾ

ਆਸ ਪਾਸ

## ਸ੍ਰੀ ਗੁਰੂ ਸਿੰਘ ਸਭਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਹੋਲਾ-ਮਹੱਲਾ



ਅੰਮ੍ਰਿਤਸਰ, 5 ਮਾਰਚ (ਬਬਲੂ ਮਹਾਜਨ) :ਸ੍ਰੀ ਗੁਰੂ ਸਿੰਘ ਸਭਾ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਲਾ ਮਹੱਲਾ ਸਜਾਇਆ ਗਿਆ। ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਪ੍ਰੋ. ਇੰਦਰਜੀਤ ਸਿੰਘ ਗਗੋਆਣੀ ਤੇ ਜਰਨਲ ਸਕੱਤਰ ਹਰਮਨਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਹਰ ਸਾਲ ਦੀ ਤਰ੍ਹਾਂ ਦੁਪਹਿਰ 12 ਵਜੇ ਪੁਰਾਤਨ ਮਰਿਆਦਾ ਅਨੁਸਾਰ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਹਰਿਮੰਦਰ ਸਾਹਿਬ ਅਤੇ ਸੰਗਤਾਂ ਸਹਿਯੋਗ ਨਾਲ ਹੋਲਾ ਮਹੱਲਾ ਸਜਾਇਆ ਗਿਆ। ਉਨ੍ਹਾਂ ਕਿਹਾ ਕਿ ਖਾਲਸਾ ਪੰਥ ਦੇ ਬਾਨੀ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿੱਖਾਂ ਵਿਚ ਸੂਰਬੀਰਤਾ, ਦਲੇਰੀ, ਅਣਖ ਅਤੇ ਸਿੱਖੀ ਸਪਿਰਟ ਪੈਦਾ ਕਰਨ ਲਈ ਹੋਲੇ ਮਹੱਲੇ ਦਾ ਤਿਉਹਾਰ ਪ੍ਰਚਲਤ ਕੀਤਾ ਸੀ। ਇਸ ਕਾਰਨ 'ਲੋਕਾਂ ਦੀਆਂ ਹੋਲੀਆਂ ਤੇ ਖਾਲਸੇ ਦਾ ਹੋਲਾ' ਦਾ ਵਾਕ ਪ੍ਰਚਲਤ ਆ ਰਿਹਾ ਹੈ। ਇਹ ਪਵਿੱਤਰ ਦਿਹਾੜਾ ਗੁਰੂ ਸਾਹਿਬ ਦੀ ਸਾਜੀ ਨਿਵਾਜੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਵੱਲੋਂ ਹਰ ਸਾਲ ਮਨਾਇਆ ਗਿਆ ਹੈ। ਮਹੱਲਾ ਕੱਢਣ ਸਮੇਂ ਫੁੱਲਾਂ ਦੀ ਵਰਖਾ ਕੀਤੀ ਗਈ। ਅਰਦਾਸ ਉਪਰੰਤ ਇਤਿਹਾਸਕ ਸੁਰਮਈ ਨਿਸ਼ਾਨ ਸਾਹਿਬ ਅਤੇ ਪੰਜ ਪਿਆਰਿਆਂ ਦੀ ਤਾਬਿਆ 'ਚ ਹੋਲਾ ਮਹੱਲਾ ਆਰੰਭ ਹੋਇਆ। ਜਿਸ ਵਿਚ ਸੰਗਤਾਂ ਦੇ ਨਾਲ-ਨਾਲ ਸ਼ਬਦੀ ਜਥੇ, ਬੈਂਡ, ਨਰਸਿੰਘੇ, ਗੱਤਕਾ ਪਾਰਟੀਆਂ, ਖਾਲਸਾਈ ਸ਼ਾਨ ਜੋਸ਼ ਵਿਚ ਸ਼ਾਮਲ ਹੋਏ। ਹੋਲਾ ਮਹੱਲਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਰੰਭ ਹੋ ਕੇ ਵੱਖ-ਵੱਖ ਬਜਾਰਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਘਿਓ ਮੰਡੀ ਚੌਂਕ, ਦਫਤਰ ਸ੍ਰੀ ਗੁਰੂ ਸਿੰਘ ਸਭਾ, ਵਿਰਾਸਤੀ ਮਾਰਗ, ਜੱਲ੍ਹਿਆਂਵਾਲਾ ਬਾਗ ਰਾਹੀਂ ਹੁੰਦਾ ਹੋਇਆ ਘੰਟਾ ਘਰ ਪੁੱਜ ਕੇ ਸ੍ਰੀ ਤਖਤ ਸਾਹਿਬ ਵਿਖੇ ਸੰਪੂਰਨ ਹੋਵੇਗਾ। ਇਸ ਮੌਕ ਮੈਨੇਜਰ ਸ੍ਰੀ ਹਰਿਮੰਦਰ ਸਾਹਿਬ ਸਤਨਾਮ ਸਿੰਘ ਝਬਾਲ, ਗੁਰਵੇਲ ਸਿੰਘ, ਜਸਬੀਰ ਸਿੰਘ ਸੇਠੀ, ਪ੍ਰਭਜੋਤ ਸਿੰਘ ਸੇਠੀ, ਹਰਸਿਮਰਨ ਸਿੰਘ ਸੇਠੀ, ਦਿਲਪ੍ਰੀਤ ਸਿੰਘ ਸੇਠੀ, ਪੁਨੀਤ ਸਿੰਘ ਸੇਠੀ, ਯੁੱਧਵੀਰ ਸਿੰਘ ਸੇਠੀ, ਇੰਦਰਜੀਤ ਸਿੰਘ ਆੜ੍ਹੀ, ਰਵਿੰਦਰਜੀਤ ਸਿੰਘ, ਸੁਖਦੇਵ ਸਿੰਘ ਸਚਦੇਵਾ, ਮਨਜੀਤ ਸਿੰਘ ਮੰਜਲ, ਗੋਪਾਲ ਸਿੰਘ, ਹਰਭਜਨ ਸਿੰਘ, ਅੰਮ੍ਰਿਤਪਾਲ ਸਿੰਘ, ਗੁਰਬਖ਼ਸ਼ ਸਿੰਘ ਬੇਦੀ, ਗੁਰਦੀਪ ਸਿੰਘ ਸਲੂਜਾ, ਜਤਿੰਦਰ ਸਿੰਘ ਬਹਿਲ, ਗੁਰਿੰਦਰ ਸਿੰਘ ਢੀਂਗਰਾ ਆਦਿ ਸ਼ਾਮਲ ਸਨ।

## ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਵੱਲੋਂ ਅਰਦਾਸ ਦਿਵਸ ਅਤੇ ਸਾਲਾਨਾ ਇਨਾਮ ਵੰਡ ਸਮਾਗਮ ਅੱਜ : ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ



ਅੰਮ੍ਰਿਤਸਰ, 5 ਮਾਰਚ (ਬਬਲੂ ਮਹਾਜਨ): ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਅੰਮ੍ਰਿਤਸਰ ਸਾਹਿਬ ਵੱਲੋਂ ਅਰਦਾਸ ਦਿਵਸ ਅਤੇ ਸਲਾਨਾ ਇਨਾਮ ਵੰਡ ਸਮਾਗਮ 6 ਫਰਵਰੀ ਸਵੇਰੇ 10 ਵਜੇ ਕਾਲਜ ਪ੍ਰਾਂਗਣ ਵਿੱਚ ਕਰਵਾਇਆ ਜਾਵੇਗਾ। ਇਹ ਸਮਾਗਮ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਦੀ ਅਗਵਾਈ ਹੇਠ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਹਾਜ਼ਰੀ ਭਰਨਗੇ। ਉਨ੍ਹਾਂ ਦੇ ਨਾਲ ਸਕੱਤਰ ਵਿੱਦਿਆ ਸਰਦਾਰ ਸੁਖਮਿੰਦਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹਿਣਗੇ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਅਤੇ ਸਨਮਾਨ ਪੱਤਰ ਪ੍ਰਦਾਨ ਕਰਨਗੇ। ਪ੍ਰਿੰਸੀਪਲ ਡਾਕਟਰ ਕੁਲਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਅਰਦਾਸ ਦਿਵਸ ਦੇ ਸੰਬੰਧ ਵਿੱਚ ਧਾਰਮਿਕ ਸਮਾਗਮ ਵੀ ਆਯੋਜਿਤ ਕੀਤਾ ਜਾਵੇਗਾ, ਜਿਸ ਦੌਰਾਨ ਗੁਰੂ ਸਾਹਿਬ ਦੀ ਬਾਣੀ ਦਾ ਪਾਠ ਅਤੇ ਅਰਦਾਸ ਕੀਤੀ ਜਾਵੇਗੀ। ਇਸ ਸਮਾਗਮ ਵਿੱਚ ਅਧਿਆਪਕ ਵਰਗ, ਮਾਪੇ ਅਤੇ ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਵੀ ਸ਼ਿਰਕਤ ਕਰਨਗੀਆਂ। ਕਾਲਜ ਪਰਿਵਾਰ ਵੱਲੋਂ ਸਮੂਹ ਸੰਗਤ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ।

## ਡਾ. ਜਸਵਿੰਦਰ ਕੌਰ ਸੋਹਲ ਦੇ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਨਿਯੁਕਤ ਹੋਣ 'ਤੇ ਸ਼ਹਿਰ ਵਾਸੀ ਬਾਗ਼ੋ-ਬਾਗ : ਰਜਿੰਦਰ ਸਿੰਘ ਮਰਵਾਹਾ



ਅੰਮ੍ਰਿਤਸਰ, 5 ਮਾਰਚ (ਬਬਲੂ ਮਹਾਜਨ) : ਸ਼੍ਰੋਮਣੀ ਅਕਾਲੀ ਦਲ ਦੇ ਸੁਹਿਰਦ, ਕਾਰਜਸ਼ੀਲ ਅਤੇ ਵਫ਼ਾਦਾਰ ਆਗੂ ਬੀਬੀ ਜਸਵਿੰਦਰ ਕੌਰ ਸੋਹਲ ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਬੁਲਾਰੇ ਵਜੋਂ ਸੇਵਾਵਾਂ ਦੀ ਜ਼ਿੰਮੇਵਾਰੀ ਸੌਂਪਣ 'ਤੇ ਅੰਮ੍ਰਿਤਸਰ ਦੇ ਸ਼ਹਿਰੀਆਂ ਵੱਲੋਂ ਪ੍ਰਸੰਨਤਾ ਦਾ ਇਜ਼ਹਾਰ ਕੀਤਾ ਹੈ। ਅੱਜ ਵਪਾਰੀਆਂ, ਕਾਰੋਬਾਰੀਆਂ ਅਤੇ ਉਦਯੋਗਪਤੀਆਂ ਦੇ ਨੁਮਾਇੰਦੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਪਾਰ ਅਤੇ ਟਰੇਡ ਵਿੰਗ ਦੇ ਸੂਬਾ ਮੀਤ ਪ੍ਰਧਾਨ ਰਜਿੰਦਰ ਸਿੰਘ ਮਰਵਾਹਾ ਦੀ ਰਹਿਨੁਮਾਈ ਹੇਠ ਨਾਮੀਂ ਹੋਟਲ ਰਿਟਜ਼ ਵਿੱਚ ਪਾਰਟੀ ਆਗੂਆਂ, ਵਪਾਰੀਆਂ ਅਤੇ ਕਾਰੋਬਾਰੀਆਂ ਨੇ ਫੁਲਾਂ ਦੇ ਗੁਲਦਸਤੇ ਭੇਟ ਕਰਕੇ ਬੀਬੀ ਜਸਵਿੰਦਰ ਕੌਰ ਸੋਹਲ ਦਾ ਇਸਤਕਬਾਲ ਕੀਤਾ ਅਤੇ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦਾ ਹਾਰਦਿਕ ਧੰਨਵਾਦ ਕੀਤਾ, ਜਿਨ੍ਹਾਂ ਨੇ ਪਾਰਟੀ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਦਿਨ ਰਾਤ ਇੱਕ ਕੀਤਾ ਹੋਇਆ ਹੈ। ਰਜਿੰਦਰ ਸਿੰਘ ਮਰਵਾਹਾ ਅਤੇ ਅੰਮ੍ਰਿਤਸਰ ਕੇਂਦਰੀ ਦੇ ਹਲਕਾ ਇੰਚਾਰਜ ਸ੍ਰੀ ਨਰਿੰਦਰ ਬਹਿਲ ਨੇ ਕਿਹਾ ਕਿ ਟੈਲੀਵਿਜ਼ਨ ਦੇ ਕੌਮੀ ਚੈਨਲਾਂ ਉੱਤੇ ਹੋਰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਪਲੇਟਫਾਰਮਾਂ ਉਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਪ੍ਰਾਪਤੀਆਂ ਅਤੇ ਪਾਰਟੀ ਦਾ ਭਵਿੱਖੀ ਨਜ਼ਰੀਆ,ਜਿਸ ਬੇਬਾਕੀ ਨਾਲ ਬੀਬੀ ਸੋਹਲ ਪੇਸ਼ ਕਰਦੇ ਹਨ, ਬਾਕਮਾਲ ਅਤੇ ਸਪੱਸ਼ਟ ਹੁੰਦਾ ਹੈ। ਜਤਿੰਦਰ ਪਾਲ ਸਿੰਘ ਬੌਬੀ ਬਾਦਸ਼ਾਹ, ਮਨਦੀਪ ਸਿੰਘ ਅਤੇ ਚਰਨਜੀਤ ਸਿੰਘ ਪੂਜੀ ਨੇ ਆਸ ਪ੍ਰਗਟਾਈ ਕਿ ਬੀਬੀ ਸੋਹਲ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਪਾਰਟੀ ਦੀ ਸੇਵਾ ਵਿੱਚ ਸਮਰਪਿਤ ਰਹਿਣਗੇ। ਬੀਬੀ ਸੋਹਲ ਨੂੰ ਮੁਬਾਰਕਬਾਦ ਪੇਸ਼ ਕਰਨ ਅਤੇ ਉਨ੍ਹਾਂ ਦਾ ਸਟੀਕ ਸਾਥ ਦੇਣ ਵਾਲਿਆਂ ਵਿੱਚ ਐਡਵੋਕੇਟ ਪਰਮਜੀਤ ਸਿੰਘ ਤੇਗ, ਮਨਦੀਪ ਸਿੰਘ, ਹਰਪਾਲ ਸਿੰਘ ਆਹਲੂਵਾਲੀਆ, ਸੁਖਵਿੰਦਰ ਸਿੰਘ ਕੋਹਲੀ,ਸੀ.ਏ. ਅਮਰਜੀਤ ਸਿੰਘ ਨਾਰੰਗ, ਡਾਕਟਰ ਅਮਰਜੀਤ ਸਿੰਘ ਸਚਦੇਵਾ, ਜਗਦੀਸ਼ ਸਿੰਘ ਵਡਾਲਾ, ਹਰਪ੍ਰੀਤ ਸਿੰਘ ਭਾਟੀਆ ਅਤੇ ਹੋਰ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਸ਼ਾਮਲ ਹੋਏ।

## ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵਿਖੇ 13 ਮਾਰਚ ਨੂੰ ਕੈਂਸਰ ਮਰੀਜ਼ਾਂ ਲਈ ਮੁਫ਼ਤ ਜਾਂਚ ਕੈਂਪ



ਅੰਮ੍ਰਿਤਸਰ, 5 ਮਾਰਚ (ਬਬਲੂ ਮਹਾਜਨ) : ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਹਫਤਾਵਾਰੀ ਕੀਰਤਨ ਸਮਾਗਮ ਦਾ ਆਯੋਜਨ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਦੀ ਅਗਵਾਈ ਹੇਠ ਕੀਤਾ ਗਿਆ। ਇਸ ਸਮਾਗਮ ਦੌਰਾਨ ਗੁਰਬਾਣੀ ਕੀਰਤਨ ਅਤੇ ਕਥਾ ਰਾਹੀਂ ਸੰਗਤਾਂ ਨੂੰ ਗੁਰਮਤਿ ਉਪਦੇਸ਼ ਦਿੱਤਾ ਗਿਆ ਅਤੇ ਗੁਰੂ ਸਾਹਿਬ ਦੀ ਬਾਣੀ ਨਾਲ ਜੋੜਨ ਦੀ ਪ੍ਰੇਰਣਾ ਦਿੱਤੀ ਗਈ।

ਭਾਈ ਸਾਹਿਬਾਨ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸਭ ਨੂੰ ਹੋਲੇ ਮਹੱਲੇ ਦੀਆਂ ਵਧਾਈਆਂ ਵੀ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਾਨੂੰ ਗੁਰੂ ਦੇ ਸਿਧਾਂਤਾਂ ਨਾਲ ਜੋੜਦੇ ਹਨ ਅਤੇ ਸੇਵਾ ਅਤੇ ਸਿਮਰਨ ਦੇ ਰਸਤੇ 'ਤੇ ਤੁਰਨ ਦੀ ਪ੍ਰੇਰਣਾ ਦਿੰਦੇ ਹਨ।

ਇਸ ਮੌਕੇ ਉਨ੍ਹਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 13 ਮਾਰਚ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵਿਖੇ ਕੈਂਸਰ ਮਰੀਜ਼ਾਂ ਲਈ ਵਿਸ਼ੇਸ਼ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾਵੇਗਾ। ਇਸ ਕੈਂਪ ਵਿੱਚ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਦੀ ਜਾਂਚ ਕੀਤੀ ਜਾਵੇਗੀ। ਸਮਾਗਮ ਦੌਰਾਨ ਕੈਂਸਰ ਦੇ ਮਰੀਜਾਂ ਨੂੰ ਇਸ ਕੈਂਪ ਦਾ ਲਾਭ ਉਠਾਉਣ ਲਈ ਅਪੀਲ ਕੀਤੀ ਗਈ।

## ਬਲਾਕ ਸੰਮਤੀ ਚੇਅਰਮੈਨ ਦੀ ਨਿਯੁਕਤੀ ਵਾਰ-ਵਾਰ ਮੀਟਿੰਗਾਂ ਮੁਲਤਵੀ ਕਰਨ 'ਤੇ ਪ੍ਰਗਟਾਇਆ ਰੋਸ, ਕੀਤੀ ਨਾਅਰੇਬਾਜ਼ੀ



ਬਟਾਲਾ, 5 ਮਾਰਚ (ਸੁਖਦੇਵ ਸਿੰਘ ਰੰਧਾਵਾ, ਬਲਬੀਰ ਸੋਹਲ) : ਬਲਾਕ ਸੰਮਤੀ ਦੀਆਂ ਚੋਣਾਂ ਬੀਤੇ ਦਿਨੀਂ ਹੋਈਆਂ ਸਨ । ਚੇਅਰਮੈਨ ਦੀ ਨਿਯੁਕਤੀ ਨੂੰ ਲੈ ਕੇ ਵਾਰ-ਵਾਰ ਮੀਟਿੰਗਾਂ ਮੁਲਤਵੀ ਕਰਨ 'ਤੇ ਸਾਬਕਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੱਲੋਂ ਸਾਥੀਆਂ ਸਮੇਤ ਬੀਡੀਪੀਓ ਦਫਤਰ ਫਤਿਹਗੜ੍ਹ ਚੂੜੀਆਂ ਮੂਹਰੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅੱਜ ਫੇਰ ਚੇਅਰਮੈਨ ਦੀ ਨਿਯੁਕਤੀ ਸਬੰਧੀ ਪੰਜ ਮਾਰਚ ਨੂੰ ਰੱਖੀ ਗਈ ਮੀਟਿੰਗ ਲਈ 11 ਵਜੇ ਦਾ ਸਮਾਂ ਨਿਯੁਕਤ ਕੀਤਾ ਸੀ। ਉਨ੍ਹਾਂ ਕਿਹਾ ਕਿ ਉਹ ਸਮੇਂ ਸਿਰ ਆਪਣੇ ਜੇਤੂ 12 ਸੰਮਤੀ ਮੈਂਬਰਾਂ ਦੇ ਨਾਲ ਬੀਡੀਪੀਓ ਦਫਤਰ ਬਲਾਕ ਫਤਿਹਗੜ੍ਹ ਚੂੜੀਆਂ ਵਿਖੇ ਪਹੁੰਚ ਗਏ, ਪਰ ਐਸਡੀਐਮ ਵੀ ਇੱਕ ਦਿਨ ਦੀ ਛੁੱਟੀ 'ਤੇ ਚਲੇ ਗਏ, ਜਦ ਕੇ ਉਨਾਂ ਦੇ ਆਉਣ 'ਤੇ ਲੰਮਾ ਟਾਈਮ ਵੇਟ ਕਰਨ 'ਤੇ ਬਾਅਦ ਵੀ ਬੀਡੀਪੀਓ ਵੀ ਗੈਰ ਹਾਜ਼ਰ ਰਹੇ, ਕਿ ਲੰਮਾ ਸਮਾਂ ਉਡੀਕਣ ਦੇ ਬਾਵਜੂਦ ਫੋਨ ਉੱਪਰ ਮੀਟਿੰਗ ਮੁਲਤਵੀ ਕਰਨ ਦਾ ਨੋਟਿਸ ਪਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਬਲਾਕ ਸੰਮਤੀ ਚੇਅਰਮੈਨ ਦੀ ਨਿਯੁਕਤੀ ਆਪਣੇ ਤਰੀਕੇ ਨਾਲ ਕਰਨਾ ਚਾਹੁੰਦੀ ਹੈ, ਅਜਿਹਾ ਨਹੀਂ ਹੋਣ ਦਿੱਤਾ ਜਾਵੇਗਾ,ਇਨਸਾਫ ਲੈਣ ਲਈ ਮਾਨਯੋਗ ਅਦਾਲਤਾਂ ਦਾ ਦਰਵਾਜ਼ਾ ਖੜਕਾਉਣਗੇ, ਜੇਕਰ ਕੋਈ ਸੰਘਰਸ਼ ਕਰਨਾ ਪਿਆ ਤਾਂ ਉਹ ਵੀ ਰਸਤਾ ਅਪਣਾਇਆ ਜਾਵੇਗਾ। ਇਸ ਮੌਕੇ ਉਹਨਾਂ ਦੇ ਨਾਲ ਬਲਦੇਵ ਸਿੰਘ ਹਲਕਾ ਸ਼ਮਸ਼ੇਰਪੁਰ ਜਗਵਿੰਦਰ ਸਿੰਘ ਹਲਕਾ ਠੱਠਾ ਜਗੀਰ ਕੌਰ ਹਲਕਾ ਘਣੀਏ ਕੇ ਬਾਂਗਰ ਦਲਜੀਤ ਕੌਰ ਹਲਕਾ ਸਾਰਚੂਰ ਤਸਵੀਰ ਕੌਰ ਹਲ਼ਕਾ ਤਲਵੰਡੀ ਭਰਥ ਮਹਿੰਦਰ ਸਿੰਘ ਹਲਕਾ,ਦਾਲਮ ਰਾਹੁਲ ਰਾਹੁਲ ਦੀਪ ਸਿੰਘ ਚੌੜਾ ਸਿੰਘ ਭੁਪਿੰਦਰ ਸਿੰਘ ਹਲਕਾ ਡਡਿਆਲਾ ਨਤ ਰਜਿੰਦਰ ਸਿੰਘ ਹਲਕਾ ਹਸਨਪੁਰਾ ਕਲਾਂ ਸਕੱਤਰ ਸਿੰਘ ਹਲ਼ਕਾ ਸੁਨਈਆ ਕਿਰਨਦੀਪ ਕੌਰ ਹਲ਼ਕਾ ਭੁੱਲਰ ਪਰਮਜੀਤ ਸਿੰਘ ਹਲਕਾ ਦਿਆਲਗੜ ਆਦਿ ਚੁਣੇ ਹੋਏ ਬਲਾਕ ਸੰਮਤੀ ਮੈਂਬਰ ਹਾਜ਼ਰ ਅਤੇ ਵੱਡੀ ਗਿਣਤੀ ਵਿੱਚ ਕਾਂਗਰਸੀ ਅਹੁਦੇਦਾਰ ਮੌਜੂਦ ਸਨ।

## ਪ.ਸ.ਸ.ਫ. ਵੱਲੋਂ 8 ਮਾਰਚ ਨੂੰ ਵਿਧਾਨ ਸਭਾ ਦਾ ਘਿਰਾਓ ਕਰਨ ਦਾ ਫ਼ੈਸਲਾ : ਬਲਾਕ ਪ੍ਰਧਾਨ ਰਾਜੀਵ ਸ਼ਰਮਾ



ਤਲਵਾੜਾ, 5 ਮਾਰਚ (ਜਗਮੋਹਨ ਸ਼ਰਮਾ) : ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਸਾਂਝੀਆਂ ਮੰਗਾਂ ਨੂੰ ਲੈ ਕੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ। ਹੁਣ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਵੀ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ, ਜਿਸ ਦੀ ਕੜੀ ਵਜੋਂ 8 ਮਾਰਚ ਨੂੰ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ 'ਤੇ ਬੈਨਰ ਹੇਠ ਰੋਸ਼ ਮੁਜਾਹਰਾ ਕਰਨ ਤੋਂ ਬਾਅਦ ਪੰਜਾਬ ਵਿਧਾਨ ਸਭਾ ਵੱਲ ਮਾਰਚ ਕੀਤਾ ਜਾਵੇਗਾ। ਇਸ ਦੀ ਤਿਆਰੀ ਵਜੋਂ ਬਲੌਕ ਤਲਵਾੜਾ ਦੀ ਮੀਟਿੰਗ ਬਲਾਕ ਪ੍ਰਧਾਨ ਰਾਜੀਵ ਸ਼ਰਮਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਇਨਕਲਾਬ ਦੇ ਨਾਂ 'ਤੇ ਇਹ ਆਈ ਹੋਈ ਭਗਵੰਤ ਮਾਨ ਦੀ ਸਰਕਾਰ ਨੇ ਚੋਣਾਂ ਸਮੇਂ ਵਾਅਦੇ ਹੀ ਨਹੀਂ ਕੀਤੇ ਸਨ, ਸਗੋਂ ਕੰਮਾਂ ਦੀਆਂ ਗਰੰਟੀਆਂ ਦਿੱਤੀਆਂ ਸਨ। ਪਰ ਹੁਣ ਤੱਕ ਮੰਗਾਂ ਮੰਨਣ ਦੀ ਬਜਾਏ ਹਰ ਵਾਰ ਮੀਟਿੰਗਾਂ ਦੇ ਕੇ ਮੀਟਿੰਗਾਂ ਨੂੰ ਮੁਲਤਵੀ ਕਰਨ ਦਾ ਇਤਿਹਾਸ ਸਿਰਜਿਆ ਹੈ, ਜਿਸ ਕਾਰਨ ਮੁਲਾਜ਼ਮਾਂ ਤੇ ਪੈਨਸ਼ਨਾਂ ਅੰਦਰ ਪੰਜਾਬ ਸਰਕਾਰ ਪ੍ਰਤੀ ਅਤਿਅੰਤ ਰੋਹ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਲਗਾਤਾਰ ਰੋਸ ਪ੍ਰਦਰਸ਼ਨ ਕੀਤੇ ਜਾਣਗੇ, ਜਿਸ ਦੀ ਕੜੀ ਵਜੋਂ 8 ਮਾਰਚ ਨੂੰ ਕੀਤੇ ਜਾਣ ਵਾਲੇ ਰੋਸ ਮੁਜਾਹਰੇ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਬਲੌਕ ਤਲਵਾੜਾ ਦੇ ਕਾਰਕੁਨ ਤਲਵਾੜਾ ਤੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ। ਉਹਨਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇੰਲਿਸਟ ਮਿੰਟ ਠੇਕਾ ਮੁਲਾਜ਼ਮ ਵਿਭਾਗ ਅੰਦਰ ਲੈਕੇ ਪੱਕੇ ਕੀਤੇ ਜਾਣ,ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ,16 ਫੀਸਦੀ ਪੈਂਡਿੰਗ ਡੀ ਏ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ, ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, ਦਫਤਰੀ ਕਰਮਚਾਰੀਆਂ ਦੀ ਤਨਖਾਹ ਘਟਾਉਣ ਦਾ ਫੈਸਲਾ ਵਾਪਸ ਲਿਆ ਜਾਵੇ, ਦਹਾਕਿਆਂ ਤੋਂ ਸਕੂਲਾਂ 'ਚ ਕੰਮ ਕਰਦੇ ਅਧਿਆਪਕਾਂ 'ਤੇ ਮਾਨਯੋਗ ਸੁਪਰੀਮ ਕੋਰਟ ਦੀ ਆੜ ਵਿੱਚ ਥੋਪੀ ਅਧਿਆਪਕ ਯੋਗਤਾ ਟੈਸਟ ਦੀ ਸ਼ਰਤ ਹਟਾਉਣ ਲਈ ਪੰਜਾਬ ਵਿਧਾਨ ਸਭਾ ਵਿੱਚ ਬਿੱਲ ਲਿਆ ਕੇ ਖਾਰਜ ਕੀਤਾ ਜਾਵੇ। ਇਸ ਮੀਟਿੰਗ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਕਮੇਟੀ ਦੇ ਸੂਬਾ ਕਨਵੀਨਰ ਜਸਬੀਰ ਤਲਵਾੜਾ,ਜਲ ਸਪਲਾਈ ਤੋਂ ਸ਼ਾਮ ਸਿੰਘ, ਜਗਦੀਸ਼ ਸਿੰਘ, ਗੌਰਵ ਕੁਮਾਰ,ਤੇ ਹੋਰ ਸਾਥੀ ਸ਼ਾਮਿਲ ਹੋਏ।

## ਸੁਖਵਿੰਦਰਜੀਤ ਝਾਵਰ ਬਲਾਕ ਸੰਮਤੀ ਟਾਂਡਾ ਦੇ ਚੇਅਰਮੈਨ ਬਣੇ



ਟਾਂਡਾ ਉੜਮੁੜ, 5 ਮਾਰਚ (ਅਰਜੁਨ ਜੈਨ) : ਹਲਕਾ ਉੜਮੁੜ ਦੇ ਬਲਾਕ ਟਾਂਡਾ ਅਧੀਨ ਪੈਂਦੇ ਝਾਂਵਾ ਜ਼ੋਨ ਤੋਂ ਪੰਚਾਇਤ ਸੰਮਤੀ ਮੈਂਬਰ ਬਣੇ ਸੁਖਵਿੰਦਰਜੀਤ ਸਿੰਘ ਝਾਵਰ ਨੂੰ ਵੀਰਵਾਰ ਸਰਬਸੰਮਤੀ ਨਾਲ ਪੰਚਾਇਤ ਸੰਮਤੀ ਟਾਂਡਾ ਦਾ ਚੇਅਰਮੈਨ ਚੁਣਿਆ ਗਿਆ। ਇਸ ਮੌਕੇ ਬੀਡੀਪੀਓ ਦਫ਼ਤਰ ਟਾਂਡਾ ਵਿਖੇ ਐਸਡੀਐਮ ਟਾਂਡਾ ਲਵਪ੍ਰੀਤ ਸਿੰਘ ਔਲਖ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ ਵਿਸ਼ੇਸ਼ ਤੌਰ 'ਤੇ ਪਹੁੰਚੇ । ਇਸ ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ 15 ਪੰਚਾਇਤ ਸੰਮਤੀ ਮੈਂਬਰਾਂ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਪੰਜ ਪੰਚਾਇਤ ਸੰਮਤੀ ਮੈਂਬਰ ਵੀ ਸ਼ਾਮਲ ਹੋਏ । ਇਸ ਮੌਕੇ ਐਸਡੀਐਮ ਲਵਪ੍ਰੀਤ ਸਿੰਘ ਔਲਖ ਦੀ ਅਗਵਾਈ ਵਿੱਚ ਤੇ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਦੀ ਮੌਜੂਦਗੀ ਵਿੱਚ ਹੋਈ ਚੋਣ ਪ੍ਰਕਿਰਿਆ ਦੌਰਾਨ ਸੰਮਤੀ ਜੋਨ ਜਾਜਾ ਮੈਂਬਰ ਕਮਲਜੀਤ ਨੇ ਸੁਖਵਿੰਦਰ ਜੀਤ ਸਿੰਘ ਝਾਵਰ ਦਾ ਨਾਮ ਪੇਸ਼ ਕੀਤਾ ਅਤੇ ਮੋਹਾ ਜ਼ੋਨ ਤੋਂ ਮੈਂਬਰ ਗਗਨਦੀਪ ਸਿੰਘ ਨੇ ਇਸ 'ਤੇ ਆਪਣੀ ਸਹਿਮਤੀ ਜਤਾਈ, ਜਿਸ ਤੋਂ ਬਾਅਦ ਬਾਕੀ ਮੈਂਬਰਾਂ ਨੇ ਸਰਬਸੰਮਤੀ ਨਾਲ ਸੁਖਵਿੰਦਰਜੀਤ ਸਿੰਘ ਝਾਵਰ ਨੂੰ ਬਲਾਕ ਸੰਮਤੀ ਟਾਂਡਾ ਦੇ ਚੇਅਰਮੈਨ ਚੁਣਿਆ ਗਿਆ। ਜਦਕਿ ਵਾਈਸ ਚੇਅਰਪਰਸਨ ਦੇ ਨਾਮ ਲਈ, ਹਰਸੀ ਪਿੰਡ ਜ਼ੋਨ ਤੋਂ ਮੈਂਬਰ ਲਵਦੀਪ ਸਿੰਘ ਨੇ ਦੁੱਗਲ ਦਵਾਖਾਰੀ ਜ਼ੋਨ ਮੈਂਬਰ ਬਲਜੀਤ ਕੌਰ ਦਾ ਨਾਮ ਤਜਵੀਜ਼ ਕੀਤਾ, ਜਿਸ 'ਤੇ ਲੋਧੀ ਚੱਕ ਜ਼ੋਨ ਤੋਂ ਮੈਂਬਰ ਨੀਲਮ ਬਾਲਾ ਨੇ ਆਪਣੀ ਸਹਿਮਤੀ ਜਤਾਈ ਅਤੇ ਬਾਕੀ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਬਲਜੀਤ ਕੌਰ ਨੂੰ ਵਾਈਸ ਚੇਅਰਪਰਸਨ ਵਜੋਂ ਚੁਣਿਆ। ਇਸ ਮੌਕੇ ਬੀਡੀਪੀਓ ਟਾਂਡਾ ਰਾਜੀਵ ਕੁਮਾਰ ਵੀ ਹਾਜ਼ਰ ਸਨ। ਇਸ ਮੌਕੇ ਚੇਅਰਮੈਨ ਚੁਣੇ ਜਾਣ ਤੋਂ ਬਾਅਦ ਵਿਧਾਇਕ ਰਾਜਾ ਗਿੱਲ ਨੇ ਸੁਖਵਿੰਦਰ ਸਿੰਘ ਝਾਵਰ ਨੂੰ ਵਧਾਈ ਦਿੰਦੇ ਹੋਏ ਸਨਮਾਨਿਤ ਕੀਤਾ । ਇਸ ਮੌਕੇ ਜਸਵੰਤ ਸਿੰਘ ਬਿੱਟੂ, ਕੇਸ਼ਵ ਸੈਣੀ, ਹਰੀ ਕ੍ਰਿਸ਼ਨ ਸੈਣੀ, ਸੋਨੂੰ ਖੰਨਾ, ਮਨਵੀਰ ਸਿੰਘ ਝਾਵਰ, ਜਸਵਿੰਦਰ ਸਿੰਘ ਜੱਸੀ, ਅਮਰਜੀਤ ਸਿੰਘ, ਗੁਰਮੁੱਖ ਸਿੰਘ, ਜਸਪਾਲ ਸਿੰਘ ਪਾਲੀ, ਗੁਰਦੀਪ ਸਿੰਘ ਹੈਪੀ, ਵਰਿੰਦਰ ਸਿੰਘ, ਲਖਵਿੰਦਰ ਸਿੰਘ, ਹਰਜਿੰਦਰ ਕੌਰ, ਰਿੰਕ ਤੇਜੀ, ਪਵਨਦੀਪ, ਕਸ਼ਵਿੰਦਰ, ਜਸਵੰਤ ਸਿੰਘ, ਜਸਵੰਤ ਸਿੰਘ , ਕਮਲਜੀਤ ਕੌਰ 'ਤੇ ਗਗਨਦੀਪ ਸਿੰਘ ਆਦਿ ਹਾਜ਼ਰ ਸਨ।

## ਕਮਿਸ਼ਨਰ ਵੱਲੋਂ ਨਾਗਰਿਕਾਂ ਨੂੰ ਸੜਕਾਂ 'ਤੇ ਕੂੜਾ ਨਾ ਸੁੱਟਣ ਦੀ ਅਪੀਲ



ਅੰਮ੍ਰਿਤਸਰ, 5 ਮਾਰਚ (ਗੁਰਦਿਆਲ ਸਿੰਘ) : ਨਗਰ ਨਿਗਮ ਅੰਮ੍ਰਿਤਸਰ ਦੇ ਕਮਿਸ਼ਨਰ ਸ਼੍ਰੀ ਬਿਕਰਮਜੀਤ ਸਿੰਘ ਸ਼ੇਰਗਿੱਲ ਨੇ ਸ਼ਹਿਰ ਦੇ ਨਿਵਾਸੀਆਂ, ਵਪਾਰੀਆਂ, ਦੁਕਾਨਦਾਰਾਂ ਅਤੇ ਰੇਹੜੀ-ਫੜ੍ਹੀ ਵਾਲਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਸੜਕਾਂ ਅਤੇ ਸਰਵਜਨਕ ਥਾਵਾਂ 'ਤੇ ਕੂੜਾ ਨਾ ਸੁੱਟਣ ਅਤੇ ਸ਼ਹਿਰ ਦੀ ਸਫ਼ਾਈ ਬਣਾਈ ਰੱਖਣ ਲਈ ਨਗਰ ਨਿਗਮ ਦਾ ਸਹਿਯੋਗ ਕਰਨ।

ਕਮਿਸ਼ਨਰ ਨੇ ਦੱਸਿਆ ਕਿ ਲਗਾਤਾਰ ਕੋਸ਼ਿਸ਼ਾਂ ਨਾਲ ਸ਼ਹਿਰ ਵਿੱਚ ਰੋਜ਼ਾਨਾ ਕੂੜਾ ਇਕੱਠਾ ਕਰਨ ਦੀ ਮਾਤਰਾ ਲਗਭੱਗ 550 ਟਨ ਤੋਂ ਵੱਧ ਕੇ ਕਰੀਬ 700 ਟਨ ਹੋ ਗਈ ਹੈ। ਕੂੜੇ ਦੀ ਸਮੇਂ ਸਿਰ ਉਠਾਨ ਅਤੇ ਢੁਆਈ ਯਕੀਨੀ ਬਣਾਉਣ ਲਈ ਤਿੰਨ ਸ਼ਿਫਟਾਂ ਵਿੱਚ, ਜਿਸ ਵਿੱਚ ਰਾਤ ਦੀ ਸ਼ਿਫਟ ਵੀ ਸ਼ਾਮਲ ਹੈ, 24 ਘੰਟੇ ਕੰਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਨਗਰ ਨਿਗਮ ਦੇ ਸਫਾਈ ਕਰਮਚਾਰੀਆਂ ਦੀ ਮੇਹਨਤ ਅਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ, ਜੋ ਮੁਸ਼ਕਲ ਹਾਲਾਤਾਂ ਵਿੱਚ ਵੀ ਸ਼ਹਿਰ ਨੂੰ ਸਾਫ਼ ਰੱਖਣ ਲਈ ਨਿਰੰਤਰ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕੋਸ਼ਿਸ਼ਾਂ ਦੀ ਸਫਲਤਾ ਨਾਗਰਿਕਾਂ ਦੇ ਸਹਿਯੋਗ 'ਤੇ ਨਿਰਭਰ ਕਰਦੀ ਹੈ।

ਉਨ੍ਹਾਂ ਨੇ ਧਾਰਮਿਕ ਸੰਸਥਾਵਾਂ, ਐਨਜੀਓਜ਼ ਅਤੇ ਸਮਾਜਿਕ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਲੋਕਾਂ ਵਿੱਚ ਕੂੜੇ ਦੇ ਸਹੀ ਨਿਪਟਾਰੇ ਅਤੇ ਗਿੱਲੇ-ਸੁੱਕੇ ਕੂੜੇ ਨੂੰ ਵੱਖ-ਵੱਖ ਰੱਖਣ ਬਾਰੇ ਜਾਗਰੂਕਤਾ ਫੈਲਾਉਣ ਵਿੱਚ ਸਹਿਯੋਗ ਦੇਣ।

ਨਾਗਰਿਕਾਂ ਦੀ ਸੁਵਿਧਾ ਲਈ ਨਗਰ ਨਿਗਮ ਵੱਲੋਂ ਟੋਲ-ਫ੍ਰੀ ਹੈਲਪਲਾਈਨ ਨੰਬਰ 18002035850 ਜਾਰੀ ਕੀਤਾ ਗਿਆ ਹੈ, ਜਿਸ 'ਤੇ ਕੂੜਾ ਨਾ ਚੁੱਕੇ ਜਾਣ ਜਾਂ ਸਫਾਈ ਸੰਬੰਧੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ ਅਤੇ ਤੁਰੰਤ ਕਾਰਵਾਈ ਕੀਤੀ ਜਾਵੇਗੀ।

ਕਮਿਸ਼ਨਰ ਨੇ ਵਿਸ਼ਵਾਸ ਪ੍ਰਗਟਾਇਆ ਕਿ ਨਾਗਰਿਕਾਂ ਦੇ ਸਹਿਯੋਗ ਅਤੇ ਸਫਾਈ ਕਰਮਚਾਰੀਆਂ ਦੀ ਲਗਾਤਾਰ ਮਿਹਨਤ ਨਾਲ ਅੰਮ੍ਰਿਤਸਰ ਜਲਦ ਹੀ ਦੇਸ਼ ਦੇ ਸਭ ਤੋਂ ਸਾਫ਼ ਸ਼ਹਿਰਾਂ ਵਿੱਚ ਸ਼ਾਮਲ ਹੋਵੇਗਾ।

## ਹੋਲੇ-ਮਹੱਲੇ ਮੌਕੇ ਨਗਰ ਮੁੱਜੂਪੁਰਾ ਵਿਖੇ ਲੰਗਰ ਲਗਾਏ



ਅਜਨਾਲਾ/ਚੇਤਨਪੁਰਾ, 5 ਮਾਰਚ (ਸੁਖਦੇਵ ਸਿੰਘ ਖਾਲਸਾ):ਖਾਲਸਾ ਜਾਹੋ ਜਲਾਲ ਦਾ ਪ੍ਰਤੀਕ ਹੋਲਾ ਮਹੱਲਾ ਦੇ ਮੌਕੇ ਅੱਜ ਮੁੱਜੂਪੁਰਾ ਵਿਖੇ ਗੁਰੂ ਕੇ ਲੰਗਰ ਲਗਾਏ ਗਏ, ਇਸ ਦੀ ਜਾਣਕਾਰੀ ਸਾਂਝੀ ਕਰਦਿਆਂ ਲੰਗਰ ਕਮੇਟੀ ਦੇ ਪ੍ਰਧਾਨ ਜਗਤਾਰ ਸਿੰਘ ਵਲੋਂ ਕਿਹਾ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਇਲਾਕੇ ਦੀਆਂ ਸੰਗਤਾਂ ਸਹਿਯੋਗ ਨਾਲ ਲੰਗਰਾਂ ਲਗਾਏ ਗਏ, ਜਿਸ ਵਿਚ ਭਿੰਨ ਭਿੰਨ ਪ੍ਰਕਾਰ ਦੇ ਲੰਗਰ ਵਰਤਾਏ ਗਏ। ਇਸ ਮੌਕੇ ਪ੍ਰਧਾਨ ਜਗਤਾਰ ਤੋਂ ਇਲਾਵਾ ਰਣਜੀਤ ਸਿੰਘ, ਰਣਦੀਪ ਸਿੰਘ, ਮਹਿਕਦੀਪ ਸਿੰਘ, ਗੁਰਲਾਲ ਸਿੰਘ, ਰਤਨ ਸਿੰਘ ਦੋਧੀ, ਡਾ ਬਲਵਿੰਦਰ ਸਿੰਘ ਬਿੱਟੂ, ਪਿੰਦਰ ਹਲਵਾਈ, ਗ੍ਰੰਥੀ ਸਤਨਾਮ ਸਿੰਘ, ਡਾ ਦਵਿੰਦਰਜੀਤ ਸਿੰਘ, ਲਖਵਿੰਦਰ ਸਿੰਘ ਕਲਰਕ, ਰਾਜਿੰਦਰ ਸਿੰਘ ਗੁਰਾਇਆ, ਗਗਨਦੀਪ ਸਿੰਘ, ਸੁਖਮੀਤ ਸਿੰਘ ਬਲਾਕ ਸੰਮਤੀ ਮੈਂਬਰ, ਜੋਬਨਜੀਤ ਸਿੰਘ ਸਰਪੰਚ ਆਦਿ ਹਾਜ਼ਰ ਸਨ।

## ਦਸਮੇਸ਼ ਫ਼ੌਜ ਰੰਘਰੇਟਾ ਦਲ ਦੀ ਹੋਈ ਹੰਗਾਮੀ ਮੀਟਿੰਗ



ਖਡੂਰ ਸਾਹਿਬ, 5 ਮਾਰਚ (ਸਰਬਜੀਤ ਸਿੰਘ ਮੀਆਂ ਵਿੰਡ): ਦਸਮੇਸ਼ ਫੌਜ ਰੰਘਰੇਟਾ ਦਲ ਰਜਿ. ਦੀ ਅਹਿਮ ਮੀਟਿੰਗ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸਰਪੰਚ ਕੁਲਦੀਪ ਸਿੰਘ ਕੋਟ ਮੁਹੰਮਦ ਖਾਂ ਦੀ ਅਗਵਾਈ ਵਿੱਚ ਸ੍ਰੀ ਗੁਰੂ ਅਰਜਨ ਦੇਵ ਸਰਾਂ ਤਰਨ ਤਾਰਨ ਵਿਖੇ ਹੋਈ। ਮੀਟਿੰਗ ਵਿੱਚ ਜਥੇਬੰਦੀ ਦੇ ਆਲ ਇੰਡੀਆ ਚੇਅਰਮੈਨ ਗੁਰਦਿਆਲ ਸਿੰਘ, ਪੰਜਾਬ ਪ੍ਰਧਾਨ ਅਕਾਲੀ ਮਨਦੀਪ ਸਿੰਘ ਰਾਜਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਸ਼੍ਰੋਮਣੀ ਅਮਰ ਸ਼ਹੀਦ ਅਤੇ ਚਮਕੌਰ ਗੜ੍ਹੀ ਦੇ ਆਖਰੀ ਸ਼ਹੀਦ ਨਾਗਨੀ ਤੇ ਬਾਗਨੀ ਦੇ ਧਾਰਨੀ ਰਣਜੀਤ ਨਗਾਰੇ ਦੇ ਨਗਾਰਚੀ 16 ਜੰਗਾਂ ਦੇ ਜੇਤੂ ਕਲਮਾ ਅਤੇ ਤਲਵਾਰ ਦੇ ਧਨੀ ਗੁਰੂ ਲਈ ਸਰਬੰਸ ਸਵਾਰਨ ਵਾਲੇ ਬਾਬਾ ਜੀਵਨ ਸਿੰਘ ਜੀ ਦੇ 350 ਸਾਲਾਂ ਸ਼ਹੀਦੀ ਦਿਵਸ ਮਨਾਉਣ ਸਬੰਧੀ, ਜਥੇਬੰਦੀ ਦੇ ਬੁਗਲੇ ਢਾਂਚ ਨੂੰ ਮਜਬੂਤ ਕਰਨ ਸਬੰਧੀ ਅਤੇ ਬਾਬਾ ਜੀਵਨ ਸਿੰਘ ਦੇ ਕਲਗੀ ਤੋਰੇ 'ਤੇ ਵਿਵਾਦ ਖੜ੍ਹਾ ਕਰਨ ਵਾਲੇ ਲੋਕਾਂ ਨੂੰ ਮੂੰਹ ਤੋੜਵਾਂ ਜਵਾਬ ਦਿੰਦਾ ਗੀਤ 'ਕਲਗੀ ਤੋੜਾ' ਨੂੰ ਰਿਲੀਜ ਕਰਨ ਸਬੰਧੀ ਮਤੇ ਪਾਏ ਗਏ ਤੇ ਜਥੇਬੰਦੀਆਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ। ਇਸ ਮੀਟਿੰਗ ਵਿੱਚ ਸਟੇਜ ਸਕੱਤਰ ਦੀ ਭੂਮਿਕਾ ਸੀਨੀਅਰ ਮੀਤ ਪ੍ਰਧਾਨ ਸਰਪੰਚ ਕੁਲਦੀਪ ਸਿੰਘ ਵੱਲੋਂ ਨਿਭਾਈ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਲ ਇੰਡੀਆ ਚੇਅਰਮੈਨ ਗੁਰਦਿਆਲ ਸਿੰਘ ਨੇ ਕਿਹਾ ਕਿ ਜਥੇਬੰਦੀ ਲੰਮੇ ਸਮੇਂ ਤੋਂ ਸਮਾਜ ਭਲਾਈ ਦੇ ਕੰਮ ਕਰਦੀ ਆ ਰਹੀ ਹੈ। ਆਉਣ ਵਾਲੇ ਸਮੇਂ ਦੇ ਵਿੱਚ ਵੀ ਇਸੇ ਤਰ੍ਹਾਂ ਜਥੇਬੰਦੀ ਆਪਣੇ ਕੰਮ ਕਰਦੀ ਰਹੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਬਾਰੇ ਅੱਜ ਬਹੁਤ ਸਾਰੇ ਲੋਕ ਵਿਵਾਦ ਪੈਦਾ ਕਰ ਰਹੇ ਹਨ ਤੇ ਸਾਡੀ ਜਥੇਬੰਦੀ ਵੱਲੋਂ ਇਹਨਾਂ ਵਿਵਾਦ ਪੈਦਾ ਕਰਨ ਵਾਲਿਆਂ ਨੂੰ ਚੇਤਾਵਨੀ ਹੈ ਕਿ ਜੇਕਰ ਤੁਸੀਂ ਬਾਜ ਨਾ ਆਏ ਤਾਂ ਆਉਣ ਵਾਲੇ ਸਮੇਂ ਦੇ ਵਿੱਚ ਤੁਹਾਡੇ ਨਾਲ ਜਿੱਦਾਂ ਨਜਿੱਠਣਾ ਪਿਆ ਅਸੀਂ ਤਿਆਰ ਹਾਂ। ਉਹਨਾਂ ਕਿਹਾ ਕਿ ਸਮਾਜ ਵੱਲੋਂ ਬਾਬਾ ਜੀਵਨ ਸਿੰਘ ਜੀ ਦੇ ਸ਼ਹੀਦੀ ਪੁਰਬ ਵਿਖੇ ਆਉਣ ਵਾਲੇ ਸਮੇਂ ਵਿੱਚ ਉਹਨਾਂ ਦਾ 350 ਸਾਲਾ ਸ਼ਹੀਦੀ ਦਿਵਸ ਮਨਾਇਆ ਜਾਵੇਗਾ ਤੇ ਇਹਨਾਂ ਵਿਵਾਦ ਪੈਦਾ ਕਰਨ ਵਾਲਿਆਂ ਨੂੰ ਸਾਡੀ ਕੌਮ ਮੂੰਹ ਤੋੜਵਾ ਜਵਾਬ ਦੇਵੇਗੀ। ਇਸ ਮੌਕੇ ਪੰਜਾਬ ਪ੍ਰਧਾਨ ਅਕਾਲੀ ਮਨਦੀਪ ਸਿੰਘ ਰਾਜਨ ਨੇ ਕਿਹਾ ਕਿ ਆਉਣ ਵਾਲੇ ਸਮੇਂ ਦੇ ਵਿੱਚ ਜਥੇਬੰਦੀ ਦੇ ਢਾਂਚੇ ਨੂੰ ਹੋਰ ਮਜਬੂਤ ਕਰਨ ਲਈ ਪਿੰਡ ਪੱਧਰ 'ਤੇ ਮੀਟਿੰਗਾਂ ਕਰਕੇ ਨੌਜਵਾਨ ਵਰਗ ਨੂੰ ਜਥੇਬੰਦੀ ਦੇ ਨਾਲ ਜੋੜਿਆ ਜਾਵੇਗਾ ਤੇ ਸਿੱਖੀ ਦੇ ਪ੍ਰਚਾਰ ਲਈ ਯਤਨ ਕੀਤੇ ਜਾਣਗੇ। ਉਹਨਾਂ ਕਿਹਾ ਕਿ ਭਾਈਚਾਰਕ ਸਾਂਝ ਨੂੰ ਖਤਮ ਕਰਨ ਲਈ ਕੁਝ ਸ਼ਰਾਰਤੀ ਅਨਸਰ ਫੇਸਬੁੱਕ 'ਤੇ ਆਏ ਦਿਨ ਪੋਸਟਾਂ ਪਾ ਕੇ ਆਪਣੀ ਔਕਾਤ ਦਿਖਾਉਂਦੇ ਰਹਿੰਦੇ ਹਨ, ਉਹਨਾਂ ਨੂੰ ਤਾੜਨਾ ਹ ਕਿ ਜੇਕਰ ਬਾਜ ਨਾ ਆਏ ਤਾਂ ਕਾਨੂੰਨ ਦਾ ਸਹਾਰਾ ਲੈ ਕੇ ਅਜਿਹੇ ਲੋਕਾਂ ਦਾ ਮੂੰਹ ਬੰਦ ਕੀਤਾ ਜਾਵੇਗਾ। ਇਸ ਮੌਕੇ ਸਰਬਜੀਤ ਸਿੰਘ ਮੀਆਂਵਿੰਡ ਨੂੰ ਯੂਥ ਪੰਜਾਬ ਪ੍ਰਧਾਨ ਨਿਯੁਕਤ ਕੀਤਾ ਗਿਆ। ਕੈਪ. ਬਲਵਿੰਦਰ ਸਿੰਘ ਫਤਿਹਪੁਰ ਸੁੱਗਾ ਨੂੰ ਚੇਅਰਮੈਨ ਮਾਝਾ ਜੋਨ, ਸਰਪੰਚ ਤਰਸੇਮ ਸਿੰਘ ਤਲਵੰਡੀ ਮੁਤਸੱਦਾ ਸਿੰਘ ਨੂੰ ਇੰਚਾਰਜ ਹਲਕਾ ਖੇਮਕਰਨ, ਤਰਸੇਮ ਸਿੰਘ ਚੂਸਲੇਵੜ ਨੂੰ ਇੰਚਾਰਜ ਹਲਕਾ ਪੱਟੀ, ਰਣਜੀਤ ਸਿੰਘ ਭਗਵਾਨਪੁਰ ਨੂੰ ਜ਼ਿਲ੍ਹਾ ਸਕੱਤਰ, ਨਿੰਦਰ ਸਿੰਘ ਖਾਲਸਾ ਆਸਲ ਉਤਾੜ ਨੂੰ ਬਲਾਕ ਪ੍ਰਧਾਨ ਖੇਮਕਰਨ, ਬਿਕਰਮਜੀਤ ਸਿੰਘ ਭੁੱਲਰ ਨੂੰ ਪ੍ਰਧਾਨ ਮਾਝਾ ਜੋਨ, ਲਗਾਇਆ ਗਿਆ। ਇਸ ਸਮੇਂ ਨਿੰਦਰ ਸਿੰਘ ਅਸਲ ਤਾੜ ਜੈਮਲ ਸਿੰਘ ਚੀਮਾ ਖੁਰਦ ਤਰਸੇਮ ਸਿੰਘ ਤਲਵੰਡੀ ਮੁਤਸੱਦਾ ਕੁਲਵਿੰਦਰ ਸਿੰਘ ਦਲ ਰੇਸ਼ਮ ਸਿੰਘ ਡਲ ਸੁਖਚੈਨ ਸਿੰਘ ਡਲ ਗੁਰਸੇਵਕ ਸਿੰਘ ਫਤਿਹਪੁਰ ਸੱਗਾ ਹਰਵਿੰਦਰ ਸਿੰਘ ਫਤਿਹਪੁਰ ਸੱਗਾ ਆਦਿ ਹਾਜ਼ਰ ਸਨ।

## ਯੂ.ਏ.ਈ. ਵਿੱਚ ਫਸੇ ਪੰਜਾਬੀਆਂ ਦੀ ਘਰ ਵਾਪਸੀ ਲਈ ਸਾਂਸਦ ਔਜਲਾ ਨੇ ਸੰਭਾਲੀ ਕਮਾਨ

### ਅੰਮ੍ਰਿਤਸਰ ਲਈ ਵਿਸ਼ੇਸ਼ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀ ਮੰਗ



ਅੰਮ੍ਰਿਤਸਰ, 5 ਮਾਰਚ (ਗੁਰਦਿਆਲ ਸਿੰਘ) : ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸੰਯੁਕਤ ਅਰਬ ਅਮੀਰਾਤ (UAE) ਵਿੱਚ ਫਸੇ ਵੱਡੀ ਗਿਣਤੀ ਵਿੱਚ ਭਾਰਤੀ ਨਾਗਰਿਕਾਂ, ਖ਼ਾਸ ਕਰਕੇ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਲਈ ਕੇਂਦਰੀ ਨਾਗਰਿਕ ਉਡਾਣ ਮੰਤਰੀ ਕਿੰਜਰਾਪੂ ਰਾਮਮੋਹਨ ਨਾਇਡੂ ਨੂੰ ਪੱਤਰ ਲਿਖ ਕੇ ਤੁਰੰਤ ਦਖ਼ਲ ਦੇਣ ਦੀ ਮੰਗ ਕੀਤੀ ਹੈ। ਸਾਂਸਦ ਔਜਲਾ ਨੇ ਮੰਤਰੀ ਦਾ ਧਿਆਨ ਸ਼ਾਰਜਾਹ, ਦੁਬਈ ਅਤੇ ਅਬੂ ਧਾਬੀ ਵਿੱਚ ਫਸੇ ਯਾਤਰੀਆਂ ਦੀ ਗੰਭੀਰ ਸਥਿਤੀ ਵੱਲ ਦਿਵਾਉਂਦੇ ਹੋਏ ਅੰਮ੍ਰਿਤਸਰ ਲਈ ਵਿਸ਼ੇਸ਼ ਸਿੱਧੀਆਂ ਰਾਹਤ ਉਡਾਣਾਂ ਚਲਾਉਣ ਦੀ ਅਪੀਲ ਕੀਤੀ।

ਸਾਂਸਦ ਔਜਲਾ ਨੇ ਪੱਤਰ ਵਿੱਚ ਜ਼ਿਕਰ ਕੀਤਾ ਕਿ ਉਨ੍ਹਾਂ ਨੂੰ ਪ੍ਰਭਾਵਿਤ ਪਰਿਵਾਰਾਂ ਵੱਲੋਂ ਕਈ ਅਰਜ਼ੀਆਂ ਮਿਲੀਆਂ ਹਨ, ਜਿਨ੍ਹਾਂ ਵਿੱਚ ਫਸੇ ਹੋਏ ਆਪਣੇ ਪਿਆਰਿਆਂ ਦੀ ਸੁਰੱਖਿਆ ਅਤੇ ਵਾਪਸੀ ਲਈ ਗੁਹਾਰ ਲਗਾਈ ਗਈ ਹੈ। ਫਸੇ ਹੋਏ ਲੋਕਾਂ ਵਿੱਚ ਬਜ਼ੁਰਗ, ਔਰਤਾਂ, ਛੋਟੇ ਬੱਚੇ, ਸੈਲਾਨੀ ਅਤੇ ਪੱਛਮੀ ਦੇਸ਼ਾਂ ਤੋਂ ਪਰਤ ਰਹੇ ਉਹ ਟ੍ਰਾਂਜ਼ਿਟ ਯਾਤਰੀ ਸ਼ਾਮਲ ਹਨ ਜੋ ਮੌਜੂਦਾ ਅਨਿਸ਼ਚਿਤਤਾ ਕਾਰਨ ਆਪਣੇ ਘਰਾਂ ਤੱਕ ਨਹੀਂ ਪਹੁੰਚ ਪਾ ਰਹੇ। ਇਹ ਲੋਕ ਨਾ ਸਿਰਫ਼ ਵਿੱਤੀ ਮੁਸ਼ਕਲਾਂ ਅਤੇ ਸਿਹਤ ਸਬੰਧੀ ਚਿੰਤਾਵਾਂ ਨਾਲ ਜੂਝ ਰਹੇ ਹਨ, ਸਗੋਂ ਇਸ ਅਨਿਸ਼ਚਿਤਤਾ ਕਾਰਨ ਭਾਰੀ ਮਾਨਸਿਕ ਤਣਾਅ ਵਿੱਚ ਵੀ ਹਨ।

ਏਅਰ ਇੰਡੀਆ ਅਤੇ ਇੰਡੀਗੋ ਤੋਂ ਸਿੱਧੀਆਂ ਉਡਾਣਾਂ ਦਾ ਸੁਝਾਅ

ਸਾਂਸਦ ਨੇ ਸੁਝਾਅ ਦਿੱਤਾ ਕਿ ਏਅਰ ਇੰਡੀਆ, ਏਅਰ ਇੰਡੀਆ ਐਕਸਪ੍ਰੈਸ ਅਤੇ ਇੰਡੀਗੋ ਵਰਗੀਆਂ ਭਾਰਤੀ ਏਅਰਲਾਈਨਾਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ, ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਜਿਵੇਂ ਇਤਿਹਾਦ, ਐਮੀਰੇਟਸ ਅਤੇ ਫਲਾਈਦੁਬਈ ਵਰਗੀਆਂ ਏਅਰਲਾਈਨਾਂ ਵਿਸ਼ੇਸ਼ ਪ੍ਰਬੰਧ ਕਰ ਰਹੀਆਂ ਹਨ, ਅਜਿਹੀ ਹੀ ਪਹਿਲ ਭਾਰਤੀ ਏਅਰਲਾਈਨਾਂ ਵੱਲੋਂ ਵੀ ਕੀਤੀ ਜਾਣੀ ਚਾਹੀਦੀ ਹੈ।

ਸਾਂਸਦ ਔਜਲਾ ਨੇ ਜ਼ੋਰ ਦੇ ਕੇ ਕਿਹਾ ਕਿ ਅੰਮ੍ਰਿਤਸਰ ਪੰਜਾਬ ਅਤੇ ਆਸ-ਪਾਸ ਦੇ ਇਲਾਕਿਆਂ ਲਈ ਇੱਕ ਮਹੱਤਵਪੂਰਨ ਅੰਤਰਰਾਸ਼ਟਰੀ ਗੇਟਵੇ ਹੈ। ਉਨ੍ਹਾਂ ਨੇ ਮੰਤਰਾਲੇ ਨੂੰ ਅਪੀਲ ਕੀਤੀ ਕਿ ਯੂਏਈ ਦੇ ਹਵਾਬਾਜ਼ੀ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਜਲਦ ਤੋਂ ਜਲਦ ਇਹ ਉਡਾਣਾਂ ਸ਼ੁਰੂ ਕੀਤੀਆਂ ਜਾਣ ਤਾਂ ਜੋ ਲੋਕ ਹਿੱਤ ਦੇ ਇਸ ਗੰਭੀਰ ਮਾਮਲੇ ਦਾ ਹੱਲ ਹੋ ਸਕੇ।

## ਹਲਕਾ ਮਜੀਠਾ ਅਧੀਨ ਪੈਂਦੇ ਬਲਾਕ ਸੰਮਤੀ ਦੇ ਚੇਅਰਮੈਨਾਂ ਤੇ ਵਾਈਸ ਚੇਅਰਮੈਨਾਂ ਦੀ ਹੋਈ ਨਿਯੁਕਤੀ



ਮਜੀਠਾ, 5 ਮਾਰਚ (ਅਸ਼ਵਨੀ ਨਈਅਰ) : ਹਲਕਾ ਮਜੀਠਾ ਅਧੀਨ ਪੈਂਦੇ ਮਜੀਠਾ ਬਲਾਕ ਦੇ ਬਲਾਕ ਸੰਮਤੀ ਮਜੀਠਾ ਅਤੇ ਬਲਾਕ ਸੰਮਤੀ ਮਜੀਠਾ ਦੋ ਦੇ ਚੇਅਰਮੈਨਾਂ ਅਤੇ ਉਪ ਚੇਅਰਮੈਨਾਂ ਦੀ ਚੋਣ ਐਸਡੀਐਮ ਰਜਨੀਸ ਅਰੋੜਾ ਅਤੇ ਬਲਾਕ ਅਫਸਰ ਅਮਨਦੀਪ ਸਿੰਘ ਮੰਨਣ ਦੀ ਹਾਜ਼ਰੀ ਵਿਚ ਐਸ.ਡੀ.ਐਮ ਦਫਤਰ ਮਜੀਠਾ ਵਿਖੇ ਹੋਈ। ਜਿੱਥੇ ਦੋਹਾਂ ਬਲਾਕਾਂ ਦੇ ਜਿੱਤੇ ਹੋਏ ਸੰਮਤੀਆਂ ਦੇ ਮੈਂਬਰਾਂ ਵੱਲੋਂ ਦੋ ਤਿਹਾਈ ਬਹੁਮਤ ਨਾਲ ਆਮ ਆਦਮੀ ਪਾਰਟੀ ਦੇ ਯਾਦਵਿੰਦਰ ਸਿੰਘ ਪੰਧੇਰ ਨੂੰ ਚੇਅਰਮੈਨ ਅਤੇ ਆਪ ਦੀ ਹੀ ਰਾਜਬੀਰ ਕੌਰ ਪਤਨੀ ਅਮਨਜੀਤ ਸਿੰਘ ਪਿੰਡ ਕੋਟਲਾ ਤਰਖਾਣਾ ਨੂੰ ਉਪ ਚੇਅਰਪਰਸਨ ਚੁਣ ਲਿਆ ਗਿਆ। ਇਸੇ ਤਰ੍ਹਾਂ ਬਲਾਕ ਸੰਮਤੀ ਮਜੀਠਾ ਦੋ ਤੋਂ ਜਿੱਤੇ ਮੈਂਬਰਾਂ ਵੱਲੋਂ ਆਮ ਆਦਮੀ ਪਾਰਟੀ ਦੀ ਨਰਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਪਿੰਡ ਚੰਨਣਕੇ ਨੂੰ ਚੇਅਰਪਰਸਨ ਅਤੇ ਸਿਕੰਦਰ ਸਿੰਘ ਪੁੱਤਰ ਸੁਲੱਖਨ ਸਿੰਘ ਪਿੰਡ ਭੀਲੋਵਾਲ ਨੂੰ ਉਪ ਚੇਅਰਮੈਨ ਚੁਣ ਲਿਆ ਗਿਆ। ਬਲਾਕ ਸੰਮਤੀ ਮਜੀਠਾ ਤੋ ਚੁਣੇ ਹੋਏ ਮੈਂਬਰਾਂ ਵਿਚ ਯਾਦਵਿੰਦਰ ਸਿੰਘ, ਬਲਜਿੰਦਰ ਸਿੰਘ, ਸਰਬਜੀਤ ਕੌਰ, ਸਪਨਾ, ਜਗਤਾਰ ਸਿੰਘ, ਹਰਜੀਤ ਸਿੰਘ, ਆਸਾ ਰਾਣੀ, ਪ੍ਰਭਜੋਤ ਕੌਰ, ਸੁੱਚਾ ਸਿੰਘ, ਜਰਮਨਜੀਤ ਸਿੰਘ, ਕਿਰਨ ਦੇਵੀ, ਸੁਨੀਲ ਮੱਟੂ (ਅਕਾਲੀ ਦਲ), ਰਾਜਬੀਰ ਕੌਰ,ਪਰੇਮ ਸਿੰਘ, ਪ੍ਰਵੀਨ ਕੁਮਾਰੀ, ਰਾਜਵਿੰਦਰ ਕੌਰ(ਅਕਾਲੀ ਦਲ), ਮੰਗਲ ਸਿੰਘ, ਮਨਪ੍ਰੀਤ ਕੌਰ(ਕਾਂਗਰਸ) ਬਾਕੀ ਸਾਰੇ ਆਪ ਅਤੇ ਮਜੀਠਾ ਦੋ ਤੋਂ ਸ੍ਰੀ ਮਤੀ ਪਿਆਰੋ, ਕਰਮਜੀਤ ਸਿੰਘ ਮੱਲੀ(ਅਕਾਲੀ ਦਲ),ਗੁਰਬੀਰ ਸਿੰਘ, ਬਲਬੀਰ ਸਿੰਘ ਬੋਪਾਰਾਏ, ਨਰਿੰਦਰ ਕੌਰ, ਸਰਵਨ ਸਿੰਘ, ਸਿਕੰਦਰ ਸਿੰਘ, ਮਿੰਟੂ, ਰਾਜਵਿੰਦਰ ਕੌਰ, ਜਸਨਪ੍ਰੀਤ ਕੌਰ, ਜੰਗ ਸਿੰਘ, ਹਰਜਿੰਦਰ ਕੌਰ, ਜਗਦੀਪ ਸਿੰਘ, ਹਰਮੀਤ ਕੌਰ ਗਿੱਲ, ਰਾਜਿੰਦਰ ਕੌਰ ਸਾਰੇ ਆਪ ਮੈਂਬਰ ਹਨ। ਇਸ ਮੌਕੇ ਸੁਪਰਡੈਂਟ ਬੀ.ਡੀ.ਪੀ.ਓ ਪਲਵਿੰਦਰ ਸਿੰਘ, ਅਕਾਊਂਟੈਂਟ ਮੁਬਾਰਕ ਸਿੰਘ, ਰੀਡਰ ਟੂ ਐਸ.ਡੀ.ਐਮ ਸੁਖਵਿੰਦਰ ਸਿੰਘ, ਕਲਰਕ ਸੰਜੀਵ ਕੁਮਾਰ, ਸੁਖਵਿੰਦਰ ਸਿੰਘ ਸੁੱਖੀ, ਜਗਦੀਸ ਸਿੰਘ ਸਹਿਜਾਦਾ, ਸਿਕੰਦਰ ਸਿੰਘ, ਸੁਰਜੀਤ ਸਿੰਘ ਸਰਪੰਚ ਭੋਏਵਾਲ, ਜਗਦੀਸ ਸਿੰਘ ਸਰਪੰਚ ਭੀਲੋਵਾਲ, ਬਲਬੀਰ ਸਿੰਘ ਬੋਪਾ ਰਾਏ, ਸਤਵੰਤ ਸਿੰਘ ਸਰਪੰਚ ਵੀਰਮ, ਚਰਨਜੀਤ ਸਿੰਘ ਸਰਪੰਚ ਵਡਾਲਾ, ਬਿਕਰਮਜੀਤ ਸਿੰਘ ਸਾਮਨਗਰ, ਲਖਵਿੰਦਰ ਸਿੰਘ ਸਰਪੰਚ ਬੇਗੋਵਾਲ, ਗੁਰਦੀਪ ਸਿੰਘ ਸਾਬਕਾ ਸਰਪੰਚ ਨਾਗ ਕਲਾਂ ਅਮਰਜੋਤ ਸਿੰਘ ਸਰਪੰਚ ਨੰਗਲ ਪੰਨੂੰਆਂ, ਰਾਜ ਕੁਮਾਰ ਸਰਪੰਚ ਲੱਧੜ, ਚੰਨਪ੍ਰੀਤ ਸਿੰਘ ਸਰਪੰਚ ਅਜਬਵਾਲੀ, ਡਾ. ਕਸ਼ਮੀਰ ਸਿੰਘ ਪੰਧੇਰ, ਹਰਜੀਤ ਸਿੰਘ ਜਲਾਲਪੁਰਾ, ਮੁਖਤਾਰ ਸਿੰਘ, ਮਹਿੰਦਰ ਸਿੰਘ, ਲਖਵਿੰਦਰ ਸਿੰਘ, ਕੁਲਦੀਪ ਸਿੰਘ ਕੋਟ ਹਿਰਦੈ ਰਾਮ, ਸੁਰਜੀਤ ਸਿੰਘ ਮੀਰਾਂਕੋਟ, ਪ੍ਰਿੰਸਪਾਲ ਅਬਦਾਲ, ਰਮਨਦੀਪ ਕੌਰ ਅਬਦਾਲ, ਸ਼ਮਸ਼ੇਰ ਸਿੰਘ ਰੰਧਾਵਾ, ਹਨੀ ਸਾਬਕਾ ਸਰਪੰਚ ਅਜਾਇਬ ਵਾਲੀ ਆਦਿ ਹਾਜ਼ਰ ਸਨ।

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਸਿਹਤ ਲਈ ਵਰਦਾਨ ਹੈ ਆੜੂ

ਗਰਮੀਆਂ 'ਚ ਮਿਲਣ ਵਾਲਾ ਆੜੂ ਸੁਆਦੀ ਹੋਣ ਦੇ ਨਾਲ ਨਾਲ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਇਸ ਵਿਚ ਪਾਏ ਜਾਣ ਵਾਲੇ ਵਿਟਾਮਿਨ, ਐਂਟੀ ਆਕਸੀਡੈਂਟ ਅਤੇ ਖਣਿਜ ਭਾਰ ਘਟਾਉਣ ਦੇ ਨਾਲ-ਨਾਲ ਅੱਖਾਂ ਦੀ ਰੌਸ਼ਨੀ ਵਧਾਉਣ ਵਿਚ ਮਦਦ ਕਰਦੇ ਹਨ। ਨਾਲ ਹੀ ਇਸ ਦਾ ਰੋਜ਼ਾਨਾ ਸੇਵਨ ਸਕਿਨ ਨੂੰ



detox ਕਰ ਦਿੰਦਾ ਹੈ ਅਤੇ ਇਸਨੂੰ ਚਮਕਦਾਰ ਬਣਾਉਂਦਾ ਹੈ।

**ਵਜ਼ਨ ਨੂੰ ਕਰੇ ਕੰਟਰੋਲ:** ਜੇ ਤੁਸੀਂ ਭਾਰ 'ਤੇ ਨਿਯੰਤਰਣ ਰੱਖਣਾ ਚਾਹੁੰਦੇ ਹੋ ਤਾਂ ਨਿਯਮਿਤ ਆੜੂ ਖਾਓ ਕਿਉਂਕਿ ਇਹ ਘੱਟ ਕੈਲੋਰੀ ਵਾਲਾ ਫਲ ਹੈ, ਜਿਸ ਦੇ ਸੇਵਨ ਨਾਲ ਸਰੀਰ ਨੂੰ ਐਨਰਜੀ ਤਾਂ ਮਿਲਦੀ ਹੈ ਪਰ ਚਰਬੀ ਨਿਯੰਤਰਣ ਵਿਚ ਰਹਿੰਦੀ ਹੈ ਜੋ ਭਾਰ ਨੂੰ ਕੰਟਰੋਲ 'ਚ ਰੱਖਦਾ ਹੈ। ਭੁੱਖ ਘੱਟ ਲੱਗਣ ਨਾਲ ਭਾਰ ਕੰਟਰੋਲ 'ਚ ਰਹਿੰਦਾ ਹੈ।

**ਇਮਿਊਨ ਸਿਸਟਮ ਬੂਸਟ:** ਆੜੂ ਵਿਟਾਮਿਨ ਸੀ ਨਾਲ ਭਰਪੂਰ ਹੁੰਦੇ ਹਨ ਜੋ ਸਰੀਰ ਵਿਚ ਐਂਟੀਆਕਸੀਡੈਂਟਾਂ ਦਾ ਕੰਮ ਕਰਦੇ ਹਨ, ਜਿਸ ਨਾਲ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ ਅਤੇ ਨੁਕਸਾਨਦੇਹ ਰੋਗ ਸਰੀਰ ਤੋਂ ਦੂਰ ਰਹਿੰਦੇ ਹਨ। ਇਸ ਲਈ ਇਸ ਨੂੰ ਆਪਣੀ ਰੁਟੀਨ ਦੀ ਜ਼ਿੰਦਗੀ ਵਿਚ ਹੀ ਸੇਵਨ ਕਰੋ।

**ਅੱਖਾਂ ਲਈ ਸਭ ਤੋਂ ਉੱਤਮ:** ਆੜੂਆਂ ਵਿਚ ਵਿਟਾਮਿਨ ਏ ਵੀ ਮੌਜੂਦ ਹੁੰਦਾ ਹੈ, ਜੋ ਅੱਖ ਦੀ ਰੇਟਿਨਾ ਨੂੰ ਤੰਦਰੁਸਤ ਰੱਖਦਾ ਹੈ। ਇਸ ਤੋਂ ਇਲਾਵਾ ਇਸ ਵਿਚ ਬੀਟਾ ਕੈਰੋਟੀਨ ਵੀ ਮੌਜੂਦ ਹੈ, ਜੋ ਵਿਟਾਮਿਨ ਏ ਦੀ ਮਾਤਰਾ ਨੂੰ ਵਧਾਉਂਦਾ ਹੈ। ਇਹ ਅੱਖਾਂ ਦੀ ਰੌਸ਼ਨੀ ਵਧਾਉਣ ਵਿਚ ਵੀ ਮਹੱਤਵਪੂਰਣ ਭੂਮਿਕਾ ਅਦਾ ਕਰਦਾ ਹੈ।

**ਕਿਡਨੀ ਨੂੰ ਸਿਹਤਮੰਦ ਰੱਖੇ:** ਗੁਰਦੇ ਸਾਡੇ ਸਰੀਰ ਦਾ ਇਕ ਮਹੱਤਵਪੂਰਨ ਅੰਗ ਹੁੰਦੇ ਹਨ, ਜੋ ਸਿਹਤਮੰਦ ਰਹਿਣ ਲਈ ਬਹੁਤ ਜ਼ਰੂਰੀ ਹੈ। ਜੇ ਤੁਸੀਂ ਕਿਡਨੀ ਦੀ ਸਮੱਸਿਆ ਨਾਲ ਜੂਝ ਰਹੇ ਹੋ, ਤਾਂ ਆੜੂ ਲਓ ਕਿਉਂਕਿ ਇਸ ਵਿਚ ਪੋਟਾਸ਼ੀਅਮ ਹੁੰਦਾ ਹੈ ਜੋ ਕਿਡਨੀ ਲਈ ਸਿਹਤਮੰਦ ਮੰਨਿਆ ਜਾਂਦਾ ਹੈ।

**ਪਾਚਨ ਤੰਤਰ ਨੂੰ ਕਰਦਾ ਹੈ ਮਜ਼ਬੂਤ:** ਜੇਕਰ ਤੁਹਾਨੂੰ ਕੋਈ ਪੇਟ ਦੀਆਂ ਸਮੱਸਿਆ ਹੈ ਜਿਵੇਂ ਕਿ ਪੇਟ ਦਰਦ, ਕਬਜ਼, ਗੈਸ, ਹੇਮੋਰੋਇਡਜ਼, ਤਾਂ ਨਿਯਮਿਤ ਆੜੂ ਦਾ ਸੇਵਨ ਕਰੋ। ਇਹ ਜਿਗਰ ਵਿਚੋਂ ਜ਼ਹਿਰੀਲੇ ਪਦਾਰਥ ਬਾਹਰ ਕੱਢਣ ਵਿਚ ਮਦਦ ਕਰਦਾ ਹੈ, ਜੋ ਪੇਟ ਦੀਆਂ ਸਮੱਸਿਆਵਾਂ ਨੂੰ ਵੀ ਦੂਰ ਰੱਖਦਾ ਹੈ।

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਵਿਖੇ ਹੋਲਾ-ਮਹੱਲਾ ਉਤਸ਼ਾਹ ਨਾਲ ਮਨਾਇਆ

ਨਾਂਦੇੜ, 5 ਮਾਰਚ (ਚ.ਨ.ਸ.) : ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਵਿਖੇ ਹੋਲਾ ਮਹੱਲਾ ਬੜੇ ਹੀ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਗਿਆ। ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ ਦੇ ਮੁੱਖ ਪ੍ਰਬੰਧਕ ਡਾ. ਵਿਜੇ ਸਤਬੀਰ ਸਿੰਘ ਜੀ ਨੇ ਕਿਹਾ ਕਿ ਹੋਲੇ ਮਹੱਲੇ ਦੇ ਮੌਕੇ'ਤੇ ਦੁਨੀਆ ਭਰ ਦੇ ਸ਼ਰਧਾਲੂਆਂ ਨੇ ਤਖ਼ਤ ਸਾਹਿਬ ਵਿਖੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਗੁਰੂ ਜੀ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ। 'ਹੋਲਾ ਮਹੱਲਾ' ਦਸਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਲਗਭਗ ੧੭੦੦ ਈਸਵੀ ਵਿੱਚ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਸ਼ੁਰੂ ਕੀਤਾ। ਹੋਲਾ ਸ਼ਬਦ ਅਰਬੀ ਸ਼ਬਦ ਹੁਲ ਤੋਂ ਆਇਆ ਹੈ। ਹੁਲ ਸ਼ਬਦ ਦਾ ਅਰਥ ਹੈ ਚੰਗੇ ਕੰਮਾਂ ਲਈ ਖੜ੍ਹੇ ਹੋਣਾ ਅਤੇ ਜ਼ੁਲਮ ਵਿਰੁੱਧ ਨਿਡਰਤਾ ਨਾਲ ਲੜਨਾ। ਪੁਰਾਤਨ ਮਰਿਯਾਦਾ ਅਨੁਸਾਰ ਤਖ਼ਤ ਸਾਹਿਬ ਵਿੱਖੇ ਅਰਦਾਸ ਕਰਨ ਉਪਰੰਤ ਸਤਿਕਾਰਯੋਗ ਜੱਥੇਦਾਰ ਸਿੰਘ ਸਾਹਿਬ ਸੰਤ ਬਾਬਾ ਕੁਲਵੰਤ ਸਿੰਘ ਜੀ ਅਤੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਹੇਠ ਸ਼ਾਮ ੦੪:੦੦ ਵਜੇ ਹੋਲਾ ਮਹੱਲਾ ਆਰੰਭ ਹੋਇਆ। ਜਿਸ ਵਿੱਚ ਨਿਸ਼ਾਨਚੀ ਸਿੰਘ, ਗੁਰੂ ਮਹਾਰਾਜ ਦੇ ਸੋਨੇ ਅਤੇ ਚਾਂਦੀ ਦੀਆਂ ਕਾਠੀਆਂ ਪਹਿਨੇ ਘੋੜੇ, ਕੀਰਤਨੀ ਮੰਡਲ, ਗਤਕਾ, ਬੈਂਡ ਪਾਰਟੀ ਅਤੇ ਦੇਸ਼ ਵਿਦੇਸ਼ ਤੋਂ ਆਏ ਸ਼ਰਧਾਲੂਆਂ ਨੇ ਹਿੱਸਾ ਲਿਆ। ÷ਖਾਲਸਾ ਹੱਲਾ ਬੋਲ ਚੌਕ÷ ਤੋਂ ਪੁਰਾਤਨ ਮਰਿਯਾਦਾ ਅਨੁਸਾਰ ਹੱਲਾ ਕੀਤਾ ਗਿਆ। ਇਹ ਵਿਲੱਖਣ ਸ਼ੈਲੀ ਸਾਨੂੰ ਪੁਰਾਤਨ ਸਮੇਂ ਵਿੱਚ ਖਾਲਸੇ ਯੋਧਿਆਂ ਦੁਆਰਾ ਲੜੇ ਗਏ ਯੁੱਧਾਂ ਦੀ ਯਾਦ ਦਿਵਾਉਂਦੀ ਹੈ। ਇਸ ਤੋਂ ਬਾਅਦ ਮਹੱਲਾ ਗੁਰਦੁਆਰਾ ਬਾਉਲੀ ਦਮਦਮਾ ਸਾਹਿਬ ਹੁੰਦਾ ਹੋਇਆ ਬਾਫਨਾ ਚੌਂਕ, ਸ਼ਹੀਦ ਭਗਤ ਸਿੰਘ ਰੋਡ, ਅਬਿਚਲਨਗਰ, ਮੋਂਢਾ ਤੋਂ ਗੁਰਦੁਆਰਾ ਨਗੀਨਾਘਾਟ ਸਾਹਿਬ ਪਹੁੰਚਦਾ ਹੈ। ਨਗੀਨਾਘਾਟ ਸਾਹਿਬ ਵਿਖੇ ਗੁਰਬਾਣੀ ਕੀਰਤਨ ਉਪਰੰਤ ਰਾਤ ੧੦:੦੦ ਵਜੇ ਤਖ਼ਤ ਸਾਹਿਬ ਵਿਖੇ ਸਮਾਪਤ ਹੋਇਆ। ਦੇਸ਼-ਵਿਦੇਸ਼ ਤੋਂ ਪਹੁੰਚੇ ਸ਼ਰਧਾਲੂਆਂ ਲਈ ਲੰਗਰ, ਰਿਹਾਇਸ਼, ਮੈਡੀਕਲ, ਰੇਲਵੇ ਸਟੇਸ਼ਨ ਅਤੇ ਹਵਾਈ ਅੱਡੇ ਤੋਂ ਆਉਣ-ਜਾਣ ਦੀ ਸਹੂਲਤ ਗੁਰਦੁਆਰਾ ਸੱਚਖੰਡ ਬੋਰਡ ਦੇ ਮੁੱਖ ਪ੍ਰਬੰਧਕ ਡਾ: ਵਿਜੇ ਸਤਬੀਰ ਸਿੰਘ ਜੀ ਦੇ ਮਾਰਗਦਰਸ਼ਨ ਅਤੇ ਵਿਸ਼ੇਸ਼ ਨਿਰਦੇਸ਼ਾਂ ਅਨੁਸਾਰ ਆਉਣ ਵਾਲੀਆਂ ਸੰਗਤਾਂ ਦੀਆਂ ਸਹੂਲਤਾਂ ਨੂੰ ਤਰਜੀਹ ਦਿੱਤੀ ਜਾਵੇ। ਨਾਲ ਹੀ, ਪ੍ਰਸ਼ਾਸਨ ਵੱਲੋਂ ਸ਼ਰਧਾਲੂਆਂ ਲਈ ੨੪ ਘੰਟੇ ਪੂਰੀ ਸੇਵਾ ਪ੍ਰਦਾਨ ਕੀਤੀ ਜਾ ਰਹੀ ਹੈ। ਮੁੱਖ ਪ੍ਰਬੰਧਕ ਡਾ. ਵਿਜੇ ਸਤਬੀਰ ਸਿੰਘ ਜੀ ਅਤੇ ਸ੍. ਜਸਵੰਤ ਸਿੰਘ ਬੌਬੀ ਦੁਆਰਾ ÷ਹੋਲਾ ਮੁਹੱਲਾ÷ ਲਈ ਦੇਸ਼- ਵਿਦੇਸ਼ ਤੋਂ ਪੁੱਜੀਆਂ ਸੰਗਤਾਂ, ਸੰਤ ਮਹਾਂਪੁਰਖ ਅਤੇ ਸਾਧ ਸੰਗਤ ਦਾ ਧੰਨਵਾਦ ਕਰਦਿਆਂ ÷ਹੋਲਾ ਮੁਹੱਲਾ÷ ਦਿਆਂ ਵਧਾਈਆਂ ਦਿਤੀਆਂ ਗਈਆਂ।



# ਅਮਿਤ ਸ਼ਾਹ ਨੇ ਨਵੀਂ ਦਿੱਲੀ ਵਿਖੇ ਜਨਗਣਨਾ-2027 ਦੇ digital tools ਦਾ ਸਾਫਟ ਕੀਤਾ ਲਾਂਚ

ਨਵੀਂ ਦਿੱਲੀ, 5 ਮਾਰਚ (ਚ.ਨ.ਸ.) : ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਨਵੀਂ ਦਿੱਲੀ ਵਿੱਚ ਜਨਗਣਨਾ-2027 ਦੇ ਲਈ ਚਾਰ ਦਾ ਸੌਫਟ ਲਾਂਚ ਅਤੇ ਮਾਸਕੌਟ- ਪ੍ਰਗਤੀ (ਮਹਿਲਾ) ਅਤੇ ਵਿਕਾਸ (ਪੁਰਸ਼) -ਦਾ ਰਸਮੀ ਉਦਘਾਟਨ ਕੀਤਾ। ਦੇਸ਼ ਭਰ ਵਿੱਚ ਗਣਨਾ ਕਾਰਜਾਂ ਨੂੰ ਪਹੁੰਚਯੋਗ ਬਣਾਉਣ ਲਈ ਸੈਂਟਰ ਫਾਰ ਡਿਵੈਲਪਮੈਂਟ ਆਫ ਐਡਵਾਂਸਡ ਕੰਪਿਊਟਿੰਗ (ਸੀ-ਡੈਕ) ਨੇ ਐਡਵਾਂਸ ਡਿਜੀਟਲ ਪਲੈਟਫਾਰਮ ਵਿਕਸਿਤ ਕੀਤੇ ਹਨ। ਇਸ ਮੌਕੇ 'ਤੇ ਕੇਂਦਰੀ ਗ੍ਰਹਿ ਸਕੱਤਰ ਅਤੇ ਭਾਰਤ ਦੇ ਰਜਿਸਟਰਾਰ ਜਨਰਲ ਅਤੇ ਜਨਗਣਨਾ ਕਮਿਸ਼ਨਰ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਸਨ। ਕੇਂਦਰ ਸਰਕਾਰ ਦੁਆਰਾ 16 ਜੂਨ, 2025 ਨੂੰ ਗਜ਼ਟ ਨੋਟੀਫਿਕੇਸ਼ਨ ਵਿੱਚ ਜਨਗਣਨਾ- 2027 ਦੀ ਨੋਟੀਫਿਕੇਸ਼ਨ ਜਾਰੀ ਕੀਤੀ ਗਈ। ਇਸ ਤੋਂ ਬਾਅਦ ਜਨਗਣਨਾ-2027 ਦੀ ਪ੍ਰਕਿਰਿਆ ਰਸਮੀ ਤੌਰ 'ਤੇ ਸ਼ੁਰੂ ਹੋਈ। ਦੋ ਪੜਾਵਾਂ ਵਿੱਚ ਹੋਣ ਵਾਲੀ ਜਨਗਣਨਾ-2027 ਦੁਨੀਆ ਦਾ ਸਭ ਤੋਂ ਵੱਡਾ ਜਨਗਣਨਾ ਕਾਰਜ ਹੈ। ਪਹਿਲੀ ਵਾਰ ਜਨਗਣਨਾ ਡਿਜੀਟਲ ਰਾਹੀਂ ਕੀਤੀ ਜਾਵੇਗੀ ਅਤੇ ਨਾਲ ਹੀ ਪਹਿਲੀ ਵਾਰ ਸਵੈ-ਗਣਨਾ ਦਾ ਵਿਕਲਪ ਵੀ ਦਿੱਤਾ ਜਾ ਰਿਹਾ ਹੈ। ਜਨਗਣਨਾ-2027 ਦੇ ਮਾਸਕੌਟ ਪ੍ਰਗਤੀ (ਮਹਿਲਾ ਈਨੂਮੀਟਰੇਟਰ) ਅਤੇ ਵਿਕਾਸ (ਪੁਰਸ਼ ਈਨੂਮੀਟਰੇਟਰ) ਨੂੰ ਮੈਤਰੀਪੂਰਨ ਅਤੇ ਸਹਿਜ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ ਹੈ। ਨਾਲ ਹੀ ਪ੍ਰਗਤੀ ਅਤੇ ਵਿਕਾਸ 2047 ਵਿੱਚ ਭਾਰਤ ਨੂੰ ਇੱਕ ਵਿਕਸਿਤ ਰਾਸ਼ਟਰ ਬਣਾਉਣ ਦੇ ਸੰਕਲਪ ਨੂੰ ਪੂਰਾ ਕਰਨ ਵਿੱਚ ਮਹਿਲਾਵਾਂ ਅਤੇ ਪੁਰਸ਼ਾਂ ਦੀ ਬਰਾਬਰ ਦੀ ਭਾਗੀਦਾਰੀ ਦੇ ਵੀ ਪ੍ਰਤੀਕ ਹਨ। ਇਨ੍ਹਾਂ ਮਾਸਕੌਟਸ ਰਾਹੀਂ ਜਨਗਣਨਾ 2027 ਨਾਲ ਸਬੰਧਿਤ ਜਾਣਕਾਰੀ, ਉਦੇਸ਼ ਅਤੇ ਪ੍ਰਮੁੱਖ ਸੰਦੇਸ਼ ਸਮਾਜ ਦੇ ਵੱਖ-ਵੱਖ ਵਰਗਾਂ ਤੱਕ ਪ੍ਰਭਾਵਸ਼ਾਲੀ ਅਤੇ ਜਨ-ਸੁਲਭ ਰੂਪ ਵਿੱਚ ਪਹੁੰਚ ਜਾਣਗੇ। ਹਾਊਸ ਲਿਸਟਿੰਗ ਬਲੌਕ ਕ੍ਰਿਏਟਰ (8*23) ਵੈੱਬ ਐਪਲੀਕੇਸ਼ਨ: ਇਹ ਵੈੱਬ-ਮੈਪ ਐਪਲੀਕੇਸ਼ਨ ਚਾਰਜ ਅਧਿਕਾਰੀਆਂ ਨੂੰ ਸੈਟੇਲਾਈਟ ਇਮੇਜਰੀ ਦੀ ਸਹਾਇਤਾ ਨਾਲ ਤਕਨੀਕੀ ਤੌਰ 'ਤੇ ਮਕਾਨ ਸੂਚੀਕਰਣ ਬਲੌਕ ਬਣਾਉਣ ਵਿੱਚ ਸਮਰੱਥ ਬਣਾਉਂਦਾ ਹੈ, ਜਿਸ ਨਾਲ ਦੇਸ਼ ਭਰ ਵਿੱਚ ਭੂਗੋਲਿਕ ਕਵਰੇਜ ਦੀ ਮੈਪਿੰਗ ਯਕੀਨੀ ਹੁੰਦੀ ਹੈ। ਜਨਗਣਨਾ ਪ੍ਰਬੰਧਨ ਅਤੇ ਨਿਗਰਾਨੀ ਪ੍ਰਣਾਲੀ ਪੋਰਟਲ ਇਹ ਇੱਕ ਕੇਂਦ੍ਰੀਕ੍ਰਿਤ ਵੈੱਬ-ਅਧਾਰਿਤ ਡਿਜੀਟਲ ਪਲੈਟਫਾਰਮ ਹੈ, ਜਿਸ ਰਾਹੀਂ ਜਨਗਣਨਾ ਨਾਲ ਸਬੰਧਿਤ ਗਤੀਵਿਧੀਆਂ ਦੀ ਯੋਜਨਾ, ਪ੍ਰਬੰਧਨ, ਲਾਗੂਕਰਨ ਅਤੇ ਨਿਗਰਾਨੀ ਕੀਤੀ ਜਾਵੇਗੀ। ਰਾਜ, ਜ਼ਿਲ੍ਹਾ ਅਤੇ ਤਹਿਸੀਲ ਪੱਧਰ ਦੇ ਅਧਿਕਾਰੀ ਏਕੀਕ੍ਰਿਤ ਡੈਸ਼ਬੋਰਡ ਰਾਹੀਂ ਅਸਲ ਸਮੇਂ ਵਿੱਚ ਤਰੱਕੀ ਅਤੇ ਕਾਰਜ-ਸਥਿਤੀ ਨੂੰ ਟ੍ਰੈਕ ਕਰ ਸਕਣਗੇ।



# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਗੁਰਪੁਰਬ ਨਿਮੀਤ ਲਏ ਗਏ ਪ੍ਰਭਾਵਸ਼ਾਲ ਫੈਸਲਿਆਂ 'ਤੇ ਵਿਸ਼ੇਸ਼ ਧੰਨਵਾਦ

ਨਾਂਦੇੜ, 5 ਮਾਰਚ (ਚ.ਨ.ਸ.) : ਸਿੱਖ ਧਰਮ ਦੇ ਨੌਵੇਂ ਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ੩੫੦ ਵੇਂ ਸ਼ਹੀਦੀ ਗੁਰਪੁਰਬ ਦੇ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ੩੫੦ ਵੇਂ ਗੁਰਿਆਈ ਗੁਰਪੁਰਬ ਦੇ ਮੌਕੇ ਤੇ ਭਾਰਤ ਸਰਕਾਰ ਦੇ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਦਾਮੋਦਰ ਮੋਦੀ ਜੀ ਦੇ ਸਹਿਯੋਗ ਨਾਲ ਅਤੇ ਮਹਾਰਾਸ਼ਟਰ ਸਰਕਾਰ ਦੇ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਜੀ ਵੱਲੋਂ ਹਿੰਦ ਕੀ ਚਾਦਰ ਸਮਾਗਮ ਮਨਾਉਣ ਦਾ ਫੈਸਲਾ ਲਿੱਤਾ ਗਿਆ ਸੀ। ਇਹ ਸਮਾਗਮ ਨਾਗਪੁਰ, ਹਜ਼ੂਰ ਸਾਹਿਬ ਅਤੇ ਨਵੀ ਮੁੰਬਈ ਵਿਖੇ ਮਨਾਇਆ ਗਿਆ। ਜਿਸ ਵਿੱਚ ਸਿੱਖ, ਸਿਕਲੀਗਰ, ਬੰਜਾਰਾ, ਮੋਹਿਯਾਲ, ਸਿੰਧੀ ਅਤੇ ਨਾਲ ਹੀ ਕਈ ਸਮਾਜ ਦਿਆਂ ਨਾਨਕ ਨਾਮ ਲੇਵਾ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਇਆਂ ਤੇ ਗੁਰੂ ਸਾਹਿਬ ਜੀ ਦੀ ਸ਼ਹਾਦਤ ਨੂੰ ਨਮਨ ਕੀਤਾ। ਗੁਰੂ ਸਾਹਿਬ ਜੀ ਦੀ ਸ਼ਹਾਦਤ ਤੋਂ ਸਨਮਾਨ ਹੇਠ ਵਿਦੀਯਕ ਪਾਠਕ੍ਰਮ ਵਿੱਚ ÷ਸਿੱਖ ਸ਼ਹੀਦੀ ੧੫੦੦ ਤੋਂ ੧੭੬੫ ਇਸ ਵਿਸ਼ਾ ਨੂੰ ਸ਼ਾਮਿਲ ਕਰਨ ਦਾ ਫੈਸਲਾ ਅਤੇ ਹਸਪਤਾਲ ਬਨਾਉਣ ਦਾ ਵੀ ਫੈਸਲਾ ਮਹਾਰਾਸ਼ਟਰ ਸਰਕਾਰ ਦੇ ਮਾਣਯੋਗ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਜੀ ਵੱਲੋਂ ਲਿੱਤਾ ਗਿਆ। ਜਿਸ ਰਾਹੀਂ ਵਿਦਿਆਰਥੀਆਂ ਨੂੰ ਸਿੱਖ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੀਆਂ ਬੇਮਿਸਾਲ ਕੁਰਬਾਨੀਆਂ, ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਵਿੱਚ ਉਨ੍ਹਾਂ ਦੇ ਯੋਗਦਾਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿਲੇਗੀ। ਇਹ ਸਿੱਖ ਵਿਰਾਸਤ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ, ਸਗੋਂ ਮਹਾਰਾਸ਼ਟਰ ਦੇ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ, ਕੁਰਬਾਨੀ ਅਤੇ ਨੈਤਿਕ ਕਦਰਾਂ-ਕੀਮਤਾਂ ਅਤੇ ਭਾਵਨਾ ਦੀ ਮਜ਼ਬੂਤੀ ਵੱਲ ਵੀ ਉਤਸ਼ਾਹਿਤ ਕਰੇਗਾ। ਮਹਾਰਾਸ਼ਟਰ ਸਰਕਾਰ ਦੇ ਮਾਣਯੋਗ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਜੀ ਵੱਲੋਂ ਗੁਰੂ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਅਤੇ ਯਾਦਗਾਰੀ ਵਿੱਚ ਨਵੀ ਮੁੰਬਈ ਵਿਖੇ ਹਸਪਤਾਲ ਬਨਾਉਣ ਦਾ ਵੀ ਫੈਸਲਾ ਲਿੱਤਾ ਗਿਆ। ਜਿਸਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਨਾਂ ਤੇ ਰੱਖਿਆ ਜਾਵੇਗਾ। ਡਾ. ਵਿਜੇ ਸਤਬੀਰ ਸਿੰਘ, ਪ੍ਰਸ਼ਾਸਕ, ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ ਨੇ ਮੁੱਖ ਮੰਤਰੀ ਜੀ ਵੱਲੋਂ ਲਿੱਤੇ ਗਏ ਪ੍ਰਭਾਵਸ਼ਾਲੀ ਫੈਸਲਿਆਂ ਦੀ



ਸਰਾਹਨਾ ਕਰਦਿਆਂ ਕਿਹਾ ਕਿ ਇਨ੍ਹਾਂ ਫੈਸਲਿਆਂ ਨਾਲ ਵਿਦੀਆਰਥੀਆਂ ਨੂੰ ਸਿੱਖ ਇਤਿਹਾਸ ਬਾਰੇ ਅਤੇ ਗੁਰੂ ਸਾਹਿਬਾਨ ਵੱਲੋਂ ਜ਼ੁਲਮ ਦੇ ਖਿਲਾਫ ਤੇ ਧਰਮ ਦੀ ਰਖਿਆ ਲਈ ਕੀਤੀਆਂ ਗਈਆਂ ਕੁਰਬਾਨੀਆਂ ਬਾਰੇ ਜਾਨਕਾਰੀ ਪ੍ਰਾਪਤ ਹੋਵੇਗੀ। ਨਾਲ ਹੀ ਸਹਾਰਾਸ਼ਟਰ ਸਰਕਾਰ ਵੱਲੋਂ ਗੁਰੂ ਸਾਹਿਬ ਜੀ ਦੇ ਨਾਂ ਤੇ ਹਸਪਤਾਲ ਬਨਾਉਣ ਦਾ ਫੈਸਲਾ ਦਾ ਗੁਰੂ ਸਾਹਿਬਾਨ ਦੇ ਪ੍ਰਤਿ ਸ਼ਰਧਾ ਅਤੇ ਭਾਵਨਾ ਦਾ ਪ੍ਰਗਟਾਵਾ ਹੈ। ਇਨ੍ਹਾਂ ਫੈਸਲਿਆਂ ਦਾ ਸਮੁੱਚੇ ਸਿਖ ਜਗਤ ਵਿੱਚ ਤਹਿ ਦਿਲੋਂ ਸਵਾਗਤ ਕੀਤਾ ਜਾ ਰਿਹਾ ਹੈ। ਡਾ. ਵਿਜੇ ਸਤਬੀਰ ਸਿੰਘ, ਪ੍ਰਸ਼ਾਸਕ, ਉਨ੍ਹਾਂ ਦੇ ਸਲਾਹਕਾਰ ਸ੍. ਜਸਵੰਤ ਸਿੰਘ (ਬੌਬੀ) ਅਤੇ ਦੇਸ਼ ਵਿਦੇਸ਼ ਦਿਆਂ ਸਿਖ ਸੰਗਤਾਂ ਵੱਲੋਂ ਇਨ੍ਹਾਂ ਫੈਸਲਿਆਂ ਤੇ ਮਾਣਯੋਗ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਪੁਰਤਗਾਲ ਦੇ ਸੰਸਦੀ ਵਫ਼ਦ ਵੱਲੋਂ ਸ਼੍ਰੀ ਹਰਿਵੰਸ਼ ਨਾਲ ਮੁਲਾਕਾਤ

ਲਿਸਬਨ, 5 ਮਾਰਚ (ਚ.ਨ.ਸ.) : ਭਾਰਤ ਅਤੇ ਪੁਰਤਗਾਲ ਦੇ ਸਬੰਧ ਡੂੰਘੇ ਦੋਸਤੀ, ਆਪਸੀ ਸਤਿਕਾਰ, ਸਾਂਝੇ ਲੋਕਤੰਤਰੀ ਮੁੱਲਾਂ, ਇਤਿਹਾਸਕ ਅਤੇ ਸਮੁੰਦਰੀ ਸਬੰਧਾਂ ਅਤੇ ਸੱਭਿਆਚਾਰਕ ਅਤੇ ਡਾਇਸਪੋਰਾ ਸਬੰਧਾਂ ਵਿੱਚ ਜੜ੍ਹੇ ਹੋਏ ਹਨ। ਪੁਰਤਗਾਲੀ ਸੰਸਦ ਦੇ ਉਪ-ਪ੍ਰਧਾਨ,



ਮਹਾਮਹਿਮ ਸ਼੍ਰੀ ਮਾਰਕੋਸ ਪੇਰੇਸਟ੍ਰੇਲੋ ਡੀ ਵਾਸਕੋਨਸੇਲੋਸ ਦੀ ਅਗਵਾਈ ਵਿੱਚ ਇੱਕ ਸੰਸਦੀ ਵਫ਼ਦ ਨੇ ਅੱਜ ਸੰਸਦ ਵਿੱਚ ਰਾਜ ਸਭਾ ਦੇ ਮਾਣਯੋਗ ਡਿਪਟੀ ਚੇਅਰਮੈਨ, ਸ਼੍ਰੀ ਹਰਿਵੰਸ਼ ਨਾਲ ਮੁਲਾਕਾਤ ਕੀਤੀ। ਦੋਵਾਂ ਦੇਸ਼ਾਂ ਵਿਚਕਾਰ ਦੁਵੱਲੇ ਸਬੰਧਾਂ ਦੀ ਮਹੱਤਤਾ ਨੂੰ ਰੇਖਾਂਕਿਤ ਕਰਦੇ ਹੋਏ, ਸ਼੍ਰੀ ਹਰਿਵੰਸ਼ ਨੇ ਕਿਹਾ ਕਿ ਭਾਰਤ ਅਤੇ ਪੁਰਤਗਾਲ ਦੇ ਸਬੰਧ ਡੂੰਘੇ ਦੋਸਤੀ, ਆਪਸੀ ਸਤਿਕਾਰ, ਸਾਂਝੇ ਲੋਕਤੰਤਰੀ ਮੁੱਲਾਂ, ਇਤਿਹਾਸਕ ਅਤੇ ਸਮੁੰਦਰੀ ਸਬੰਧਾਂ ਅਤੇ ਸੱਭਿਆਚਾਰਕ ਅਤੇ ਡਾਇਸਪੋਰਾ ਸਬੰਧਾਂ ਵਿੱਚ ਜੜ੍ਹੇ ਹੋਏ ਹਨ। ਉਨ੍ਹਾਂ ਯਾਦ ਦਿਵਾਇਆ ਕਿ ਭਾਰਤ ਅਤੇ ਪੁਰਤਗਾਲ ਵਿਚਕਾਰ ਕੂਟਨੀਤਕ ਸਬੰਧਾਂ ਦੀ ਮੁੜ ਸਥਾਪਨਾ ਦੀ 50ਵੀਂ ਵਰ੍ਹੇਗੰਢ 2025 ਵਿੱਚ ਮਨਾਈ ਗਈ ਸੀ, ਜਿਸ ਨਾਲ ਇਹ ਸਾਲ ਦੋਵਾਂ ਦੇਸ਼ਾਂ ਲਈ ਬਹੁਤ ਖਾਸ ਬਣ ਗਿਆ ਸੀ।ਸ਼੍ਰੀ ਹਰਿਵੰਸ਼ ਨੇ ਯੂਰਪੀਅਨ ਯੂਨੀਅਨ ਨਾਲ ਭਾਰਤ ਦੇ ਸਬੰਧਾਂ ਨੂੰ ਉਤਸ਼ਾਹਿਤ ਕਰਨ ਵਿੱਚ ਪੁਰਤਗਾਲ ਦੁਆਰਾ ਨਿਭਾਈ ਗਈ ਮੁੱਖ ਭੂਮਿਕਾ ਦੀ ਸ਼ਲਾਘਾ ਕੀਤੀ - ਸਾਲ 2000 ਵਿੱਚ ਪਹਿਲੇ ਭਾਰਤ-ਈਯੂ ਸੰਮੇਲਨ ਦੀ ਮੇਜ਼ਬਾਨੀ ਅਤੇ 2021 ਵਿੱਚ ਪੋਰਟੋ ਵਿੱਚ ਆਯੋਜਿਤ ਪਹਿਲੇ ਭਾਰਤ-ਈਯੂ + 27 ਨੇਤਾਵਾਂ ਦੇ ਸੰਮੇਲਨ ਦੀ ਵੀ। ਉਨ੍ਹਾਂ ਕਿਹਾ ਕਿ ਬਹੁਤ ਸਫਲ 16ਵੇਂ ਭਾਰਤ-ਈਯੂ ਸੰਮੇਲਨ ਦੀ ਸਹਿ-ਪ੍ਰਧਾਨਗੀ ਪੁਰਤਗਾਲ ਦੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਐਂਟੋਨੀਓ ਕੋਸਟਾ, ਯੂਰਪੀਅਨ ਕੌਂਸਲ ਦੇ ਪ੍ਰਧਾਨ ਵਜੋਂ ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਅਤੇ ਸਾਡੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਕੀਤੀ। ਇਸ ਦੇ ਨਤੀਜੇ ਵਜੋਂ ਭਾਰਤ-ਈਯੂ ਐਫਟੀਏ ਗੱਲਬਾਤ ਦੇ ਸਿੱਟੇ ਸਮੇਤ ਵੱਡੇ ਨਤੀਜੇ ਨਿਕਲੇ। ਦੋਵਾਂ ਦੇਸ਼ਾਂ ਵਿਚਕਾਰ ਰਾਜਨੀਤਿਕ ਸਹਿਯੋਗ ਨੂੰ ਉਜਾਗਰ ਕਰਦੇ ਹੋਏ, ਸ਼੍ਰੀ ਹਰਿਵੰਸ਼ ਨੇ ਕਿਹਾ ਕਿ ਨਿਯਮਤ ਉੱਚ-ਪੱਧਰੀ ਗੱਲਬਾਤ ਅਤੇ ਆਦਾਨ-ਪ੍ਰਦਾਨ ਨੇ ਕਈ ਖੇਤਰਾਂ ਵਿੱਚ ਵਧ ਰਹੇ ਸਹਿਯੋਗ ਦੇ ਨਾਲ ਦੁਵੱਲੇ ਸਬੰਧਾਂ ਨੂੰ ਅਗਵਾਈ ਦਿੱਤੀ ਹੈ।

# ਸ਼ਿਵਰਾਜ ਸਿੰਘ ਚੌਹਾਨ ਨੇ ਆਪਣੇ ਜਨਮਦਿਨ 'ਤੇ ਮਾਮਾ ਕੋਚਿੰਗ ਦੀ ਕੀਤੀ ਸ਼ੁਰੂਆਤ

ਭੋਪਾਲ, 5 ਮਾਰਚ (ਚ.ਨ.ਸ.) : ਕੇਂਦਰੀ ਖੇਤੀਬਾੜੀ, ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਵੀਰਵਾਰ ਨੂੰ ਆਪਣਾ ਜਨਮਦਿਨ ਪਿਆਰ ਅਤੇ ਸੇਵਾ ਸੰਕਲਪ ਦਿਵਸ ਵਜੋਂ ਮਨਾਇਆ। ਉਨ੍ਹਾਂ ਨੇ ਸਵੇਰੇ ਰਾਜਧਾਨੀ ਭੋਪਾਲ ਦੇ ਸਮਾਰਟ ਸਿਟੀ ਪਾਰਕ ਵਿੱਚ ਆਪਣੇ ਪੂਰੇ ਪਰਿਵਾਰ ਨਾਲ ਬੂਟੇ ਲਗਾ ਕੇ ਵਾਤਾਵਰਣ ਸੁਰੱਖਿਆ ਦਾ ਸੰਦੇਸ਼ ਦਿੱਤਾ ਅਤੇ ਆਪਣੇ ਸੰਸਦੀ ਹਲਕੇ ਵਿਦਿਸ਼ਾ ਵਿੱਚ ਜਨਤਕ ਸੇਵਾ ਲਈ ਪੰਜ ਵੱਡੇ ਵਾਅਦੇ ਵੀ ਕੀਤੇ। ਆਪਣੇ ਜਨਮਦਿਨ @ਤੇ, ਉਨ੍ਹਾਂ ਨੇ ਹਾਰਾਂ, ਹੋਰਡਿੰਗਾਂ ਅਤੇ ਬੈਨਰਾਂ ਦੀ ਬਜਾਏ ÷ਦਾਤ, ਦਾਨ ਨਹੀਂ÷ ਦਾ ਮੰਤਰ ਦਿੰਦੇ ਹੋਏ ਸਾਰਿਆਂ ਨੂੰ ਘੱਟੋ-ਘੱਟ ਇੱਕ ਰੁੱਖ ਲਗਾਉਣ ਦੀ ਅਪੀਲ ਕੀਤੀ ਸੀ। ਅੱਜ, ਹਜ਼ਾਰਾਂ ਸ਼ੁਭਚਿੰਤਕਾਂ ਅਤੇ ਕਾਰਕੁਨਾਂ ਨੇ ਦੇਸ਼ ਭਰ ਵਿੱਚ ਰੁੱਖ ਲਗਾਏ ਅਤੇ ਉਨ੍ਹਾਂ ਨੂੰ ਵਧਾਈ ਦੇਣ ਲਈ ਸੋਸ਼ਲ ਮੀਡੀਆ @ਤੇ ਆਪਣੀਆਂ ਫੋਟੋਆਂ ਸਾਂਝੀਆਂ ਕੀਤੀਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ, ਰੱਖਿਆ ਮੰਤਰੀ ਰਾਜਨਾਥ ਸਿੰਘ, ਨਿਤਿਨ ਗਡਕਰੀ, ਸਾਰੇ ਕੇਂਦਰੀ ਮੰਤਰੀਆਂ ਅਤੇ ਭਾਜਪਾ ਦੇ ਰਾਸ਼ਟਰੀ ਨੇਤਾਵਾਂ ਨੇ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਡਾ. ਮੋਹਨ ਯਾਦਵ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਸਮੇਤ ਕਈ ਰਾਜਾਂ ਦੇ ਮੁੱਖ ਮੰਤਰੀਆਂ ਨੇ ਉਨ੍ਹਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ। ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ, ਮੇਰੇ ਮਨ ਵਿੱਚ ਬਹੁਤ ਸਾਰੇ ਸੰਕਲਪ ਹਨ ਜਿਨ੍ਹਾਂ ਨੂੰ ਮੈਂ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗਾ, ਅਤੇ ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਵਾਤਾਵਰਣ ਦੀ ਰੱਖਿਆ ਹੈ।÷ ਉਨ੍ਹਾਂ ਕਿਹਾ, ਅਸੀਂ ਸਾਰੇ ਜਾਣਦੇ ਹਾਂ ਕਿ ਸਾਡਾ ਜੀਵਨ ਰੁੱਖਾਂ 'ਤੇ ਨਿਰਭਰ ਕਰਦਾ ਹੈ। ਰੁੱਖ ਆਕਸੀਜਨ ਫੈਕਟਰੀਆਂ ਹਨ। ਰੁੱਖ ਨਾ ਸਿਰਫ਼ ਮਨੁੱਖਾਂ ਨੂੰ ਜੀਵਨ ਪ੍ਰਦਾਨ ਕਰਦੇ ਹਨ, ਸਗੋਂ ਅਣਗਿਣਤ ਜੀਵਾਂ ਨੂੰ ਵੀ ਸਹਾਰਾ ਦਿੰਦੇ ਹਨ।



# ਹੋਲਾ-ਮੁਹੱਲਾ ਮੌਕੇ ਕਰਵਾਏ ਅਨੇਕਾਂ ਮੁਕਾਬਲੇ

ਲੁਧਿਆਣਾ, 5 ਮਾਰਚ (ਚ.ਨ.ਸ.) : ਹੋਲਾ ਮੁਹੱਲਾ ਦੇ ਮੌਕੇ ਗੁਰਦੁਵਾਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਸਟੇਟ ਫੇਸ 1 ਡੁੱਗਰੀ ਵਿਖੇ ਕਰਵਾਏ ਗਏ ਅਨੇਕਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲਿਆਂ ਨੂੰ ਆਯੋਜਿਤ ਪ੍ਰੋਗਰਾਮ ਵਿਚ ਪਹੁੰਚੇ ਇਲਾਕਾ ਵਿਧਾਇਕ ਕੁਲਵੰਤ ਸਿੰਘ ਸਿੱਧੂ ਸੰਬੋਧਿਤ ਕਰਦੇ ਹੋਏ ਨਾਲ ਹਨ ਗੁਰਦੁਵਾਰਾ ਸਾਹਿਬ ਦੇ ਪ੍ਰਧਾਨ ਕੁਲਵਿੰਦਰ ਸਿੰਘ ਬੈਨੀਪਾਲ, ਰੇਖਾ ਗੁਪਤਾ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸੰਸਥਾਪਕ ਮੈਂਬਰ ਗੁਰਮੀਤ ਸਿੰਘ, ਇਕਬਾਲ ਸਿੰਘ ਅਤੇ ਹੋਰ ਹਾਜ਼ਰ ਸਨ।



# ਫਿਨਲੈਂਡ ਦੇ ਰਾਸ਼ਟਰਪਤੀ ਵੱਲੋਂ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ

ਨਵੀਂ ਦਿੱਲੀ, 5 ਮਾਰਚ (ਚ.ਨ.ਸ.) : ਫਿਨਲੈਂਡ ਗਣਰਾਜ ਦੇ ਰਾਸ਼ਟਰਪਤੀ ਮਹਾਮਹਿਮ ਡਾ. ਅਲੈਗਜ਼ੈਂਡਰ ਸਟੱਬ ਨੇ ਅੱਜ ਰਾਸ਼ਟਰਪਤੀ ਭਵਨ ਵਿਖੇ ਭਾਰਤ ਦੇ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਰਾਸ਼ਟਰਪਤੀ ਭਵਨ ਵਿਖੇ ਰਾਸ਼ਟਰਪਤੀ ਸਟੱਬ ਦਾ ਸਵਾਗਤ ਕਰਦੇ ਹੋਏ, ਰਾਸ਼ਟਰਪਤੀ ਨੇ ਕਿਹਾ ਕਿ ਇਸ ਸਾਲ ਦੇ ਰਾਇਸੀਨਾ ਸੰਵਾਦ ਵਿੱਚ ਮੁੱਖ ਮਹਿਮਾਨ ਵਜੋਂ ਉਨ੍ਹਾਂ ਦੀ ਮੌਜੂਦਗੀ ਭਾਰਤ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਸਮਕਾਲੀ ਵਿਸ਼ਵ ਸਥਿਤੀ 'ਤੇ ਉਨ੍ਹਾਂ ਦੇ ਵਿਚਾਰ ਸਾਰੇ ਭਾਗੀਦਾਰਾਂ ਲਈ ਨਿਸ਼ਚਤ ਤੌਰ 'ਤੇ ਬਹੁਤ ਕੀਮਤੀ ਹੋਣਗੇ। ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਫਿਨਲੈਂਡ ਨੂੰ ਇੱਕ ਕੀਮਤੀ ਅਤੇ ਭਰੋਸੇਮੰਦ ਭਾਈਵਾਲ ਵਜੋਂ ਦੇਖਦਾ ਹੈ, ਜਿਸਦਾ ਸਬੰਧ ਆਪਸੀ ਵਿਸ਼ਵਾਸ ਅਤੇ ਸਾਂਝੀਆਂ ਲੋਕਤੰਤਰੀ ਪਰੰਪਰਾਵਾਂ @ਤੇ ਅਧਾਰਤ ਹੈ। ਦੋਵੇਂ ਨੇਤਾ ਇਸ ਗੱਲ 'ਤੇ ਸਹਿਮਤ ਹੋਏ ਕਿ ਹਾਲ ਹੀ ਦੇ ਸਾਲਾਂ ਵਿੱਚ, ਭਾਰਤ-ਫਿਨਲੈਂਡ ਸਬੰਧ ਨਵੀਨਤਾ, ਸਾਫ਼ ਤਕਨਾਲੋਜੀਆਂ, ਸਿੱਖਿਆ ਅਤੇ ਆਰਥਿਕ ਸਹਿਯੋਗ ਦੁਆਰਾ ਸੰਚਾਲਿਤ ਇੱਕ ਗਤੀਸ਼ੀਲ ਸਾਂਝੇਦਾਰੀ ਵਿੱਚ ਵਿਕਸਤ ਹੋਏ ਹਨ।



ਰਾਸ਼ਟਰਪਤੀ ਮੁਰਮੂ ਨੇ ਇਹ ਵੀ ਵਿਸ਼ਵਾਸ ਪ੍ਰਗਟ ਕੀਤਾ ਕਿ ਹਾਲ ਹੀ ਵਿੱਚ ਐਲਾਨਿਆ ਗਿਆ ਭਾਰਤ-ਈਯੂ ਮੁਕਤ ਵਪਾਰ ਸਮਝੌਤਾ ਸਾਡੇ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਨਵੀਂ ਗਤੀ ਪ੍ਰਦਾਨ ਕਰੇਗਾ। ਰਾਸ਼ਟਰਪਤੀ ਨੇ ਕਿਹਾ ਕਿ ਫਿਨਲੈਂਡ ਕੁਆਂਟਮ ਤਕਨਾਲੋਜੀ ਤੋਂ ਲੈ ਕੇ 67 ਤੱਕ ਦੀਆਂ ਅਤਿ-ਆਧੁਨਿਕ ਡਿਜੀਟਲ ਤਕਨਾਲੋਜੀਆਂ ਵਿੱਚ ਇੱਕ ਵਿਸ਼ਵਵਿਆਪੀ ਆਗੂ ਹੈ, ਅਤੇ ਵਿਕਾਸ ਭਾਰਤ ਵੱਲ ਭਾਰਤ ਦੀ ਯਾਤਰਾ ਵਿੱਚ ਫਿਨਲੈਂਡ ਦੀਆਂ ਕੰਪਨੀਆਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ। ਉਸਨੇ ਇਸ ਗੱਲ @ਤੇ ਜ਼ੋਰ ਦਿੱਤਾ ਕਿ ਕਈ ਭਾਰਤੀ ਕੰਪਨੀਆਂ ਫਿਨਲੈਂਡ ਵਿੱਚ ਸਰਗਰਮ ਹਨ ਅਤੇ ਹਜ਼ਾਰਾਂ ਭਾਰਤੀ, ਖਾਸ ਕਰਕੇ ਆਈਟੀ ਪੇਸ਼ੇਵਰ, ਫਿਨਲੈਂਡ ਦੀ ਆਰਥਿਕਤਾ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ। ਉਸਨੇ ਕਿਹਾ ਕਿ ਇਹ ਦ੍ਰਿਸ਼ ਇਨ੍ਹਾਂ ਖੇਤਰਾਂ ਵਿੱਚ ਸਾਡੇ ਦੇਸ਼ਾਂ ਵਿਚਕਾਰ ਡੂੰਘੇ ਸਹਿਯੋਗ ਲਈ ਬੇਅੰਤ ਸੰਭਾਵਨਾਵਾਂ ਪ੍ਰਦਾਨ ਕਰਦਾ ਹੈ। ਰਾਸ਼ਟਰਪਤੀ ਨੇ ਟਿਕਾਊ ਵਿਕਾਸ ਅਤੇ ਸਾਫ਼ ਤਕਨਾਲੋਜੀਆਂ ਵਿੱਚ ਫਿਨਲੈਂਡ ਦੀ ਅਗਵਾਈ ਦੀ ਵੀ ਸ਼ਲਾਘਾ ਕੀਤੀ। ਉਸਨੇ ਅੱਗੇ ਕਿਹਾ ਕਿ ਭਾਰਤ ਨੇ ਵੀ ਸਾਡੀਆਂ ਸੂਰਜੀ ਅਤੇ ਪੌਣ ਊਰਜਾ ਸਮਰੱਥਾਵਾਂ ਦਾ ਵਿਸਥਾਰ ਕਰਕੇ, ਹਰੇ ਹਾਈਡ੍ਰੋਜਨ ਨੂੰ ਉਤਸ਼ਾਹਿਤ ਕਰਕੇ, ਟਿਕਾਊ ਊਰਜਾ ਕੁਸ਼ਲਤਾ ਵਿੱਚ ਸੁਧਾਰ ਕਰਕੇ, ਅਤੇ ਅੰਤਰਰਾਸ਼ਟਰੀ ਸੋਲਰ ਅਲਾਇੰਸ ਅਤੇ ਗਲੋਬਲ ਬਾਇਓ-ਫਿਊਲਜ਼ ਅਲਾਇੰਸ ਵਰਗੇ ਪਲੇਟਫਾਰਮ ਸ਼ੁਰੂ ਕਰਕੇ ਜਲਵਾਯੂ ਕਾਰਵਾਈ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ। ਉਸਨੇ ਰਾਸ਼ਟਰਪਤੀ ਸਟੱਬ ਨੂੰ ਲਾਈਫ ਮਿਸ਼ਨ ਬਾਰੇ ਵੀ ਜਾਣੂ ਕਰਵਾਇਆ, ਜੋ ਲੋਕਾਂ ਨੂੰ ਟਿਕਾਊ ਜੀਵਨ ਸ਼ੈਲੀ ਅਪਣਾਉਣ ਲਈ ਉਤਸ਼ਾਹਿਤ ਕਰਦਾ ਹੈ। ਉਸਨੇ ਕਿਹਾ ਕਿ ਫਿਨਲੈਂਡ ਦੀ ਟਿਕਾਊ ਤਕਨਾਲੋਜੀਆਂ ਵਿੱਚ ਮੁਹਾਰਤ ਨੂੰ ਭਾਰਤ ਦੀ ਹਰੀ ਊਰਜਾ ਨਵੀਨਤਾ ਨਾਲ ਜੋੜ ਕੇ, ਅਸੀਂ ਇਹ ਦਰਸਾ ਸਕਦੇ ਹਾਂ ਕਿ ਖੁਸ਼ਹਾਲੀ ਅਤੇ ਟਿਕਾਊਤਾ ਨਾਲ-ਨਾਲ ਚੱਲ ਸਕਦੇ ਹਨ।

# ਅਮਰੀਕਾ- ਇਜ਼ਰਾਈਲ ਤੇ ਈਰਾਨ ਜੰਗ ਕਾਰਨ ਤੇਲ ਦੀਆਂ ਕੀਮਤਾਂ 'ਚ ਆਇਆ ਭਾਰੀ ਉਛਾਲ , ਹਵਾਈ ਯਾਤਰਾ ਸਮੇਤ ਡੀਜ਼ਲ, ਪੈਟਰੋਲ ਤੇ ਗੈਸ ਦੀਆਂ ਕੀਮਤਾਂ ਵਧੀਆਂ

ਰੋਮ ਇਟਲੀ, 5 ਮਾਰਚ (ਗੁਰਸ਼ਰਨ ਸਿੰਘ ਸੋਨੀ) ਬੀਤੇ ਕਈ ਦਿਨਾਂ ਤੋ ਅਮਰੀਕਾ, ਇਜ਼ਰਾਈਲ ਤੇ ਈਰਾਨ ਦੇਸ਼ਾਂ ਦੀ ਜੰਗ ਦੇ ਕਾਰਨ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ ਉਥੇ ਜਦੋਂ ਤੱਕ ਇਹ ਜੰਗ ਜਾਰੀ ਰਹੇਗੀ ਪਤਾ ਨਹੀਂ ਕਿੰਨੀਆਂ ਜਾਨਾਂ ਹੋ ਜਾਣਗੀਆਂ ਤੇ ਮਾਲੀ ਨੁਕਸਾਨ ਹੋਰ ਹੋਵੇਗਾ । ਪਰ ਇਸ ਜੰਗ ਨਾਲ ਜਿਵੇ ਪਹਿਲਾਂ ਰੂਸ ਤੇ ਯੂਕਰੇਨ ਦੀ ਜੰਗ ਨਾਲ ਮਹਿੰਗਾਈ ਨੇ ਲੋਕਾਂ ਦੀ ਜ਼ਿੰਦਗੀ ਬਦਲ ਦਿੱਤੀ ਸੀ ਉਸ ਤਰ੍ਹਾਂ ਹੀ ਹੁਣ ਇਨ੍ਹਾਂ ਦੇਸ਼ਾਂ ਦੀ ਜੰਗ ਨੇ ਮਹਿੰਗਾਈ ਹੋਰ ਵਧਾ ਦਿੱਤੀ ਹੈ ਜਿਸ ਦਾ ਅਸਰ ਇਟਲੀ ਸਮੇਤ ਕਈ ਦੇਸ਼ਾਂ ਵਿੱਚ ਦੇਖਣ ਨੂੰ ਮਿਲ ਰਿਹਾ ਹੈ ਭਾਵ ਡੀਜ਼ਲ, ਪੈਟਰੋਲ ਤੇ ਗੈਸ ਦੀਆਂ ਕੀਮਤਾਂ ਵਿੱਚ ਉਸ ਦਿਨ ਤੋ ਹੀ ਵਾਧਾ ਦਰਜ ਕੀਤਾ ਜਾ ਰਿਹਾ ਹੈ ਜੇਕਰ ਗੱਲ ਇਟਲੀ ਦੀ ਕਰੀਏ ਤਾਂ ਵੱਖ ਵੱਖ ਕੰਪਨੀਆਂ ਦੇ ਪੈਟਰੋਲ ਪੰਪਾਂ ਦੀਆਂ ਤੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਗਿਆ ਹੈ ਕਿਉਂਕਿ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਜੰਗ ਦੇ ਕਾਰਨ ਵਧ ਰਹੀਆਂ ਹਨ ਜਿਸ ਦੇ ਮੱਦੇਨਜ਼ਰ ਇਨ੍ਹਾਂ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ । ਇਟਲੀ ਵਿੱਚ ਜੇਕਰ ਵਿਅਕਤੀ ਦੀ ਸਰਵਿਸ ਰਾਹੀ ਡੀਜ਼ਲ ਨੌਰਮਲ ਪਵਾਉਂਦੇ ਹਾ ਤਾਂ 2.01 ਯੂਰੋ ਪ੍ਰਤੀ ਲੀਟਰ ਮਿਲ ਰਿਹਾ ਹੈ ਪਰ ਜੇਕਰ ਸੈਲਫ ਸਰਵਿਸ ਰਾਹੀ ਤੇਲ 1.80 ਯੂਰੋ ਪ੍ਰਤੀ ਲੀਟਰ ਮਿਲ ਰਿਹਾ ਹੈ । ਇਸੇ ਤਰ੍ਹਾਂ ਡੀਜ਼ਲ ਸੁਪਰ ਪਲਸ 2.11 ਯੂਰੋ ਪ੍ਰਤੀ ਲਿਟਰ ,ਸਰਵਿਸ ਸਮੇਤ ਪੈਟਰੋਲ 1.91 ਪ੍ਰਤੀ ਲੀਟਰ ਹੈ। ਦੂਜੇ ਪਾਸੇ ਸੈਲਫ ਸਰਵਿਸ ਪੈਟਰੋਲ 1.70 ਪ੍ਰਤੀ ਲੀਟਰ ਪ੍ਰਾਪਤ ਹੋ ਰਿਹਾ ਹੈ। ਸੂਤਰਾਂ ਮੁਤਾਬਕ ਜੇਕਰ ਜੰਗ ਜਾਰੀ ਰਹੇਗੀ ਤਾਂ ਆਉਣ ਵਾਲੇ ਦਿਨਾਂ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿਉਂਕਿ ਜਿਸ ਸਾਲ ਰੂਸ ਤੇ ਯੂਕਰੇਨ ਦਰਮਿਆਨ ਜੰਗ ਸ਼ੁਰੂ ਹੋਈ ਸੀ ਉਸ ਸਮੇ ਤੇਲ ਤੇ ਗੈਸ ਦੀਆਂ ਕੀਮਤਾਂ ਵਿੱਚ ਬਹੁਤ ਜ਼ਿਆਦਾ ਵਾਧਾ ਦਰਜ ਕੀਤਾ ਗਿਆ ਸੀ ਜਿਸ ਨਾਲ ਹਰ ਦੇਸ਼ ਦੀ ਅਰਥਵਿਵਸਥਾ ਨੂੰ ਵੱਡਾ ਝਟਕਾ ਲੱਗਿਆ ਸੀ। ਹੁਣ ਵੀ ਇਸ ਤਰ੍ਹਾਂ ਹੋ ਸਕਦਾ ਹੈ ਕਿਉਂਕਿ ਜੰਗਾਂ ਨਾਲ ਹਰ ਦੇਸ਼ ਦੀ ਆਰਥਿਕਤਾ ਨੂੰ ਵੱਡਾ ਨੁਕਸਾਨ ਹੋਵੇਗਾ। ਦੂਜੇ ਪਾਸੇ ਜੇਕਰ ਮੀਡੀਆ ਰਿਪੋਰਟਾਂ ਦੀ ਗੱਲ ਕਰੀਏ ਤਾਂ ਇਹ ਜੰਗ ਰੁਕਦੀ ਨਹੀਂ ਨਜ਼ਰ ਆ ਰਹੀ ਜੇਕਰ ਸਮੇਂ ਰਹਿੰਦਿਆਂ ਇਸ ਜੰਗ ਦਾ ਕੋਈ ਸਿੱਟਾ ਨਾ ਨਿਕਲਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਇਸ ਜੰਗ ਦਾ ਅਸਰ ਪੂਰੀ ਦੁਨੀਆਂ ਤੱਕ ਪਹੁੰਚ ਜਾਵੇਗਾ ਤੇ ਆਉਣ ਵਾਲੇ ਦਿਨਾਂ ਦੌਰਾਨ ਆਰਥਿਕਤਾ ਨੂੰ ਹੋਰ ਝਟਕਾ ਲੱਗੇਗਾ।




## ਜਨਮ ਦਿਨ ਮੁਬਾਰਕ



ਅਸ਼ਮੀਤ ਸਿੰਘ

ੴ ਸਤਿਗੁਰ ਪ੍ਰਸਾਦਿ ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ਘਲੇ||
ਆਵਹਿ ਨਾਨਕਾ ਸਦੇ ਉਠੀ ਜਾਹਿ॥



ਸਰਦਾਰਨੀ ਜੀਤ ਕੌਰ ਜੀ

## ਅੰਤਿਮ ਅਰਦਾਸ

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਮਾਤਾ ਜੀਤ ਕੌਰ ਜੀ ਧਰਮ ਸੁਪੱਤਨੀ ਸਵ: ਜਥੇਦਾਰ ਕਰਮ ਸਿੰਘ ਜੋ ਕਿ ਮਿਤੀ 25 ਫਰਵਰੀ 2026 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾ ਵਿੱਚ ਜਾ ਬਿਰਾਜੇ ਸਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ ਮਿਤੀ 06-03-2026 ਦਿਨ ਸ਼ੁਕਰਵਾਰ ਨੂੰ ਸਾਡੇ ਗ੍ਰਹਿ 375, ਮੇਨ 33 ਫੁੱਟੀ ਸੜਕ, ਜੁਝਾਰ ਨਗਰ ਪਟਿਆਲਾ ਵਿਖੇ ਸਵੇਰੇ 9:00 ਵਜੇ ਉਪਰੰਤ ਅੰਤਿਮ ਅਰਦਾਸ ਅਤੇ ਕੀਰਤਨ ਸਮਾਂ 11:00 ਵਜੇ ਤੋਂ 01:00 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਐਸ.ਐਸ.ਟੀ. ਨਗਰ, ਪਟਿਆਲਾ ਵਿਖੇ ਪਵੇਗਾ।

**ਵੈਰਾਗਮਈ ਕੀਰਤਨ :**
11 ਤੋਂ 12 ਭਾਈ ਗੁਰਦੀਪ ਸਿੰਘ ਕੋਮਲ ( ਪਟਿਆਲਾ ਵਾਲੇ )
12 ਤੋਂ 1 ਭਾਈ ਬਲਜੋਤ ਸਿੰਘ ਜੀ ( ਹਜੂਰੀ ਰਾਗੀ ਸ੍ਰੀ ਫਤਿਹਗੜ੍ਹ ਸਾਹਿਬ ਜੀ )

ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

ਭਾਣੇ ਵਿੱਚ :- ਸੁੱਚਾ ਸਿੰਘ (ਸਪੁੱਤਰ)
ਭਾਈ ਮੰਗਲ ਸਿੰਘ (ਸਪੁੱਤਰ)
ਹੈਡ ਗ੍ਰੰਥੀ ਗੁਰਦੁਆਰਾ ਸਿੰਘ ਸਭਾ ਐਸ.ਐਸ.ਟੀ. ਨਗਰ, ਪਟਿਆਲਾ
ਸੁਖਵਿੰਦਰ ਸਿੰਘ (ਸਪੁੱਤਰ)
ਪੋਤਰਾ :ਜਗਪਾਲ ਸਿੰਘ (ਪੁਰਤਗਾਲ)
ਸਮੂਹ ਪਰਿਵਾਰ ਅਤੇ ਰਿਸ਼ਤੇਦਾਰ ਮੋਂ: 98153-54108, 79735-74040

# ਮੋਦੀ ਵੱਲੋਂ ਅਮਰੀਕਾ ਨਾਲ ਕੀਤੇ ਵਪਾਰਕ ਸਮਝੌਤਿਆਂ ਨੇ ਭਾਰਤੀ ਖੇਤੀਬਾੜੀ ਨੂੰ ਵੱਡੇ ਸੰਕਟ ਵੱਲ ਧੱਕਿਆਂ : ਕੰਬੋਜ



ਬੁਢਲਾਡਾ, 5 ਮਾਰਚ (ਜੀਵਨ ਕੁਮਾਰ): ਕੇਂਦਰ ਦੀ ਨਰਿੰਦਰ ਮੋਦੀ ਵੱਲੋਂ ਅਮਰੀਕਾ ਨਾਲ ਕੀਤੇ ਵਪਾਰਕ ਸਮਝੌਤਿਆਂ ਨੇ ਭਾਰਤੀ ਖੇਤੀਬਾੜੀ ਨੂੰ ਵੱਡੇ ਸੰਕਟ ਵੱਲ ਧੱਕ ਦਿੱਤਾ ਹੈ। ਇਸ ਗੱਲ ਦਾ ਪ੍ਰਗਟਾਵਾ ਪ੍ਰੈੱਸ ਕਾਨਫਰੰਸ ਦੌਰਾਨ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੇ ਦੋਸ਼ ਲਗਾਇਆ ਕਿ ਵਿਦੇਸ਼ੀ ਕੰਪਨੀਆਂ ਨੂੰ ਲਾਭ ਪਹੁੰਚਾਉਣ ਲਈ ਬਣਾਈਆਂ ਨੀਤੀਆਂ ਕਿਸਾਨਾਂ ਦੀ ਆਰਥਿਕਤਾ ਨੂੰ ਕਮਜ਼ੋਰ ਕਰ ਰਹੀਆਂ ਹਨ। ਉਨ੍ਹਾਂ ਅਜਿਹੇ ਸਮਝੌਤੇ ਦੇਸ਼ ਦੀ ਖਾਦ ਸੁਰੱਖਿਆ ਤੇ ਪੇਂਡੂ ਜੀਵਨਯਾਪਨ ਲਈ ਖ਼ਤਰਨਾਕ ਸਾਬਤ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀ ਅਰਥਵਿਵਸਥਾ ਅਤੇ ਕਿਸਾਨੀ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਨੀਤੀਆਂ ਨੂੰ ਲੈ ਕੇ ਲੋਕਾਂ ਵਿੱਚ ਗਹਿਰਾ ਅਸੰਤੋਸ਼ ਪੈਦਾ ਹੋ ਰਿਹਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਆਮ ਲੋਕਾਂ ਦੇ ਮੁੱਦੇ-ਰੋਜ਼ਗਾਰ, ਕਿਸਾਨੀ, ਮਹਿਲਾ ਭਲਾਈ ਅਤੇ ਪੇਂਡੂ ਵਿਕਾਸ-ਸਰਕਾਰਾਂ ਦੀਆਂ ਤਰਜੀਹਾਂ ਤੋਂ ਬਾਹਰ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਮਨਰੇਗਾ ਵਰਗੀਆਂ ਯੋਜਨਾਵਾਂ, ਜੋ ਪੇਂਡੂ ਮਜ਼ਦੂਰਾਂ ਲਈ ਜੀਵਨਰੇਖਾ ਹਨ, ਉਹਨਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੇਂਡੂ ਰੋਜ਼ਗਾਰ ਦੀਆਂ ਸੰਭਾਵਨਾਵਾਂ ਘਟਦੀਆਂ ਗਈਆਂ ਤਾਂ ਗਰੀਬ ਵਰਗ ਲਈ ਜੀਵਨ ਜਿਉਣਾ ਹੋਰ ਮੁਸ਼ਕਲ ਹੋ ਜਾਵੇਗਾ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਕਾਂਗਰਸ ਇਸ ਮਾਮਲੇ 'ਤੇ ਚੁੱਪ ਨਹੀਂ ਬੈਠੇਗੀ ਅਤੇ ਲੋਕਾਂ ਦੇ ਹੱਕਾਂ ਲਈ ਸੰਘਰਸ਼ ਜਾਰੀ ਰੱਖੇਗੀ। ਉਨ੍ਹਾਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਵੀ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਕੀਤੇ ਗਏ ਵਾਅਦੇ ਅਜੇ ਤੱਕ ਪੂਰੇ ਨਹੀਂ ਹੋਏ ਤੇ ਲੋਕਾਂ ਵਿੱਚ ਨਿਰਾਸ਼ਾ ਵਧ ਰਹੀ ਹੈ। ਖਾਸ ਤੌਰ 'ਤੇ ਮਹਿਲਾਵਾਂ ਲਈ ਹਰ ਮਹੀਨੇ ਆਰਥਿਕ ਸਹਾਇਤਾ ਦੇਣ ਦੇ ਵਾਅਦੇ ਨੂੰ ਲੈ ਕੇ ਸਵਾਲ ਉਠਾਏ ਗਏ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਚੋਣ ਗਾਰੰਟੀਆਂ ਰਾਹੀਂ ਲੋਕਾਂ ਵਿੱਚ ਉਮੀਦਾਂ ਪੈਦਾ ਕੀਤੀਆਂ ਸਨ, ਪਰ ਉਹਨਾਂ ਉਮੀਦਾਂ ਨੂੰ ਪੂਰਾ ਕਰਨ ਲਈ ਢੰਗ ਦੇ ਕਦਮ ਨਹੀਂ ਚੁੱਕੇ ਗਏ। ਉਨ੍ਹਾਂ ਕਿਹਾ ਕਿ ਰਾਜ ਵਿੱਚ ਬੇਰੋਜ਼ਗਾਰੀ, ਮਹਿੰਗਾਈ ਤੇ ਵਿਕਾਸ ਨਾਲ ਜੁੜੇ ਮੁੱਦੇ ਅਜੇ ਵੀ ਗੰਭੀਰ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਸਿਰਫ਼ ਇਸ਼ਤਿਹਾਰਬਾਜ਼ੀ ਨਾਲ ਹਾਲਾਤ ਨਹੀਂ ਬਦਲਦੇ ਹੈ।

ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਰੋਜ਼ਗਾਰ ਅਤੇ ਆਰਥਿਕ ਸੁਰੱਖਿਆ ਦੇ ਮੁੱਦੇ ਲੋਕਾਂ ਦੀਆਂ ਮੁੱਖ ਚਿੰਤਾਵਾਂ ਹਨ, ਜਿਨ੍ਹਾਂ ਨੂੰ ਲੈ ਕੇ ਕਾਂਗਰਸ ਸਪਸ਼ਟ ਤੇ ਮਜ਼ਬੂਤ ਸਟੈਂਡ ਲੈ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਨੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਉਤਰਿਆ, ਜਿਸ ਕਾਰਨ ਗ੍ਰਾਮੀਣ ਅਤੇ ਮਜ਼ਦੂਰ ਵਰਗ ਵਿੱਚ ਨਾਰਾਜ਼ਗੀ ਵਧੀ ਹੈ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਨੇ ਕਿਹਾ ਕਿ ਜੇਕਰ ਮਨਰੇਗਾ ਵਰਗੀਆਂ ਯੋਜਨਾਵਾਂ ਕਮਜ਼ੋਰ ਹੁੰਦੀਆਂ ਹਨ ਤਾਂ ਇਸਦਾ ਸਿੱਧਾ ਅਸਰ ਪਿੰਡਾਂ ਦੀ ਅਰਥਵਿਵਸਥਾ 'ਤੇ ਪੈਂਦਾ ਹੈ, ਜਿਸ ਨਾਲ ਗਰੀਬ ਤੇ ਮਜ਼ਦੂਰ ਵਰਗ ਦੀ ਜ਼ਿੰਦਗੀ ਹੋਰ ਮੁਸ਼ਕਲ ਬਣ ਜਾਂਦੀ ਹੈ। ਜ਼ਿਲ੍ਹਾ ਪ੍ਰਧਾਨ ਨੇ ਐਲਾਨ ਕੀਤਾ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਸਰਕਾਰ ਦੀਆਂ ਨੀਤੀਆਂ ਬਾਰੇ ਜਾਣੂ ਕਰਵਾਏਗੀ। ਕੁਲਵੰਤ ਰਾਏ ਸਿੰਗਲਾ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਲੋਕਾਂ ਨੂੰ ਆਪਣੇ ਹੱਕਾਂ ਲਈ ਲਾਮਬੰਦ ਕੀਤਾ ਜਾਵੇਗਾ। ਇਸ ਮੌਕੇ ਸਾਬਕਾ ਵਿਧਾਇਕ ਅਜੀਤਇੰਦਰ ਸਿੰਘ ਮੋਫਰ, ਸਾਬਕਾ ਪ੍ਰਧਾਨ ਮਾਈਕਲ ਗਾਗੋਵਾਲ, ਵਿਕਰਮ ਮੋਫਰ, ਬਲਬੀਰ ਸਿੰਘ ਦੰਦੀਵਾਲ ਸੱਤਪਾਲ ਮੂਲੇਵਾਲਾ, ਚਮਕੌਰ ਸਿੰਘ ਮੂਸੇਵਾਲਾ ਬਲਕੌਰ ਸਿੰਘ ਮੂਸੇਵਾਲਾ ਨਵੀਨ ਕਾਲਾ ਬੋਹਾ ਗੁਰਪ੍ਰੀਤ ਸਿੰਘ ਵਿੱਕੀ, ਰਣਜੀਤ ਸਿੰਘ ਦੋਦੜਾ, ਹਰਬੰਸ ਸਿੰਘ ਖਿੱਪਲ, ਲਛਮਣ ਸਿੰਘ ਲੱਖਿਆ ਸੁੱਖਾ ਬਰੇਟਾ ਲਾਲੂ ਭਾਰਦਵਾਜ ਹਰਵਿੰਦਰ ਸ਼ਰਮਾ ਸੁਰੇਸ਼ ਸ਼ਰਮਾ ਹਰਵਿੰਦਰਦੀਪ ਸਿੰਘ ਸਵੀਟੀ, ਗੁਰਸੇਵਕ ਸਿੰਘ ਵਾਰੇ ਕੁਲਬੀਰ ਸਿੰਘ ਧਰਮ ਸਿੰਘ ਅਮਰੀਕ ਸਿੰਘ ਢਿੱਲੋਂ ਗੁਰਬਿੰਦਰ ਭੁਖੁਦਿਆਲ ਤਰਜੀਤ ਸਿੰਘ ਚਹਿਲ, ਸੁਖਦਰਸ਼ਨ ਖਾਰਾ, ਪ੍ਰਿਤਪਾਲ ਡਾਲੀ, ਖੇਮ ਸਿੰਘ ਜਟਾਣਾ, ਸੁਰੇਸ਼ ਨੰਦਗੜ੍ਹੀਆ, ਨਰੇਸ਼ ਐਮ.ਸੀ, ਸਤਗੁਰ ਸਿੰਘ ਜਲਵੇੜਾ, ਮਨਦੀਪ ਸਿੰਘ ਗੋਰਾ, ਸੱਤਪਾਲ ਮੂਲੇਵਾਲਾ, ਸਵਰਨ ਸਿੰਘ ਖੁਡਾਲ ਮੱਖਣ ਸ਼ਰਮਾ ਤਰਜੀਤ ਚਹਿਲ, ਹਰਵਿੰਦਰ ਕੌਰ ਸਿੱਧੂ ਜੱਗਾ ਸਿੰਘ ਸਾਬਕਾ ਯੂਥ ਪ੍ਰਧਾਨ ਗੋਪਾਲ ਸ਼ਰਮਾ, ਪ੍ਰਿਤਪਾਲ ਡਾਲੀ, ਰਾਧੇ ਸ਼ਾਮ ਮੂਸਾ, ਬੀਰਇੰਦਰ ਧਾਲੀਵਾਲ ਡਾ. ਮਨਜੀਤ ਰਆਣਾ ਆਦਿ ਵੱਡੀ ਗਿਣਤੀ ਵਿਚ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

# ਵਿਧਾਇਕ ਮਾਈਸਰਖਾਨਾ ਨੇ ਹਲਕੇ ਅੰਦਰ ਵਿਕਾਸ ਕਾਰਜਾਂ ਦੀ ਲਿਆਂਦੀ ਹਨੇਰੀ, ਕਰੋੜਾਂ ਦੀ ਲਾਗਤ ਦੇ ਰੱਖੇ ਨੀਂਹ ਪੱਥਰ



ਮੋੜ ਮੰਡੀ, 5 ਮਾਰਚ (ਭੋਲਾ ਸਿੰਘ ਮਾਨ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਸੰਜੀਵ ਅਰੋੜਾ ਸਥਾਨਕ ਸਰਕਾਰਾਂ ਮੰਤਰੀ ਪੰਜਾਬ ਜੀ ਦੀ ਗਤੀਸ਼ੀਲ ਅਗਵਾਈ ਹੇਠ ਹਲਕਾ ਮੌੜ ਦੇ ਵਿਧਾਇਕ ਸੁਖਵੀਰ ਸਿੰਘ ਮਾਈਸਰਖਾਨਾ ਵੱਲੋਂ 3.23 ਕਰੋੜ ਦੀ ਲਾਗਤ ਨਾਲ ਸਥਾਨਕ ਸ਼ਹਿਰ ਦੇ ਫੈਕਟਰੀ ਰੋਡ ਤੇ ਬੱਸ ਸਟੈਂਡ ਸੜਕ ਦੇ ਨਵੀਨੀਕਰਨ ਦਾ ਨੀਹ ਪੱਥਰ ਰੱਖਿਆ।ਇਸ ਮੌਕੇ ਵਿਧਾਇਕ ਸੁਖਵੀਰ ਸਿੰਘ ਮਾਈਸਰਖਾਨਾ ਨੇ ਬੋਲਦੇ ਹੋਏ ਕਿਹਾ ਕਿ ਮੌੜ ਵਾਸੀਆਂ ਨੂੰ ਸ਼ੁੱਧ ਜਲ ਸਪਲਾਈ ਦੇਣ ਦੇ ਮੰਤਵ ਨਾਲ 2 ਕਰੋੜ ਰੁਪਏ ਦੀ ਲਾਗਤ ਨਾਲ ਕੋਟਲਾ ਬਰਾਂਚ ਨਹਿਰ ਤੋਂ ਵਾਟਰ ਵਰਕਸ ਤੱਕ ਪਾਈਪ ਲਾਈਨ ਪਾਉਣ ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਹੈ, ਕਿਉਂਕਿ ਮੌੜ ਬਰਾਂਚ ਰਜਵਾਹੇ ਦੀਆਂ ਟੇਲ ਤੋਂ ਕੁੱਝ ਪਿੰਡ ਦਾ ਰਕਬਾ ਹਟਾਏ ਜਾਣ ਨਾਲ ਪਾਣੀ ਦਾ ਪੱਧਰ ਘਟ ਗਿਆ ਸੀ। ਜਿਸ ਨਾਲ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਮੱਸਿਆ ਆ ਰਹੀ ਸੀ। ਹੋਰ ਤਾਂ ਹੋਰ ਘਰਾਂ ਵਿਚ ਸ਼ੁੱਧ ਜਲ ਸਪਲਾਈ ਕਰਵਾਉਣ ਦੇ ਮੰਤਵ ਲਈ ਸ਼ਹਿਰ ਅੰਦਰ 42 ਕਿਲੋਮੀਟਰ ਪਾਈਪ ਲਾਈਨਾਂ ਪਾਈਆਂ ਜਾ ਰਹੀਆਂ ਹਨ।ਉਹਨਾਂ ਅੱਗੇ ਦੱਸਿਆ ਕਿ ਸ਼ਹਿਰ ਵਾਸੀਆਂ ਨੂੰ ਸੀਵਰੇਜ ਦੀ ਸਮੱਸਿਆ ਤੋਂ ਨਿਜਾਤ ਦਵਾਉਣ ਲਈ 50 ਸਾਲ ਤੱਕ ਦੀ ਮਿਆਦ ਵਾਲੀਆਂ ਟਾਟਾ ਦੀਆਂ ਕੇ.7 ਪਾਈਪਾਂ ਪਾ ਕੇ ਗੰਦੇ ਪਾਣੀ ਦੀ ਨਿਕਾਸੀ ਦੇ ਪੁਖਤਾ ਪ੍ਰਬੰਧ ਕਰਨ ਲਈ 23 ਕਰੋੜ 91 ਲੱਖ ਰੁਪਏ ਖਰਚੇ ਜਾ ਚੁੱਕੇ ਹਨ, ਜਿਸ ਦੇ ਸਾਰਥਿਕ ਨਤੀਜੇ ਵੀ ਸਾਹਮਣੇ ਆ ਰਹੇ ਹਨ, ਸੀਵਰੇਜ਼ ਟਰੀਟਮੈਂਟ ਪਲਾਂਟ ਲਈ 18 ਕਰੋੜ ਰੁਪਏ ਖਰਚੇ ਜਾ ਰਹੇ ਹਨ ਤਾਂ ਜੋ ਸੀਵਰੇਜ਼ ਦਾ ਸਾਫ਼ ਹੋਇਆ ਪਾਣੀ ਲਸਾੜਾ ਡਰੇਨ 'ਚ ਪਾਇਆ ਜਾਵੇ।

ਵਿਧਾਇਕ ਮਾਈਸਰਖਾਨਾ ਨੇ ਹਲਕਾ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਬਾਕੀ ਰਹਿੰਦੇ ਵਿਕਾਸ ਕੰਮ ਵੀ ਜਲਦ ਸ਼ੁਰੂਆਤ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਹਰੇਕ ਪਿੰਡ ਤੇ ਸ਼ਹਿਰ ਦੇ ਸਰਪੱਖੀ ਵਿਕਾਸ ਲਈ ਵਚਨਬੱਧ ਹੈ ਤੇ ਸਾਰੇ ਕੰਮ ਨਿਰਧਾਰਤ ਸਮੇਂ ਅੰਦਰ ਪੂਰੇ ਕੀਤੇ ਜਾਣਗੇ।ਇਸ ਮੌਕੇ ਪੀਏ ਰੇਸ਼ਮ ਸਿੰਘ, ਮਾਰਕੀਟ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਬੱਲੋ, ਜਸਵਿੰਦਰ ਸਿੰਘ ਧਾਲੀਵਾਲ, ਸ਼ਿਵਕਰਨ ਸਿੰਘ, ਰਵਿੰਦਰ ਸਿੰਘ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸ਼ਹਿਰ ਵਾਸੀ ਮੌਜੂਦ ਸਨ।

# ਸੋਸ਼ਲ ਮੀਡੀਆ 'ਤੇ ਸੰਤਾਂ ਦਾ ਅਪਮਾਨ ਕਰਨ ਵਾਲੇ ਦੋਸ਼ੀ ਨੂੰ ਸਖ਼ਤ ਸਜ਼ਾ ਦੇਵੇ ਪ੍ਰਸ਼ਾਸਨ : ਸੰਗਰੋਲੀ



ਖਨੌਰੀ, 5 ਮਾਰਚ (ਓਮਪ੍ਰਕਾਸ਼ ਮੁਆਲ): 108 ਸੰਤ ਨਿਰੰਜਨ ਦਾਸ ਮਹਾਰਾਜ ਗੱਦੀ ਨਸ਼ੀਨ ਸੱਚ ਖੰਡ ਸ੍ਰੀ ਬੱਲਾਂ ਸਾਹਿਬ ਜੀਆਂ ਦਾ ਅਪਮਾਨ ਰਵਿਦਾਸੀਆ ਸਮਾਜ ਸਹਿਨ ਨਹੀਂ ਕਰੇਗਾ।ਇਸ ਬਾਰੇ ਜਾਣਕਾਰੀ ਦਿੰਦਿਆਂ ਬਹੁਜਨ ਸਮਾਜ ਪਾਰਟੀ ਦੇ ਆਗੂ ਸਾਬਕਾ ਜ਼ਿਲਾ ਕੋਆਰਡੀਨੇਟਰ ਸੁਰਿੰਦਰ ਸੰਗਰੋਲੀ ਖਨੌਰੀ ਨੇ ਦੱਸਿਆ ਕਿ ਪਿੰਡ ਨਵਾਂ ਗਾਉ ਦੇ ਇਕ ਸਰਾਤੀ ਅਨਵਸਰ ਵੱਲੋਂ ਸੰਤ ਨਿਰੰਜਨ ਦਾਸ ਜੀ ਮਹਾਰਾਜ ਬਾਰੇ ਸੋਸ਼ਲ ਮੀਡੀਆ ਤੇ ਗਲਤ ਟਿੱਪਣੀ ਕੀਤੀ ਹੈ।ਜਿਸ ਦੇ ਰੋਸ ਵਿੱਚ ਆ ਕੇ ਪਿੰਡ ਨਵਾਂ ਗਾਓ ਦੀ ਕਮੇਟੀ ਤੇ ਹੋਰ ਪਿੰਡਾਂ ਦੀ ਕਮੇਟੀਆਂ ਅਤੇ ਬਹੁਜਨ ਸਮਾਜ ਪਾਰਟੀ ਵੱਲੋਂ ਖਨੌਰੀ ਥਾਣੇ ਵਿਚ ਕੇਸ ਦਰਜ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜੇਕਰ ਪ੍ਰਸ਼ਾਸਨ ਮੁਲਜਮ ਨੂੰ ਜਲਦੀ ਗ੍ਰਿਫਤਾਰ ਕਰਕੇ ਜੇਲ ਵਿੱਚ ਨਹੀਂ ਭੇਜਦਾ ਤਾਂ ਬਹੁਜਨ ਸਮਾਜ ਪਾਰਟੀ ਨਾਲ ਰਵਿਦਾਸੀਆ ਭਾਈਚਾਰੇ ਵੱਲੋਂ ਕਰਵਾਈ ਕਰਵਾਉਣ ਲਈ ਰਣਨੀਤੀ ਉਲੀਕੀ ਜਾਵੇਗੀ।ਜਿਸਦੀ ਜਿੰਮੇਵਾਰੀ ਪੁਲਿਸ ਪ੍ਰਸ਼ਾਸਨ ਦੀ ਹੋਵੇਗੀ।ਬਹੁਜਨ ਸਮਾਜ ਪਾਰਟੀ ਦੇ ਹਲਕਾ ਪ੍ਰਧਾਨ ਡਾਕਟਰ ਰਾਜ ਕੁਮਾਰ ਜੱਸਲ ਨੇ ਦੱਸਿਆ ਕਿ ਇਸ ਪ੍ਰਤੀ ਸਮੂਹ ਰਵਿਦਾਸੀਆ ਭਾਈਚਾਰਾ ਨਵਾਂ ਗਾਓ ਤੇ ਇਲਾਕੇ ਦੀ ਸਾਧ ਸੰਗਤ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

# ਸਰਬੱਤ ਦੇ ਭਲੇ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਏ



ਤਲਵੰਡੀ ਸਾਬੋ, 5 ਮਾਰਚ (ਸੰਦੀਪ ਜੋਸੀ): ਸਰਬੱਤ ਦੇ ਭਲੇ, ਖੁਸ਼ਹਾਲੀ ਤੇ ਅਕਾਲ ਪੁਰਖ ਦੀਆਂ ਰਹਿਮਤਾਂ ਪ੍ਰਾਪਤ ਕਰਨ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅਖੰਡ ਪਾਠ ਸਾਹਿਬ ਦਾ ਆਯੋਜਨ ਕੀਤਾ ਗਿਆ। ਜਿਸਦੇ ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕੁਲਵਿੰਦਰ ਸਿੰਘ ਤੇ ਉਹਨਾਂ ਦੇ ਰਾਗੀ ਜੱਥੇ ਪਾਸੋਂ ਰਸ-ਭਿੰਨਾ ਰੂਹਾਨੀ, ਗੁਰਬਾਣੀ ਕੀਰਤਨ ਕੀਤਾ ਗਿਆ। ਬਾਅਦ ਵਿੱਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਜਥੇਦਾਰ ਜਗਤਾਰ ਸਿੰਘ ਵਲੋਂ ਪ੍ਰੇਰਨਾ ਭਰਪੂਰ ਕਥਾ ਵਿਆਖਿਆਨ ਕੀਤਾ ਗਿਆ। ਇਸ ਮੌਕੇ ਵਾਈਸ ਚਾਸਲਰ ਪ੍ਰੋ. (ਡਾ.) ਰਾਮੇਸ਼ਵਰ ਸਿੰਘ, ਪ੍ਰੋ. ਵਾਈਸ ਚਾਂਸਲਰ (ਡਾ.) ਜਗਤਾਰ ਸਿੰਘ ਧੀਮਾਨ, ਡਾਇਰੈਕਟਰ ਕੈਂਪਸ ਡਾ. ਹਰਜਸਪਾਲ ਸਿੰਘ ਸਿੱਧੂ ਵੱਖ-ਵੱਖ ਵਿਭਾਗਾਂ ਦੇ ਡੀਨ, ਅਧਿਆਪਕ, ਵਿਦਿਆਰਥੀਆਂ ਅਤੇ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਮੱਥਾ ਟੇਕਿਆ।ਇਸ ਮੌਕੇ ਪ੍ਰੋ. ਵਾਈਸ ਚਾਂਸਲਰ (ਡਾ.) ਧੀਮਾਨ ਨੇ ਕਿਹਾ ਕਿ ਜੀ.ਕੇ. ਯੂ. ਨੇ ਗੁਰੂ ਸਾਹਿਬ ਦੇ ਬਚਨਾਂ ਨੂੰ ਆਪਣਾ ਰਾਹ ਦਿਸੇਰਾ ਮੰਤਰ ਬਣਾਇਆ ਹੈ, ਜੋ ਅਕਾਦਮਿਕ ਤੇ ਅਧਿਆਤਮਕਤਾ ਦੀ ਸ਼੍ਰੇਸ਼ਠਤਾ ਪ੍ਰਤੀ ਇਸ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਹਨਾਂ ਦੱਸਿਆ ਕਿ ਗੁਰੂ ਸਾਹਿਬ ਦੇ ਬਚਨ "ਇਹ ਹੈ ਪ੍ਰਗਟ ਹਮਾਰੀ ਕਾਸ਼ੀ" ਅਨੁਸਾਰ ਯੂਨੀਵਰਸਿਟੀ ਦਾ ਗਾਣ ਬਣਾਇਆ ਹੈ। ਯੂਨੀਵਰਸਿਟੀ ਇਸ ਵਿਸ਼ੇ ਵਿੱਚ ਹੋਰਨਾਂ ਅਦਾਰਿਆ ਨਾਲ ਮਿਲਕੇ ਚੱਲਣ ਦੀ ਸਿਰਕੱਢ ਭੂਮਿਕਾ ਨਿਭਾਉਦੀ ਹੈ। ਯੂਨੀਵਰਸਿਟੀ ਇੱਕ ਪ੍ਰਮੁੱਖ ਸਿੱਖਿਆ ਕੇਂਦਰ ਵਜੋਂ ਵਿਕਸਿਤ ਹੋ ਰਹੀ ਹੈ। ਜਿਸ ਦਾ ਦੇਸ਼ਾਂ ਵਿਦੇਸ਼ਾਂ ਦੇ ਵਿੱਦਿਅਕ ਅਦਾਰਿਆਂ ਵਿੱਚ ਨਾਂ ਹੈ। ਉਹਨਾਂ ਯੂਨੀਵਰਸਿਟੀ ਵਲੋਂ ਨੌਜਵਾਨ ਪੀੜ੍ਹੀ ਤੇ ਮਹਿਲਾਵਾਂ ਦੇ ਸਸ਼ਕਤੀਕਰਨ ਵਿੱਚ ਪਾਏ ਜਾ ਰਹੇ ਯੋਗਦਾਨ ਬਾਰੇ ਵੀ ਚਾਨਣਾ ਪਾਇਆ।

ਵਾਈਸ ਚਾਂਸਲਰ (ਡਾ.) ਸਿੰਘ ਤੇ ਹੋਰਨਾਂ ਵਲੋਂ ਸਮਾਜ ਸੇਵਾ, ਸਾਹਿਤ ਸੇਵਾ ਤੇ ਸਮਾਗਮ ਵਿੱਚ ਆਪਣਾ ਯੋਗਦਾਨ ਪਾਉਣ ਵਾਲੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਤੇ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ "ਗੁਰਮਿਤ ਇਤਿਹਾਸ ਤੇ ਸਾਹਿਤ" ਦੇ ਲੇਖਕ ਗਿਆਨੀ ਕੌਰ ਸਿੰਘ ਕੋਠਾ, ਸੰਗਤ ਗੁਰੂ ਇਸ਼ਨਾਨ ਸੇਵਾ ਅੰਮ੍ਰਿਤ ਵੇਲਾ, ਭਾਈ ਕਾਹਨ ਸਿੰਘ ਨੰਗਲਾ, ਦੁੱਧ ਲੰਗਰ ਸੇਵਾ ਏਮਜ਼ ਹਸਪਤਾਲ, ਸ਼ਹੀਦ ਭਾਈ ਮਨੀ ਸਿੰਘ ਸੁਖਮਨੀ ਸੇਵਾ ਸੁਸਾਇਟੀ, ਮੁੱਖ ਗ੍ਰੰਥੀ ਤਖਤ ਸ੍ਰੀ ਦਮਦਮਾ ਸਾਹਿਬ, ਗਿਆਨੀ ਜਗਤਾਰ ਸਿੰਘ, ਨੂੰ ਸਨਮਾਨਿਤ ਕੀਤਾ। ਸਮਾਗਮ ਦਾ ਸੰਚਾਲਨ ਕਰਦੇ ਹੋਏ ਡਾ. ਗੁਰਜੀਤ ਸਿੰਘ ਖਾਲਸਾ ਮੁੱਖੀ ਧਰਮ ਅਧਿਐਨ ਵਿਭਾਗ ਨੇ ਸ੍ਰੀ ਦਮਦਮਾ ਸਾਹਿਬ ਦੀ ਧਰਤੀ ਨੂੰ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿੱਤੀਆਂ ਬਖਸ਼ਿਸ਼ਾਂ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਦੇ ਇਤਿਹਾਸ ਬਾਰੇ ਚਾਨਣਾ ਪਾਇਆ।ਅੰਤ ਵਿੱਚ ਮੁੱਖ ਗ੍ਰੰਥੀ ਤਖਤ ਸ੍ਰੀ ਦਮਦਮਾ ਸਾਹਿਬ ਵਲੋਂ ਸ਼ਾਂਤੀ, ਸਰਬੱਤ ਦੇ ਭਲੇ, ਸਭਨਾਂ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਬੇਨਤੀ ਕੀਤੀ ਗਈ।

# ਸੁਖਜੀਤ ਕੌਰ ਸਰਬਸੰਮਤੀ ਨਾਲ ਬਲਾਕ ਸੰਮਤੀ ਅਨਦਾਨਾ ਦੇ ਚੇਅਰਮੈਨ ਨਿਯੁਕਤ



ਮੂਨਕ, 5 ਮਾਰਚ (ਸਮਸ਼ੇਰ ਸਿੰਘ ਭੁਟਾਲ): ਬਲਾਕ ਸੰਮਤੀ ਦੀਆਂ ਹਾਲ ਹੀ ਚ ਹੋਈਆਂ ਚੋਣਾਂ ਤੋਂ ਬਾਅਦ ਚੇਅਰਮੈਨ ਦੀ ਚੋਣ ਸਥਾਨਕ ਬੀ.ਡੀ.ਓ. ਬਲਾਕ ਅੰਨਦਾਣਾ ਐਟ ਮੂਨਕ ਦੇ ਦਫਤਰ ਵਿਖੇ ਐੱਸ.ਡੀ.ਐੱਮ. ਰਾਕੇਸ ਪ੍ਰਕਾਸ ਗਰਗ ਦੀ ਪ੍ਰਧਾਨਗੀ ਹੇਠ ਹੋਈ। ਵਿਧਾਇਕ ਬਰਿੰਦਰ ਗੋਇਲ ਦੀ ਦੇਖ ਰੇਖ ਹੇਠ ਬਲਾਕ ਦੇ ਚੁਣੇ ਹੋਏ 16 ਵਿੱਚੋਂ 12 ਮੈਂਬਰ ਇਸ ਮੀਟਿੰਗ ਵਿੱਚ ਸ਼ਾਮਲ ਹੋਏ ਜਿਸ ਵਿੱਚੋ ਸੁਖਜੀਤ ਕੌਰ ਜੋਨ ਦੇਹਲਾ, ਨੂੰ ਸਰਬਸੰਮਤੀ ਨਾਲ ਬਲਾਕ ਅਨਦਾਨਾ ਐਟ ਮੂਨਕ ਦਾ ਚੇਅਰਮੈਨ ਚੁਣਿਆ ਗਿਆ।ਤੇਜਵੀਰ ਸਿੰਘ ਪਿੰਡ ਠਸਕਾ ਨੂੰ ਵਾਇਸ ਚੇਅਰਮੈਨ ਚੁਣਿਆ ਗਿਆ। ਇਸ ਮੌਕੇ ਬੀ.ਡੀ.ਓ ਤੇਜਿੰਦਰ ਸਿੰਘ ਤੇ, ਤਹਿਸੀਲਦਾਰ ਤਰਲੋਚਨ ਸਿੰਘ ਓਐਸਡੀ ਰਕੇਸ਼ ਕੁਮਾਰ ਵਿੱਕੀ, ਕਾਰਜ ਸਿੰਘ, ਜਸਵੀਰ ਕੌਰ, ਗੁਰਜਿੰਦਰ ਕੌਰ, ਹਰਦੀਪ ਕੌਰ, ਧਰਮ ਸਿੰਘ, ਜਸਪਾਲ ਸਿੰਘ, ਭੁਪਿੰਦਰ ਸਿੰਘ, ਮੀਨਾ, ਸੁਖਜਿੰਦਰ ਸਿੰਘ, ਹਰਿੰਦਰ ਕੋਰ ਆਦਿ ਬਲਾਕ ਸੰਮਤੀ ਮੈਂਬਰ, ਗੁਰਦੀਪ ਸਿੰਘ ਬਾਦਲ, ਜੌਨੀ ਅਰੋੜਾ ਕਰਮਜੀਤ ਸਿੰਘ, ਰਿੰਕੂ ਚੇਅਰਮੈਨ, ਪ੍ਰਕਾਸ ਸਿੰਘ, ਸਤੀਸ਼ ਗੋਇਲ, ਰਾਜਵੀਰ ਸਿੰਘ, ਸੰਮੀਕਪੁਰ, ਮਣੀ ਸਿੰਘ, ਮੁਕੰਦ ਸਿੰਘ, ਕੁਲਵਿੰਦਰ ਸਿੰਘ ਪਾਪੜਾ ਸਰਪੰਚ ਪੰਚ ਆਮ ਪਾਰਟੀ ਦੇ ਵਰਕਰ ਆਦਿ ਨੇ ਨਵੇ ਚੁਣੇ ਗਏ ਚੇਅਰਮੈਨ ਸੁਖਜੀਤ ਕੋਰ ਤੇ ਵਾਇਸ ਚੇਅਰਮੈਨ ਤੇਜਵੀਰ ਸਿੰਘ ਠਸਕਾ ਨੂੰ ਵਧਾਈ ਦਿੱਤੀ ਅਤੇ ਫੁੱਲਾਂ ਦੇ ਹਾਰ ਪਾ ਕੇ ਤੇ ਮੂੰਹ ਮਿੱਠਾ ਕਰਵਾਇਆ।ਇਸ ਮੌਕੇ ਤੇ ਵਿਧਾਇਕ ਬਰਿੰਦਰ ਗੋਇਲ ਐੱਮ. ਐੱਲ.ਏ ਨੇ ਕਿਹਾ ਕਿ ਗ੍ਰਾਂਟਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਵੱਧ ਤੋਂ ਵੱਧ ਵਿਕਾਸ ਕੰਮ ਹੋਣਗੇ।

# ਅਕੇਡੀਆ ਵਰਲਡ ਸਕੂਲ ਵਿਖੇ ਮਨਾਇਆ ਰੰਗਾਂ ਦਾ ਤਿਉਹਾਰ ਹੋਲੀ

ਸੁਨਾਮ ਊਧਮ ਸਿੰਘ ਵਾਲਾ, 5 ਮਾਰਚ (ਮੋਹਣ ਸ਼ਰਮਾ/ਰਾਉਵਰਿੰਦਰ ਮਠਾੜੂ): ਇਲਾਕੇ ਦੀ ਵਿੱਦਿਅਕ ਸੰਸਥਾ ਅਕੇਡੀਆ ਵਰਲਡ ਸਕੂਲ ਵਿੱਚ ਰੰਗਾ ਦਾ ਤਿਉਹਾਰ ਹੋਲੀ ਛੋਟੇ ਛੋਟੇ ਬੱਚਿਆਂ ਵੱਲੋਂ ਸਕੂਲ ਵਿਖੇ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਐਡ. ਗਗਨਦੀਪ ਸਿੰਘ ਤੇ ਪ੍ਰਿੰਸੀਪਲ ਰਣਜੀਤ ਕੋਰ ਨੇ ਰੰਗਾਂ ਦੇ ਤਿਉਹਾਰ ਹੋਲੀ ਦੀ ਸਾਰੇ ਦੇਸ਼ ਵਾਸੀਆਂ ਨੂੰ ਮੁਬਾਰਕਬਾਦ ਦਿੱਤੀ ਤੇ ਉਨ੍ਹਾਂ ਕਿਹਾ ਕਿ ਰੰਗਾਂ ਦਾ ਤਿਉਹਾਰ ਸਾਨੂੰ ਸਾਰਿਆਂ ਨੂੰ ਰਲਮਿਲ ਕੇ ਮਨਾਉਣਾ ਚਾਹੀਦਾ ਹੈ ਤਾ ਜੋ ਸਾਰੇ ਅਸੀਂ ਵੀ ਇਹਨਾਂ ਰੰਗਾਂ ਵਾਗ ਮਹਿਕਦੇ ਰਹੀਏ ਉਨ੍ਹਾਂ ਕਿਹਾ ਸਕੂਲ ਮੈਨੇਜਮੈਂਟ ਵੱਲੋਂ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਤਿਉਹਾਰਾਂ ਤੇ ਜਰਨਲ ਨੋਲਜ ਦੀ ਸਿਖਲਾਈ ਵੀ ਬੱਚਿਆਂ ਨੂੰ ਪੜੇ ਲਿਖੇ ਟੀਚਰਾਂ ਤੇ ਕੋਚਾਂ ਵੱਲੋਂ ਦਿੱਤੀ ਜਾਂਦੀ ਹੈ ਤਾਂ ਜੋ ਬੱਚੇ ਪੜ੍ਹਲਿਖ ਕੇ ਆਪਣੇ ਮਾਤਾ-ਪਿਤਾ ਤੇ ਸਕੂਲ ਦਾ ਨਾਮ ਰੋਸ਼ਨ ਕਰ ਸਕਣ ਇਸ ਮੌਕੇ ਸਕੂਲ ਸਟਾਫ ਵੱਲੋਂ ਵੀ ਰੰਗਾਂ ਦੇ ਤਿਉਹਾਰ ਹੋਲੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।






# ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਹੋਈ



ਸੁਨਾਮ ਊਧਮ ਸਿੰਘ ਵਾਲਾ, 5 ਮਾਰਚ (ਮੋਹਣ ਸ਼ਰਮਾ/ਰਾਉਵਰਿੰਦਰ ਮਠਾੜੂ): ਬੀਤੇ ਦਿਨੀ ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਸੁਨਾਮ ਦੀ ਮਹੀਨਾਵਾਰ ਮੀਟਿੰਗ ਹੋਈ ਜਿਸ ਵਿੱਚ ਮਾਰਕੀਟ ਕਮੇਟੀ ਦੇ ਚੇਅਰਮੈਨ ਮੁਕੇਸ਼ ਜਨੇਜਾ ਜੀ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ ਪ੍ਰਧਾਨ ਰੁਪਿੰਦਰ ਭਾਰਦਵਾਜ ਤੇ ਸਾਰੇ ਮੈਂਬਰਾਂ ਨੇ ਅਮਨ ਅਰੋੜਾ ਜੀ ਦੇ ਕੰਮਾਂ ਬਾਰੇ ਜਿਵੇਂ ਕਿ ਅੰਡਰ ਬ੍ਰਿਜ, ਰੇਲਵੇ ਰੋਡ, ਐਸ ਯੂ ਐਸ ਕਾਲਜ ਗਰਲ ਸਕੂਲ ਤੇ ਬੁਆਏ ਸਕੂਲ, ਮਾਤਾ ਮੋਦੀ ਪਾਰਕ, ਰੋਜ਼ ਗਾਰਡਨ, ਬੱਸ ਸਟੈਂਡ, ਆਈ ਟੀ ਆਈ ਆਦਿ ਵਿੱਚ ਕੀਤੇ ਕੰਮਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸੁਨਾਮ ਨੂੰ ਅਮਨ ਅਰੋੜਾ ਤੋਂ ਵਧੀਆ ਕੋਈ ਮੰਤਰੀ ਨਹੀਂ ਮਿਲ ਸਕਦਾ ਜਿਨਾਂ ਨੇ ਹਰ ਧਰਮ ਜਾਂ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸ਼ਹਿਰ ਦੀ ਉਨਤੀ ਲਈ ਅਣਥੱਕ ਯਤਨ ਕੀਤੇ ਹਨ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਮੁਕੇਸ਼ ਜਨੇਜਾ ਨੇ ਬੋਲਦਿਆਂ ਕਿਹਾ ਕਿ ਅਮਨ ਅਰੋੜਾ ਆਪਣੇ ਇਲਾਕੇ ਦੀ ਉਨਤੀ ਲਈ ਅਣਥੱਕ ਯਤਨ ਕਰ ਰਹੇ ਹਨ ਸੰਸਥਾ ਦੇ ਸਰਪ੍ਰਸਤ ਪਵਨ ਗੁਜਰਾ ਨੇ ਮੁਕੇਸ਼ ਜਨੇਜਾ ਨੂੰ ਦੱਸਿਆ ਕਿ ਇਹ ਸੰਸਥਾ ਸਮਾਜ ਭਲਾਈ ਦੇ ਬਹੁਤ ਕੰਮ ਕਰਦੀ ਹੈ ਪ੍ਰਕਿਰਤੀ ਵਿੱਚ ਵਧ ਰਹੇ ਪ੍ਰਦੂਸ਼ਣ ਨੂੰ ਦੂਰ ਕਰਨ ਲਈ ਨਵੇਂ ਬੂਟਿਆਂ ਨੂੰ ਲਗਾ ਕੇ ਤੇ ਉਹਨਾਂ ਦੀ ਦੇਖਭਾਲ ਕਰਦੀ ਹੈ।ਮੁਕੇਸ਼ ਜਨੇਜਾ ਨੇ ਕਿਹਾ ਜਿਸ ਤਰ੍ਹਾਂ ਉਹਨਾਂ ਨੇ ਸਵਰਗ ਦਵਾਰ ਵਿੱਚ ਪੰਛੀਆਂ ਦੇ ਲਈ ਰੈਣ ਬਸੇਰਾ ਬਣਾਇਆ ਹੈ ਉਸੇ ਤਰ੍ਹਾਂ ਸੀਨੀਅਰ ਸਿਟੀਜਨ ਲਈ ਇੱਕ ਕੰਪਲੈਕਸ ਤਿਆਰ ਕਰਕੇ ਦਿੱਤਾ ਜਾਵੇਗਾ ਤਾਂ ਜੋ ਉਹ ਉਥੇ ਬੈਠ ਕੇ ਆਪਣੀ ਵਿਉਂਤਬੰਦੀ ਬਣਾ ਕੇ ਸਮਾਜ ਭਲਾਈ ਦੇ ਹੋਰ ਜ਼ਿਆਦਾ ਕੰਮ ਕਰ ਸਕਣ ਮੁਕੇਸ਼ ਜਨੇਜਾ ਨੇ ਇਸ ਮੰਗ ਨੂੰ ਛੇਤੀ ਹੀ ਪੂਰਾ ਕਰਨ ਦਾ ਭਰੋਸਾ ਦਿੱਤਾ ਅੰਤ ਵਿੱਚ ਜਿਨਾਂ ਮੈਂਬਰਾਂ ਦੇ ਜਨਮ ਦਿਨ ਸਨ ਉਹ ਕੇਕ ਕੱਟਣ ਦੀ ਰਸਮ ਅਦਾ ਕਰਕੇ ਮਨਾਏ ਗਏ ਅਤੇ ਉਹਨਾਂ ਨੂੰ ਗਿਫਟ ਦਿੱਤੇ ਗਏ ਇਸ ਮੌਕੇ ਈਸ਼ਵਰ ਸਿੰਘ ਦਰਬਾਰਾ ਸਿੰਘ ਸਿੰਘ ਅਤੇ ਮਹਿੰਦਰ ਸਿੰਘ ਜੌੜਾ ਨੇ ਗੀਤ ਪੇਸ਼ ਕਰਕੇ ਮਾਹੌਲ ਨੂੰ ਆਨੰਦਮਈ ਬਣਾ ਦਿੱਤਾ ਦਵਿੰਦਰ ਸਿੰਘ ਐਸ ਡੀ ਓ ਨੇ ਸਿਹਤ ਪ੍ਰਤੀ ਆਪਣੇ ਸੁਝਾਅ ਦਿੱਤੇ ਦਰਬਾਰਾ ਸਿੰਘ ਜੀ ਨੂੰ ਪੰਚੂਅਲਟੀ ਐਵਾਰਡ ਨਾਲ ਸਨਮਾਨਿਆ ਗਿਆ ਸੰਸਥਾ ਦੇ ਸੈਕਟਰੀ ਬੀਰਬਲ ਖਜਾਨਚੀ ਰਾਜ ਕੁਮਾਰ ਜੀ ਭਰਤ ਹਰੀ ਗਿਆਨ ਚੰਦ ਜੀ ਨੇ ਵੀ ਆਪਣੇ ਆਪਣੇ ਸੁਝਾਅ ਦਿੱਤੇ ਅੰਤ ਵਿੱਚ ਮੁਕੇਸ਼ ਜਨੇਜਾ ਨੇ ਕਿਹਾ ਕਿ ਅਮਨ ਅਰੋੜਾ ਦੀ ਕਹਿਣੀ ਤੇ ਕਰਨੀ ਵਿੱਚ ਵਿਸ਼ਵਾਸ ਰੱਖਦੇ ਹਨ ਸੋ ਜੋ ਸੰਸਥਾ ਵੱਲੋਂ ਮੈਮੋਰੰਡਮ ਦਿੱਤਾ ਗਿਆ ਹੈ ਇਸ ਨੂੰ ਜਲਦੀ ਹੀ ਪੂਰਾ ਕੀਤਾ ਜਾਵੇਗਾ।

# ਖਾਕੀ ਦੇ ਪਹਿਰੇ 'ਤੇ ਭਾਰੀ ਪਏ ਸ਼ਰਾਰਤੀ ਅਨਸਰ, ਹਥਿਆਰਾਂ ਦੀ ਨੁਮਾਇਸ਼, ਲੁੱਟ-ਖੋਹ ਤੇ ਚੋਰੀ ਦੀਆਂ ਵਾਰਦਾਤਾਂ

ਬਠਿੰਡਾ, 5 ਮਾਰਚ (ਦੀਪਕ ਸ਼ਰਮਾ): ਬਠਿੰਡਾ ਪੁਲਿਸ ਵੱਲੋਂ ਹੋਲੀ ਦੇ ਤਿਉਹਾਰ ਮੌਕੇ ਸ਼ਹਿਰ ਅੰਦਰ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਕੀਤੇ ਗਏ ਸਖ਼ਤ ਸੁਰੱਖਿਆ ਪ੍ਰਬੰਧਾਂ ਦੇ ਦਾਅਵੇ ਹਵਾ ਹੁੰਦੇ ਨਜ਼ਰ ਆਏ।ਹੋਲੀ ਦੇ ਰੰਗਾਂ ਵਿੱਚ ਉਸ ਸਮੇਂ ਭੰਗ ਪੈ ਗਈ ਜਦੋਂ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਲੁੱਟ-ਖੋਹ, ਚੋਰੀ ਤੇ ਦਹਿਸ਼ਤ ਫੈਲਾਉਣ ਦੀਆਂ ਅੱਧੀ ਦਰਜਨ ਦੇ ਕਰੀਬ ਘਟਨਾਵਾਂ ਵਾਪਰੀਆਂ।ਸਭ ਤੋਂ ਗੰਭੀਰ ਮਾਮਲਾ ਪੂਜਾ ਵਾਲਾ ਮੁਹੱਲਾ ਵਿੱਚ ਸਾਹਮਣੇ ਆਇਆ, ਜਿੱਥੇ ਕਰੀਬ ਇੱਕ ਦਰਜਨ ਮੋਟਰਸਾਈਕਲ ਸਵਾਰ ਹੁੜਦੰਗਬਾਜ਼ਾਂ ਨੇ ਕਾਪੇ, ਕਿਰਪਾਨਾਂ ਤੇ ਕਿਰਚਾਂ ਵਰਗੇ ਤੇਜ਼ਧਾਰ ਹਥਿਆਰ ਸ਼ਰੇਆਮ ਲਹਿਰਾ ਕੇ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ।ਇਸ ਗੁੰਡਾਗਰਦੀ ਕਾਰਨ ਹੋਲੀ ਖੇਡ ਰਹੇ ਬੱਚੇ ਤੇ ਔਰਤਾਂ ਡਰ ਦੇ ਮਾਰੇ ਘਰਾਂ ਅੰਦਰ ਕੈਦ ਹੋਣ ਲਈ ਮਜਬੂਰ ਹੋ ਗਏ।ਜ਼ਿਕਰਯੋਗ ਹੈ ਕਿ ਇਸੇ ਮੁਹੱਲੇ ਵਿੱਚ ਪਿਛਲੇ 15 ਦਿਨਾਂ ਦਰਮਿਆਨ ਹਥਿਆਰਾਂ ਦੀ ਨੁਮਾਇਸ਼ ਦੀ ਇਹ ਦੂਜੀ ਵਾਰਦਾਤ ਹੈ, ਹਾਲਾਂਕਿ ਪੁਲਿਸ ਨੇ ਇਸ ਮਾਮਲੇ ਵਿੱਚ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਜ਼ਰੂਰ ਕੀਤਾ ਹੈ।



ਦੂਜੇ ਪਾਸੇ, ਪ੍ਰਤਾਪ ਨਗਰ ਦੀ ਗਲੀ ਨੰਬਰ 5-ਡੀ ਵਿੱਚ ਲੁਟੇਰਿਆਂ ਨੇ ਇੱਕ ਪੈਦਲ ਰਾਹਗੀਰ ਨੂੰ ਆਪਣੀ ਬਾਈਕ ਨਾਲ ਟੱਕਰ ਮਾਰ ਕੇ ਸੜਕ 'ਤੇ ਸੁੱਟ ਲਿਆ ਤੇ ਉਸ ਕੋਲੋਂ 3000 ਰੁਪਏ ਦੀ ਨਕਦੀ ਵਾਲਾ ਬੈਗ ਖੋਹ ਕੇ ਫ਼ਰਾਰ ਹੋ ਗਏ, ਇਹ ਸਾਰੀ ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ ਹੈ।ਇੰਨਾ ਹੀ ਨਹੀਂ, ਚੋਰਾਂ ਨੇ ਅਤਿ ਸੁਰੱਖਿਅਤ ਮੰਨੇ ਜਾਂਦੇ ਮਿੰਨੀ ਸਕੱਤਰੇਤ ਰੋਡ ਤੋਂ ਇੱਕ ਮੋਟਰਸਾਈਕਲ ਤੇ ਗਣੇਸ਼ਾ ਬਸਤੀ ਵਿੱਚੋਂ ਇੱਕ ਈ-ਰਿਕਸ਼ਾ ਵੀ ਚੋਰੀ ਕਰ ਲਿਆ।ਇਸ ਦੇ ਨਾਲ ਹੀ ਅਜੀਤ ਰੋਡ 'ਤੇ ਇੱਕ ਕੁੜੀ ਦੀ ਮਰਜ਼ੀ ਖ਼ਿਲਾਫ਼ ਉਸ ਉੱਪਰ ਰੰਗ ਪਾਉਣ ਨੂੰ ਲੈ ਕੇ ਭਾਰੀ ਹੰਗਾਮਾ ਹੋਇਆ, ਜਿਸ ਤੋਂ ਬਾਅਦ ਇੰਸਪੈਕਟਰ ਰਵਿੰਦਰ ਸਿੰਘ ਦੀ ਅਗਵਾਈ ਹੇਠ ਲਈ ਥਾਣਾ ਸਿਵਲ ਲਾਈਨ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਕਾਰਵਾਈ ਕਰਦਿਆਂ ਕਈ ਮੋਟਰਸਾਈਕਲ ਸਵਾਰਾਂ ਦੇ ਚਲਾਨ ਕੱਟੇ।ਇੱਕ ਨਿੱਜੀ ਸਟੇਡੀਅਮ ਵਿੱਚ ਵੀ ਲੋਕਾਂ ਦਰਮਿਆਨ ਝੜਪ ਹੋਣ ਦੀ ਸੂਚਨਾ ਮਿਲੀ ਹੈ।ਹੋਲੀ ਵਾਲੇ ਦਿਨ ਵਾਪਰੀਆਂ ਇਹ ਲੜੀਵਾਰ ਘਟਨਾਵਾਂ ਪੁਲਿਸ ਪ੍ਰਸ਼ਾਸਨ ਦੇ ਸੁਰੱਖਿਆ ਦਾਅਵਿਆਂ 'ਤੇ ਵੱਡੇ ਸਵਾਲੀਆ ਨਿਸ਼ਾਨ ਖੜ੍ਹੇ ਕਰਦੀਆਂ ਹਨ।

# ਗ੍ਰਾਮ ਪੰਚਾਇਤ ਬੱਲ੍ਹੋ ਨੇ ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਦੀ ਭਲਾਈ ਲਈ ਵਿਕਾਸ ਦੇ ਕੰਮ ਕਰਵਾਏ



ਬਠਿੰਡਾ, 5 ਮਾਰਚ (ਜਗਸੀਰ ਭੁੱਲਰ): ਗ੍ਰਾਮ ਪੰਚਾਇਤ ਬੱਲ੍ਹੋ ਨੇ ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਨੂੰ ਸੁੱਖ ਸਹੂਲਤਾਂ ਮੁ ਹੱ ਈ ਆ ਕਰਵਾਉਣ ਤੇ ਰਾ ਮ ਦਾ ਸੀ ਆਂ ਸਿੱਖ ਵਿਹੜੇ ਦੀ ਨੁਹਾਰ ਬਦਲਣ ਦਾ ਆਗਾਜ਼ ਅਮਰਜੀਤ ਕੌਰ ਸਰਪੰਚ ਦੀ ਅਗਵਾਈ ਵਿੱਚ ਪੰਚ ਹਰਬੰਸ ਸਿੰਘ ਤੇ ਪਰਮਜੀਤ ਕੌਰ ਨੇ ਆਂਗਣਵਾੜੀ ਸੈਂਟਰ ਦੇ ਵਿਹੜੇ ਨੂੰ ਪੱਕਾ ਕਰਨ ਲਈ ਇੰਟਰਲੋਕਿੰਗ ਟਾਇਲ ਲਾ ਕੀਤਾ। ਸਰਪੰਚ ਅਮਰਜੀਤ ਕੌਰ ਨੇ ਕਿਹਾ ਕਿ ਬਿਨਾ ਪੱਖਪਾਤ ਤੋਂ ਰਾਮਦਾਸੀਆਂ ਸਿੱਖਾਂ ਵਿਹੜੇ ਦੇ ਕੰਮ ਹਰਬੰਸ ਸਿੰਘ ਪੰਚ ਤੇ ਪਰਮਜੀਤ ਕੌਰ ਪੰਚ ਦੀ ਅਗਵਾਈ ਵਿੱਚ ਲੋਕਾਂ ਦੇ ਸਹਿਯੋਗ ਨਾਲ ਕੀਤੇ ਜਾਣਗੇ।

ਅਮਰਜੀਤ ਕੌਰ ਸਰਪੰਚ ਦਾ ਕਹਿਣਾ ਹੈ ਕਿ ਵਿਹੜੇ ਵਾਸੀਆਂ ਦੀ ਕਾਫੀ ਸਮੇ ਤੇ ਮੰਗ ਸੀ ਕਿ ਪੀਣ ਵਾਲਾ ਸਾਫ ਪਾਣੀ ਆਂਗਣਵਾੜੀ ਸੈਂਟਰ ਦੀ ਇਮਾਰਤ ਦਾ ਨਿਰਮਾਣ ਗਲੀਆਂ ਨਾਲੀਆਂ ਦੀ ਉਸਾਰੀ ਤੇ ਛੱਪੜ ਦੀ ਸਫਾਈ ਦੇ ਕੰਮ ਕਰਵਾਏ ਜਾਣ।ਉਨ੍ਹਾਂ ਕਿਹਾ ਕਿ ਸਾਡਾ ਮੁੱਖ ਮਕਸਦ ਹੈ ਕਿ ਹਰ ਵਰਗ ਤੱਕ ਵਿਕਾਸ ਦੀਆਂ ਸਹੂਲਤਾਂ ਦੇਣਾ। ਪਰਮਜੀਤ ਕੌਰ ਪੰਚ ਨੇ ਦੱਸਿਆਂ ਕਿ ਗ੍ਰਾਮ ਪੰਚਾਇਤ ਨੇ ਮਗਨਰੇਗਾ ਤਹਿਤ ਵਿਹੜੇ ਵਾਲੇ ਛੱਪੜ ਦੀ ਸਫਾਈ ਤੇ ਪਟਾਈ ਕਰਨ ਦਾ ਕੰਮ ਚੱਲ ਰਿਹਾ ਹੈ ਤੇ ਆਂਗਣਵਾੜੀ ਸੈਂਟਰ ਦੀ ਕੰਧ ਤੇ ਵਿਹੜੇ ਚ ਫਰਸ ਲਾਉਣ ਦੇ ਕਾਰਜ ਚੱਲ ਰਹੇ ਹਨ।

ਹਰਬੰਸ ਸਿੰਘ ਪੰਚ ਨੇ ਦੱਸਿਆ ਕਿ ਵਿਹੜੇ ਵਾਲੀਆਂ ਜਿਹੜੀਆਂ ਗਲੀਆਂ ਨਾਲੀਆਂ ਦੀ ਹਾਲਤ ਖਸਤਾਂ ਸੀ ਇੰਨਾਂ ਦੁਬਾਰਾ ਉੱਚ ਕਰਕੇ ਬਣਾਉਣ ਦੀ ਮਨਜੂਰੀ ਮਿਲ ਗਈ ਹੈ ਤੇ ਜਲਦੀ ਕੰਮ ਸੂਰੂ ਹੋ ਜਾਵੇਗਾ ਤੇ ਪੀਣ ਵਾਲੇ ਪਾਣੀ ਦੀ ਸਪਲਾਈ ਹਰ ਘਰ ਤੱਕ ਦੇਣ ਲਈ ਵਾਟਰ ਵਰਕਸ ਦੀ ਪਾਇਪ ਲਾਇਨ ਪਾਈ ਜਾਵੇਗੀ। ਉਨ੍ਹਾਂ ਕਿਹਾ ਕਿ ਵਿਹੜੇ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਗ੍ਰਾਮ ਪੰਚਾਇਤ ਬਚਨਵੱਧ ਹੈ। ਇੰਨਾਂ ਕਾਰਜਾਂ ਤੇ 15ਵਾਂ ਵਿੱਤ ਕਮਿਸਨ ਅਣ-ਟਾਇਡ ਤੇ ਟਾਇਡ ਨੂੰ ਖਰਚ ਕੀਤਾ ਜਾਵੇਗਾ। ਇਸ ਮੌਕੇ ਪੰਚ ਰਾਜਵੀਰ ਕੌਰ ਹਰਵਿੰਦਰ ਕੌਰ ਕਰਮਜੀਤ ਸਿੰਘ ਫੌਜੀ ਜਗਸੀਰ ਸਿੰਘ ਤੇ ਕੇਵਲ ਸਿੰਘ ਪ੍ਰਧਾਨ ਹਾਜ਼ਰ ਸਨ।

# ਪ੍ਰਸ਼ਾਦ ਦਾ ਲਾਲਚ ਦੇ ਕੇ ਕਾਰ ਸਵਾਰ ਔਰਤ-ਮਰਦ ਤਿੰਨ ਬੱਚਿਆਂ ਨੂੰ ਚੁੱਕ ਕੇ ਹੋ ਰਹੇ ਸਨ ਫ਼ਰਾਰ



ਬਠਿੰਡਾ, 5 ਮਾਰਚ (ਦੀਪਕ ਸ਼ਰਮਾ): ਬਠਿੰਡਾ ਦੀ ਧੋਬੀਆਣਾ ਬਸਤੀ ਵਿੱਚ ਹੋਲੀ ਵਾਲੇ ਦਿਨ ਬੱਚਿਆਂ ਨੂੰ ਅਗਵਾ ਕਰਨ ਦੀ ਕੋਸ਼ਿਸ਼ ਦਾ ਇੱਕ ਬੇਹੱਦ ਸੰਵੇਦਨਸ਼ੀਲ ਮਾਮਲਾ ਸਾਹਮਣੇ ਆਇਆ ਹੈ। ਕਾਰ ਵਿੱਚ ਸਵਾਰ ਇੱਕ ਔਰਤ ਅਤੇ ਮਰਦ ਨੇ ਪ੍ਰਸ਼ਾਦ ਦਾ ਲਾਲਚ ਦੇ ਕੇ ਤਿੰਨ ਛੋਟੇ ਬੱਚਿਆਂ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਸਿਵਲ ਲਾਈਨ ਦੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਧੋਬੀਆਣਾ ਬਸਤੀ ਦੀ ਰਹਿਣ ਵਾਲੀ ਫੂਲਨ ਕੁਮਾਰੀ ਨੇ ਦੱਸਿਆ ਕਿ ਉਸ ਨੇ ਆਪਣੇ ਚਾਰ ਬੱਚਿਆਂ (ਉਮਰ 3 ਤੋਂ 7 ਸਾਲ) ਨੂੰ ਨੇੜਲੀ ਦੁਕਾਨ ਤੋਂ ਸਾਮਾਨ ਲੈਣ ਲਈ ਭੇਜਿਆ ਸੀ। ਰਸਤੇ ਵਿੱਚ ਇੱਕ ਫੋਰਡ ਕਾਰ ਸਵਾਰ ਵਿਅਕਤੀ ਅਤੇ ਗੁਲਾਬੀ ਸੂਟ ਪਹਿਨੀ ਇੱਕ ਔਰਤ ਨੇ ਬੱਚਿਆਂ ਨੂੰ ਘੇਰ ਲਿਆ। ਉਨ੍ਹਾਂ ਨੇ ਬੱਚਿਆਂ ਨੂੰ ਪ੍ਰਸ਼ਾਦ ਦਿਵਾਉਣ ਦਾ ਝਾਂਸਾ ਦਿੱਤਾ ਅਤੇ ਤਿੰਨ ਬੱਚਿਆਂ ਨੂੰ ਜ਼ਬਰਦਸਤੀ ਕਾਰ ਵਿੱਚ ਬਿਠਾ ਕੇ ਲੈ ਗਏ। ਹਾਲਾਂਕਿ, ਫੂਲਨ ਦੀ ਧੀ ਖੁਸ਼ਬੂ ਨੇ ਉਨ੍ਹਾਂ ਨਾਲ ਜਾਣ ਤੋਂ ਸਾਫ਼ ਮਨਾ ਕਰ ਦਿੱਤਾ ਅਤੇ ਭੱਜ ਕੇ ਘਰ ਵਾਲਿਆਂ ਨੂੰ ਸਾਰੀ ਜਾਣਕਾਰੀ ਦਿੱਤੀ।

ਬੱਚੀ ਵੱਲੋਂ ਜਾਣਕਾਰੀ ਮਿਲਣ 'ਤੇ ਬਸਤੀ ਦੇ ਲੋਕਾਂ ਵਿੱਚ ਹੜਕੰਪ ਮਚ ਗਿਆ ਅਤੇ ਤੁਰੰਤ ਉੱਥੇ ਤਾਇਨਾਤ ਪੀ.ਸੀ.ਆਰ ਟੀਮ ਨੂੰ ਸੂਚਿਤ ਕੀਤਾ ਗਿਆ। ਕੁਝ ਸਮੇਂ ਬਾਅਦ ਬਸਤੀ ਦਾ ਹੀ ਇੱਕ ਨੌਜਵਾਨ ਕਰਨ, ਤਿੰਨਾਂ ਬੱਚਿਆਂ ਨੂੰ ਵਾਪਸ ਲੈ ਕੇ ਆਇਆ, ਜਿਸ ਨੇ ਦੱਸਿਆ ਕਿ ਬੱਚੇ ਉਸ ਨੂੰ ਰਸਤੇ ਵਿੱਚ ਮਿਲੇ ਸਨ। ਸ਼ੱਕ ਜਤਾਇਆ ਜਾ ਰਿਹਾ ਹੈ ਕਿ ਹੰਗਾਮਾ ਹੁੰਦਾ ਦੇਖ ਅਗਵਾਕਾਰ ਬੱਚਿਆਂ ਨੂੰ ਰਸਤੇ ਵਿੱਚ ਹੀ ਛੱਡ ਕੇ ਫ਼ਰਾਰ ਹੋ ਗਏ।

ਥਾਣਾ ਸਿਵਲ ਲਾਈਨ ਦੇ ਸਬ-ਇੰਸਪੈਕਟਰ ਰਘੁਵੀਰ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਪਰਿਵਾਰਕ ਮੈਂਬਰਾਂ ਤੇ ਸਥਾਨਕ ਲੋਕਾਂ ਦੇ ਬਿਆਨ ਦਰਜ ਕਰ ਲਏ ਗਏ ਹਨ। ਦੋਸ਼ੀਆਂ ਦੀ ਪਛਾਣ ਲਈ ਇਲਾਕੇ ਵਿੱਚ ਲੱਗੇ ਸੀਸੀਟੀਵੀ (CCTV) ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ। ਪੁਲਿਸ ਇਸ ਗੱਲ ਦੀ ਵੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਕਿ ਕਾਰ ਸਵਾਰਾਂ ਦੀ ਅਸਲ ਮੰਸ਼ਾ ਕੀ ਸੀ ਅਤੇ ਉਹ ਬੱਚਿਆਂ ਨੂੰ ਕਿੱਥੇ ਲੈ ਕੇ ਜਾਣਾ ਚਾਹੁੰਦੇ ਸਨ।

# ਰਜਵਾਹੇ 'ਚ ਨਹਾਉਂਦੇ ਸਮੇਂ ਨੌਜਵਾਨ ਦੀ ਡੁੱਬਣ ਕਾਰਨ ਮੌਤ

ਬਠਿੰਡਾ, 5 ਮਾਰਚ (ਦੀਪਕ ਸ਼ਰਮਾ): ਸਥਾਨਕ ਆਈ.ਟੀ.ਆਈ. ਨੇੜੇ ਸਥਿਤ ਰਜਵਾਹੇ ਵਿੱਚ ਬੁੱਧਵਾਰ ਨੂੰ ਨਹਾਉਂਦੇ ਸਮੇਂ ਇੱਕ ਨੌਜਵਾਨ ਦੀ ਪਾਣੀ ਵਿੱਚ ਡੁੱਬਣ ਕਾਰਨ ਮੌਤ ਹੋ ਗਈ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਸਹਾਰਾ ਜਨ ਸੇਵਾ ਦੀ ਲਾਈਫ ਸੇਵਿੰਗ ਬ੍ਰਿਗੇਡ ਅਤੇ ਐਨ.ਡੀ. ਆਰ.ਐਫ. ਦੀਆਂ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਬਚਾਅ ਕਾਰਜ ਸ਼ੁਰੂ ਕੀਤਾ। ਕਰੀਬ ਇੱਕ ਘੰਟੇ ਦੀ ਭਾਰੀ ਮੁਸ਼ੱਕਤ ਤੋਂ ਬਾਅਦ ਨੌਜਵਾਨ ਦੀ ਲਾਸ਼ ਨੂੰ ਪਾਣੀ ਵਿੱਚੋਂ ਬਾਹਰ ਕੱਢਿਆ ਜਾ ਸਕਿਆ। ਮਿਲੀ ਜਾਣਕਾਰੀ ਅਨੁਸਾਰ ਹੋਲੀ ਵਾਲੇ ਦਿਨ ਸਾਈਂ ਨਗਰ ਦੇ ਕੋਲ ਰਜਵਾਹੇ ਵਿੱਚ ਤਿੰਨ ਨੌਜਵਾਨ ਨਹਾ ਰਹੇ ਸਨ। ਨਹਾਉਂਦੇ ਸਮੇਂ ਅਚਾਨਕ ਇੱਕ ਨੌਜਵਾਨ ਡੂੰਘੇ ਪਾਣੀ ਵਿੱਚ ਚਲਾ ਗਿਆ ਅਤੇ ਸੰਤੁਲਨ ਵਿਗੜਨ ਕਾਰਨ ਡੁੱਬਣ ਲੱਗਾ। ਉਸ ਦੇ ਸਾਥੀਆਂ ਨੇ ਉਸ ਨੂੰ ਬਚਾਉਣ ਦੀ ਕਾਫ਼ੀ ਕੋਸ਼ਿਸ਼ ਕੀਤੀ, ਪਰ ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਉਹ ਸਫਲ ਨਹੀਂ ਹੋ ਸਕੇ। ਘਟਨਾ ਦੀ ਜਾਣਕਾਰੀ ਤੁਰੰਤ ਸਹਾਰਾ ਜਨ ਸੇਵਾ ਦੇ ਮੁੱਖ ਦਫ਼ਤਰ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਸੰਸਥਾ ਦੇ ਮੈਂਬਰ ਜਸਕਰਨ ਮੋਖਾ, ਸੰਦੀਪ ਗਿੱਲ ਅਤੇ ਹਰਮਨਦੀਪ ਸਿੰਘ ਤੁਰੰਤ ਘਟਨਾ ਸਥਾਨ 'ਤੇ ਪਹੁੰਚੇ।

ਸਹਾਰਾ ਟੀਮ ਨੇ ਸਥਾਨਕ ਲੋਕਾਂ ਦੀ ਮਦਦ ਨਾਲ ਕਾਫ਼ੀ ਦੇਰ ਤੱਕ ਨੌਜਵਾਨ ਦੀ ਭਾਲ ਕੀਤੀ, ਪਰ ਕੋਈ ਸੁਰਾਗ ਨਾ ਮਿਲਣ ਕਾਰਨ ਐਨ.ਡੀ.ਆਰ.ਐਫ. ਨੂੰ ਸੂਚਿਤ ਕੀਤਾ ਗਿਆ। ਐਨ.ਡੀ.ਆਰ.ਐਫ. ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਵਿਸ਼ੇਸ਼ ਸਰਚ ਆਪਰੇਸ਼ਨ ਚਲਾਇਆ ਅਤੇ ਕਰੀਬ ਇੱਕ ਘੰਟੇ ਬਾਅਦ ਲਾਸ਼ ਬਰਾਮਦ ਕਰ ਲਈ। ਮ੍ਰਿਤਕ ਦੀ ਪਛਾਣ ਸੇਵਕ ਸਿੰਘ (23) ਵਾਸੀ ਅਰਜੁਨ ਨਗਰ ਵਜੋਂ ਹੋਈ ਹੈ। ਸਹਾਰਾ ਦੀ ਟੀਮ ਨੇ ਲਾਸ਼ ਨੂੰ ਐਂਬੂਲੈਂਸ ਰਾਹੀਂ ਸਰਕਾਰੀ ਹਸਪਤਾਲ ਦੀ ਮੋਰਚਰੀ ਵਿੱਚ ਪਹੁੰਚਾਇਆ ਅਤੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਦੁਖਦਾਈ ਘਟਨਾ ਕਾਰਨ ਇਲਾਕੇ ਵਿੱਚ ਸੋਗ ਦੀ ਲਹਿਰ ਹੈ ਤੇ ਲੋਕਾਂ ਨੇ ਪ੍ਰਸ਼ਾਸਨ ਤੋਂ ਰਜਵਾਹੇ ਦੁਆਲੇ ਸੁਰੱਖਿਆ ਪ੍ਰਬੰਧ ਪੁਖਤਾ ਕਰਨ ਦੀ ਮੰਗ ਕੀਤੀ ਹੈ।

# ਚਿੱਟਫੰਡ ਕੰਪਨੀਆਂ ਦੇ ਬਾਕੀ ਰਹਿੰਦੇ ਪੈਸਿਆਂ ਨੂੰ ਵਾਪਿਸ ਲੈਣ ਲਈ ਅਜੇ ਹੋਰ ਵੱਡੇ ਸੰਘਰਸ਼ ਦੀ ਲੋੜ ਹੈ : ਗੁਰਭੇਜ ਸਿੰਘ ਸੰਧੂ



ਬਾਜਾਖਾਨਾ, 5 ਮਾਰਚ (ਅਵਤਾਰ ਸਿੰਘ ਮੱਲਾ): ਪੰਜਾਬ ਤੇ ਕੇਂਦਰ ਦੀ ਸਰਕਾਰ ਵੱਲੋ ਲਾਇਸੰਸ ਦੇ ਕੇ ਮਾਰਕੀਟ ਵਿਚ ਲਿਆਂਦੀਆਂ ਅਨੇਕਾਂ ਚਿੱਟਫੰਡ ਕੰਪਨੀਆਂ ਵਲੋ ਲੋਕਾਂ ਦੇ ਨਾਲ ਹਜ਼ਾਰਾ ਕਰੋੜਾ ਰੁਪਏ ਦੀ ਠੱਗੀ ਮਾਰੀ ਗਈ ਪਰੰਤੂ ਜਦੋ ਪੈਸਾ ਵਾਪਿਸ ਕਰਨ ਦਾ ਸਮਾ ਆਇਆ ਤਾ ਕੰਪਨੀ ਮਾਲਿਕ ਦਫਤਰਾਂ ਨੂੰ ਜਿੰਦੇ ਲਗਾ ਕੇ ਰਫੂਚੱਕਰ ਹੋ ਗਏ। ਪੀੜਿਤ ਲੋਕਾਂ ਨੇ ਬਥੇਰੇ ਠਾਣੇ ਕਚਹਿਰੀਆ ਦੇ ਚੱਕਰ ਮਾਰੇ ਪਰ ਕੁਝ ਵੀ ਪੱਲੇ ਨਹੀ ਪਿਆ! ਪੀੜਿਤ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਲੰਮੇ ਸਮੇ ਤੋਂ ਸੰਘਰਸ਼ ਕਰ ਰਹੀ ਜਥੇਬੰਦੀ "ਇਨਸਾਫ਼ ਦੀ ਲਹਿਰ ਖਾਤੇਦਾਰ ਵੈੱਲਫੇਅਰ ਸੁਸਾਇਟੀ ਪੰਜਾਬ" ਦੇ ਚੇਅਰਮੈਨ ਗੁਰਭੇਜ ਸਿੰਘ ਸੰਧੂ ਨੇ ਇੱਥੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਬਹੁਤ ਲੰਮਾ ਸੰਘਰਸ਼ ਕਰਨ ਤੋ ਬਾਅਦ ਪਰਲਜ਼ ਕੰਪਨੀ ਦੇ ਨਿਵੇਸ਼ਕਾ ਦਾ ਕੁਝ ਪੈਸਾ ਵਾਪਿਸ ਆਇਆ ਜੋ ਕਿ ਸਿਰਫ ਮੂਲ ਹੀ ਹੈ ਲੋਕਾ ਦੇ ਪੈਸੇ ਦੀ ਮਿਆਦ ਲੰਘੀ ਨੂੰ 8-10 ਸਾਲ ਹੋ ਚੁੱਕੇ ਹਨ ਇਹ ਪੇਮੈਂਟ ਵੀ ਸਿਰਫ 10% ਲੋਕਾਂ ਨੂੰ ਹੀ ਮਿਲੀ ਹੈ ਜਿਨ੍ਹਾਂ 2019 ਵਿੱਚ ਪਾਲਿਸੀਆ ਅਨਲਾਈਨ ਕਰਵਾਈਆ ਸਨ ਬਾਕੀ ਜਿਨ੍ਹਾਂ 80% ਲੋਕਾਂ ਨੇ ਆਪਣਿਆ ਪਾਲਿਸੀਆਂ ਮਿਆਦ ਪੂਰੀ ਹੋਣ ਤੇ ਦਫਤਰਾਂ ਵਿੱਚ ਜਮਾ ਕਰਵਾ ਦਿੱਤੀਆ ਸਨ ਉਸ ਬਾਰੇ ਸੇਬੀ ਨੇ ਅਜੇ ਤੱਕ ਕੋਈ ਵਿਚਾਰ ਨਹੀ ਕੀਤਾ ਕਿ ਉਹਨਾਂ ਪੀੜਿਤ ਲੋਕਾਂ ਨੂੰ ਕਦੋ ਪੈਸਾ ਵਾਪਿਸ ਕਰਨਾ ਹਾ ਕੁਝ ਲੋਕਾਂ ਤੋ ਆਪਣਿਆ ਪਾਲਿਸੀਆਂ ਅਨਲਾਈਨ ਕਰਨ ਵੇਲੇ ਕਾਫੀ ਸਾਰਿਆ ਤਰੁੱਟੀਆਂ ਰਹਿ ਗਈਆਂ ਸਨ ਓਹਨਾ ਦੀ ਪੇਮੈਂਟ ਵੀ ਨ੍ਹੀ ਪਾਈ!!

ਇਸੇ ਤਰ੍ਹਾਂ ਅਨੇਕਾਂ ਚਿੱਟਫੰਡ ਕੰਪਨੀਆਂ ਵਿੱਚ ਲੋਕਾ ਦਾ ਕਰੋੜਾਂ ਰੁਪਿਆ ਫਸਿਆ ਪਿਆ ਹਾਂ ਜਿਸ ਬਾਰੇ ਨਾ ਤਾ ਮਜੂਦਾ ਸਰਕਾਰਾ ਨਾ ਕੋਰਟ ਕਚਿਹਰੀਆ ਕੁਝ ਪੱਲੇ ਨ੍ਹੀ ਪਾ ਰਹੀਆ। ਅਸੀਂ ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕਰਦੇ ਹਾਂ ਜਿਨ੍ਹਾਂ ਦੇ ਪੈਸੇ ਆਏ ਹਨ, ਉਹ ਸੰਘਰਸ਼ ਦਾ ਸਮਰਥਨ ਕਰਨ ਕਿਉਂਕਿ ਬਹੁਤ ਸਾਰੇ ਲੋਕਾਂ ਦੇ ਪੈਸੇ ਅਜੇ ਵੀ ਬਕਾਇਆ ਹਨ। ਜੇਕਰ ਅਸੀਂ ਇਸ ਲੜਾਈ ਨੂੰ ਇਸੇ ਤਰ੍ਹਾਂ ਛੱਡ ਦਿੰਦੇ ਹਾਂ, ਤਾਂ ਲੋਢਾ ਕਮੇਟੀ ਤੇ ਸਰਕਾਰ, ਜੋ ਸੰਘਰਸ਼ ਅੱਗੇ ਝੁਕ ਗਈ ਹੈ, ਆਪਣੀਆਂ ਪੁਰਾਣੀਆਂ ਚਾਲਾਂ 'ਤੇ ਵਾਪਸ ਚਲੇ ਜਾਣਗੇ। ਇਸ ਲਈ, ਸੰਘਰਸ਼ ਨੂੰ ਅੱਗੇ ਵਧਾਉਣ ਲਈ ਤੁਹਾਡੇ ਸਮਰਥਨ ਦੀ ਲੋੜ ਹੈ ਕਿਉਂਕਿ ਘੱਟ ਤੋ ਘੱਟ ਅਜੇ ਵੀ 8 ਕਰੋੜ ਨਿਵੇਸ਼ਕਾਂ ਦੇ ਹਜ਼ਾਰਾਂ ਕਰੋੜ ਰੁਪਏ ਅਜੇ ਵੀ ਬਕਾਇਆ ਹਨ।

# ਪੰਚਾਇਤ ਸੰਮਤੀ ਦੀ ਸਰਬਸੰਮਤੀ ਨਾਲ ਹੋਈ ਚੋਣ, ਰਣਜੋਧ ਸਿੰਘ ਚੇਅਰਮੈਨ ਤੇ ਮਨਪ੍ਰੀਤ ਕੌਰ ਵਾਈਸ ਚੇਅਰਪਰਸਨ ਨਿਯੁਕਤ



ਧੂਰੀ, 5 ਮਾਰਚ (ਰਾਜੇਸ਼ਵਰ ਪਿੰਟੂ): ਪੰਚਾਇਤ ਸੰਮਤੀ ਧੂਰੀ ਦੇ ਚੇਅਰਮੈਨ ਦੇ ਅਹੁੱਦੇ ਨੂੰ ਲੈ ਕੇ ਹੋਈ ਮੀਟਿੰਗ 'ਚ ਹਸਨਪੁਰ ਜ਼ੋਨ ਤੋਂ ਚੁਣੇ ਗਏ ਮੈਂਬਰ ਰਣਜੋਧ ਸਿੰਘ ਕਲੇਰ ਕਾਂਝਲਾ ਨੂੰ ਸਰਬਸੰਮਤੀ ਨਾਲ ਪੰਚਾਇਤ ਸੰਮਤੀ ਧੂਰੀ ਦਾ ਚੇਅਰਮੈਨ ਤੇ ਪਿੰਡ ਢਢੋਗਲ ਦੇ ਮਨਪ੍ਰੀਤ ਕੌਰ ਨੂੰ ਵਾਈਸ ਚੇਅਰਪਰਸਨ ਚੁਣਿਆ।ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪੰਚਾਇਤ ਸੰਮਤੀ ਮੈਂਬਰ ਅਮਰਦੀਪ ਸਿੰਘ ਧਾਂਦਰਾ ਨੇ ਕਾਂਝਲਾ ਦੇ ਨਾਮ ਦੀ ਤਜਵੀਜ਼ ਪੇਸ਼ ਕੀਤੀ, ਜਿਸ ਦਾ ਹਾਜ਼ਰ ਸਮੂਹ ਮੈਂਬਰਾਂ ਨੇ ਹੱਥ ਖੜ੍ਹੇ ਕਰਕੇ ਤੇ ਜੈਕਾਰਿਆਂ ਦੀ ਗੂੰਜ ਵਿੱਚ ਸਮਰਥਨ ਕੀਤਾ।ਇਸ ਚੋਣ ਪ੍ਰਕਿਰਿਆ ਦੌਰਾਨ ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਅਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਤੇ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ ਵੀ ਮੌਜੂਦ ਸਨ।ਇਨ੍ਹਾਂ ਆਗੂਆਂ ਨੇ ਨਵ-ਨਿਯੁਕਤ ਚੇਅਰਮੈਨ ਦਾ ਮੂੰਹ ਮਿੱਠਾ ਕਰਵਾਇਆ ਤੇ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਕੀਤਾ।ਆਗੂਆਂ ਨੇ ਕਿਹਾ ਕਿ ਪਾਰਟੀ ਹਮੇਸ਼ਾ ਮਿਹਨਤੀ ਤੇ ਜ਼ਮੀਨੀ ਪੱਧਰ 'ਤੇ ਜੁੜੇ ਵਰਕਰਾਂ ਨੂੰ ਮਾਣ-ਸਤਿਕਾਰ ਦਿੰਦੀ ਹੈ ਅਤੇ ਰਣਜੋਧ ਸਿੰਘ ਦੀ ਚੋਣ ਨਾਲ ਇਲਾਕੇ ਦੇ ਵਿਕਾਸ ਕਾਰਜਾਂ ਨੂੰ ਹੋਰ ਗਤੀ ਮਿਲੇਗੀ।

ਆਪਣੀ ਚੋਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਣਜੋਧ ਸਿੰਘ ਕਲੇਰ ਕਾਂਝਲਾ ਨੇ ਇਸ ਵੱਡੀ ਜ਼ਿੰਮੇਵਾਰੀ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਮੁੱਖ ਮੰਤਰੀ ਦੇ ਓ.ਐੱਸ.ਡੀ. ਸੁਖਵੀਰ ਸਿੰਘ, ਓ.ਐੱਸ.ਡੀ. ਰਾਜਵੀਰ ਸਿੰਘ ਤੇ ਸਮੁੱਚੀ ਪਾਰਟੀ ਲੀਡਰਸ਼ਿਪ ਦਾ ਸ਼ੁਕਰੀਆ ਅਦਾ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ, ਤਨਦੇਹੀ ਤੇ ਪਾਰਦਰਸ਼ਤਾ ਨਾਲ ਨਿਭਾਉਣਗੇ।ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੱਖ ਟੀਚਾ ਧੂਰੀ ਹਲਕੇ ਦੇ ਪਿੰਡਾਂ ਦਾ ਸਰਬਪੱਖੀ ਵਿਕਾਸ ਕਰਨਾ ਅਤੇ ਸਰਕਾਰੀ ਸਹੂਲਤਾਂ ਨੂੰ ਹਰ ਲੋੜਵੰਦ ਤੱਕ ਪਹੁੰਚਾਉਣਾ ਹੋਵੇਗਾ।ਇਸ ਮੌਕੇ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਤੇ ਸਮਰਥਕ ਹਾਜ਼ਰ ਸਨ, ਜਿਨ੍ਹਾਂ ਨੇ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ।

# ਆਕਸਫੋਰਡ ਸਕੂਲ ਦੀ ਵਿਦਿਆਰਥਣ ਰਵਨੀਤ ਕੌਰ ਬਣੀ ਸੀ.ਏ.

ਭਗਤਾ ਭਾਈ ਕਾ, 5 ਮਾਰਚ (ਸਵਰਨ ਸਿੰਘ ਭਗਤਾ): "ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈ ਕਾ ਇੱਕ ਅਜਿਹਾ ਵਿੱਦਿਅਕ ਅਦਾਰਾ ਹੈ ਜੋ ਵਿਦਿਆਰਥੀਆਂ ਦੀ ਸੰਪੂਰਨ ਕੁਸ਼ਲਤਾ ਨਾਲ ਅਗਵਾਈ ਕਰਦਾ ਹੈ ਤੇ ਵਿਦਿਆਰਥੀ ਸਫਲਤਾ ਦੀਆਂ ਮੰਜ਼ਿਲਾਂ ਨੂੰ ਛੂੰਹਦਾ ਹੈ।ਇਹ ਬੜੇ ਮਾਣ ਵਾਲੀ ਗੱਲ ਹੈ ਕਿ ਇਸ ਸੰਸਥਾ ਦੀ 2017-2018 ਸੈਸ਼ਨ ਦੀ ਵਿਦਿਆਰਥਣ



ਰਵਨੀਤ ਕੌਰ ਪੁੱਤਰੀ ਹਰਜੀਤ ਸਿੰਘ ਸਿੱਧੂ ਵਾਸੀ ਦਿਆਲਪੁਰਾ ਮਿਰਜ਼ਾ ਆਪਣੀ ਸਖ਼ਤ ਮਿਹਨਤ ਸਦਕਾ ਚਾਰਟਡ ਅਕਾਊਂਟੈਂਟ ਬਣੀ ਹੈ। ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਰਵਨੀਤ ਕੌਰ ਨਰਸਰੀ ਜਮਾਤ ਤੋਂ ਹੀ ਇਸ ਸਕੂਲ ਦੀ ਵਿਦਿਆਰਥਣ ਰਹੀ ਹੈ।ਇਹ ਬਚਪਨ ਤੋਂ ਹੀ ਬਹੁਤ ਮਿਹਨਤੀ ਸੀ ਜੋ ਵੀ ਮਨ ਵਿੱਚ ਧਾਰ ਲੈਂਦੀ ਸੀ, ਉਸ ਨੂੰ ਪ੍ਰਾਪਤ ਕਰਨ ਦਾ ਜਜ਼ਬਾ ਰੱਖਦੀ।ਉਹ ਪੜ੍ਹਾਈ ਵਿੱਚ ਹੀ ਨਹੀਂ, ਭਿੰਨ-ਭਿੰਨ ਗਤੀਵਿਧੀਆਂ ਵਿੱਚ ਵੀ ਹਮੇਸ਼ਾ ਮੋਹਰੀ ਰਹਿੰਦੀ ਸੀ।ਰਵਨੀਤ ਨੇ ਵਧੇਰੇ ਵਿਸਥਾਰ ਨਾਲ ਦੱਸਿਆ ਕਿ ਉਸਨੇ ਫਾਊਂਡੇਸ਼ਨ ਜੂਨ 2021 ਵਿੱਚ ਸੀ. ਓ .ਇੰਟਰ ਮਈ 2023 ਵਿੱਚ ਤੇ ਆਰਟੀਕਲਸ਼ਿਪ 2023-2025 ਵਿੱਚ ਕਲੀਅਰ ਕੀਤਾ ਸੀ।ਉਸਨੇ ਆਕਸਫੋਰਡ ਸੰਸਥਾ ਨੂੰ ਸਿਹਰਾ ਦਿੰਦਿਆਂ ਕਿਹਾ ਕਿ ਮੇਰੀ ਪੜ੍ਹਾਈ ਦਾ ਜੋ ਅਧਾਰ ਇਸ ਸੰਸਥਾ ਵਿੱਚ ਬਣਿਆ ਹੈ, ਜੋ ਅਗਵਾਈ ਇਸ ਸੰਸਥਾ ਵਿੱਚੋ ਮਿਲੀ ਹੈ , ਮੈ ਹਲੇ ਤੱਕ ਉਸ ਉੱਤੇ ਆਪਣੀ ਪਕੜ ਬਣਾਈ ਹੋਈ ਹੈ , ਜਿਸ ਕਾਰਨ ਮੈਂ ਇਹ ਪ੍ਰਾਪਤੀ ਕਰ ਸਕੀ ਹਾਂ। ਰਵਨੀਤ ਦੇ ਪਿਤਾ ਹਰਜੀਤ ਸਿੰਘ ਸਿੱਧੂ ਜੋ ਕਿ ਜੰਗਲਾਤ ਮਹਿਕਮੇ ਵਿੱਚੋਂ ਬਤੌਰ ਬਲਾਕ ਅਫਸਰ ਰਿਟਾਇਰਡ ਹਨ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜਿੱਥੇ ਇਸ ਪ੍ਰਾਪਤੀ ਵਿੱਚ ਬੱਚੇ ਦੀ ਮਿਹਨਤ ਤੇ ਮਾਪਿਆਂ ਦੀ ਘਾਲਣਾ ਦਾ ਯੋਗਦਾਨ ਹੈ, ਉੱਥੇ ਅਸੀਂ ਆਕਸਫੋਰਡ ਸੰਸਥਾ ਦੇ ਹਮੇਸ਼ਾ ਰਿਣੀ ਰਹਾਂਗੇ, ਜਿੱਥੋਂ ਬੱਚੇ ਨੂੰ ਯੋਗ ਅਗਵਾਈ ਮਿਲੀ ਹੈ। ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਰਵਨੀਤ ਦੀ ਇਸ ਪ੍ਰਾਪਤੀ ਤੇ ਆਪਣੀ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਸਾਨੂੰ ਅਥਾਹ ਖੁਸ਼ੀ ਹੋ ਰਹੀ ਹੈ ਕਿ ਇਸ ਸੰਸਥਾ ਦੇ ਵਿਦਿਆਰਥੀ ਆਪਣੀ ਮਿਹਨਤ ਸਦਕਾ ਬੁਲੰਦੀਆਂ ਨੂੰ ਛੂਹ ਰਹੇ ਹਨ ਤੇ ਉੱਚੇ ਅਹੁਦਿਆਂ ਉੱਤੇ ਬਿਰਾਜਮਾਨ ਹੋ ਕੇ ਸਮਾਜ, ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ।

# ਖ਼ਾਲਸਾ ਕਾਲਜ ਵੱਲੋਂ ਸਾਹਿਤਿਕ ਮੈਗਜ਼ੀਨ 'ਸਦੀਵ' ਰਿਲੀਜ਼



ਭਗਤਾ ਭਾਈ ਕਾ, 5 ਮਾਰਚ (ਸਵਰਨ ਸਿੰਘ ਭਗਤਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ, ਸਕੱਤਰ ਵਿਦਿਆ ਸੁਖਮਿੰਦਰ ਸਿੰਘ ਤੇ ਸਿਕੰਦਰ ਸਿੰਘ ਮਲੂਕਾ, (ਸਾਬਕਾ ਕੈਬਨਿਟ ਮੰਤਰੀ ਪੰਜਾਬ ਤੇ ਅਨਰੇਰੀ ਸਕੱਤਰ ਕਾਲਜ) ਦੀ ਰਹਿਨੁਮਾਈ ਅਤੇ ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਦੀ ਸੁਯੋਗ ਅਗਵਾਈ ਵਿੱਚ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈ ਕਾ ਵਿਚ ਵਿਦਿਆਰਥੀਆਂ ਦੀ ਸ਼ਖ਼ਸੀਅਤ ਦੇ ਸਰਬਪੱਖੀ ਵਿਕਾਸ ਲਈ ਸਮੇਂ-ਸਮੇਂ 'ਤੇ ਧਾਰਮਿਕ, ਸਭਿਆਚਾਰਕ, ਸਾਹਿਤਿਕ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਇਸੇ ਲੜੀ ਤਹਿਤ ਸੰਸਥਾ ਦੇ ਆਨਰੇਰੀ ਸਕੱਤਰ ਸਿਕੰਦਰ ਸਿੰਘ ਮਲੂਕਾ ਮੇਜਰ ਸਿੰਘ ਢਿੱਲੋਂ (ਅੰਤਰਿੰਗ ਮੈਂਬਰ ਸ਼੍ਰੋਮਣੀ ਕਮੇਟੀ) ਤੇ ਪ੍ਰਿੰਸੀਪਲ ਡਾ ਸਤਿੰਦਰ ਕੌਰ ਮਾਨ ਵੱਲੋਂ ਸਾਹਿਤਿਕ ਮੈਗਜ਼ੀਨ 'ਸਦੀਵ' ਰਿਲੀਜ਼ ਕੀਤਾ ਗਿਆ। ਇਸ ਮੈਗਜ਼ੀਨ ਦੇ ਮੁੱਖ ਸੰਪਾਦਕ ਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਹਰਮਨਦੀਪ ਕੌਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਮੈਗਜ਼ੀਨ ਨੂੰ ਤਿਆਰ ਕਰਨ ਦਾ ਉਦੇਸ਼ ਵਿਦਿਆਰਥੀਆਂ 'ਚ ਸਾਹਿਤਿਕ ਰੁਚੀਆਂ ਨੂੰ ਪ੍ਰਫੁੱਲਤ ਕਰਨਾ ਹੈ। ਇਸ ਵਿੱਚ ਅੰਗਰੇਜ਼ੀ ਵਿਭਾਗ (ਸੰਪਾਦਕ ਪ੍ਰੋਫੈਸਰ ਜਗਦੀਪ ਕੌਰ), ਪੰਜਾਬੀ ਵਿਭਾਗ (ਸੰਪਾਦਕ ਪ੍ਰੋਫੈਸਰ ਜਸਬੀਰ ਕੌਰ), ਕਾਮਰਸ ਵਿਭਾਗ (ਸੰਪਾਦਕ ਪ੍ਰੋਫੈਸਰ ਲਖਵੀਰ ਕੌਰ), ਫੈਸ਼ਨ ਟੈਕਨਾਲੋਜੀ ਵਿਭਾਗ (ਸੰਪਾਦਕ ਪ੍ਰੋਫੈਸਰ ਜਿੰਕ ਪ੍ਰੀਤ ਕੌਰ), ਸਾਇੰਸ ਵਿਭਾਗ (ਸੰਪਾਦਕ ਪ੍ਰੋਫੈਸਰ ਹਰਦੀਪ ਕੌਰ), ਕੰਪਿਊਟਰ ਵਿਭਾਗ (ਸੰਪਾਦਕ ਡਾ ਅਮਨਦੀਪ ਕੌਰ) ਤੇ ਸੋਸ਼ਲ ਸਾਇੰਸ ਵਿਭਾਗ (ਸੰਪਾਦਕ ਡਾ. ਰਮਨਪ੍ਰੀਤ ਕੌਰ ) ਦੇ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਲੇਖ, ਖੋਜ- ਪੱਤਰ, ਕਵਿਤਾਵਾਂ ਤੇ ਕਹਾਣੀਆਂ ਦੇ ਰੂਪ 'ਚ ਆਪਣੀਆਂ ਮੌਲਿਕ ਰਚਨਾਵਾਂ ਪੇਸ਼ ਕੀਤੀਆਂ ਗਈਆਂ ਹਨ। ਮੈਗਜ਼ੀਨ ਸਬੰਧੀ ਤਕਨੀਕੀ ਕਾਰਜ ਪ੍ਰੋ. ਅੰਮ੍ਰਿਤਪਾਲ ਸਿੰਘ (ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ) ਵੱਲੋਂ ਪੂਰੀ ਸੁਹਿਰਦਤਾ ਤੇ ਤਨ ਦੇਹੀ ਨਾਲ ਕੀਤਾ ਗਿਆ । ਪ੍ਰਿੰਸੀਪਲ ਡਾ ਸਤਿੰਦਰ ਕੌਰ ਮਾਨ ਨੇ ਇਹ ਮੈਗਜ਼ੀਨ ਰਿਲੀਜ਼ ਕਰਨ ਸਮੇਂ ਸਮੂਹ ਲੇਖਕਾਂ ਨੂੰ ਮੁਬਾਰਕਬਾਦ ਦਿੰਦਿਆਂ ਭਵਿੱਖ ਵਿੱਚ ਆਪਣੇ ਵਿਰਸੇ ਤੇ ਸਾਹਿਤ ਨਾਲ ਹੋਰ ਵਧੇਰੇ ਸ਼ਿੱਦਤ ਨਾਲ ਜੁੜਨ ਲਈ ਪ੍ਰੇਰਿਤ ਕੀਤਾ।

# ਰਾਸ਼ਟਰੀ ਸੁਰੱਖਿਆ ਦਿਵਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਹਮੀਦੀ ਵਿੱਚ ਜਾਗਰੂਕਤਾ ਪ੍ਰੋਗਰਾਮ ਕਰਵਾਇਆ



ਬਰਨਾਲਾ, 5 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਰਾਸ਼ਟਰੀ ਸੁਰੱਖਿਆ ਦਿਵਸ ਹਰ ਸਾਲ 4 ਮਾਰਚ ਨੂੰ ਮਨਾਇਆ ਜਾਂਦਾ ਹੈ। ਸਰਕਾਰੀ ਪ੍ਰਾਇਮਰੀ ਸਕੂਲ ਹਮੀਦੀ ਵਿਖੇ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਮੁੱਖ ਅਧਿਆਪਕ ਅਸ਼ਵਨੀ ਕੁਮਾਰ ਨੇ ਬੱਚਿਆਂ ਨੂੰ ਸੁਰੱਖਿਆ ਦੇ ਵੱਖ-ਵੱਖ ਪੱਖਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਸੁਰੱਖਿਆ ਸਾਡੀ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਹੈ ਅਤੇ ਸਾਵਧਾਨੀ ਅਪਨਾ ਕੇ ਅਸੀਂ ਕਈ ਹਾਦਸਿਆਂ ਤੋਂ ਬਚ ਸਕਦੇ ਹਾਂ। ਪ੍ਰੋਗਰਾਮ ਦੌਰਾਨ ਸੜਕ ਸੁਰੱਖਿਆ ਬਾਰੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ, ਜੈਬਰਾ ਕਰਾਸਿੰਗ,ਹੈਲਮੇਟ ਅਤੇ ਸੀਟ ਬੈਲਟ ਦੀ ਮਹੱਤਤਾ ਬਾਰੇ ਸਮਝਾਇਆ ਗਿਆ। ਸਕੂਲ ਸੁਰੱਖਿਆ ਤਹਿਤ ਅਨੁਸ਼ਾਸਨ, ਨੰਗੇ ਪੈਰੀ ਬਿਜਲੀਆਂ ਦੀ ਤਾਰਾਂ ਨੂੰ ਹੱਥ ਨਾ ਲਾਉਣਾ ਅਤੇ ਐਮਰਜੈਂਸੀ ਸਮੇਂ ਸਹੀ ਰਸਤੇ ਦੀ ਜਾਣਕਾਰੀ ਦਿੱਤੀ ਗਈ। ਅੱਗ ਤੋਂ ਸੁਰੱਖਿਆ ਸਬੰਧੀ ਫਾਇਰ ਸੇਫਟੀ ਦੇ ਨਿਯਮ ਅਤੇ ਅੱਗ ਬੁਝਾਉਣ ਵਾਲੇ ਸੰਦਾਂ ਦੀ ਵਰਤੋਂ ਡੈਮੋ ਰਾਹੀਂ ਦਿਖਾਈ ਗਈ। ਇਸ ਤੋਂ ਇਲਾਵਾ ਭੂਚਾਲ ਦੇ ਸਮੇਂ ਘਰਾਂ ਤੋਂ ਬਾਹਰ ਨਿਕਲ ਕੇ ਖੁੱਲੀ ਥਾਂ ਤੇ ਜਾਣਾ ਜਾਂ ਕਿਸੇ ਬੈਂਚ ਥੱਲੇ ਬੈਠਣਾ, ਹੜ੍ਹ ਆਉਣ ਤੇ ਉੱਚੀ ਥਾਂ ਤੇ ਚਲੇ ਜਾਣਾ, ਤੂਫਾਨ ਆਉਣ ਤੇ ਪੱਕੇ ਘਰਾਂ ਦੇ ਅੰਦਰ ਹੀ ਰਹਿਣਾ ਇਸ ਬਾਰੇ ਵੀ ਪ੍ਰਯੋਗਾਤਮਕ ਗਤੀਵਿਧੀਆਂ ਕਰਵਾਈਆਂ ਗਈਆਂ। ਸਿਹਤ ਅਤੇ ਸਫ਼ਾਈ ਸਬੰਧੀ ਹੱਥ ਧੋਣ ਦੀ ਸਹੀ ਵਿਧੀ ਅਤੇ ਸਾਫ਼-ਸੁਥਰਾ ਵਾਤਾਵਰਣ ਬਣਾਏ ਰੱਖਣ ਦੇ ਲਾਭ ਦੱਸੇ ਗਏ। ਡਿਜ਼ੀਟਲ ਸੁਰੱਖਿਆ ਤਹਿਤ ਇੰਟਰਨੈੱਟ ਦੀ ਸੁਰੱਖਿਅਤ ਵਰਤੋਂ ਅਤੇ ਅਣਜਾਣ ਲਿੰਕਾਂ ਤੋਂ ਬਚਣ, ਕਿਸੇ ਵੀ ਅਣਜਾਣ ਵਿਅਕਤੀ ਨੂੰ ਆਪਣਾ ਓ ਟੀ ਪੀ ਨੰਬਰ ਨਹੀਂ ਦੇਣ ਬਾਰੇ ਸਚੇਤ ਕੀਤਾ ਗਿਆ। ਘਰੇਲੂ ਸੁਰੱਖਿਆ ਦੇ ਨਿਯਮਾਂ ਬਾਰੇ ਵੀ ਬੱਚਿਆਂ ਨੂੰ ਦੱਸਿਆ ਗਿਆ ਕਿ ਮੈਡੀਸਨ ਦਵਾਈਆਂ ਤੋਂ ਜਾਂ ਨਕੀਲੀ ਵਸਤੂਆਂ ਤੋਂ ਬੱਚਿਆਂ ਨੂੰ ਦੂਰ ਰੱਖਿਆ ਜਾਵੇ। ਇਸ ਮੌਕੇ ਸਕੂਲ ਦੇ ਅਧਿਆਪਕ ਜਗਸੀਰ ਸਿੰਘ, ਚਮਕੌਰ ਸਿੰਘ, ਗੁਰਦੀਪ ਸਿੰਘ, ਜਸਪ੍ਰੀਤ ਕੌਰ, ਸਰਬਜੀਤ ਕੌਰ ਅਤੇ ਕਮਲਦੀਪ ਕੌਰ ਹਾਜ਼ਰ ਸਨ। ਅਧਿਆਪਕਾਂ ਵੱਲੋਂ ਵੱਖ-ਵੱਖ ਐਕਟੀਵਿਟੀਆਂ ਅਤੇ ਡੈਮੋ ਰਾਹੀਂ ਬੱਚਿਆਂ ਨੂੰ ਸੁਰੱਖਿਆ ਦੇ ਅਮਲੀ ਪੱਖ ਸਿਖਾਏ ਗਏ। ਪ੍ਰੋਗਰਾਮ ਨੇ ਬੱਚਿਆਂ ਵਿੱਚ ਸੁਰੱਖਿਆ ਪ੍ਰਤੀ ਜਾਗਰੂਕਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਮਜ਼ਬੂਤ ਕੀਤੀ।

## ਸੀਵਰੇਜ਼ ਦੀ ਲੀਕਿੰਗ ਕਾਰਨ ਜ਼ਿੰਦਗੀ ਬਣੀ ਨਰਕ

ਭਦੌੜ, 5 ਮਾਰਚ (ਸੁਖਵਿੰਦਰ ਪਲਾਹਾ) : ਕਸਬਾ ਭਦੌੜ ਦੇ ਖਹਿਰਾ ਪੈਲੇਸ ਰੋਡ 'ਤੇ ਰਹਿਣ ਵਾਲੇ ਲੋਕ ਪਿਛਲੇ ਲੰਬੇ ਸਮੇਂ ਤੋਂ ਪ੍ਰਸ਼ਾਸਨਿਕ ਅਣਗਹਿਲੀ ਦਾ ਸ਼ਿਕਾਰ ਹੋ ਰਹੇ ਹਨ। ਇਲਾਕੇ ਵਿੱਚ ਸੀਵਰੇਜ਼ ਸਿਸਟਮ ਪੂਰੀ ਤਰ੍ਹਾਂ ਫੇਲ੍ਹ ਹੋਣ ਕਾਰਨ ਗੰਦਾ ਪਾਣੀ ਸੜਕਾਂ 'ਤੇ ਓਵਰਫਲੋਅ ਹੋ ਰਿਹਾ ਹੈ, ਜਿਸ ਕਾਰਨ ਸਥਾਨਕ ਨਿਵਾਸੀਆਂ ਅਤੇ ਰਾਹਗੀਰਾਂ ਦਾ ਜਿਉਣਾ ਦੁੱਭਰ ਕਰ ਦਿੱਤਾ ਹੈ।

ਸੀਵਰੇਜ ਦੇ ਲਗਾਤਾਰ ਵਗਦੇ ਪਾਣੀ ਕਾਰਨ ਪੱਕੀ ਸੜਕ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ। ਹਾਲਾਤ ਇਹ ਹੈ ਕਿ ਸੜਕ 'ਤੇ ਹੁਣ ਸਿਰਫ਼ ਵੱਡੇ-ਵੱਡੇ ਖੱਡੇ ਹੀ ਨਜ਼ਰ ਆਉਂਦੇ ਹਨ। ਇਨ੍ਹਾਂ ਖੱਡਿਆਂ ਵਿੱਚ ਗੰਦਾ ਪਾਣੀ ਜਮ੍ਹਾਂ ਹੋਣ ਕਾਰਨ ਹਰ ਵੇਲੇ ਹਾਦਸਿਆਂ ਦਾ ਡਰ ਬਣਿਆ ਰਹਿੰਦਾ ਹੈ। ਦੋ-ਪਹੀਆ ਵਾਹਨ ਚਾਲਕ ਅਕਸਰ ਇੱਥੇ ਡਿੱਗ ਕੇ ਸੱਟਾਂ ਖਾ ਚੁੱਕੇ ਹਨ।

## ਗਰੀਨ ਫ਼ੀਲਡ ਕਾਨਵੈਂਟ ਸਕੂਲ ਵਿਖੇ ਵਿਦਿਆਰਥੀਆਂ ਨੂੰ ਹਵਾ ਤੇ ਪਾਣੀ ਨੂੰ ਸਾਫ਼ ਰੱਖਣ ਦੇ ਨੁਕਤੇ ਸਮਝਾਏ



ਧਨੌਲਾ, 5 ਮਾਰਚ (ਚਮਕੌਰ ਸਿੰਘ ਗੱਗੀ) : ਗਰੀਨ ਫ਼ੀਲਡ ਕਾਨਵੈਂਟ (ਸੈਕੰਡਰੀ) ਸਕੂਲ ਦਾਨਗੜ੍ਹ ਵਿਖੇ ਵਿਦਿਆਰਥੀਆਂ ਨੂੰ ਸਾਇੰਸ ਲੈਬ ਅੰਦਰ ਲਿਜਾ ਕੇ ਹਵਾ ਅਤੇ ਪਾਣੀ ਨੂੰ ਸਾਫ਼ ਰੱਖਣ ਦੇ ਨੁਕਤੇ ਸਮਝਾਉਣ ਵਾਸਤੇ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ।

ਇਸ ਮੌਕੇ ਕੋਆਰਡੀਨੇਟਰ ਮੈਡਮ ਸੰਦੀਪ ਨੇ ਪ੍ਰੈਕਟੀਕਲ ਤਰੀਕੇ ਨਾਲ ਦੱਸਦੇ ਹੋਏ ਵਿਦਿਆਰਥੀਆਂ ਨੂੰ ਸਮਝਾਇਆ ਕਿ ਕਿਸ ਤਰ੍ਹਾਂ ਸਾਡੇ ਆਲੇ-ਦੁਆਲੇ ਘੁੰਮਦੇ ਕਣ ਪ੍ਰਦੂਸ਼ਿਤ ਹੁੰਦੇ ਹਨ ਅਤੇ ਉਹ ਗੰਧਲੇ ਹੋਏ ਕਣ ਜਦੋਂ ਅਸੀਂ ਸਾਹ ਲੈਂਦੇ ਹਾਂ ਤਾਂ ਸਾਡੇ ਅੰਦਰ ਚਲੇ ਜਾਣ ਨਾਲ ਸਾਡੇ ਸਰੀਰ 'ਤੇ ਮਾੜਾ ਪ੍ਰਭਾਵ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਪਲਾਸਟਿਕ ਵਰਗੀਆਂ ਚੀਜ਼ਾਂ ਨੂੰ ਜਲਾਉਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਦਾ ਪੈਦਾ ਹੋਇਆ ਜ਼ਹਿਰੀਲੀਆਂ ਗੈਸਾਂ ਵਾਲਾ ਧੂੰਆ ਹਵਾ ਨੂੰ ਵਧੇਰੇ ਪ੍ਰਦੂਸ਼ਿਤ ਕਰਦਾ ਹੈ। ਇਸੇ ਤਰ੍ਹਾਂ ਪਾਣੀ ਜਿਹੜਾ ਹਰੇਕ ਜਿਊਂਦੇ ਪ੍ਰਾਣੀ ਲਈ ਜ਼ਰੂਰੀ ਹੈ, ਜਿਸਨੂੰ ਬਚਾਉਣ ਲਈ ਅੱਜ ਸਾਨੂੰ ਜਿੱਥੇ ਪਾਣੀ ਨੂੰ ਸਾਂਭਣ ਦੀ ਜ਼ਰੂਰਤ ਹੈ ਉੱਥੇ ਹੀ ਇਸ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਉਸ ਤੋਂ ਵੀ ਵੱਧ ਅਹਿਦ ਕਰਨ ਦੀ ਲੋੜ ਹੈ। ਦੇਖਿਆ ਜਾਵੇ ਤਾਂ ਦਰਿਆਵਾਂ, ਨਹਿਰਾਂ ਆਦਿ ਵਿੱਚ ਵਗ ਰਹੇ ਪਾਣੀ ਵਿੱਚ ਲੋਕ ਕੁੱਝ ਵੀ ਸੁੱਟਦੇ ਰਹਿੰਦੇ ਹਨ ਅਤੇ ਕਈ ਥਾਵਾਂ 'ਤੇ ਤਾਂ ਨਿਕਾਸੀ ਪਾਣੀ ਵੀ ਮਿਲ ਰਿਹਾ ਹੈ। ਇਸ ਤੋਂ ਇਲਾਵਾ ਧਰਤੀ ਹੇਠਲੇ ਪਾਣੀ ਨੂੰ ਵੀ ਬਚਾਉਣ ਲਈ ਅਤੇ ਸਾਫ਼ ਰੱਖਣ ਲਈ ਉਪਰਾਲੇ ਕਰਨੇ ਜ਼ਰੂਰੀ ਹਨ, ਤਾਂ ਜੋ ਅਸੀਂ ਕੁਦਰਤੀ ਸੋਮਿਆਂ ਨੂੰ ਬਚਾ ਸਕੀਏ। ਇਸ ਮੌਕੇ ਚੇਅਰਮੈਨ ਸ.ਸੁਖਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਹਰੇਕ ਜੀਵਿਤ ਪ੍ਰਾਣੀ ਨੂੰ ਹਵਾ ਅਤੇ ਪਾਣੀ ਵਰਗੇ ਤੱਤਾਂ ਤੋਂ ਵਗੈਰ ਜੀਵਿਤ ਰਹਿਣ ਅਸੰਭਵ ਹੈ। ਇਸ ਲਈ ਜ਼ਰੂਰੀ ਹੈ ਅੱਜ ਦੀ ਪੀੜ੍ਹੀ ਨੂੰ ਹਵਾ ਅਤੇ ਪਾਣੀ ਦੀ ਸੰਭਾਲ ਰੱਖੇ ਅਤੇ ਨਾਲ ਹੀ ਇਸ ਨੂੰ ਸਾਫ਼-ਸੁਥਰਾ ਰੱਖਿਆ ਜਾਵੇ। ਇਸ ਮੌਕੇ ਪ੍ਰਿੰਸੀਪਲ ਡਾ.ਮਨਪ੍ਰੀਤ ਕੌਰ,ਵਾਈਸ ਪ੍ਰਿੰਸੀਪਲ ਜਸਵੀਰ ਕੌਰ ਅਤੇ ਅਸਿਸਟੈਂਟ ਕੋਆਡੀਨੇਟਰ ਨੋਵਲਪ੍ਰੀਤ ਆਦਿ ਹਾਜ਼ਰ ਸਨ।

# ਕੌਮੀ ਲੋਕ ਅਦਾਲਤ 14 ਮਾਰਚ ਨੂੰ



ਬਰਨਾਲਾ, 5 ਮਾਰਚ (ਹਮੀਰ ਸਿੰਘ) : ਮਿਸ ਅੰਸ਼ੁਲ ਬੇਰੀ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਸਹਿਤ ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਿਕ ਸੈਸ਼ਨ ਜੱਜ ਡਵੀਜ਼ਨ, ਬਰਨਾਲਾ ਦੀਆਂ ਅਦਾਲਤਾਂ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਨੈਸ਼ਨਲ ਲੋਕ ਅਦਾਲਤ 14 ਮਾਰਚ ਨੂੰ ਲਗਾਈ ਜਾ ਰਹੀ ਹੈ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਫੌਜਦਾਰੀ, ਚੈੱਕ ਬਾਊਂਸ, ਬੈਂਕਾਂ ਦੇ ਕੇਸ, ਐਕਸੀਡੈਂਟ ਕਲੇਮ ਕੇਸ ਅਤੇ ਪਰਿਵਾਰਿਕ ਝਗੜੇ ਆਦਿ ਕਿਸਮਾਂ ਦੇ ਕੇਸ ਲਗਾਏ ਜਾਣਗੇ। ਇਸ ਤੋਂ ਇਲਾਵਾ ਪ੍ਰੀਲਿਟੀਗੇਟਿਵ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਲੇਬਰ ਆਦਿ ਕੇਸ ਵੀ ਲਗਾਏ ਜਾਣਗੇ। ਇਸ ਸਬੰਧੀ ਮਿਸ ਅੰਸ਼ੁਲ ਬੇਰੀ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਸਹਿਤ ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਨੇ ਦੱਸਿਆ ਕਿ ਲੋਕ ਅਦਾਲਤ ਦਾ ਮੁੱਖ ਮਨੋਰਥ ਦੋਵੇਂ ਧਿਰਾਂ ਦੀ ਆਪਸੀ ਰਜਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ, ਤਾਂ ਜੋ ਧਿਰਾਂ ਦੇ ਕੀਮਤੀ ਸਮੇਂ ਅਤੇ ਪੈਸੇ ਦੀ ਬਚਤ ਹੋ ਸਕੇ ਅਤੇ ਆਪਸੀ ਮਤਭੇਦ ਘਟਾਏ ਜਾ ਸਕਣ।

## ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਕੈਂਪ ਦੌਰਾਨ ਵੰਡਿਆ ਲੋੜੀਂਦਾ ਸਮਾਨ



ਬਰਨਾਲਾ, ਮਾਰਚ, 5 (ਇਸ਼ੇਨ ਕੰਗ) : ਸਟੇਟ ਵੱਲੋਂ ਪ੍ਰਾਪਤ ਹੋਈਆਂ ਹਦਾਇਤਾ ਅਨੁਸਾਰ ਤੇ ਜ਼ਿਲ੍ਹਾ ਸਿੱਖਿਆ ਅਫਸਰ (ਐ. ਸਿੱ ਬਰਨਾਲਾ ਮੈਡਮ ਇੰਦੂ ਸਿਮਕ ਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸ. ਬਰਜਿੰਦਰਪਾਲ ਸਿੰਘ (ਐ. ਸਿੱ) ਦੀ ਅਗਵਾਈ ਵਿੱਚ ਬਲਾਕ ਸਹਿਣਾ ਦੇ ਵਿਸ਼ੇਸ ਲੋੜਾਂ ਵਾਲੇ ਬੱਚਿਆਂ ਲਈ ਸਮੱਗਰਾ ਸਿੱਖਿਆ ਅਭਿਆਨ ਦੇ ਆਈ. ਈ. ਡੀ./ਆਈ. ਈ. ਡੀ. ਐਸ. ਐਸ ਕੰਪੋਨੈਂਟ ਅਧੀਨ ਅਲਿਮਕੋ ਸਮਾਨ ਵੰਡ ਕੈਂਪ ਲਗਾਏ ਗਏ । ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਹਰਿੰਦਰ ਸਿੰਘ ਜੀ ਬਰਾੜ ਬੀ. ਪੀ. ਈ. ਓ, ਸਹਿਣਾ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਬੱਚਿਆਂ ਨੂੰ ਡਾਕਟਰ ਵੱਲੋਂ ਸਹਾਇਤਾ ਉਪਕਰਨ ਲਿਖੇ ਗਏ ਸਨ, ਉਨ੍ਹਾਂ ਨੂੰ ਇਹ ਲੋੜੀਦੇ ਉਪਕਰਨ ਵੰਡਣ ਲਈ ਅਲਿਮਕੋ ਦੀ ਸਹਾਇਤਾ ਨਾਲ ਬਲਾਕ ਪੱਧਰੀ ਸਮਾਨ ਵੰਡ ਕੈਂਪ ਸ਼ਹੀਦ ਬੁੱਧੂ ਖਾਂ ਸੌਰਿਆ ਚੱਕਰ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਹਿਣਾ ਮੁੰਡੇ ਵਿਖੇ ਲਗਾਇਆ ਗਿਆ 9 ਸਮਾਨ ਵੰਡ ਕੈਂਪ ਵਿੱਚ ਵਿਜੁਅਲੀ ਕਿੱਟ 1, ਬ੍ਰੇਲ ਕਿੱਟ 4,ਸਮਾਰਟ ਕੇਨ 1,ਟਰਾਈ ਸਾਈਕਲ 2, ਵੀਲ੍ਹ ਚੇਅਰ 6 ਸੀ. ਪੀ. ਚੇਅਰ 6, ਸਹਾਇਤਾ ਉਪਕਰਨ ਰੋਲੇਟਰ 04 ਟੀ. ਐਲ. ਐਮ ਕਿੱਟ ਤਿੰਨ ਸਾਲ ਤੱਕ ਦੇ ਬੱਚਿਆਂ ਲਈ 3, ਤਿੰਨ ਤੋਂ ਛੇ ਉਮਰ ਵਰਗ ਲਈ 4,ਸੱਤ ਤੋਂ ਗਿਆਰਾਂ ਸਾਲ ਦੇ ਉਮਰ – ਵਰਗ ਲਈ 31 ਕਿੱਟਾਂ,12-18 ਸਾਲ ਦੇ ਉਮਰ ਵਰਗ ਲਈ 45 ਕਿੱਟਾਂ, ਸਮਾਨ ਵੰਡਿਆ ਗਿਆ। ਇਸ ਕੈਂਪ ਵਿੱਚ ਅਲਿਮਕੋ ਦੀ ਡਾਕਟਰ ਟੀਮ ਵਿੱਚ ਮਧੁਰ ਸ਼ਰਮਾ ਆਡੀਓਲਜਿਸਟ ,ਅਮਰ ਬਹਾਦਰ ਪੀ ਓ , ਸੰਦੀਪ ਟੈਕਨੀਸ਼ਨ,ਡਾ:ਗੁਰਸਾਗਰਦੀਪ ਸਿੰਘ ਸਿੱਧੂ, ਡਾ. ਕੰਵਲਜੀਤ ਸਿੰਘ ਬਾਜਵਾ, ਭੁਪਿੰਦਰ ਸਿੰਘ ਡੀ. ਐਸ. ਈ. ਟੀ, ਜ਼ਿਲ੍ਹਾ ਬਰਨਾਲਾ, ਡਾ. ਸੰਜੇ ਵਿਸ਼ੇਸ਼ ਤੌਰ ਤੇ ਕੈਂਪ ਵਿੱਚ ਪਹੁੰਚੇ • ਸ਼ਹੀਦ ਬੁੱਧੂ ਖਾ ਸੋਰਿਆ ਚੱਕਰ ਸ. ਸ. ਸ ਸਮਾਰਟ ਸਕੂਲ, ਸਹਿਣਾ ਮੁੰਡੇ ਦੇ ਇੰਚਾਰਜ ਮੈਡਮ ਰਾਧਿਕਾ, ਸੰਦੀਪ ਕੌਰ, ਸਕੂਲ ਆਈ. ਈ. ਡੀ ਨੋਡਲ ਅਫਸਰ ,ਬਲਾਕ ਸ਼ਹਿਣਾ ਦੇ ਸਪੈਸ਼ਲ ਟੀਚਰ ਤੇ ਸਕੂਲ ਸਟਾਫ਼ ਨੇ ਕੈਂਪ ਵਿੱਚ ਅਹਿਮ ਭੂਮਿਕਾ ਨਿਭਾਈ • ਡਿਊਟੀ ਸਟਾਫ਼ ਦਵਿੰਦਰ ਕੌਰ, ਮਨਪ੍ਰੀਤ ਕੌਰ, ਗੀਨਾ ਰਾਣੀ, ਸਮਨਦੀਪ ਕੌਰ,ਮਨੀਸ਼ ਮਾਹਰ, ਰਮੇਸ਼ ਕੁਮਾਰ ਹਾਜ਼ਿਰ ਰਹੇ ਇਸ ਤੋਂ ਇਲਾਵਾ ਹਰਿੰਦਰ ਸਿੰਘ ਹੈੱਡ ਟੀਚਰ ਤਲਵੰਡੀ, ਗਗਨਪ੍ਰੀਤ ਸਿੰਘ,ਰਾਜਨ ਗੁਪਤਾ ਡਿਊਟੀ 'ਤੇ ਹਾਜ਼ਿਰ ਰਹੇ ।ਸਾਰਿਆਂ ਵੱਲੋਂ ਡਿਊਟੀ ਨੂੰ ਤਨਦੇਹੀ ਨਾਲ ਨਿਭਾਇਆ ।ਕੈਂਪ 'ਤੇ ਆਏ ਬੱਚਿਆਂ ਤੇ ਮਾਪਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਕੈਂਪ ਦੇ ਅੰਤ ਤੇ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

# ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਸਾਹਿਤਕ ਸਮਾਗਮ



ਬਰਨਾਲਾ, 5 ਮਾਰਚ (ਬਘੇਲ ਸਿੰਘ ਧਾਲੀਵਾਲ) : ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੀ ਇਕਾਈ ਬਰਨਾਲਾ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ ਦੇ ਵਿਹੜੇ ਵਿਚ ਰੂਬਰੂ ਅਤੇ ਲੋਕ ਅਰਪਨ ਸਮਾਰੋਹ ਕਰਵਾਇਆ ਗਿਆ। ਸਰੋਤਿਆਂ ਦੇ ਰੂਬਰੂ ਹੁੰਦਿਆਂ ਸ਼ਾਇਰ ਰਣਜੀਤ ਸਰਾਂਵਾਲੀ ਨੇ ਕਿਹਾ ਕਿ ਚੰਗੀ ਸ਼ਾਇਰੀ ਦੀ ਸਿਰਜਣਾ ਲਈ ਪੰਜਾਬੀ, ਹਿੰਦੀ ਅਤੇ ਉਰਦੂ ਦੇ ਨਾਮਵਰ ਸ਼ਾਇਰਾਂ ਦੀਆਂ ਲਿਖਤਾਂ ਨੂੰ ਪੜ੍ਹਨਾ ਬਹੁਤ ਜ਼ਰੂਰੀ ਹੁੰਦਾ ਹੈ। ਸ਼ਾਇਰ ਵੱਲੋਂ ਪੇਸ਼ ਕੀਤੀਆਂ ਗ਼ਜ਼ਲਾਂ 'ਤੇ ਸਰੋਤਿਆਂ ਨੇ ਵਾਰ ਵਾਰ ਦਾਦ ਦਿੱਤੀ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਕਿਹਾ ਆਮ ਕਰਕੇ ਕੋਈ ਅਵਾਰਡ ਮਿਲਣ ਤੋਂ ਬਾਅਦ ਲੇਖਕ ਖੜੋਤ ਦੀ ਸਥਿਤੀ ਵਿੱਚ ਆ ਜਾਂਦਾ ਹੈ ਪਰ ਖ਼ੁਸ਼ੀ ਦੀ ਗੱਲ ਹੈ ਕਿ ਸਰਾਂਵਾਲੀ ਲਗਾਤਾਰ ਸਿਰਜਣਾ ਕਰ ਰਿਹਾ ਹੈ। ਸਮਾਗਮ ਦੇ ਮੁੱਖ ਮਹਿਮਾਨ ਜਰਨੈਲ ਸਿੰਘ ਅੱਚਰਵਾਲ ਅਤੇ ਲੁਧਿਆਣਾ ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਕੋਈ ਲੇਖਕ ਓਦੋਂ ਹੀ ਪ੍ਰਵਾਨ ਹੁੰਦਾ ਹੈ ਜਦੋਂ ਉਹ ਲੋਕਾਂ ਦੇ ਦੁੱਖ ਦਰਦ ਦੀ ਗੱਲ ਕਰਦਾ ਹੈ। ਹਰੀ ਪਾਲ ਨੇ ਕੈਨੇਡਾ ਵਸਦੇ ਪੰਜਾਬੀ ਨੌਜਵਾਨਾਂ ਦੀਆਂ ਮੁਸ਼ਕਲਾਂ 'ਤੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਓਥੋਂ ਦੇ ਹਾਲਾਤ ਹੁਣ ਪਹਿਲਾਂ ਵਰਗੇ ਨਹੀਂ ਰਹੇ। ਸਮਾਗਮ ਦੇ ਆਰੰਭ ਵਿੱਚ ਜਿੱਥੇ ਡਾ. ਤਰਸਪਾਲ ਕੌਰ ਨੇ ਸਵਾਗਤੀ ਸ਼ਬਦ ਕਹੇ ਉੱਥੇ ਭੋਲਾ ਸਿੰਘ ਸੰਘੇੜਾ ਅਤੇ ਡਾ. ਹਰਿਭਗਵਾਨ ਨੇ ਸੰਘ ਦੀਆਂ ਪਿਛਲੇ ਸਮੇਂ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰਧਾਨਗੀ ਮੰਡਲ ਵੱਲੋਂ ਸ਼ਾਇਰ ਦਾ ਸਨਮਾਨ ਕਰਨ ਉਪਰੰਤ ਅਜਮੇਰ ਸਿੰਘ ਦੀਵਾਨਾ ਦਾ ਨਾਵਲ 'ਹਮ ਐਸੇ ਅਪਰਾਧੀ' ਅਤੇ ਭੋਲਾ ਸਿੰਘ ਸੰਘੇੜਾ ਦਾ ਕਹਾਣੀ ਸੰਗ੍ਰਹਿ 'ਮਿੱਟੀ ਦੇ ਪੁੱਤ' ਦਾ ਲੋਕ ਅਰਪਣ ਵੀ ਕੀਤਾ ਗਿਆ। ਦੋਹਾਂ ਪੁਸਤਕਾਂ ਬਾਰੇ ਡਾ. ਰਾਮ ਪਾਲ ਸ਼ਾਹਪੁਰੀ, ਤੇਜਾ ਸਿੰਘ ਤਿਲਕ ਅਤੇ ਰਜਿੰਦਰ ਸ਼ੌਕੀ ਨੇ ਸੰਖੇਪ ਜਾਣਕਾਰੀ ਦਿੱਤੀ। ਇਸ ਮੌਕੇ ਹੋਏ ਕਵੀ ਦਰਬਾਰ ਵਿਚ ਵਿੱਚ ਹਰੀ ਸਿੰਘ ਜਾਚਕ, ਜਸਵੀਰ ਝੱਜ, ਰਾਮ ਸਰੂਪ ਸ਼ਰਮਾ, ਜਗਜੀਤ ਕੌਰ ਢਿਲਵਾਂ, ਤੇਜਿੰਦਰ ਚੰਡਿਹੋਕ, ਸ਼ਿੰਦਰ ਧੌਲਾ, ਡਾ. ਸੰਪੂਰਨ ਸਿੰਘ ਟੱਲੇਵਾਲੀਆ, ਰਘਬੀਰ ਸਿੰਘ ਕੱਟੂ, ਲਛਮਣ ਦਾਸ ਮੁਸਾਫਿਰ ਨੇ ਭਾਗ ਲਿਆ। ਅੱਜ ਦੇ ਸਮਾਗਮ ਵਿੱਚ ਸੁਰਿੰਦਰ ਕੈਲੇ, ਪਵਨ ਪਰਿੰਦਾ, ਡਾ. ਸੁਰਿੰਦਰ ਭੱਠਲ, ਮੇਜਰ ਸਿੰਘ ਗਿੱਲ, ਗੁਰਜੰਟ ਸਿੰਘ ਬਰਨਾਲਾ, ਸਾਗਰ ਸਿੰਘ ਸਾਗਰ, ਹਰਪ੍ਰੀਤ ਜਟਾਣਾ, ਜੰਗੀਰ ਸਿੰਘ ਦਿਲਬਰ, ਬਿਰਜ ਲਾਲ ਗੋਇਲ ਆਦਿ ਨੇ ਵੀ ਸ਼ਿਰਕਤ ਕੀਤੀ।

## ਮੁਹੱਲਾ ਵਾਸੀਆਂ ਨੇ ਮਨਾਇਆ ਹਰਬਲ ਰੰਗਾਂ ਅਤੇ ਫ਼ੁੱਲਾਂ ਨਾਲ ਹੋਲੀ ਦਾ ਤਿਉਹਾਰ



ਬਰਨਾਲਾ, 5 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਕ੍ਰਿਸ਼ਨਾ ਗਲੀ ਕੇ ਸੀ ਰੋਡ ਬਰਨਾਲਾ ਵਿਖੇ ਮੁਹੱਲਾ ਨਿਵਾਸੀਆਂ ਨੇ ਰਲ ਮਿਲ ਕੇ ਸਿੰਪਲ ਜੱਗਾ, ਵੀਰਪਾਲ ਕੌਰ, ਰਮਨਦੀਪ ਕੌਰ, ਰਾਧਿਕਾ ਰਾਣੀ ਅਤੇ ਰਜਨੀ ਰਾਣੀ ਦੀ ਅਗਵਾਈ ਚ ਹੋਲੀ ਦਾ ਤਿਉਹਾਰ ਫ਼ੁੱਲਾਂ ਅਤੇ ਹਰਬਲ ਰੰਗਾਂ ਨਾਲ ਰਲ ਮਿਲ ਕੇ ਮਨਾਇਆ। ਇਸ ਮੌਕੇ ਆਦਿ ਸ਼ਕਤੀ ਮਾਤਾ ਮੰਦਰ ਤੋਂ ਹੋਲੀ ਸੰਬੰਧੀ ਪ੍ਰਭਾਤ ਫੇਰੀ ਪ੍ਰਧਾਨ ਬਲਦੇਵ ਕ੍ਰਿਸ਼ਨ ਮੱਖਣ ਦੀ ਅਗਵਾਈ ਚ ਅਤੇ ਰਾਸ਼ਟਰੀ ਸੋਇਮ ਸੇਵਕ ਸੰਘ ਦਾ ਇੱਕ ਜਥਾ ਐਡਵੋਕੇਟ ਸੋਨੂ ਲਾਡਵਾਲ, ਅਚਾਰੀਆ ਸਿਰੀ ਨਿਵਾਸ ਅਤੇ ਭਾਜਪਾ ਆਗੂ ਸੰਦੀਪ ਜੇਠੀ ਦੀ ਅਗਵਾਈ ਚ ਢੋਲ ਢਮੱਕੇ ਨਾਲ ਮੁਹੱਲੇ ਚ ਪਹੁੰਚਿਆ। ਸਭਨਾਂ ਨੇ ਰਲ ਮਿਲ ਕੇ ਠਾਕੁਰ ਜੀ ਅਤੇ ਰਾਧਾ ਰਾਣੀ ਸੰਗ ਫੁੱਲਾਂ ਦੀ ਹੋਲੀ ਖੇਡੀ। ਇਸ ਮੌਕੇ ਸੈਂਕੜਿਆਂ ਦੀ ਗਿਣਤੀ ਚ ਪਹੁੰਚੇ ਸ਼ਰਧਾਲੂਆਂ ਨੂੰ ਸਮਾਜ ਸੇਵੀ ਵਿਕਾਸ ਭੰਡਾਰੀ ਅਤੇ ਪ੍ਰਦੀਪ ਸਿੰਘ ਦੀ ਅਗਵਾਈ ਚ ਚਾਹ ਅਤੇ ਸਮੋਸਿਆਂ ਦੀ ਰਿਫਰੈਸ਼ਮੈਂਟ ਵੰਡੀ ਗਈ। ਆਸ ਪਾਸ ਦੇ ਮੁਹੱਲਿਆਂ ਅਤੇ ਰਾਹਗੀਰਾਂ ਨੇ ਵੀ ਹੋਲੀ ਉਤਸਵ ਦਾ ਆਨੰਦ ਮਾਣਿਆ। ਹੋਲੀ ਉਤਸਵ ਬ੍ਰਜ ਦੀ ਹੋਲੀ ਦੀ ਝਲਕ ਪੇਸ਼ ਕਰ ਰਿਹਾ ਸੀ। ਇਸ ਦੌਰਾਨ ਭਜਨ ਗਾਇਨ ਵੀ ਕੀਤਾ ਗਿਆ। ਇਸ ਮੌਕੇ ਮੰਦਿਰ ਕਮੇਟੀ ਵੱਲੋਂ ਮੁਕੇਸ਼ ਲਵਲੀ ਦੀਪਕ ਸਿੰਗਲਾ, ਅਤੁਲ ਗੁਪਤਾ, ਚੇਤਨ ਬਾਂਸਲ, ਰਿਸ਼ੀ ਗੋਇਲ, ਸੁਮਨ ਗੋਇਲ, ਸੋਮਾ ਭੰਡਾਰੀ, ਰੇਨੂ ਸਿੰਗਲਾ, ਅਨੂ ਗੋਇਲ, ਚੰਚਲ ਗੋਇਲ, ਪ੍ਰੋਮਿਲਾ ਅਤੇ ਮੁਹੱਲਾ ਨਿਵਾਸੀਆਂ ਵੱਲੋਂ ਸੰਜੀਵ ਮਕੈਨਿਕ, ਬਲਜਿੰਦਰ ਕੌਰ, ਹਰਦੀਪ ਸਿੰਘ ਹੈਪੀ, ਗੋਬਿੰਦ ਬਾਂਸਲ, ਸ਼ਸ਼ੀ ਬਾਂਸਲ, ਰਾਕੇਸ਼ ਗਰਗ, ਪਿਆਰਾ ਸਿੰਘ, ਜਸਬੀਰ ਕੌਰ ਜੱਸੀ, ਅਨੀਤਾ ਗਰਗ, ਕ੍ਰਿਸ਼ਨਾ ਗਰਗ, ਡਾਕਟਰ ਸਤੀਸ਼ ਕੁਮਾਰ, ਨੀਤੂ ਸ਼ਰਮਾ, ਬਲਦੇਵ ਸਿੰਘ ਮਿੱਠੂ, ਨਵਜੋਤਪ੍ਰੀਤ ਸਿੰਘ ਟਿੰਕੂ, ਅਸ਼ਮ ਨੇ ਅਤੇ ਰਾਸ਼ਟਰੀ ਸੋਇਮ ਸੰਘ ਵੱਲੋਂ ਅਸ਼ਵਨੀ ਸਿੰਗਲਾ, ਦਰਸ਼ਨ ਕੁਮਾਰ, ਡਾਕਟਰ ਨਰਿੰਦਰ ਕੁਮਾਰ ਤੋਂ ਇਲਾਵਾ ਮੋਨਿਕਾ ਗਰਗ, ਏਕਤਾ ਵਾਲਮੀਕਿ, ਜਸਮੇਲ ਕੌਰ , ਦੀਪ ਚੰਦ ਬਾਂਸਲ, ਮਹਿੰਦਰ ਪਾਲ ਗਰਗ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਅੰਤ ਚ ਮੁਹੱਲਾ ਵਾਸੀ ਸੁਖਵਿੰਦਰ ਸਿੰਘ ਭੰਡਾਰੀ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਹੋਲੇ-ਮਹੱਲੇ ਮੌਕੇ ਬੁੱਢਾ ਦਲ ਵੱਲੋਂ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਦਾ ਵਿਸ਼ੇਸ਼ ਸਨਮਾਨ



ਬਰਨਾਲਾ, 5 ਮਾਰਚ (ਹਮੀਰ ਸਿੰਘ) : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁੱਖੀ, ਸ਼੍ਰੋਮਣੀ ਸੇਵਾ ਰਤਨ ਅਤੇ ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਹੇਠ ਹੋਲੇ ਮਹੱਲੇ ਦੇ ਪਾਵਨ ਅਵਸਰ 'ਤੇ ਗੁਰਦੁਆਰਾ ਗੁਰੂ ਕਾ ਬਾਗ ਛਾਉਣੀ ਬੁੱਢਾ ਦਲ ਨਿਹੰਗ ਸਿੰਘਾਂ ਵਿਖੇ ਦੋ ਰੋਜ਼ਾ ਵਿਰਸਾ ਸੰਭਾਲ ਇੰਟਰਨੈਸ਼ਨਲ ਗਤਕਾ ਮੁਕਾਬਲਿਆਂ ਦੀ ਸ਼ੁਰੂਆਤ ਖਾਲਸਾਈ ਸ਼ਾਨੋ-ਸ਼ੌਕਤ ਨਾਲ ਕੀਤੀ ਗਈ। ਸਮਾਗਮ ਦੀ ਅਰੰਭਤਾ ਭਾਈ ਸੁਖਵਿੰਦਰ ਸਿੰਘ ਮੌਰ ਵੱਲੋਂ ਅਰਦਾਸ ਕਰਨ ਉਪਰੰਤ ਹੋਈ, ਜਿਸ ਤੋਂ ਬਾਅਦ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਅਤੇ ਹੋਰ ਮਾਣਯੋਗ ਸ਼ਖ਼ਸੀਅਤਾਂ ਨੇ ਗਤਕਾ ਮੁਕਾਬਲਿਆਂ ਦੀ ਰਸਮੀ ਸ਼ੁਰੂਆਤ ਕਰਵਾਈ। ਪਿਛਲੀ ਰਵਾਇਤ ਅਨੁਸਾਰ ਬੁੱਢਾ ਦਲ ਵੱਲੋਂ ਵੱਖ-ਵੱਖ ਧਾਰਮਿਕ ਖੇਤਰਾਂ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਹਸਤੀਆਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸੱਚਖੰਡ ਵਾਸੀ ਗਿਆਨੀ ਮੱਲ ਸਿੰਘ ਜੀ ਦੇ ਲਗਤੇ ਜਿਗਰ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਕਾਰਜਕਾਰੀ ਮੁੱਖ ਹੈਡ ਗ੍ਰੰਥੀ ਸਿੰਘ ਸਾਹਿਬ ਭਾਈ ਅਮਰਜੀਤ ਸਿੰਘ ਨੂੰ ਯਾਦਗਾਰੀ ਐਵਾਰਡ ਨਾਲ ਵਿਸ਼ੇਸ਼ ਤੌਰ 'ਤੇ ਨਿਵਾਜਿਆ ਗਿਆ। ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਦੀ ਨਿਮਰਤਾ, ਗੁਰਮਤਿ ਗਿਆਨ ਅਤੇ ਸੇਵਾ ਭਾਵਨਾ ਨੇ ਸਿੱਖ ਕੌਮ ਵਿੱਚ ਉਨ੍ਹਾਂ ਨੂੰ ਵਿਲੱਖਣ ਪਛਾਣ ਬਖ਼ਸ਼ੀ ਹੈ। ਉਨ੍ਹਾਂ ਦੀ ਅਟੱਲ ਸੇਵਾ ਅਤੇ ਆਤਮਿਕ ਨੇਤ੍ਰਿਤਵ ਸਿੱਖ ਸੰਸਾਰ ਲਈ ਪ੍ਰੇਰਨਾ ਦਾ ਸਰੋਤ ਹੈ। ਇਸ ਸਮਾਗਮ ਦੌਰਾਨ ਬਾਬਾ ਨਾਗਰ ਸਿੰਘ ਹਰੀਆਂ ਵੇਲਾਂ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਗੁਰਮੇਲ ਸਿੰਘ ਕਨੇਡਾ, ਬਾਬਾ ਮਨਮੋਹਣ ਸਿੰਘ ਬਾਰਨ ਵਾਲੇ ਅਤੇ ਸ. ਭਗਵਾਨ ਸਿੰਘ ਜੌਹਲ ਸਮੇਤ ਵੱਡੀ ਗਿਣਤੀ ਵਿੱਚ ਨਿਹੰਗ ਸਿੰਘਾਂ ਅਤੇ ਸੰਗਤਾਂ ਨੇ ਹਾਜ਼ਰੀ ਭਰੀ।

# ਨਸ਼ੀਲੀਆਂ ਗੋਲ਼ੀਆਂ ਸਣੇ 4 ਕਾਬੂ



ਤਪਾ ਮੰਡੀ, 5 ਮਾਰਚ (ਰਾਜੂ ਮਹਿਰਾ) : ਜਿਲ੍ਹਾ ਪੁਲਿਸ ਮੁਖੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਅਤੇ ਐਸ.ਪੀ (ਡੀ) ਅਸ਼ੋਕ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੀ.ਐਸ.ਪੀ ਤਪਾ ਗੁਰਪ੍ਰੀਤ ਸਿੰਘ ਸਿੱਧੂ ਦੀ ਯੋਗ ਅਗਵਾਈ ਹੇਠ ਤਪਾ ਪੁਲਿਸ ਨੇ 110 ਖੁਲੀਆਂ ਨਸ਼ੀਲੀਆਂ ਗੋਲੀਆਂ ਸਣੇ ਚਾਰ ਜਣਿਆਂ ਨੂੰ ਕਾਬੂ ਕਰਕੇ ਮਾਮਲਾ ਦਰਜ ਕੀਤਾ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਸ਼ਰੀਫ ਖਾਨ ਨੇ ਦੱਸਿਆ ਕਿ ਤਪਾ ਪੁਲਿਸ ਦੀ ਸਹਾਇਕ ਥਾਣੇਦਾਰ ਨਿੰਦਰਪਾਲ ਕੌਰ ਸਮੇਤ ਪੁਲਿਸ ਪਾਰਟੀ ਦੌਰਾਨੇ ਗਸ਼ਤ ਸ਼ੱਕੀ ਵਹੀਕਲਾਂ ਦੇ ਸਬੰਧ ਵਿ ਡੇਨ ਦੀ ਕੱਚੀ ਪੱਟੜੀ ਸੱਜੇ ਪਾਸੇ ਘੁਨਸਾਂ ਸਾਈਡ ਪੁੱਜੀ ਤਾਂ ਇਕ ਦਰੱਖਤ ਹੇਠ 4 ਵਿਅਕਤੀ ਬੈਠੇ ਦਿਖਾਈ ਦਿੱਤੇ, ਜੋ ਝੁੰਡ ਬਣਾ ਕੇ ਆਪਸ ਵਿਚ ਮਸਤ ਹੋ ਕੇ ਆਪਣੇ ਵਿਚਕਾਰ ਪਏ ਇਕ ਲਿਫਾਫਾ ਦੀ ਫਰੋਲਾ ਫਰਾਲੀ ਕਰ ਰਹੇ ਸੀ ਤਾਂ ਸ਼ੱਕ ਦੀ ਬਿਨ੍ਹਾ ਪਰ ਚਾਰੋ ਵਿਅਕਤੀਆਂ ਨੂੰ ਮੌਕਾ ਪਰ ਕਾਬੂ ਕਰਕੇ ਉਹਨਾਂ ਦੇ ਕਬਜਾ ਵਿਚਲੇ ਲਿਫਾਫੇ ਵਿਚੋਂ ਵਿਚਲੀਆ 110 ਖੁੱਲੀਆ ਨਸ਼ੀਲੀਆ ਗੋਲੀਆ ਬਰਾਮਦ ਹੋਈਆ। ਉਕਤ ਦੋਸੀਆਨ ਨੇ ਪਹਿਚਾਣ ਵਜੋਂ ਆਪਣਾ ਨਾਂਅ ਗੁਰਪ੍ਰੀਤ ਸਿੰਘ ਉਰਫ ਕਾਲੂ ਪੁੱਤਰ ਸੁਭਾਸ ਸਿੰਘ ਨੇੜੇ ਨਵਾਂ ਬੱਸ ਸਟੈਂਡ ਤਪਾ ,ਪ੍ਰਦੀਪ ਸਿੰਘ ਉਰਫ ਕੱਦੂ ਪੁੱਤਰ ਅਵਤਾਰ ਸਿੰਘ ਵਾਸੀ ਰੂੜੇਕੇ ਖੁਰਦ ਹਾਲ ਆਬਾਦ ਢਿੱਲੋ ਬਸਤੀ ਤਪਾ, ਲਵਪ੍ਰੀਤ ਸਿੰਘ ਉਰਫ ਲਵਲੀ ਪੁੱਤਰ ਹਰਦੀਪ ਸਿੰਘ ਵਾਸੀ ਢਿੱਲੋਂ ਬਸਤੀ ਤਪਾ,ਅਮਰੀਕ ਰਾਮ ਉਰਫ ਮੀਕਾ ਪੁੱਤਰ ਭੋਲਾ ਰਾਮ ਵਾਸੀ ਨੇੜੇ ਬੱਸ ਅੱਡਾ ਤਾਜੋਕੇ ਦੱਸਿਆ। ਪੁਲਿਸ ਨੇ ਉਕਤ ਦੋਸ਼ੀਆਂਨ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਵਾਈ.ਐਸ. ਜੈਨਨੇਕਸਟ ਵਿੱਚ ਹੋਲੀ ਮਨਾਈ



ਬਰਨਾਲਾ, 5 ਮਾਰਚ (ਇਸ਼ੇਨ ਕੰਗ) : ਵਾਈਐਸ ਜੈਨਨੇਕਸਟ ਸਕੂਲ ਵਿੱਚ ਹੋਲੀ ਦਾ ਤਿਉਹਾਰ ਬੜੇ ਚਾਉ ਅਤੇ ਖੁਸ਼ੀ ਨਾਲ ਮਨਾਇਆ ਗਿਆ। ਪਲੇਵੇ ਤੋਂ ਲੈ ਕੇ ਐਲਕੇਜੀ ਤੱਕ ਦੇ ਬੱਚੇ ਸੁੰਦਰ ਸਫੈਦ ਕੱਪੜਿਆਂ ਵਿੱਚ ਸਕੂਲ ਆਏ ਅਤੇ ਆਪਣੇ ਸਨੈਕ ਬਾਕਸ ਵਿੱਚ ਮਿਠਾਈਆਂ ਲੈ ਕੇ ਆਏ ਜੋ ਉਨ੍ਹਾਂ ਨੇ ਆਪਣੇ ਦੋਸਤਾਂ ਨਾਲ ਸਾਂਝੀਆਂ ਕੀਤੀਆਂ। ਸਕੂਲ ਵੱਲੋਂ ਵੀ ਦੂਜੀ ਕਲਾਸ ਤੱਕ ਦੇ ਸਾਰੇ ਬੱਚਿਆਂ ਨੂੰ ਸੁੱਕੇ ਰੰਗ ਅਤੇ ਸੁਆਦਲੇ ਗੁਜੀਆ ਦਿੱਤੇ ਗਏ। ਬੱਚਿਆਂ ਨੇ ਆਪਣੇ ਦੋਸਤਾਂ ਅਤੇ ਅਧਿਆਪਕਾਂ ਨਾਲ ਰੰਗਾਂ ਨਾਲ ਖੇਡਦੇ ਹੋਏ ਖੂਬ ਮੌਜ ਮਸਤੀ ਕੀਤੀ। ਇਸ ਸਮਾਗਮ ਨਾਲ ਸਕੂਲ ਦਾ ਮਾਹੌਲ ਰੰਗਾਂ ਅਤੇ ਖੁਸ਼ੀਆਂ ਨਾਲ ਭਰ ਗਿਆ ਅਤੇ ਬੱਚਿਆਂ ਨੂੰ ਹੋਲੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਮਿਲੀ।

# 2027 ਦੀਆਂ ਚੋਣਾਂ 'ਚ ਕਾਂਗਰਸ ਪਾਰਟੀ ਬਣਾਏਗੀ ਸਰਕਾਰ : ਵਿਧਾਇਕ ਕਾਲਾ ਢਿੱਲੋਂ



ਤਪਾ ਮੰਡੀ, 5 ਮਾਰਚ (ਰਾਜੂ ਮਹਿਰਾ) : 2027 'ਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਕਾਂਗਰਸ ਪਾਰਟੀ ਵੱਲੋਂ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਅਤੇ ਇਸ ਵਾਰ ਕਾਂਗਰਸ ਪਾਰਟੀ ਵਿਧਾਨ ਸਭਾ ਚੋਣਾਂ 'ਚ ਲਾਮਿਸਾਲ ਜਿੱਤ ਪ੍ਰਾਪਤ ਕਰ ਕੇ ਸੂਬੇ 'ਚ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਬਣਾਏਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਰਨਾਲਾ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਤਪਾ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਰਾਨ ਕੀਤਾ। ਉਨ੍ਹਾਂ ਕਿਹਾ ਕਿ ਬਦਲਾਅ ਦਾ ਝੂਠਾ ਵਾਅਦਾ ਕਰਕੇ ਅਤੇ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਸਬਜਬਾਗ ਵਿਖਾ ਕੇ ਪੰਜਾਬ ਦੀ ਸੱਤਾ ਤੇ ਕਾਬਜ਼ ਹੋਈ ਆਮ ਆਦਮੀ ਪਾਰਟੀ ਦਾ ਦੋਗਲਾ ਚਿਹਰਾ ਸਾਰਿਆਂ ਦੇ ਸਾਹਮਣੇ ਆ ਚੁੱਕਾ ਹੈ, ਕਿਉਂਕਿ ਆਮ ਆਦਮੀ ਪਾਰਟੀ ਜਿਸ ਦਿੱਲੀ ਮਾਡਲ ਨੂੰ ਪੇਸ਼ ਕਰਕੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਦੀ ਰਹੀ ਹੈ। ਉਸ ਦਿੱਲੀ ਮਾਡਲ ਨੂੰ ਪਿਛਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਦਿੱਲੀ ਦੇ ਲੋਕਾਂ ਨੇ ਸਿਰੇ ਤੋਂ ਨਕਾਰ ਦਿੱਤਾ ਹੈ ਅਤੇ ਸਾਰੇ ਵਰਗਾਂ ਨੂੰ ਪਤਾ ਲੱਗ ਗਿਆ ਹੈ ਕਿ ਆਮ ਆਦਮੀ ਪਾਰਟੀ ਸਿਰਫ ਝੂਠ ਦਾ ਪੁਲੰਦਾ ਹੈ।ਉਨ੍ਹਾਂ ਕਿਹਾ ਕਿ ਸੂਬੇ ਦੇ ਹਾਲਾਤ ਬਹੁਤ ਜਿਆਦਾ ਨਾਜ਼ੁਕ ਹਨ,ਕਿਉਂਕਿ ਆਏ ਦਿਨ ਕਤਲੋਗਾਰਤ ਹੋ ਰਹੀ ਹੈ ਅਤੇ ਨਸ਼ਿਆਂ ਦੀ ਭੇਟ ਚੜ੍ਹ ਕੇ ਨੌਜਵਾਨ ਆਪਣੀਆਂ ਕੀਮਤੀ ਜਾਨਾਂ ਨੂੰ ਗਵਾ ਰਹੇ ਹਨ। 2027 ਦੀਆਂ ਚੋਣਾਂ ਲਈ ਕਾਂਗਰਸ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਲੋਕਾਂ ਨੂੰ ਕਾਂਗਰਸ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਪ੍ਰਤੀ ਲਾਮਬੰਦ ਕੀਤਾ ਜਾ ਰਿਹਾ ਹੈ।ਆਗਾਮੀ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਮਜਬੂਤੀ ਲਈ ਦਿਨ ਰਾਤ ਇੱਕ ਕਰ ਦੇਣਗੇ। ਇਸ ਮੌਕੇ ਕਾਂਗਰਸ ਪਾਰਟੀ ਦੇ ਨੌਜਵਾਨ ਆਗੂ ਰਾਜਵਿੰਦਰ ਸਿੰਘ ਸ਼ੀਤਲ, ਮਾਸਟਰ ਸ਼ਾਮ ਲਾਲ,ਗਿਰਧਰ ਮਿੱਤਲ,ਗੁਰਪ੍ਰੀਤ ਸਿੰਘ ਆਦਿ ਕਾਂਗਰਸੀ ਵਰਕਰ ਮੌਜੂਦ ਸਨ।

# 17 ਸਾਲ ਦੇਸ਼ ਦੀ ਸੇਵਾ ਕਰਕੇ ਪਰਤੇ ਫੌਜੀ ਗੁਰਭਜਨ ਸਿੰਘ ਦਾ ਨਿੱਘਾ ਸਵਾਗਤ




ਭਦੌੜ, 5 ਮਾਰਚ (ਸੁਖਵਿੰਦਰ ਪਲਾਹਾ) : ਭਦੌੜ ਦੇ ਨਾਨਕਸਰ ਰੋਡ ਦੇ ਰਹਿਣ ਵਾਲੇ ਬਹਾਦਰ ਫੌਜੀ ਜਵਾਨ ਗੁਰਭਜਨ ਸਿੰਘ ਪੁੱਤਰ ਕੁਲਦੀਪ ਸਿੰਘ ਫੌਜੀ ਭਾਰਤੀ ਫੌਜ ਵਿੱਚ ਆਪਣੀ 17 ਸਾਲਾਂ ਦੀ ਸ਼ਾਨਦਾਰ, ਇਮਾਨਦਾਰੀ ਅਤੇ ਪੂਰੀ ਲਗਨ ਵਾਲੀ ਸੇਵਾ ਨਿਭਾਉਣ ਤੋਂ ਬਾਅਦ ਅੱਜ ਸੇਵਾਮੁਕਤ ਹੋ ਕੇ ਆਪਣੇ ਜੱਦੀ ਪਿੰਡ ਭਦੌੜ ਵਾਪਿਸ ਪਹੁੰਚਣ @ਤੇ ਇਲਾਕਾ ਨਿਵਾਸੀਆਂ ਅਤੇ ਪਰਿਵਾਰਿਕ ਮੈਂਬਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਦੇਸ਼ ਦੀ ਰੱਖਿਆ ਦੀ ਅਹਿਮ ਜ਼ਿੰਮੇਵਾਰੀ ਨੂੰ ਬੜੀ ਦਲੇਰੀ ਅਤੇ ਤਨਦੇਹੀ ਨਾਲ ਪੂਰਾ ਕਰਨ ਵਾਲੇ ਇਸ ਦੇਸ਼ ਦੇ ਸਪੂਤ ਦਾ ਸਵਾਗਤ ਕਰਨ ਲਈ ਮੁਹੱਲੇ ਸਮੇਤ ਪਰਿਵਾਰ ਨੇ ਪਲਕਾਂ ਵਿਛਾ ਕੇ ਜੀ ਆਇਆ ਆਖਿਆ। ਇਸ ਮੌਕੇ ਪਰਿਵਾਰਿਕ ਮੈਂਬਰਾਂ ਦੀਆਂ ਅੱਖਾਂ ਵਿੱਚ ਜਿੱਥੇ ਖੁਸ਼ੀ ਦੇ ਹੰਝੂ ਸਨ, ਉੱਥੇ ਹੀ ਪਿੰਡ ਵਾਸੀਆਂ ਦਾ ਸੀਨਾ ਆਪਣੇ ਇਸ ਬਹਾਦਰ ਫੌਜੀ ਦੀ ਵਾਪਸੀ @ਤੇ ਮਾਣ ਨਾਲ ਚੌੜਾ ਹੋ ਰਿਹਾ ਸੀ। ਪਿੰਡ ਵਾਸੀਆਂ ਵੱਲੋਂ ਗੁਰਭਜਨ ਸਿੰਘ ਦੇ ਗਲੇ ਵਿੱਚ ਫੁੱਲਾਂ ਦੇ ਹਾਰ ਪਾ ਕੇ, ਗੁਲਦਸਤਿਆਂ ਨਾਲ ਨਿੱਘਾ ਅਤੇ ਪਿਆਰ ਭਰਿਆ ਸਵਾਗਤ ਕੀਤਾ ਗਿਆ। ਇਸ ਮੌਕੇ ਖੁਸ਼ੀ ਵਿੱਚ ਮਿਠਾਈਆਂ ਵੰਡ ਕੇ ਜਸ਼ਨ ਮਨਾਇਆ ਗਿਆ। ਹਾਜ਼ਰ ਲੋਕਾਂ ਨੇ ਗੁਰਭਜਨ ਸਿੰਘ ਵੱਲੋਂ ਭਾਰਤੀ ਫੌਜ ਵਿੱਚ ਨਿਭਾਈਆਂ ਗਈਆਂ ਬੇਮਿਸਾਲ ਸੇਵਾਵਾਂ ਦੀ ਜ਼ੋਰਦਾਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਸੂਰਬੀਰ ਯੋਧਿਆਂ ਕਾਰਨ ਹੀ ਅਸੀਂ ਸਾਰੇ ਦੇਸ਼ ਵਾਸੀ ਆਪਣੇ ਘਰਾਂ ਵਿੱਚ ਚੈਨ ਦੀ ਨੀਂਦ ਸੌਂਦੇ ਹਾਂ ਕਿਉਂਕਿ ਇਹ ਜਵਾਨ ਆਪਣੀ ਜਵਾਨੀ ਦੇ ਕੀਮਤੀ ਸਾਲ ਪਰਿਵਾਰਾਂ ਤੋਂ ਦੂਰ ਰਹਿ ਕੇ ਸਰਹੱਦਾਂ @ਤੇ ਕਠਿਨ ਹਾਲਾਤਾਂ ਵਿੱਚ ਗੁਜ਼ਾਰਦੇ ਹਨ। ਗੁਰਭਜਨ ਸਿੰਘ ਦੇ ਪਿਤਾ ਕੁਲਦੀਪ ਸਿੰਘ ਜੋ ਖੁਦ ਵੀ ਫੌਜੀ ਪਿਛੋਕੜ ਨਾਲ ਸਬੰਧ ਰੱਖਦੇ ਹਨ, ਉਨ੍ਹਾਂ ਲਈ ਇਹ ਪਲ ਬੇਹੱਦ ਮਾਣਮੱਤੇ ਸਨ ਕਿ ਉਨ੍ਹਾਂ ਦੇ ਪੁੱਤਰ ਨੇ ਖਾਨਦਾਨੀ ਰਵਾਇਤ ਨੂੰ ਕਾਇਮ ਰੱਖਦਿਆਂ ਦੇਸ਼ ਦੀ ਸੇਵਾ ਪੂਰੀ ਵਫ਼ਾਦਾਰੀ ਨਾਲ ਨਿਭਾਈ। ਸਵਾਗਤੀ ਸਮਾਗਮ ਦੌਰਾਨ ਪਿੰਡ ਦੇ ਪਤਵੰਤੇ ਸੱਜਣਾਂ ਨੇ ਗੁਰਭਜਨ ਸਿੰਘ ਨੂੰ ਦੇਸ਼ ਦਾ ਅਸਲੀ ਹੀਰੋ ਦੱਸਦਿਆਂ ਉਨ੍ਹਾਂ ਦੀ ਲੰਬੀ ਉਮਰ ਅਤੇ ਸੁਖਦ ਭਵਿੱਖ ਦੀ ਕਾਮਨਾ ਕੀਤੀ। ਸਭ ਨੇ ਉਨ੍ਹਾਂ ਨੂੰ ਸੇਵਾਮੁਕਤੀ ਤੋਂ ਬਾਅਦ ਦੀ ਨਵੀਂ ਜੀਵਨ ਯਾਤਰਾ ਲਈ ਢੇਰ ਸਾਰੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਮੀਦ ਪ੍ਰਗਟਾਈ ਕਿ ਉਹ ਹੁਣ ਪਿੰਡ ਵਿੱਚ ਰਹਿ ਕੇ ਸਮਾਜ ਦੀ ਬਿਹਤਰੀ ਲਈ ਆਪਣਾ ਯੋਗਦਾਨ ਪਾਉਣਗੇ।

## ਲੁੱਟ-ਖੋਹ ਕਰਨ ਵਾਲੇ ਦੋ ਵਿਅਕਤੀ ਗ੍ਰਿਫ਼ਤਾਰ

ਧਨੌਲਾ, 5 ਮਾਰਚ (ਚਮਕੌਰ ਸਿੰਘ ਗੱਗੀ) : ਸਮਾਜ ਵਿਰੋਧੀ ਅਨਸਰਾਂ ਖਿਲਾਫ਼ ਵਿੱਢੀ ਮੁਹਿੰਮ ਤਹਿਤ ਧਨੌਲਾ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ, ਲੁੱਟਾਂ ਖੋਹਾਂ ਕਰਨ ਵਾਲੇ ਦੋ ਨੂੰ ਗਿਰਫ਼ਤਾਰ ਕੀਤਾ, ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਇੰਸਪੈਕਟਰ ਲਖਬੀਰ ਸਿੰਘ ਨੇ ਕਿਹਾ ਕਿ ਪਿਛਲੇ ਦਿਨੀਂ ਧਨੌਲਾ ਬੱਸ ਸਟੈਂਡ ਨਜਦੀਕ ਮਹਿੰਦਰ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਬੁਰਜ ਜੋ ਭੈਣੀ ਜੱਸਾ ਪੈਟਰੋਲ ਪੰਪ ਤੇ ਨੌਕਰੀ ਕਰਦਾ ਹੈ ਤੇ ਪੰਪ ਦੇ ਪੈਸੇ ਕਰੀਬ 44000 ਰੁਪਏ ਧਨੌਲਾ ਦੇ ਸਟੇਟ ਬੈਂਕ ਵਿੱਚ ਜਮਾਂ ਕਰਾਉਣ ਲਈ ਆਇਆ ਸੀ, ਜਿਵੇਂ ਹੀ ਉਹ ਬੱਸ ਚੋਂ ਉਤਰ ਕੇ ਬੈਂਕ ਵੱਲ ਪੈਦਲ ਜਾਣ ਲੱਗਾ ਤਾਂ ਪਿੱਛੇ ਤੋਂ ਆ ਰਹੇ ਦੋ ਨਕਾਬ ਪੋਸ਼ ਮੋਟਰਸਾਈਕਲ ਸਵਾਰ ਨੌਜਵਾਨਾਂ ਵੱਲੋਂ ਮਹਿੰਦਰ ਸਿੰਘ ਦਾ ਪੈਸਿਆਂ ਵਾਲਾ ਬੈਗ ਖੋਹ ਕੇ ਫਰਾਰ ਹੋ ਗਏ ਸਨ, ਜਿਸ ਤੋਂ ਬਾਅਦ ਮਹਿੰਦਰ ਸਿੰਘ ਦੇ ਬਿਆਨਾਂ ਦੇ ਆਧਾਰ ਉੱਤੇ ਥਾਣਾ ਧਨੌਲਾ ਵਿੱਚ ਮੁਕਦਮਾ ਦਰਜ ਕਰਕੇ ਅਗਲੀ ਜਾਂਚ ਸੁਰੂ ਕਰ ਦਿੱਤੀ, ਜਿਸ ਤੇ ਹੌਲਦਾਰ ਰਣਜੀਤ ਸਿੰਘ ਅਤੇ ਹੌਲਦਾਰ ਜਸਪਾਲ ਸਿੰਘ ਵੱਲੋਂ ਕੀਤੀ ਅਣਥੱਕ ਮਿਹਨਤ ਸਦਕਾ ਟੈਕਨੀਕਲ ਤਰੀਕੇ, ਅਤੇ ਮਨੁੱਖੀ ਸਰੋਤਾਂ ਖੋਹ ਕਰਨ ਵਾਲੇ ਦੋਵਾਂ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਖੋਹ ਕੀਤੀ ਰਾਸ਼ੀ ਸਮੇਤ ਵਾਰਦਾਤ ਵੇਲੇ ਵਰਤਿਆ ਮੋਟਰਸਾਈਕਲ ਵੀ ਬਰਾਮਦ ਕਰ ਲਿਆ ਗਿਆ ਉਹਨਾਂ ਕਿਹਾ ਕਿ ਗਿਰਫਤਾਰ ਕੀਤੇ ਗਏ ਵਿਅਕਤੀਆਂ ਕੋਲੋਂ ਡੂੰਘਾਈ ਨਾਲ ਪੁੱਛਗਿਛ ਜਾਰੀ ਹੈ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਕੀਤੀ ਜਾਵੇਗੀ ।ਇਸ ਮੌਕੇ ਹੌਲਦਾਰ ਸੰਦੀਪ ਸਿੰਘ। ਮਹਿਲਾ ਸਿਪਾਹੀ ਪਰਨੀਤ ਕੌਰ। ਸਿਪਾਹੀ ਗੁਰਦੀਪ ਸਿੰਘ ਹਾਜਰ ਸਨ।

# ਐਸ.ਡੀ.ਐਮ. ਆਯੂਸ਼ ਗੋਇਲ ਦੇ ਯਤਨਾਂ ਸਦਕਾ ਨਗਰ ਕੌਂਸਲ ਵਿਖੇ ਡਸਟਬੀਨ ਭੇਟ

*ਸ਼ਹਿਰ ਦੀ ਸੁੰਦਰਤਾ ਤੇ ਸਵੱਛਤਾ ਨੂੰ ਬਰਕਰਾਰ ਰੱਖਣ ਲਈ ਇਹ ਇਕ ਅਹਿਮ ਕਦਮ : ਆਯੂਸ਼ ਗੋਇਲ*



ਤਪਾ ਮੰਡੀ, 5 ਮਾਰਚ (ਰਾਜੂ ਮਹਿਰਾ) : ਸ਼ਹਿਰ ਦੀ ਸੁੰਦਰਤਾ ਤੇ ਸਵੱਛਤਾ ਨੂੰ ਬਰਕਰਾਰ ਰੱਖਣ ਲਈ ਐਸ.ਡੀ.ਐਮ ਤਪਾ ਆਯੂਸ਼ ਗੋਇਲ ਆਈ.ਏ.ਐਸ ਦੇ ਯਤਨਾ ਸਦਕਾ ਆਈ.ਓ.ਐਲ ਦੇ ਕਾਰਜਕਾਰੀ ਡਾਇਰੈਕਟਰ ਕੇ.ਕੇ ਰਾਣਾ ਦੀ ਅਗਵਾਈ ਹੇਠ ਨਗਰ ਕੌਂਸਲ ਤਪਾ ਵਿਖੇ 17 ਦੇ ਕਰੀਬ ਡਸਟਬੀਨ ਭੇਟ ਕੀਤੇ ਗਏ, ਜਿਨ੍ਹਾਂ ਵਿੱਚੋਂ ਕੁਝ ਡਸਟਬੀਨ ਭਦੌੜ ਨਗਰ ਕੌਂਸਲ ਵਿਖੇ ਉਪਲੱਬਧ ਕਰਵਾਏ ਜਾਣਗੇ। ਇਸ ਮੌਕੇ ਨਗਰ ਕੌਂਸਲ ਤਪਾ ਦੇ ਕਾਰਜ ਸਾਧਕ ਅਫਸਰ ਹਰਪ੍ਰੀਤ ਸਿੰਘ, ਨਗਰ ਕੌਂਸਲ ਪ੍ਰਧਾਨ ਡਾ: ਸੋਨਿਕਾ ਬਾਂਸਲ ਅਤੇ ਡਾ: ਬਾਲ ਚੰਦ ਬਾਂਸਲ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਇਸ ਮੌਕੇ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਐਸ.ਡੀ.ਐਮ ਆਯੂਸ਼ ਗੋਇਲ ਨੇ ਦੱਸਿਆ ਕਿ ਨਗਰ ਕੌਂਸਲ ਵੱਲੋਂ ਇਹ ਡਸਟਬੀਨ ਸ਼ਹਿਰ ਦੇ ਵੱਖ-ਵੱਖ ਪੁਆਇੰਟਾਂ 'ਤੇ ਲਗਾਏ ਜਾਣਗੇ, ਜਿੱਥੇ ਵੀ ਲੋਕ ਖੁੱਲ੍ਹੇ ਵਿਚ ਕੂੜਾ ਸੁਟਦੇ ਹਨ, ਉੱਥੇ ਇਹਨਾਂ ਡਸਟਬੀਨਾਂ ਵਿਚ ਕੂੜਾ ਪਾਇਆ ਜਾਵੇਗਾ, ਜਿਸ ਨੂੰ ਨਗਰ ਕੌਂਸਲ ਵੱਲੋਂ ਤਕਰੀਬਨ ਰੋਜ਼ਾਨਾ ਹੀ ਸਾਫ ਕਰ ਦਿੱਤਾ ਜਾਵੇਗਾ ਅਤੇ ਇਸ ਨਾਲ ਸ਼ਹਿਰ ਦੀ ਸੁੰਦਰਤਾ ਨੂੰ ਚਾਰ ਚੰਨ ਲੱਗ ਜਾਣਗੇ। ਸ਼ਹਿਰ ਵਾਸੀਆਂ ਨੇ ਐਸ.ਡੀ.ਐਮ ਤਪਾ ਆਯੂਸ਼ ਗੋਇਲ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਡਾਕਟਰ ਸੋਨਿਕਾ ਬਾਂਸਲ ਅਤੇ ਕਾਰਜ਼ ਸਾਧਕ ਅਫਸਰ ਹਰਪ੍ਰੀਤ ਸਿੰਘ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖਣ ਵਿਚ ਆਪਣਾ ਯੋਗਦਾਨ ਪਾਉਣ।ਕਿਉਂਕਿ ਇਕ ਸਾਫ਼-ਸੁਥਰਾ ਸ਼ਹਿਰ ਬਣਾਉਣ ਲਈ ਸਮੂਹਿਕ ਯਤਨਾਂ ਦੀ ਲੋੜ ਹੈ ਤਾਂ ਜੋ ਤਪਾ ਸ਼ਹਿਰ ਨੂੰ ਸਵੱਛ ਅਤੇ ਸੁੰਦਰ ਸ਼ਹਿਰ ਬਣਾਇਆ ਜਾ ਸਕੇ।ਇਸ ਮੌਕੇ ਹਾਜ਼ਰ ਪਤਵੰਤਿਆਂ ਨੇ ਆਈ.ਓ.ਐਲ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕੇ.ਕੇ ਰਾਣਾ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਕੌਂਸਲਰ ਡਾਕਟਰ ਲਾਭ ਸਿੰਘ ਚਹਿਲ, ਕੌਂਸਲਰ ਰਣਜੀਤ ਸਿੰਘ ਲਾਡੀ, ਜੱਗਾ ਸਿੰਘ,ਦੀਪਕ ਕੁਮਾਰ ਤੋਂ ਇਲਾਵਾ ਨਗਰ ਕੌਂਸਲ ਦੇ ਤਰਸੇਮ ਚੰਦ ਖਿੱਲੂ, ਇੰਸਪੈਕਟਰ ਸਤਪਾਲ,ਗੁਰਦੀਪ ਸਿੰਘ, ਤਾਰੀ ਸਿੰਘ ਆਦਿ ਸਮੂਹ ਮੁਲਾਜ਼ਮ ਮੌਜੂਦ ਸਨ।



# ਪਟਿਆਲਾ-ਆਸ/ਪਾਸ



## ਬਲਾਕ ਸੰਮਤੀ ਭੁਨਰਹੇੜੀ ਦੇ ਚੇਅਰਮੈਨ ਚਰਨਜੀਤ ਸਿੰਘ ਨੈਨਾ ਤੇ ਸਿਮਰਜੀਤ ਸਿੰਘ ਸੋਹਲ ਵਾਈਸ ਚੇਅਰਮੈਨ ਚੁਣੇ

### ➢ਰਣਜੋਧ ਸਿੰਘ ਹਡਾਨਾ ਨੇ ਨਵੀਂ ਚੁਣੀ ਲੀਡਰਸ਼ਿਪ ਨੂੰ ਵਧਾਈ ਦਿੱਤੀ



ਭੁਨਰਹੇੜੀ, 5 ਮਾਰਚ (ਗੁਰਜੀਤ ਸਿੰਘ ਢੋਟ) : ਹਲਕਾ ਸਨੌਰ ਵਿੱਚ ਆਮ ਆਦਮੀ ਪਾਰਟੀ ਦੀ ਮਜ਼ਬੂਤੀ ਅਤੇ ਲੋਕਾਂ ਦੇ ਭਰੋਸੇ ਦਾ ਪ੍ਰਤੀਕ ਅੱਜ ਉਸ ਸਮੇਂ ਦੇਖਣ ਨੂੰ ਮਿਲਿਆ ਜਦੋਂ ਬਲਾਕ ਸੰਮਤੀ ਭੁਨਰਹੇੜੀ ਦੇ ਚੇਅਰਮੈਨ ਅਤੇ ਵਾਇਸ ਚੇਅਰਮੈਨ ਦੀ ਚੋਣ ਸਰਬਸੰਮਤੀ ਨਾਲ ਨੇਪਰੇ ਚੜ੍ਹੀ। ਇਸ ਮਹੱਤਵਪੂਰਨ ਚੋਣ ਵਿੱਚ ਚਰਨਜੀਤ ਸਿੰਘ ਨੈਨਾ ਨੂੰ ਚੇਅਰਮੈਨ ਅਤੇ ਸਿਮਰਜੀਤ ਸਿੰਘ ਸੋਹਲ ਨੂੰ ਵਾਇਸ ਚੇਅਰਮੈਨ ਵਜੋਂ ਚੁਣਿਆ ਗਿਆ। ਦੱਸਣਯੋਗ ਹੈ ਕਿ ਇਹ ਚੋਣ ਪ੍ਰੀਕਿਰਿਆ ਮੈਡਮ ਹਰਜੋਤ ਕੌਰ ਅਬਜ਼ਰਵਰ ਤੇ ਉਪ ਮੰਡਲ ਮੈਜਿਸਟਰੇਟ ਦੂਧਨਸਾਧਾਂ ਦੀ ਦੇਖ ਰੇਖ ਹੇਠ ਹੋਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਨਾ ਨੇ ਨਵੇਂ ਚੁਣੇ ਗਏ ਅਹੁਦੇਦਾਰਾਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਡਾਨਾ ਨੇ ਕਿਹਾ ਕਿ ਇਹ ਜਿੱਤ ਆਮ ਲੋਕਾਂ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀਆਂ ਲੋਕ-ਪੱਖੀ ਨੀਤੀਆਂ ਸਦਕਾ ਅੱਜ ਪੰਜਾਬ ਦੇ ਪਿੰਡਾਂ ਵਿੱਚ ਵਿਕਾਸ ਦਾ ਇੱਕ ਨਵਾਂ ਯੁੱਗ ਸ਼ੁਰੂ ਹੋਇਆ ਹੈ। ਉਨ੍ਹਾਂ ਉਮੀਦ ਜਤਾਈ ਕਿ ਚਰਨਜੀਤ ਸਿੰਘ ਨੈਨਾ ਅਤੇ ਸਿਮਰਜੀਤ ਸਿੰਘ ਸੋਹਲ ਦੀ ਜੋੜੀ ਭੁਨਰਹੇੜੀ ਬਲਾਕ ਦੇ ਪਿੰਡਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰੇਗੀ। ਨਵ-ਨਿਯੁਕਤ ਚੇਅਰਮੈਨ ਚਰਨਜੀਤ ਸਿੰਘ ਨੈਨਾ ਅਤੇ ਵਾਇਸ ਚੇਅਰਮੈਨ ਸਿਮਰਜੀਤ ਸਿੰਘ ਸੋਹਲ ਨੇ ਪਾਰਟੀ ਹਾਈਕਮਾਂਡ ਅਤੇ ਰਣਜੋਧ ਹਡਾਨਾ ਦਾ ਧੰਨਵਾਦ ਕੀਤਾ। ਇਸ ਮੌਕੇ ਬੀਡੀਪੀਓ ਸੰਦੀਪ ਸਿੰਘ, ਬਲਦੇਵ ਸਿੰਘ ਦੇਵੀਗੜ੍ਹ ਚੇਅਰਮੈਨ ਮਾਰਕੀਟ ਕਮੇਟੀ ਦੂਧਨ ਸਾਧਾਂ, ਰਮਿੰਦਰ ਸਿੰਘ ਜਮਨਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਸਾਰੇ ਸ਼ਵਿੰਦਰ ਕੌਰ ਪ੍ਰਧਾਨ ਨਗਰ ਕੌਂਸਲ ਦੇਵੀਗੜ, ਰਾਜਾ ਧੰਜੂ ਸਰਪੰਚ ਸਰੁਸਤੀਗੜ, ਗੁਰਿੰਦਰਪਾਲ ਸਿੰਘ ਅਦਾਲਤੀ ਵਾਲਾ ਮੈਂਬਰ, ਗੁਰਮੀਤ ਸਿੰਘ ਸਰਪੰਚ ਸ਼ੇਖਪੁਰ, ਗੁਰਜੀਤ ਸਿੰਘ ਮੀਡਿਆ, ਮਨਿੰਦਰ ਫਰਾਂਸਵਾਲਾ, ਗੁਰਮੀਤ ਬਿੱਟੂ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂ, ਬਲਾਕ ਪ੍ਰਧਾਨ, ਪੰਚ-ਸਰਪੰਚ ਅਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

## ਸਕਾਰਪੀਓ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ ਦੀ ਮੌਤ

ਸਮਾਣਾ, 5 ਮਾਰਚ (ਵਿਜੇ ਕੁਮਾਰ) :ਸਮਾਣਾ-ਪਾਤੜਾਂ ਰੋਡ 'ਤੇ ਸਥਿਤ ਪਿੰਡ ਨਿਆਲ ਨੇੜੇ ਇੱਕ ਤੇਜ਼ ਰਫ਼ਤਾਰ ਸਕਾਰਪੀਓ ਗੱਡੀ ਦੀ ਟੱਕਰ ਕਾਰਨ ਮੋਟਰਸਾਈਕਲ ਸਵਾਰ ਨੇਪਾਲੀ ਵਿਅਕਤੀ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੀ ਜਾਂਚ ਕਰ ਰਹੇ ਪਾਤੜਾਂ ਪੁਲਿਸ ਦੇ ਐਸ.ਆਈ. ਨਿਸ਼ਾਨ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਇੰਦਰ ਕੁਮਾਰ (43) ਵਜੋਂ ਹੋਈ ਹੈ, ਜੋ ਪਟਿਆਲਾ ਦਾ ਰਹਿਣ ਵਾਲਾ ਸੀ। ਮ੍ਰਿਤਕ ਦੇ ਮਾਮੇ ਦੇ ਪੁੱਤਰ ਸੋਮਪਾਲ ਵੱਲੋਂ ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਅਨੁਸਾਰ, ਇੰਦਰ ਕੁਮਾਰ ਕੈਟਰਿੰਗ ਗਰੁੱਪ ਵਿੱਚ ਬਤੌਰ ਕੁੱਕ (ਰਸੋਈਆ) ਕੰਮ ਕਰਦਾ ਸੀ। 3 ਮਾਰਚ ਨੂੰ ਦੁਪਹਿਰ ਤੋਂ ਬਾਅਦ ਜਦੋਂ ਉਹ ਇੱਕ ਪੈਲੇਸ ਤੋਂ ਪਾਤੜਾਂ ਸ਼ਹਿਰ ਵੱਲ ਆ ਰਿਹਾ ਸੀ, ਤਾਂ ਇੱਕ ਤੇਜ਼ ਰਫ਼ਤਾਰ ਗੱਡੀ ਦੇ ਚਾਲਕ ਨੇ ਲਾਪਰਵਾਹੀ ਨਾਲ ਆਪਣੀ ਸਕਾਰਪੀਓ ਉਸ ਵਿੱਚ ਮਾਰ ਦਿੱਤੀ।




ਟੱਕਰ ਇੰਨੀ ਜ਼ਬਰਦਸਤ ਸੀ ਕਿ ਉਹ ਮੋਟਰਸਾਈਕਲ ਸਮੇਤ ਉਛਲ ਕੇ ਜ਼ਮੀਨ 'ਤੇ ਜਾ ਡਿੱਗਿਆ ਅਤੇ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।ਹਾਦਸੇ ਤੋਂ ਬਾਅਦ ਚਾਲਕ ਸਕਾਰਪੀਓ ਸਮੇਤ ਮੌਕੇ ਤੋਂ ਫ਼ਰਾਰ ਹੋ ਗਿਆ, ਪਰ ਗੱਡੀ ਦੀ ਪਛਾਣ ਕਰ ਲਈ ਗਈ ਹੈ। ਪੁਲਿਸ ਅਧਿਕਾਰੀ ਅਨੁਸਾਰ ਗੱਡੀ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ। ਮ੍ਰਿਤਕ ਦੇ ਮਾਪੇ ਨੇਪਾਲ ਵਿੱਚ ਰਹਿੰਦੇ ਹਨ।

## ਵਿਧਾਇਕ ਕੋਹਲੀ ਤੇ ਮੇਅਰ ਗੋਗੀਆ ਵੱਲੋਂ 1 ਕਰੋੜ 7 ਲੱਖ ਤੋਂ ਵੱਧ ਦੇ ਵਿਕਾਸ ਕਾਰਜਾਂ ਦੇ ਉਦਘਾਟਨ

ਪਟਿਆਲਾ, 5 ਮਾਰਚ (ਗੁਰਮੁੱਖ ਰੁਪਾਣਾ) : ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਅਤੇ ਮੇਅਰ ਕੁੰਦਨ ਗੋਗੀਆ ਨੇ ਅੱਜ ਇੱਥੇ ਸ਼ਹਿਰ ਦੇ ਕਈ ਇਲਾਕਿਆ 'ਚ 1 ਕਰੋੜ 7 ਲੱਖ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਹ ਕਾਰਜ ਨਾਭਾ ਗੇਟ ਤੋਂ ਕਾਰ ਪਾਰਕਿੰਗ ਏਸੀ ਮਾਰਕੀਟ ਤੱਕ ਕਰਵਾਏ ਜਾਣਗੇ। ਇਨ੍ਹਾਂ ਵਿਕਾਸ ਕਾਰਜਾਂ ਦਾ ਕੰਮ ਅੱਜ ਸ਼ੁਰੂ ਹੋ ਚੁੱਕਾ ਹੈ। ਇਸ ਮੌਕੇ ਕੌਂਸਲਰ ਜਗਤਾਰ ਸਿੰਘ ਤਾਰੀ ਵਾਰਡ ਨੰਬਰ 46 ਅਤੇ ਕੌਂਸਲਰ ਮੀਨਾ ਦੇਵੀ ਵਾਰਡ ਨੰਬਰ 45 ਵੀ ਮੌਜੂਦ ਸਨ। ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਇਹ ਸਾਰੇ ਪ੍ਰੋਜੈਕਟ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਲੋਕ-ਹਿਤੈਸ਼ੀ ਅਤੇ ਵਿਕਾਸ ਕੇਂਦਰਿਤ ਸੋਚ ਦੇ ਤਹਿਤ ਅਮਲ ਵਿੱਚ ਲਿਆਂਦੇ ਗਏ ਹਨ।ਕੋਹਲੀ ਨੇ ਕਿਹਾ ਕਿ ਵਿਕਾਸ



ਕਾਰਜਾਂ ਤਹਿਤ ਨਾਭਾ ਗੇਟ ਤੋਂ ਏਸੀ ਮਾਰਕੀਟ ਪਾਰਕਿੰਗ ਤੱਕ, ਸਮੇਤ ਕਈ ਪ੍ਰਮੁੱਖ ਇਲਾਕਿਆਂ ਵਿੱਚ ਸੜਕਾਂ ਦੀ ਨਵੀਂ ਬਣਤ, ਇੰਟਰਲਾਕਿੰਗ ਟਾਈਲਾਂ ਅਤੇ ਆਵਾਜਾਈ ਸੁਵਿਧਾਵਾਂ ਵਿੱਚ ਵਾਧਾ ਕੀਤਾ ਗਿਆ ਹੈ। ਇਨ੍ਹਾਂ ਕਾਰਜਾਂ ਨਾਲ ਨਾ ਸਿਰਫ ਟ੍ਰੈਫਿਕ ਪ੍ਰਬੰਧਨ ਸੁਧਰੇਗਾ, ਸਗੋਂ ਇਲਾਕੇ ਦੀ ਸੂਰਤ ਵੀ ਨਿਖਰੇਗੀ।ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਇਤਿਹਾਸਕ ਵਿਕਾਸ ਦੀ ਲਹਿਰ ਚੱਲ ਰਹੀ ਹੈ। ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਸਾਰੇ ਵਿਕਾਸ ਕਾਰਜ ਮਿਆਰੀ ਤਰੀਕੇ ਨਾਲ ਅਤੇ ਸਮੇਂ ਸਿਰ ਮੁਕੰਮਲ ਕਰਵਾਏ ਜਾ ਰਹੇ ਹਨ। ਵਿਧਾਇਕ ਨੇ ਸ਼ਹਿਰ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਪਾਰਦਰਸ਼ੀ ਪ੍ਰਸ਼ਾਸਨ ਅਤੇ ਤੇਜ਼ ਗਤੀ ਨਾਲ ਵਿਕਾਸ ਕਾਰਜ ਜਾਰੀ ਰਹਿਣਗੇ। ਸ਼ਹਿਰ ਵਾਸੀਆਂ ਨੇ ਵੀ ਇਨ੍ਹਾਂ ਉਪਰਾਲਿਆਂ ਦੀ ਸਰਾਹਨਾ ਕੀਤੀ।

## ਪਾਵਰਕਾਮ ਅਧਿਕਾਰੀਆਂ ਤੇ ਝੁੱਗੀ ਜ਼ਮੀਨ/ਪਲਾਟ ਮਾਲਕਾਂ ਦਾ ਗੂੜ੍ਹਾ ਤਾਲਮੇਲ

### ➢ਛਾਪਾ ਮਾਰਨ ਵਾਲੀ ਟੀਮ ਦੀ ਪਹਿਲਾਂ ਹੀ ਮਿਲ ਜਾਂਦੀ ਹੈ ਜਾਣਕਾਰੀ

ਪਟਿਆਲਾ, 5 ਮਾਰਚ (ਗੁਰਮੁੱਖ ਰੁਪਾਣਾ) : ਨਗਰ ਨਿਗਮ ਪਟਿਆਲਾ ਦੇ ਖੇਤਰ ਅਧੀਨ ਕਈ ਇਲਾਕਿਆਂ ਖਾਸ ਕਰ ਸਨੌਰ ਰੋਡ 'ਤੇ ਕੁਝ ਲੋਕਾਂ ਨੇ ਆਪਣੀ ਜਮੀਨ ਜਾਂ ਪਲਾਟਾਂ ਤੇ ਝੁਗੀਆਂ ਲਗਵਾਈਆਂ ਹੋਈਆਂ ਹਨ, ਜਿਨ੍ਹਾਂ ਤੋਂ ਕਿਰਾਏ ਦੇ ਰੂਪ ਚ ਪ੍ਰਤੀ ਝੁੱਗੀ ਮੋਟੀ ਰਕਮ ਵਸੂਲੀ ਜਾਂਦੀ ਹੈ। ਇਨ੍ਹਾਂ ਜਮੀਨ/ਪਲਾਟ ਮਾਲਕਾਂ ਅਤੇ ਪਾਵਰਕਾਮ ਸਬੰਧਿਤ ਦਫਤਰ ਦੇ ਅਧਿਕਾਰੀਆਂ ਵਿਚਕਾਰ ਗੂੜ੍ਹਾ ਤਾਲਮੇਲ ਹੈ। ਇਨ੍ਹਾਂ ਝੁਗੀਆਂ ਚ ਗਰਮੀ, ਸਰਦੀ ਕੁੰਡੀਆਂ ਨਾਲ ਬਿਜਲੀ ਸਪਲਾਈ ਨਿਰਵਿਘਨ ਚਲਦੀ ਹੈ, ਜਦੋਂ ਵੀ ਇਸ ਨਾਜਾਇਜ਼ ਬਿਜਲੀ ਸਪਲਾਈ ਬਾਰੇ ਕੋਈ ਸ਼ਿਕਾਇਤ ਹੁੰਦੀ ਐ ਜਾਂ ਕਿਤੇ ਮੀਡੀਆ 'ਚ ਖਬਰ ਨਸ਼ਰ ਹੁੰਦੀ ਹੈ, ਤਾਂ ਬੇਵੱਸ ਹੋ ਕੇ ਇਨ੍ਹਾਂ ਬਿਜਲੀ ਅਧਿਕਾਰੀਆਂ ਨੂੰ ਝੁਗੀਆਂ ਦੇ ਖੇਤਰ 'ਚ ਭਲਵਾਨੀ ਗੇੜਾ ਮਾਰਨਾ ਪੈਂਦਾ ਹੈ। ਇਸ ਭਲਵਾਨੀ ਗੇੜੇ ਬਾਰੇ ਇਨ੍ਹਾਂ ਝੁੱਗੀ ਦੀ ਜ਼ਮੀਨ/ਪਲਾਟ ਮਾਲਕਾਂ ਨੂੰ ਤੁਰੰਤ



ਪਤਾ ਲੱਗ ਜਾਂਦਾ ਹੈ ਅਤੇ ਇਹ ਜਾਣਕਾਰੀ ਸਾਰੀਆਂ ਝੁਗੀਆਂ 'ਚ ਪਹੁੰਚ ਜਾਂਦੀ ਹੈ। ਮਿੰਟਾਂ, ਸਕਿੰਟਾਂ 'ਚ ਹੀ ਕੁੰਡੀਆਂ ਵਾਲੀ ਕੇਬਲ ਜਾਂ ਤਾਰ ਖੁਰਦ-ਬੁਰਦ ਕਰ ਦਿੱਤੀ ਜਾਂਦੀ ਹੈ। ਬਿਜਲੀ ਅਧਿਕਾਰੀਆਂ ਦੀ ਟੀਮ ਦਿਨੇ ਜਾਂ ਰਾਤ ਵੇਲੇ ਕਦੇ ਵੀ ਆਵੇ, ਇਨ੍ਹਾਂ ਦੇ ਆਉਣ ਤੋਂ ਪਹਿਲਾਂ ਸਭ ਪਾਸੇ ਹਨ੍ਹੇਰਾ ਛਾਇਆ ਪਿਆ ਹੁੰਦਾ। ਇਹ ਸਭ ਕੁੱਝ ਪੂਰੀ ਮਿਲੀਭੁਗਤ ਨਾਲ ਹੋ ਰਿਹਾ ਹੈ। ਬਿਜਲੀ ਵਿਭਾਗ ਨੂੰ ਚੂਨਾ ਲਗਾ ਕੇ ਲੱਖਾਂ ਰੁਪਏ ਦੀ ਉਗਰਾਹੀ ਦੇ ਮਾਮਲੇ 'ਚ ਅੱਜ ਸਨੌਰ ਉਪ ਮੰਡਲ ਦੇ ਐਸਡੀਓ ਤੇ ਐਕਸੀਅਨ ਕਟਿਹਰੇ ਵਿੱਚ ਹਨ। ਪਿਛਲੇ ਲੰਬੇ ਸਮੇ ਤੋਂ ਇੱਥੇ ਛਿਪ ਛਿਪਾਈ ਦੀ ਖੇਡ ਖੇਡੀ ਜਾ ਰਹੀ ਹੈ। ਜੇਕਰ ਕੋਈ ਬਿਜਲੀ ਨਿਗਮ ਦੀ ਟੀਮ ਜਾਂਦੀ ਵੀ ਹੈ, ਤਾਂ ਪਹਿਲਾਂ ਉਥੇ ਸੂਚਿਤ ਕੀਤਾ ਜਾਂਦਾ ਹੈ, ਉਸਤੋਂ ਬਾਅਦ ਬਿਜਲੀ ਨਿਗਮ ਦੀ ਟੀਮ ਫਾਰਮੈਲਟੀ ਪੂਰੀ ਕਰਕੇ ਆ ਜਾਂਦੀ ਹੈ। ਉਧਰ ਇਸ ਮਾਮਲੇ ਨੂੰ ਲੈ ਕੇ ਇਲਾਕੇ ਦੇ ਕੁਝ ਲੋਕਾਂ ਨੇ ਆਖਿਆ ਜੇਕਰ ਬਿਜਲੀ ਬੋਰਡ ਨੇ ਕਾਰਵਾਈ ਨਾ ਕੀਤੀ ਤਾਂ ਉਹ ਪ੍ਰਦਰਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਜੇਕਰ ਪਹਿਲਾਂ ਵਾਂਗ ਇੱਥੇ ਅੱਗ ਲੱਗਣ ਦੀ ਕੋਈ ਘਟਨਾ ਵਾਪਰਦੀ ਹੈ, ਤਾਂ ਸਾਡੇ ਘਰਾਂ ਨੂੰ ਵੀ ਖਤਰਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਝੁੱਗੀਆਂ ਵਿਚ ਕਬਾੜ ਦਾ ਸਮਾਨ ਵੱਡੇ ਪੱਧਰ 'ਤੇ ਹੈ। ਇੱਥੇ ਪਹਿਲਾਂ ਵੀ ਕਬਾੜ 'ਚੋਂ ਵਿਸਫੋਟ ਹੋ ਚੁੱਕੇ ਹਨ, ਇਸ ਕਰਕੇ ਇਨ੍ਹਾਂ ਦਾ ਕਬਾੜ ਸਮਾਨ ਵੀ ਹਟਾਇਆ ਜਾਵੇ।

### ਨਗਰ ਨਿਗਮ ਕਰ ਸਕਦੈ ਮੋਟੀ ਕਮਾਈ

-ਲੋਕਲ ਬਾਡੀ ਵਿਭਾਗ ਮੁਤਾਬਕ ਜੇਕਰ ਕੋਈ ਵੀ ਵਿਅਕਤੀ ਆਪਣੀ ਦੁਕਾਨ, ਮਕਾਨ, ਸ਼ੋਰੂਮ ਜਾਂ ਕਿਸੇ ਵੀ ਚੱਲ ਅਚਲ ਪ੍ਰਾਪਰਟੀ ਤੋਂ ਕਿਰਾਇਆ ਵਸੂਲ ਕੇ ਕਮਾਈ ਕਰਦਾ ਹੈ, ਉਸ ਤੋਂ ਪ੍ਰਾਪਰਟੀ ਟੈਕਸ ਵਸੂਲਿਆ ਜਾਂਦਾ ਹੈ, ਜਦਕਿ ਇਨ੍ਹਾਂ ਪਲਾਟ, ਜਮੀਨ ਮਾਲਕਾਂ ਨੇ ਵੀ ਕਈ ਝੁਗੀਆਂ ਵਾਲਿਆਂ ਨਾਲ ਲਿਖਤੀ ਇਕਰਾਰ ਕੀਤਾ ਹੋਇਆ ਹੈ, ਜਦਕਿ ਕਈ ਬਿਨਾਂ ਲਿਖਤੀ ਬੈਠੇ ਹਨ ਅਤੇ ਮੋਟਾ ਕਿਰਾਇਆ ਦੇ ਰਹੇ ਹਨ। ਇਨ੍ਹਾਂ ਤੋਂ ਵੀ ਪ੍ਰਾਪਰਟੀ ਟੈਕਸ ਵਸੂਲ ਕੇ ਨਗਰ ਨਿਗਮ ਕਮਾਈ ਕਰ ਸਕਦਾ ਹੈ।

### ਖ਼ੋਹਬਾਜ਼ ਝੁੱਗੀਆਂ 'ਚ ਵੜੇ, ਪੁਲਿਸ ਦੀ ਕਾਰਵਾਈ ਢਿੱਲੀ

-ਸੂਤਰ ਦੱਸਦੇ ਹਨ ਕਿ ਕਈ ਵਾਰੀ ਖੋਹਬਾਜ਼ ਭੱਜ ਕੇ ਸਨੌਰ ਰੋਡ ਝੁੱਗੀਆਂ ਚ ਜਾ ਵੜੇ ਹਨ। ਇਕ ਵਾਰ ਤਾਂ ਪੁਲਿਸ ਇਨ੍ਹਾ ਪਿੱਛੇ ਲੱਗੀ ਹੋਈ ਸੀ ਪਰ ਫੇਰ ਵੀ ਅੱਜ ਤੱਕ ਪੁਲਿਸ ਨੇ ਇਨ੍ਹਾਂ ਝੁੱਗੀਆਂ ਦੀ ਜ਼ਮੀਨ/ਪਲਾਟ ਮਾਲਕਾਂ ਤੋਂ ਇਨ੍ਹਾਂ ਦੇ ਪਹਿਚਾਨ ਪੱਤਰਾਂ ਬਾਰੇ ਡੂੰਘਾਈ ਨਾਲ ਪੁੱਛਗਿੱਛ ਨਹੀਂ ਕੀਤੀ, ਜਦਕਿ ਇਨ੍ਹਾਂ ਝੁੱਗੀਆਂ ਦੇ ਮਾਲਕਾਂ ਪਿਛੋਕੜ ਕੀ ਆ, ਇਸ ਬਾਰੇ ਬਿਨਾਂ ਜਾਣੇ ਹੀ ਬਿਠਾ ਲਿਆ ਜਾਂਦਾ ਹੈ।

## ਧਰਤੀ ਹੇਠਲਾ ਪਾਣੀ ਬਚਾਉਣ ਲਈ ਕੁਦਰਤੀ ਖੇਤੀ ਕਰਨ ਦੀ ਲੋੜ : ਐਡਵੋਕੇਟ ਫੂਲਕਾ

ਸਮਾਣਾ, 5 ਮਾਰਚ (ਵਿਜੇ ਕੁਮਾਰ) : ਪਿੰਡ ਚੱਕ ਅੰਮ੍ਰਿਤਸਰੀਆ ਵਿਖੇ ਜਾਗਰੂਕ ਕਿਸਾਨ ਦਲਜੀਤ ਸਿੰਘ ਚੱਕ ਦੀ ਅਗਵਾਈ ਵਿਚ 'ਖੇਤੀ ਸਤਿਸੰਗ' ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਵਿਸ਼ੇਸ਼ ਤੌਰ 'ਤੇ ਮਹਾਰਾਣੀ ਪ੍ਰੀਤੀ ਸਿੰਘ (ਨਾਭਾ), ਪਦਮਸ਼੍ਰੀ ਐਡਵੋਕੇਟ ਐਚ. ਐਸ. ਫੂਲਕਾ , ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ, ਅਵਤਾਰ ਸਿੰਘ ਫਗਵਾੜਾ, ਕ੍ਰਿਪਾਲ ਸਿੰਘ ਫਗਵਾੜਾ, ਸ਼੍ਰੀਮਤੀ ਜੋਤੀ ਸ਼ਰਮਾ, ਪ੍ਰੀਤਇੰਦਰਪਾਲ ਸਿੰਘ ਮਿੰਟੂ, ਭਾਈ ਹਰਜਿੰਦਰ ਸਿੰਘ ਮਾਝੀ, ਕੁਲਦੀਪ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਕਿਸਾਨ ਦਲਜੀਤ ਸਿੰਘ ਦੇ ਖੇਤ ਵਿਚ ਕੁਦਰਤੀ ਢੰਗ ਨਾਲ ਕੀਤੀ ਜਾ ਰਹੀ ਸਰੋਂ ਤੇ ਗੰਨੇ ਦੀ ਖੇਤੀ ਨੂੰ ਵੇਖਦਿਆਂ ਇੱਕਤਰ ਕਿਸਾਨਾਂ ਨੂੰ ਕੁਦਰਤੀ ਖੇਤੀ ਕਰਨ ਲਈ ਜਾਗਰੂਕ ਕੀਤਾ ਗਿਆ, ਤਾਂ ਜੋ ਧਰਤੀ ਹੇਠਲੇ ਡਿੱਗਦੇ ਪਾਣੀ ਦੇ ਪੱਧਰ ਨੂੰ ਹੋਰ ਹੇਠਾਂ ਜਾਣ ਤੋਂ



ਰੋਕਿਆ ਜਾ ਸਕੇ।ਇਸ ਮੌਕੇ ਸੰਬੋਧਨ ਕਰਦਿਆਂ ਐਡਵੋਕੇਟ ਐਚ.ਐਸ. ਫੂਲਕਾ ਨੇ ਪੰਜਾਬ ਵਿਚ ਦਿਨੋ-ਦਿਨ ਪਾਣੀ ਦੇ ਡਿਗਦੇ ਪੱਧਰ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਕੋਲ ਸਿਰਫ 13 ਸਾਲਾਂ ਦਾ ਪਾਣੀ ਬਚਿਆ ਹੈ ਅਤੇ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋਣ ਕਰਕੇ ਹਰ ਸਾਲ 2700 ਲੋਕ ਕੈਂਸਰ ਦੀ ਬਿਮਾਰੀ ਕਾਰਨ ਮੌਤ ਦੇ ਮੂੰਹ ਵਿਚ ਚੱਲੇ ਜਾਂਦੇ ਹਨ। ਇਸ ਮੌਕੇ ਮਹਾਰਾਣੀ ਪ੍ਰੀਤੀ ਸਿੰਘ ਨਾਭਾ ਨੇ ਕਿਹਾ ਕਿ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨੂੰ ਵੀ ਪਾਣੀ ਦੇ ਡਿਗਦੇ ਪੱਧਰ ਬਾਰੇ ਜਾਣੂੰ ਕਰਵਾ ਕੇ ਪਾਣੀ ਦੀ ਬਚਤ ਕਰਨ ਬਾਰੇ ਦੱਸਣਾ ਜ਼ਰੂਰੀ ਹੈ। ਡਾ: ਅਵਤਾਰ ਸਿੰਘ ਫਗਵਾੜਾ ਨੇ ਕਿਹਾ ਕਿ ਸਿੱਖ ਪ੍ਰਚਾਰਕਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਪਾਣੀ ਨੂੰ ਬਚਾਉਣ ਲਈ ਲੋਕਾਂ ਨੂੰ ਜਾਗਰੂਕ ਕਰਨ। ਇਸ ਮੌਕੇ ਬੁਲਾਰਿਆਂ ਨੇ ਪੰਜਾਬ ਵਿਚ ਆਈ ਹਰੀ ਕਰਾਂਤੀ ਬਾਰੇ ਦੱਸਦਿਆਂ ਕਿਹਾ ਕਿ ਪੰਜਾਬੀਆਂ ਨੇ ਅੰਨ ਦੇ ਭੰਡਾਰ ਭਰਨ ਲਈ ਜ਼ਮੀਨ ਨੂੰ ਖਾਦਾਂ, ਸਪਰੇਆਂ ਅਤੇ ਧਰਤੀ ਹੇਠਲਾ ਬਹੁਮੁੱਲਾ ਪਾਣੀ ਕੱਢ ਕੇ ਜਿੱਥੇ ਅਨਾਜ ਦੇ ਭੰਡਾਰ ਭਰੇ ਹਨ । ਇਸ ਮੌਕੇ ਡਾ: ਹਰਜੀਤ ਸਿੰਘ ਗਿੱਲ, ਜਸਬੀਰ ਸਿੰਘ ਖੇੜੀਰਾਜੂ, ਅਵਤਾਰ ਸਿੰਘ ਭੇਡਪੁਰੀ, ਪ੍ਰਸ਼ੋਤਮ ਸਿੰਘ ਮਾਨਸਾ, ਜੁਗਨੂੰ ਸਿੰਘ ਨਿਜਾਮਨੀਵਾਲਾ, ਸੈਕਟਰੀ ਸਤਨਾਮ ਸਿੰਘ ਗਿੱਲ, ਹਰਜੀਤ ਸਿੰਘ ਦੇਦਨਾ ਵੀ ਮੌਜੂਦ ਸਨ।

## ਆੜ੍ਹਤੀ ਐਸੋਸੀਏਸ਼ਨ ਵੱਲੋਂ ਸਨਮਾਨ ਸਮਾਰੋਹ



ਬਾਦਸ਼ਾਹਪੁਰ, 5 ਮਾਰਚ (ਰਿਸ਼ੀਪਾਲ ਗੁਪਤਾ) : ਆੜਤੀ ਐਸੋਸੀਏਸ਼ਨ ਬਾਦਸ਼ਾਹਪੁਰ ਮੰਡੀ ਵਲੋਂ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ ।ਇਹ ਸਨਮਾਨ ਸਮਾਰੋਹ ਆੜਤੀ ਐਸੋਸੀਏਸ਼ਨ ਦੇ ਪ੍ਰਧਾਨ ਸ਼ੁਭਾਸ਼ ਗੋਇਲ ਦੀ ਪ੍ਰਧਾਨਗੀ ਹੇਠ ਹੋਇਆ । ਇਸ ਮੌਕੇ ਆੜਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਜਸਵਿੰਦਰ ਸਿੰਘ ਰਾਣਾ, ਰਜਿੰਦਰ ਕੁਮਾਰ ਜਨਰਲ ਸੈਕਟਰੀ ਪੰਜਾਬ, ਦੀਪਕ ਬਾਂਸਲ ਜਿਲ੍ਹਾ ਜਨਰਲ ਸੈਕਟਰੀ, ਮਹੇਸ਼ ਪਹੁਜਾ ਜਿਲ੍ਹਾ ਕੈਸ਼ੀਅਰ, ਗੌਰਵ ਧਮਨ ਤੇ ਪਰਮਿੰਦਰ ਸਿੰਘ ਜਿਲ੍ਹਾ ਪੀ.ਆਰ.ਓ, ਪ੍ਰਿਥੀ ਸਿੰਘ ਪ੍ਰਧਾਨ ਭੂਨਰਹੇੜੀ ਅਨਾਜ ਮੰਡੀ, ਚਿਮਨ ਲਾਲ ਕਲਵਾਨੂੰ ਪ੍ਰਧਾਨ ਘੱਗਾ ਅਨਾਜ ਮੰਡੀ, ਸੰਦੀਪ ਕੁਮਾਰ ਪ੍ਰਧਾਨ ਪਾਤੜਾਂ ਅਨਾਜ ਮੰਡੀ ਤੇ ਹੋਰ ਅਹੁਦੇਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਗਵਾਨ ਦਾਸ, ਕਰਮ ਚੰਦ, ਚਿਮਨ ਲਾਲ, ਭੁਪਿੰਦਰ ਸਿੰਘ, ਗੁਰਿੰਦਰ ਸਿੰਘ, ਕੁਲਵੰਤ ਸਿੰਘ, ਕੁਲਵਿੰਦਰ ਸਿੰਘ ਰੰਧਾਵਾ, ਜਸਵੰਤ ਸਿੰਘ, ਦੇਸ ਰਾਜ, ਜੀਵਨ ਕੁਮਾਰ, ਰਾਕੇਸ਼ ਕੁਮਾਰ, ਸਤਪਾਲ, ਗੋਬਿੰਦ ਗੋਇਲ, ਕਿਦਾਰ ਨਾਥ ਤੇ ਹੋਰ ਆੜਤੀ ਮੌਜੂਦ ਸਨ ।

## ਬੀਬੀ ਪਰਮਿੰਦਰ ਕੌਰ ਝਿੰਜਰ ਵੱਲੋਂ 'ਜਨ ਸੰਪਰਕ ਅਭਿਆਨ' ਤਹਿਤ ਵੱਖ-ਵੱਖ ਪਿੰਡਾਂ ਦਾ ਦੌਰਾ

ਘਨੌਰ, 5 ਮਾਰਚ (ਰਾਜਿੰਦਰ ਸਿੰਘ ਕੰਬੋਜ/ਮਦਨ ਲਾਲ) : ਹਲਕਾ ਘਨੌਰ ਇੰਚਾਰਜ ਅਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੀ ਪਤਨੀ ਬੀਬੀ ਪਰਮਿੰਦਰ ਕੌਰ ਝਿੰਜਰ ਵੱਲੋਂ 'ਜਨ ਸੰਪਰਕ ਅਭਿਆਨ' ਤਹਿਤ ਵੱਖ-ਵੱਖ ਪਿੰਡਾਂ ਵਿੱਚ ਦੌਰੇ ਦੌਰਾਨ ਲੋਕਾਂ ਨਾਲ ਮੁਲਾਕਾਤ ਕੀਤੀ ਜਾ ਰਹੀ ਹੈ। ਇਸ ਦੌਰੇ ਦੌਰਾਨ ਉਨ੍ਹਾਂ ਨੇ ਘਰ-ਘਰ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ-ਹਿਤੈਸ਼ੀ ਨੀਤੀਆਂ ਬਾਰੇ ਜਾਣਕਾਰੀ ਦਿੱਤੀ। ਬੀਬੀ ਪਰਮਿੰਦਰ ਕੌਰ ਝਿੰਜਰ ਨੇ ਵੱਖ-ਵੱਖ ਪਿੰਡਾਂ ਲੱਖੋ ਮਾਜਰਾ, ਘੁਮਾਣਾ, ਸ਼ਾਹਪੁਰ ਅਫ਼ਗਾਨਾ, ਨਰੜੂ, ਛੱਪੜ, ਗੰਡਾ ਖੇੜੀ, ਭੋਗਲਾ ਅਤੇ ਖਾਨਪੁਰ ਆਦਿ ਵਿੱਚ ਵਿਸ਼ੇਸ਼ ਤੌਰ ਉੱਤੇ



ਮਹਿਲਾਵਾਂ ਨਾਲ ਬੈਠਕਾਂ ਕਰ ਕੇ ਉਨ੍ਹਾਂ ਨੂੰ ਆ ਰਹੀਆਂ ਦਿੱਕਤਾਂ ਬਾਰੇ ਜਾਣਕਾਰੀ ਲਈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀਆਂ ਮਹਿਲਾਵਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਕਿਉਂਕਿ ਪੰਜਾਬ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਕੀਤਾ ਗਿਆ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ।ਉਨ੍ਹਾਂ ਮੰਗ ਕੀਤੀ ਕਿ ਪੰਜਾਬ ਦੀਆਂ ਮਹਿਲਾਵਾਂ ਨੂੰ ਪਿਛਲੇ ਸਾਲਾਂ ਦਾ ਬਣਦਾ ਕਰੀਬ 48 ਹਜ਼ਾਰ ਰੁਪਏ ਬਕਾਇਆ ਇਕੱਠਾ ਕਰਕੇ ਤੁਰੰਤ ਜਾਰੀ ਕੀਤਾ ਜਾਵੇ ਅਤੇ ਅੱਗੇ ਤੋਂ ਨਿਯਮਿਤ ਤੌਰ 'ਤੇ ਹਰ ਮਹੀਨੇ ਹਜ਼ਾਰ ਰੁਪਏ ਦੀ ਰਕਮ ਦਿੱਤੀ ਜਾਵੇ। ਅੰਤ ਵਿੱਚ ਬੀਬੀ ਪਰਮਿੰਦਰ ਕੌਰ ਝਿੰਜਰ ਨੇ ਕਿਹਾ ਕਿ ਪੰਜਾਬ ਦੀਆਂ ਮਹਿਲਾਵਾਂ ਹੁਣ ਪੂਰੀ ਤਰ੍ਹਾਂ ਜਾਗਰੂਕ ਹਨ ਅਤੇ ਉਹ ਆਪਣੇ ਹੱਕਾਂ ਲਈ ਡੱਟ ਕੇ ਖੜ੍ਹੀਆਂ ਹੋਣਗੀਆਂ।

## ਨਸ਼ੇ ਦਾ ਸੇਵਨ ਕਰਨ 'ਤੇ ਮਾਮਲਾ ਦਰਜ

ਨਾਭਾ, 5 ਮਾਰਚ (ਚੌਧਰੀਮਾਜਰਾ) : ਥਾਣਾ ਸਦਰ ਨਾਭਾ ਪੁਲਿਸ ਨੇ ਕਥਿਤ ਦੋਸ਼ੀਆਂ ਜੋਨੀ ਪੁੱਤਰ ਫੌਜਾ ਸਿੰਘ ਵਾਸੀ ਪਿੰਡ ਰੋਹਟੀ ਛੰਨਾ, ਹੁਸਨਦੀਪ ਸਿੰਘਵਾਸੀ ਪਿੰਡ ਕੈਦੂਪੁਰ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਅਮਰੀਕ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਬਾ-ਹੱਦ ਪਿੰਡ ਦੋਦਾ ਮੌਜੂਦ ਸੀ, ਜੋ ਸੜਕ ਪਰ ਬਣੇ ਖੰਡਰਾ ਵਿੱਚ ਕਥਿਤ ਦੋਸ਼ੀ ਸ਼ੱਕੀ ਹਾਲਤ ਵਿੱਚ ਬੈਠੇ ਦਿਖਾਈ ਦਿੱਤੇ, ਜਿਹਨ੍ਹਾ ਨੇ ਪੁਲਿਸ ਪਾਰਟੀ ਨੂੰ ਦੇਖ ਕੇ ਆਪਣੇ ਹੱਥਾਂ ਵਿੱਚ ਫੜ੍ਹੀਆ ਗੋਲੀ ਨੁਮਾ ਚੀਜ ਮੂੰਹ ਵਿੱਚ ਪਾ ਲਈ, ਜੋ ਕਾਬੂ ਕਰਨ ਪਰ ਦੋਸ਼ੀਆਨ ਨੇ ਦੱਸਿਆ ਕਿ ਉਹ ਨਸ਼ੇ ਕਰਨ ਦੇ ਆਦੀ ਹਨ ਅਤੇ ਹੁਣੇ ਹੀ ਨਸ਼ੇ ਦੀ ਗੋਲੀ ਖਾਈ ਹੈ।

## ਵਿਸ਼ਵਕਰਮਾ ਵੈਲਫੇਅਰ ਸੁਸਾਇਟੀ ਵੱਲੋਂ ਵਿਧਾਇਕ ਦੇਵ ਮਾਨ ਦਾ ਸਨਮਾਨ



ਨਾਭਾ, 5 ਮਾਰਚ (ਬਲਜਿੰਦਰ ਮਾਨ) : ਵਿਸ਼ਵਕਰਮਾ ਵੈਲਫੇਅਰ ਸੋਸਾਇਟੀ ਰਜਿਸਟਡ ਨਾਭਾ ਵਲੋਂ ਪਿਛਲੇ ਦਿਨੀ ਵਿਸਵਕਰਮਾ ਮੂਰਤੀ ਸਥਾਪਨਾ ਦਿਵਸ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੂੰ ਵਿਸਵਕਰਮਾ ਵੇਲਫੈਅਰ ਸੋਸਾਇਟੀ ਵਲੋ ਸੁਸਾਇਟੀ ਦੇ ਚੇਅਰਮੈਨ ਭਗਵੰਤ ਸਿੰਘ ਰਾਮਗੜੀਆ ਦੀ ਅਗਵਾਈ 'ਚ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਧਾਇਕ ਦੇਵ ਮਾਨ ਨੇ ਸਮੂਹ ਕਮੇਟੀ ਤੇ ਭਾਈਚਾਰੇ ਦਾ ਉਨ੍ਹਾਂ ਨੂੰ ਇਨ੍ਹਾਂ ਮਾਣ ਬਖਸਣ ਤੇ ਧੰਨਵਾਦ ਕੀਤਾ। ਇਸ ਮੌਕੇ ਯੂਥ ਡਿਪੈਲਪਮੈਂਟ ਬੋਰਡ ਦੇ ਮੈਂਬਰ ਤੇਜਿੰਦਰ ਸਿੰਘ ਖਹਿਰਾ, ਹਰਨੇਕ ਸਿੰਘ ਕੈਸੀਅਰ ਲਾਭ ਸਿੰਘ, ਸਾਬਕਾ ਪਧਾਨ ਜੋਰਾ ਸਿੰਘ ਧੰਮੂ, ਬਬਲੀ ਨਾਭਾ ਆਦਿ ਹਾਜ਼ਰ ਸਨ।

## ਹੋਲੀ ਦੇ ਤਿਉਹਾਰ ਮੌਕੇ ਹੁੱਲੜਬਾਜ਼ਾਂ ਦੇ ਟ੍ਰੈਫਿਕ ਇੰਚਾਰਜ ਬਲਵਿੰਦਰ ਸਿੰਘ ਨੇ ਚਲਾਨ ਕੱਟੇ

ਸਨੌਰ, 5 ਮਾਰਚ (ਪ੍ਰਥਮ ਕੁਮਾਰ) : ਸਨੌਰ ਵਿਖੇ ਹੋਲੀ ਦੇ ਤਿਉਹਾਰ ਦੌਰਾਨ ਕਈ ਨੌਜਵਾਨ ਹੁੱਲੜਬਾਜ਼ੀ ਕਰ ਰਹੇ ਸਨ, ਤੇ ਜਿਸ ਕਾਰਨ ਟਰੈਫਿਕ ਵਿਭਾਗ ਨੇ ਬੁਲਟ ਤੇ ਮੋਟਰਸਾਈਕਲਾਂ ਦੇ ਸਿਲੰਸਰ ਦੀ ਜਾਂਚ ਕੀਤੀ ਤੇ ਪਤਾ ਲੱਗਿਆ ਕਿ ਕਈ ਸਿਲੰਸਰ ਤੋਂ ਧਮਾਕੇਦਾਰ ਆਵਾਜਾ ਆ ਰਹੀਆਂ ਸਨ, ਜੋ ਕਾਨੂੰਨਾਂ ਦੇ ਉਲੰਘਣ ਵਿੱਚ ਆਉਂਦਾ ਹੈ। ਟਰੈਫਿਕ ਇੰਚਾਰਜ ਦੇਵੀਗੜ੍ਹ ਬਲਵਿੰਦਰ ਸਿੰਘ ਦੀ ਅਗਵਾਈ 'ਚ ਪੁਲਿਸ ਨੇ ਅਨੁਸ਼ਾਸ਼ਨ ਬਰਕਰਾਰ ਰੱਖਣ ਲਈ ਕਈ ਨੌਜਵਾਨਾਂ ਦੇ ਚਲਾਨ ਕੱਟੇ। ਇਸ ਮੌਕੇ ਬਲਵਿੰਦਰ ਸਿੰਘ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇਹ ਸਪਸ਼ਟ



ਕੀਤਾ ਕਿ ਹੁੱਲੜਬਾਜੀ ਕਰ ਰਹੇ ਨੌਜਵਾਨਾਂ ਦੇ ਚਲਾਨ ਕਟਣ ਦਾ ਮੁੱਖ ਮਕਸਦ ਵੱਡੇ ਹਾਦਸੇ ਨੂੰ ਰੋਕਣਾ ਹੈ। ਉਹਨਾਂ ਦਾ ਕਹਿਣਾ ਹੈ ਕੀ ਤਿਉਹਾਰ ਦੇ ਦਿਨਾਂ ਵਿੱਚ ਇੱਕ ਵਾਹਨ ਤੇ ਚਾਰ-ਚਾਰ ਨੌਜਵਾਨ ਸਵਾਰ ਹੋ ਜਾਂਦੇ ਹਨ, ਜੋ ਕਿ ਨਿਰਧਾਰਿਤ ਨਿਯਮਾਂ ਦੇ ਉਲਟ ਹੈ। ਪੁਲਿਸ ਪ੍ਰਸ਼ਾਸਨ ਵੱਲੋਂ ਨੌਜਵਾਨਾਂ ਨੂੰ ਨਿਯਮਾਂ ਦੀ ਪਾਲਣਾ ਕਰਨ ਅਤੇ ਸੜਕ ਸੁਰੱਖਿਆ ਨੂੰ ਆਪਣੀ ਪ੍ਰਾਥਮਿਕਤਾ ਬਣਾਉਣ ਲਈ ਜ਼ੋਰ ਦਿੱਤਾ ਗਿਆ। ਇਸ ਕਾਰਵਾਈ ਦਾ ਉਦੇਸ਼ ਸਿਰਫ਼ ਚਲਾਨ ਕੱਟਣਾ ਨਹੀਂ, ਬਲਕਿ ਨੌਜਵਾਨਾਂ ਨੂੰ ਸੁਰੱਖਿਆ ਲਈ ਜਾਗਰੂਕ ਕਰਨਾ ਹੈ। ਟ੍ਰੈਫਿਕ ਇੰਚਾਰਜ ਏ.ਐੱਸ.ਆਈ. ਨੇ ਸਾਰੇ ਵਾਹਨ ਚਲਾਉਣ ਵਾਲਿਆਂ ਨੂੰ ਅਪੀਲ ਕੀਤੀ ਕਿ ਉਹਨਾਂ ਨੂੰ ਸੜਕ ਨਿਯਮਾਂ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਹਿਯੋਗ ਦੇਣ ਚਾਹੀਦਾ ਹੈ, ਤੁਹਾਡਾ ਸਹਿਯੋਗ ਅਮੂਲ ਹੈ ਤੇ ਪ੍ਰਸ਼ਾਸਨ ਵੱਲੋਂ ਕੀਤੀ ਕਾਰਵਾਈ ਸੜਕ ਸੁਰੱਖਿਆ ਤੇ ਸ਼ਹਿਰ ਦੀ ਸ਼ਾਂਤੀ ਨੂੰ ਯਕੀਨ ਬਣਾਉਣ ਲਈ ਸੀ।

## ਬਲਾਕ ਸੰਮਤੀ ਚੋਣ 'ਚ ਚੇਅਰਮੈਨ ਹਰਦੀਪ ਸਿੰਘ ਤੇ ਵਾਈਸ ਚੇਅਰਮੈਨ ਅਮਰੀਕੋ ਦੇਵੀ ਸਰਬਸੰਮਤੀ ਨਾਲ ਚੁਣੇ



ਸਮਾਣਾ, 5 ਮਾਰਚ (ਵਿਜੇ ਕੁਮਾਰ/ਨਿਖਿਲ ਗਰਗ) : ਪਿਛਲੇ ਸਮੇਂ ਹੋਈਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਦੌਰਾਨ ਬਲਾਕ ਸੰਮਤੀ ਸਮਾਣਾ ਦੇ 15 ਜੋਨਾਂ 'ਚੋਂ ਜਿੱਤੇ ਆਪ ਪਾਰਟੀ ਦੇ 10, ਕਾਂਗਰਸ ਦਾ ਇੱਕ, ਸ਼੍ਰੋਮਣੀ ਅਕਾਲੀ ਦਲ ਦੇ ਤਿੰਨ, ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦਾ ਇੱਕ ਅਤੇ 1 ਆਜ਼ਾਦ ਉਮੀਦਵਾਰਾ ਵੱਲੋ ਚੇਅਰਮੈਨਾਂ ਦੀ ਚੋਣ ਨੂੰ ਲੈ ਕੇ ਪ੍ਰੋਜਾਈਡਿੰਗ ਅਫਸਰ ਰੀਚਾ ਗੋਇਲ ਦੀ ਨਿਗਰਾਨੀ ਹੇਠ ਇੱਕ ਮੀਟਿੰਗ ਨਗਰ ਕੌਂਸਲ ਅਹਾਤੇ ਅੰਦਰ ਰੱਖੀ ਗਈ। ਮੀਟਿੰਗ ਵਿੱਚ 13 ਮੈਂਬਰਾਂ ਤੇ ਵਿਧਾਇਕ ਜੌੜਾਮਾਜਰਾ ਨੇ ਹਿੱਸਾ ਲਿਆ। ਮੀਟਿੰਗ ਦੌਰਾਨ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਮਾਮੂਲੀ ਵਿਰੋਧ ਤੋਂ ਬਾਅਦ ਪਿੰਡ ਖੱਤਰੀ ਵਾਲਾ ਜਰਨਲ ਜੋਨ ਤੋਂ ਬਲਾਕ 'ਚ ਸਭ ਤੋਂ ਵੱਧ 887 ਵੋਟਾਂ ਨਾਲ ਜੇਤੂ ਹਰਦੀਪ ਸਿੰਘ ਨੂੰ ਚੇਅਰਮੈਨ ਅਤੇ ਐਸ . ਸੀ ਇਸਤਰੀਆਂ ਰਿਜ਼ਰਵ ਪਿੰਡ ਰਾਜਲਾ ਜੋਨ ਤੋਂ ਅਮਰੀਕੋ ਦੇਵੀ ਨੂੰ ਵਾਈਸ ਚੇਅਰਮੈਨ ਐਲਾਨ ਦਿੱਤਾ, ਜਿਸ ਦਾ ਸਮੂਹ ਮੈਂਬਰਾਂ ਨੇ ਸਰਬ ਸੰਮਤੀ ਨਾਲ ਹੱਥ ਖੜੇ ਕਰਕੇ ਇਸ ਚੋਣ ਨੂੰ ਪ੍ਰਵਾਨਗੀ ਦਿੱਤੀ।ਇਸ ਮੌਕੇ ਚੇਅਰਮੈਨ ਹਰਦੀਪ ਸਿੰਘ ਤੇ ਅਮਰੀਕੋ ਦੇਵੀ ਨੇ ਪਾਰਟੀ ਵਿੱਚ ਵਿਸ਼ਵਾਸ ਜਿਤਾਉਂਦੇ ਹੋਏ ਆਮ ਲੋਕਾਂ ਦਾ ਕੰਮ ਬਿਨਾਂ ਕਿਸੇ ਭੇਦਭਾਵ ਤੋਂ ਕਰਨ ਲਈ ਆਪਣੀ ਜਿੰਮੇਵਾਰੀ ਪ੍ਰਗਟਾਈ। ਇਸ ਮੌਕੇ ਪਿੰਡ ਰੰਧਾਵਾ ਅਤੇ ਪਿੰਡ ਢੈਂਠਲ ਜੋਨ ਤੋਂ ਜਿੱਤੇ ਉਮੀਦਵਾਰ ਮੀਟਿੰਗ ਵਿੱਚੋ ਗੈਰ ਹਾਜ਼ਰ ਰਹੇ। ਇਸ ਮੌਕੇ ਜ਼ਿਲਾ ਪਰਿਸ਼ਦ ਮੈਂਬਰ ਗੁਰਦੇਵ ਸਿੰਘ ਟਿਵਾਣਾ, 'ਆਪ' ਆਗੂ ਹਰਜਿੰਦਰ ਸਿੰਘ ਮਿੰਟੂ ਤੇ ਬੀ.ਡੀ.ਪੀ.ਓ. ਗੁਰਮੀਤ ਸਿੰਘ ਆਦਿ ਮੌਜੂਦ ਸਨ।

## ਸਮਾਣਾ ਵਿਖੇ ਧੂਮ-ਧਾਮ ਨਾਲ ਹੋਲੀ ਮਨਾਈ



ਸਮਾਣਾ, 5 ਮਾਰਚ (ਜਵੰਦਾ) : ਇਲਾਕੇ ਵਿੱਚ ਰੰਗਾਂ ਦਾ ਤਿਉਹਾਰ ਹੋਲੀ ਬਹੁਤ ਹੀ ਖੁਸ਼ੀ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰੇ ਤੋਂ ਹੀ ਲੋਕਾਂ ਨੇ ਇਕ-ਦੂਜੇ ਨੂੰ ਰੰਗ ਲਗਾ ਕੇ ਅਤੇ ਗਲੇ ਮਿਲ ਕੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਉਮਰ ਦੇ ਲੋਕਾਂ ਵਿੱਚ ਕਾਫ਼ੀ ਚਾਅ ਦੇਖਣ ਨੂੰ ਮਿਲਿਆ। ਸ਼ਹਿਰ ਦੀਆਂ ਕੁਝ ਕਲੋਨੀਆਂ ਵਿੱਚ ਹੋਲੀ ਦੇ ਮੌਕੇ ਤੇ ਵਿਸ਼ੇਸ਼ ਪ੍ਰੋਗਰਾਮ ਵੀ ਆਯੋਜਿਤ ਕੀਤੇ ਗਏ। ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੇ ਭਰਾ ਹਰਜਿੰਦਰ ਸਿੰਘ ਜੌੜਾਮਾਜਰਾ ਅਤੇ ਬਲਕਾ ਪ੍ਰਧਾਨ ਗੋਪਾਲ ਕ੍ਰਿਸ਼ਨ ਗਰਗ ਨੇ ਸਮੁੱਚੀ ਆਪ ਟੀਮ ਅਤੇ ਹਲਕਾ ਵਾਸੀਆਂ ਨੂੰ ਹੋਲੇ ਮਹੱਲੇ ਤੇ ਹੋਲੀ ਦੀ ਮੁਬਾਰਕਬਾਦ ਦਿੱਤੀ ।

## ਨੰਬਰਦਾਰ ਯੂਨੀਅਨ ਨੇ ਮੀਟਿੰਗ ਦੌਰਾਨ ਅਹਿਮ ਮਸਲੇ ਵਿਚਾਰੇ



ਘਨੌਰ, 5 ਮਾਰਚ (ਮਦਨ ਲਾਲ) : ਨੰਬਰਦਾਰ ਯੂਨੀਅਨ ਸਬ ਤਹਿਸੀਲ ਘਨੌਰ ਦੀ ਮੀਟਿੰਗ ਯੂਨੀਅਨ ਪ੍ਰਧਾਨ ਕੁਲਦੀਪ ਸਿੰਘ ਮਰਦਾਂਪੁਰ ਦੀ ਪ੍ਰਧਾਨਗੀ ਹੇਠ ਘਨੌਰ ਵਿਖੇ ਹੋਈ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਜੰਗ ਸਿੰਘ ਦੁਘਾਟ ਅਤੇ ਉਹਨਾਂ ਨਾਲ ਤਹਿਸੀਲ ਪਟਿਆਲਾ ਦੇ ਪ੍ਰਧਾਨ ਗੁਰਦਿਆਲ ਸਿੰਘ ਦੌਣ ਖੁਰਦ ਅਤੇ ਖਜ਼ਾਨਚੀ ਦਰਸ਼ਨ ਸਿੰਘ ਕਕੇਪੁਰ ਤਹਿਸੀਲ ਪਟਿਆਲਾ, ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮੀਟਿੰਗ ਵਿੱਚ ਨੰਬਰਦਾਰਾਂ ਦੇ ਮਸਲਿਆਂ ਬਾਰੇ ਵਿਚਾਰਾਂ ਕੀਤੀਆਂ ਗਈਆਂ, ਮੀਟਿੰਗ ਵਿੱਚ ਸਰਕਾਰ ਵੱਲੋਂ ਨੰਬਰਦਾਰਾਂ ਨੂੰ ਅਣਗੌਲਿਆ ਕੀਤੇ ਜਾਣ 'ਤੇ ਰੋਸ ਪ੍ਰਗਟ ਕੀਤਾ ਗਿਆ। ਇਸ ਮੌਕੇ ਸਰਦਾਰ ਜੰਗ ਸਿੰਘ ਦੁਘਾਟ ਜ਼ਿਲ੍ਹਾ ਪ੍ਰਧਾਨ ਪਟਿਆਲਾ ,ਦਰਸ਼ਨ ਸਿੰਘ ਕਕੇਪੁਰ ਖਜ਼ਾਨਚੀ ਤਹਿਸੀਲ ਪਟਿਆਲਾ, ਗੁਰਦਿਆਲ ਸਿੰਘ ਦੌਣ ਖੁਰਦ ਪ੍ਰਧਾਨ ਤਹਿਸੀਲ ਪਟਿਆਲਾ, ਤੇਜਿੰਦਰ ਸਿੰਘ ਜਰਨਲ ਸਕੱਤਰ ਤਹਿਸੀਲ ਘਨੌਰ, ਰਘਬੀਰ ਸਿੰਘ ਗਦਾਪੁਰ ਮੀਤ ਪ੍ਰਧਾਨ ਘਨੌਰ, ਕਰਮਜੀਤ ਸਿੰਘ ਚਮਾਰੂ ਜਿਲਾ ਮੈਂਬਰ, ਗੁਲਾਬ ਸਿੰਘ ਬਗੌਰਾ ਜਰਨਲ ਸਕੱਤਰ ਪਟਿਆਲਾ, ਭਾਗ ਸਿੰਘ ਨੰਬਰਦਾਰ ਸਮਸਪੁਰ, ਨਿਰਮਲ ਸਿੰਘ ਨੰਬਰਦਾਰ ਸਮਸਪੁਰ, ਜਗਤਾਰ ਸਿੰਘ ਸਮਸਪੁਰ, ਗੁਰਮੇਲ ਸਿੰਘ ਸਮਸਪੁਰ, ਕਿਰਪਾਲ ਸਿੰਘ ਚਮਾਰੂ, ਦੀਦਾਰ ਸਿੰਘ ਬਘੌਰਾ, ਜਸਵੰਤ ਸਿੰਘ ਬਘੌਰਾ,ਸੁੱਚਾ ਸਿੰਘ ਗਦੇਪੁਰ,ਹਰਪ੍ਰੀਤ ਸਿੰਘ ਭੱਟਮਾਜਰਾ, ਮਸਤਰਾਮ ਲਾਛੜੂ, ਜਗਤਾਰ ਸਿੰਘ ਝੁੰਗੀਆਂ ਤੇ ਹੋਰ ਮੌਜੂਦ ਸਨ।

## ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੀ ਇਕਾਈ ਦਾ ਗਠਨ, ਲਵਿੰਦਰ ਸਿੰਘ ਪ੍ਰਧਾਨ ਬਣੇ



ਘਨੌਰ, 5 ਮਾਰਚ (ਰਾਜਿੰਦਰ ਸਿੰਘ ਕੰਬੋਜ) : ਹਲਕਾ ਘਨੌਰ ਵਿੱਚ ਪੈਂਦੇ ਪਿੰਡ ਭੂਰੀਮਾਜਰਾ ਵਿਖੇ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੀ ਜ਼ਿਲ੍ਹਾ ਇਕਾਈ ਵੱਲੋਂ ਪਿੰਡ ਭੂਰੀਮਾਜਰਾ ਵਿੱਚ ਨਵੀਂ ਇਕਾਈ ਦਾ ਗਠਨ ਕੀਤਾ ਗਿਆ। ਇਹ ਗਠਨ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਅਲੂਣਾ, ਸੰਭੂ ਬਲਾਕ ਪ੍ਰਧਾਨ ਮਹਿੰਦਰ ਸਿੰਘ, ਸਮਸ਼ੇਰ ਸਿੰਘ ਅਤੇ ਜਸਵਿੰਦਰ ਸਿੰਘ ਜਨਰਲ ਸਕੱਤਰ, ਰਾਜਪੁਰਾ ਦੀ ਸਾਂਝੀ ਅਗਵਾਈ ਹੇਠ ਕੀਤਾ ਗਿਆ। ਸਹਿਮਤੀ ਨਾਲ ਪਿੰਡ ਇਕਾਈ ਲਈ ਪ੍ਰਧਾਨ ਲਵਿੰਦਰ ਸਿੰਘ,ਮੀਤ ਪ੍ਰਧਾਨ ਬਲਿਹਾਰ ਸਿੰਘ,ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ,ਜਨਰਲ ਸਕੱਤਰ ਬਲਵਿੰਦਰ ਸਿੰਘ,ਖਜ਼ਾਨਚੀ ਗੁਰਜੋਤ ਸਿੰਘ ਇਸ ਤੋਂ ਇਲਾਵਾ 9 ਮੈਂਬਰਾਂ ਦੀ ਕਮੇਟੀ ਵੀ ਬਣਾਈ ਗਈ। ਇਸ ਮੌਕੇ ਹਰਜਿੰਦਰ ਸਿੰਘ ,ਗੁਲਾਬ ਸਿੰਘ, ਭੁਪਿੰਦਰ ਸਿੰਘ ,ਹਰਜੀਤ ਸਿੰਘ ਅਤੇ ਪਿੰਡ ਵਾਸੀ ਹਾਜ਼ਰ ਸਨ।

## ਬਲਾਕ ਸੰਮਤੀ ਚੇਅਰਮੈਨ ਦੀ ਚੋਣ ਸਬੰਧੀ ਮੀਟਿੰਗ ਰਹੀ ਬੇਸਿੱਟਾ

ਨਾਭਾ, 5 ਮਾਰਚ (ਬਲਜਿੰਦਰ ਮਾਨ) : ਬਲਾਕ ਸੰਮਤੀ ਚੇਅਰਮੈਨ ਦੀਆਂ ਚੋਣਾਂ ਨੂੰ ਲੈ ਕੇ ਅੱਜ ਨਾਭਾ ਬੀਡੀਪੀ ਦਫਤਰ ਦੇ ਅੰਦਰ ਐਸਡੀਐਮ ਨਾਭਾ ਦੀ ਅਗਵਾਈ ਵਿੱਚ ਚੋਣ ਹੋਣੀ ਸੀ, ਜੋ ਕਿ ਕੈਂਸਲ ਹੋ ਚੁੱਕੀ ਹੈ।ਜਾਣਕਾਰੀ ਮੁਤਾਬਿਕ ਬਲਾਕ ਸੰਮਤੀ ਦੇ ਕੁੱਲ 25 ਮੈਂਬਰ ਨੇ ਜਿਨ੍ਹਾਂ ਵਿੱਚੋਂ 12 ਮੈਂਬਰ ਨੇ ਜਿਹੜੇ ਉਹ ਮੌਜੂਦਾ ਸਰਕਾਰ ਦੇ ਹਨ ਆਮ ਆਦਮੀ ਪਾਰਟੀ ਦੇ ਹਨ ਅਤੇ ਸੱਤ ਕਾਂਗਰਸ ਕੋਲ ਨੇ ਅਤੇ ਛੇ ਨੇ ਮੈਂਬਰ ਸ਼੍ਰੋਮਣੀ ਅਕਾਲੀ ਦਲ ਕੋਲ ਹਨ ਅਤੇ ਬਹੁਮਤ ਵਾਲੇ ਵਿਅਕਤੀ ਚੇਅਰਮੈਨ ਬਣੂਗਾ ਜਿਸ ਨੂੰ ਵੱਧ ਵੋਟਾਂ ਪੈਣਗੀਆਂ, ਅੱਜ ਕਾਂਗਰਸ ਅਤੇ ਅਕਾਲੀ ਦਲ ਦੇ ਮੈਂਬਰ ਮੀਟਿੰਗ ਵਿੱਚ ਨਹੀਂ ਪਹੁੰਚੇ ਐਸਡੀਐਮ ਨਾਭਾ ਤੇ ਬੀਡੀਪੀਓ ਬਲਜੀਤ ਕੌਰ ਅਤੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਇਸ ਚੋਣ ਵਿੱਚ ਹਾਜ਼ਰ ਰਹੇ ਤੇ ਆਮ ਆਦਮੀ ਪਾਰਟੀ ਦੇ ਮੈਂਬਰ ਨੇ ਜਿਹੜੇ ਉਹ ਬੈਠ ਕੇ ਇੱਕ ਘੰਟਾ ਇੰਤਜ਼ਾਰ ਕਰਨ ਤੋਂ ਬਾਅਦ ਚਲੇ ਗਏ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੇ ਛੇ



ਅਤੇ ਕਾਂਗਰਸ ਦੇ ਸੱਤ ਜਿਹੜੇ ਬਲਾਕ ਸੰਮਤੀ ਮੈਂਬਰ ਨੇ ਉਹ ਅੱਜ ਇਸ ਚੇਅਰਮੈਨ ਦੀ ਚੋਣ ਦੇ ਵਿੱਚ ਨਹੀਂ ਪਹੁੰਚੇ ਜਿਸ ਕਰਕੇ ਚੋਣ ਕੈਂਸਲ ਕਰ ਦਿੱਤੀ ਗਈ ਹੈ ਐਸਡੀਐਮ ਨਾਭਾ ਦਾ ਕਹਿਣਾ ਕਿ ਜਦੋਂ ਤੱਕਰ ਉਹਨਾਂ ਵੱਲੋਂ ਮੀਟਿੰਗ ਦੇ ਵਿੱਚ ਸ਼ਮੂਲੀਅਤ ਨਹੀਂ ਕੀਤੀ ਜਾਂਦੀ ਚੋਣ ਨਹੀਂ ਹੋ ਸਕਦੀ, ਕਿਉਂਕਿ ਬਹੁਮਤ ਹੋਣਾ ਜ਼ਰੂਰੀ ਹੈ। ਇਸ ਮੌਕੇ ਬੀਡੀਪੀਓ ਨਾਭਾ ਅਤੇ ਐਸਡੀਐਮ ਨਾਭਾ ਵੱਲੋਂ ਕਲੀਅਰ ਕੀਤੀ ਗਈ ਕਿ ਵਿਧਾਇਕ ਦੀ ਵੋਟ ਵੀ ਹੈ ਜਿਹੜੀ ਇਸ ਚੋਣ ਦੇ ਅੰਦਰ ਪੈ ਸਕਦੀ ਹੈ ਉਸ ਤੋਂ ਬਿਨਾਂ ਹੋਏਗਾ ਕਿ ਜੋ ਇੱਕ ਵਿਅਕਤੀ ਇੱਕ ਬਲਾਕ ਸੰਮਤੀ ਮੈਂਬਰ ਆਮ ਆਦਮੀ ਪਾਰਟੀ ਕੋਲ ਘੱਟ ਹੈ ਉਹ ਅਕਾਲੀ ਦਲ ਜਾਂ ਕਾਂਗਰਸ ਵੱਲੋਂ ਉਹਨਾਂ ਨੂੰ ਮਿਲਦਾ ਹੈ ਜਾਂ ਨਹੀਂ ਅਤੇ ਆਉਣ ਵਾਲਾ ਸਮੇਂ ਦੇ ਅੰਦਰ ਐਸਡੀਐਮ ਅਰਵਿੰਦਰਪਾਲ ਸਿੰਘ ਸੋਮਲ ਨਾਭਾ ਵੱਲੋਂ ਇਸ ਸਬੰਧੀ ਦੁਬਾਰਾ ਚੋਣ ਜਿਹੜੀ ਰੱਖੀ ਜਾਵੇਗੀ। ਇਸ ਸਬੰਧੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਅੱਜ ਬੀਡੀਓ ਦਫਤਰ ਨਾਭਾ ਵਿੱਚ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਮੀਟਿੰਗ ਹੋਈ ਹੈ ਜਿਸ ਵਿੱਚ ਆਮ ਆਦਮੀ ਪਾਰਟੀ ਦੇ 12 ਮੈਂਬਰ ਮੌਜੂਦ ਸਨ ਅਤੇ ਕਾਂਗਰਸ ਅਤੇ ਅਕਾਲੀ ਦਲ ਵੱਲੋਂ ਬਾਈਕਾਟ ਕੀਤਾ ਗਿਆ। ਵਿਧਾਇਕ ਨੇ ਕਿਹਾ ਕੁੱਲ ਮੈਂਬਰ 25 ਹਨ 12 ਆਮ ਆਦਮੀ ਪਾਰਟੀ ਦੇ ਇੱਕ ਵੋਟ ਵਿਧਾਇਕ ਦੀ ਕਾਊਂਟ ਹੋਵੇਗੀ ਅਤੇ ਉਹਨਾਂ ਕਿਹਾ ਕਿ ਸਾਡੀ ਜੋ ਬਹੁ ਗਿਣਤੀ ਹੈ ਉਹ ਲਗਭਗ ਪੂਰੀ ਹੋ ਚੁੱਕੀ ਹੈ ਅਸੀਂ ਚਾਹੁੰਦੇ ਆ ਕਿ ਨਾਭਾ ਹਲਕੇ ਦੀ ਤੇ ਸ਼ਹਿਰ ਦੀ ਡਿਵੈਲਪਮੈਂਟ ਲਈ ਅਕਾਲੀ ਦਲ ਅਤੇ ਕਾਂਗਰਸ ਨੂੰ ਵੀ ਨਾਲ ਆਉਣਾ ਚਾਹੀਦਾ ਹੈ ਤਾਂ ਕੇ ਰਲ ਕੇ ਵਿਕਾਸ ਕੀਤਾ ਜਾਵੇ ਉਹਨਾਂ ਕਿਹਾ ਕਿ ਰਵਾਇਤੀ ਪਾਰਟੀਆਂ ਜੋ ਪਹਿਲਾਂ ਇਸ ਤਰ੍ਹਾਂ ਦੀ ਰਾਜਨੀਤੀ ਖੇਲਦੀਆਂ ਨੇ ਉਹਨਾਂ ਨੇ ਅੱਜ ਵੀ ਇਸੇ ਕੜੀ ਤਹਿਤ ਇਸ ਮੀਟਿੰਗ ਨੂੰ ਕੈਂਸਲ ਕਰ ਦਿੱਤਾ ਹੈ। ਤੇ ਉਹ ਆਉਣ ਵਾਲੇ ਸਮੇਂ ਚ ਜਲਦੀ ਹੀ ਸਮਾਂ ਤੈਅ ਕਰਕੇ ਮੀਟਿੰਗ ਕੀਤੀ ਜਾਵੇਗੀ ਅਤੇ ਜਲਦੀ ਹੀ ਚੋਣ ਕੀਤੀ ਜਾਵੇਗੀ ਇਸ ਮੌਕੇ ਐਸ ਡੀ ਐਮ ਅਰਵਿੰਦਰਪਾਲ ਸਿੰਘ ਸੋਮਲ ਨਾਭਾ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅੱਜ ਦੀ ਜੋ ਮੀਟਿੰਗ ਸੀ ਮੈਂਬਰ ਪੂਰੇ ਨਾ ਹੋਣ ਕਰਕੇ ਕੈਂਸਲ ਕਰਨੀ ਪਈ ਅਤੇ ਜਲਦੀ ਹੀ ਅਗਲੀ ਮੀਟਿੰਗ ਤੈਅ ਕੀਤੀ ਜਾਵੇਗੀ।



# ਪਟਿਆਲਾ-ਆਸ/ਪਾਸ



## ਸਹੁਰਾ ਪਰਿਵਾਰ ਤੋਂ ਤੰਗ ਆ ਕੇ ਵਿਆਹੁਤਾ ਵੱਲੋਂ ਖ਼ੁਦਕੁਸ਼ੀ

➢ਇਨਸਾਫ਼ ਲਈ ਪਰਿਵਾਰ ਨੇ ਭਾਖੜਾ ਪੁਲ 'ਤੇ ਲਗਾਇਆ ਜਾਮ

➢ਪਤੀ, ਸੱਸ, ਸਹੁਰੇ ਅਤੇ ਜਠਾਣੀ ਖ਼ਿਲਾਫ਼ ਮਾਮਲਾ ਦਰਜ



ਸਮਾਣਾ, 5 ਮਾਰਚ (ਵਿਜੇ ਕੁਮਾਰ) : 7 ਸਾਲ ਪਹਿਲਾਂ ਵਿਆਹੀ ਅਤੇ 5 ਸਾਲਾ ਬੇਟੀ ਦੀ ਮਾਂ ਵੱਲੋਂ ਸਹੁਰਾ ਪਰਿਵਾਰ ਤੋਂ ਤੰਗ-ਪ੍ਰੇਸ਼ਾਨ ਹੋ ਕੇ ਫਾਹਾ ਲੈ ਕੇ ਖ਼ੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕਾ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਸਿਟੀ ਪੁਲਿਸ ਨੇ ਮ੍ਰਿਤਕਾ ਦੇ ਪਿਤਾ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਉਸ ਦੇ ਪਤੀ, ਸੱਸ, ਸਹੁਰੇ ਅਤੇ ਜਠਾਣੀ ਖ਼ਿਲਾਫ਼ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਹੇਠ ਮਾਮਲਾ ਦਰਜ ਕਰ ਲਿਆ ਹੈ। ਮੁਲਜ਼ਮਾਂ ਵਿੱਚ ਮ੍ਰਿਤਕਾ ਦਾ ਪਤੀ ਦਲਜੀਤ ਸਿੰਘ,ਸਹੁਰਾ ਕੁਲਦੀਪ ਸਿੰਘ, ਸੱਸ ਬਲਵਿੰਦਰ ਕੌਰ ਅਤੇ ਜਠਾਣੀ ਜੋਤ ਕੌਰ ਸ਼ਾਮਲ ਹਨ। ਇਸ ਦੌਰਾਨ 3 ਦਿਨ ਬੀਤ ਜਾਣ ਦੇ ਬਾਵਜੂਦ ਪੁਲਿਸ ਵੱਲੋਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਾ ਕੀਤੇ ਜਾਣ ਦੇ ਵਿਰੋਧ ਵਿੱਚ ਪਰਿਵਾਰਕ ਮੈਂਬਰਾਂ ਨੇ ਮ੍ਰਿਤਕਾ ਦਾ ਪੋਸਟਮਾਰਟਮ ਕਰਵਾਉਣ ਤੋਂ ਇਨਕਾਰ ਕਰ ਦਿੱਤਾ,ਅਤੇ ਸਮਾਣਾ-ਪਟਿਆਲਾ ਸੜਕ 'ਤੇ ਸਥਿਤ ਭਾਖੜਾ ਪੁਲ 'ਤੇ ਧਰਨਾ ਲਗਾ ਕੇ ਸਟੇਟ ਹਾਈਵੇਅ ਦੋਵਾਂ ਪਾਸਿਆਂ ਤੋਂ ਜਾਮ ਕਰ ਦਿੱਤਾ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਸ ਮੁਖੀ ਸਬ-ਇੰਸਪੈਕਟਰ ਬਲਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਸ਼ਰਨਜੀਤ ਕੌਰ (26) ਦੇ ਪਿਤਾ ਤਰਸੇਮ ਸਿੰਘ (ਨਿਵਾਸੀ ਡੇਰਾ ਸਹਿਜਪੁਰ ਰੋਡ, ਪਿੰਡ ਸਾਧੂਗੜ੍ਹ) ਅਨੁਸਾਰ ਉਨ੍ਹਾਂ ਨੇ 7 ਸਾਲ ਪਹਿਲਾਂ ਆਪਣੀ ਧੀ ਦਾ ਵਿਆਹ ਦਲਜੀਤ ਸਿੰਘ (ਨਿਵਾਸੀ ਗੁਰੂ ਨਾਨਕ ਮੁਹੱਲਾ, ਸਮਾਣਾ) ਨਾਲ ਕੀਤਾ ਸੀ। ਉਨ੍ਹਾਂ ਦੀ ਇੱਕ 5 ਸਾਲ ਦੀ ਬੇਟੀ ਵੀ ਹੈ। ਪਿਤਾ ਨੇ ਦੋਸ਼ ਲਾਇਆ ਕਿ 2-3 ਸਾਲ ਪਹਿਲਾਂ ਸ਼ਰਨਜੀਤ ਦੇ ਜੇਠ ਦੀ ਕਿਡਨੀ ਖ਼ਰਾਬ ਹੋਣ 'ਤੇ ਸਹੁਰਾ ਪਰਿਵਾਰ ਨੇ ਉਸ ਤੋਂ ਕਿਡਨੀ ਦੀ ਮੰਗ ਕੀਤੀ ਸੀ, ਪਰ ਉਸ ਨੇ ਇਨਕਾਰ ਕਰ ਦਿੱਤਾ।ਜੇਠ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਜਵਾਈ ਦਲਜੀਤ ਸਿੰਘ ਦੇ ਆਪਣੀ ਭਰਜਾਈ ਨਾਲ ਕਥਿਤ ਨਾਜਾਇਜ਼ ਸਬੰਧ ਬਣ ਗਏ, ਜਿਸ ਕਾਰਨ ਸਹੁਰਾ ਪਰਿਵਾਰ ਨੇ ਸ਼ਰਨਜੀਤ ਦੀ ਕੁੱਟਮਾਰ ਕਰਨੀ ਅਤੇ ਉਸ ਨੂੰ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ।ਸਹੁਰਿਆਂ ਦੀ ਰੋਜ਼ਾਨਾ ਦੀ ਕੁੱਟਮਾਰ ਅਤੇ ਤੰਗ-ਪ੍ਰੇਸ਼ਾਨੀ ਤੋਂ ਦੁਖੀ ਹੋ ਕੇ ਉਨ੍ਹਾਂ ਦੀ ਧੀ ਨੇ 1 ਮਾਰਚ ਦੀ ਰਾਤ ਨੂੰ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਪੁਲਿਸ ਅਧਿਕਾਰੀ ਅਨੁਸਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਧੋਖਾਧੜੀ ਦੇ ਮਾਮਲੇ 'ਚ ਦੋਸ਼ੀ ਨੂੰ ਤਿੰਨ ਸਾਲ ਦੀ ਸਜ਼ਾ




ਪਟਿਆਲਾ, 5 ਮਾਰਚ (ਵਿਨੋਦ ਸ਼ਰਮਾ) :ਧੋਖਾਧੜੀ ਦੇ ਮਾਮਲੇ ਵਿੱਚ ਅਦਾਲਤ ਨੇ ਇੱਕ ਵਿਅਕਤੀ ਕ੍ਰਿਸ਼ਨ ਸਿੰਘ ਵਾਸੀ ਮੂਣਕ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ ਅਤੇ ਦੋ ਹਜ਼ਾਰ ਰੁਪਏ ਜੁਰਮਾਨਾ ਭਰਨ ਦੇ ਆਦੇਸ਼ ਦਿੱਤੇ ਹਨ। ਪੁਲਿਸ ਕੋਲ ਮਹਿਲਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਕਤ ਵਿਅਕਤੀ ਨੇ ਉਸ ਦੀ ਲੜਕੀ ਨੂੰ ਨੌਕਰੀ ਦਿਵਾਉਣ ਦਾ ਝਾਂਸਾ ਦਿੱਤਾ ਸੀ ਅਤੇ ਬਾਅਦ ਵਿਚ ਉਸ ਨੂੰ ਨਾ ਨੌਕਰੀ ਦਿਵਾਈ ਨਾ ਪੈਸੇ ਵਾਪਸ ਕੀਤੇ। ਪੁਲਿਸ ਨੇ ਸਾਲ 2019 ਵਿਚ ਉਕਤ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਸੀ।

## ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਵਿਆਪਕ ਸੁਧਾਰ ਲਿਆਉਣ ਲਈ ਵਚਨਬੱਧ : ਕੁਲਤਾਰ ਸਿੰਘ ਸੰਧਵਾਂ

➢ਸਪੀਕਰ ਸੰਧਵਾਂ, ਡਾ. ਗੁਰਪ੍ਰੀਤ ਕੌਰ ਤੇ ਵਿਧਾਇਕ ਗੱਜਣਮਾਜਰਾ ਵੱਲੋਂ ਤਾਰਾ ਵਿਵੇਕ ਕਾਲਜ ਵਿਖੇ ਕਨਵੋਕੇਸ਼ਨ ਮੌਕੇ ਸ਼ਿਰਕਤ

ਮਲੇਰਕੋਟਲਾ, 5 ਮਾਰਚ (ਬਲਜੀਤ ਸਿੰਘ ਟਿੱਬਾ) : ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਵਿਆਪਕ ਸੁਧਾਰ ਲਿਆਉਣ ਲਈ ਵਚਨਬੱਧ ਹੈ। ਰਾਜ ਦੇ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿੱਚ ਆਧੁਨਿਕ ਕਲਾਸਰੂਮ, ਲੈਬੋਰਟਰੀਆਂ, ਲਾਇਬ੍ਰੇਰੀਆ ਬਣਾਕੇ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਮੁਹੱਈਆ ਕਰਵਾਉਣ ਦੇ ਕਾਬਿਲ ਬਣਾਇਆ ਜਾ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾ ਨੇ ਤਾਰਾ ਵਿਵੇਕ ਕਾਲਜ ਗੱਜਣਮਾਜਰਾ ਦੀ ਕਾਨਵੋਕੇਸ਼ਨ ਸਮਾਗਮ ਦੌਰਾਨ ਸੰਬੋਧਨ ਕਰਦਿਆ ਕੀਤਾ। ਇਸ ਮੌਕੇ ਉਨ੍ਹਾਂ ਨਾਲ ਡਾ. ਗੁਰਪ੍ਰੀਤ ਕੌਰ ਪਤਨੀ ਮੁੱਖ ਮੰਤਰੀ ਪੰਜਾਬ, ਵਿਧਾਇਕ ਅਮਰਗੜ ਜਸਵੰਤ ਸਿੰਘ ਗੱਜਣਮਾਜਰਾ ਵੀ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ। ਸ੍ਰ. ਸੰਧਵਾ ਨੇ ਕਿਹਾ ਕਿ ਸਿੱਖਿਆ ਸੰਸਥਾਵਾਂ ਸਿਰਫ ਨੌਜਵਾਨਾਂ ਦਾ ਭਵਿੱਖ ਹੀ ਨਹੀ ਬਣਾਉਂਦੀਆਂ ਸਗੋਂ ਸਮਾਜ ਤੇ ਦੇਸ਼ ਦੇ ਭਵਿੱਖ ਦਾ ਨਿਰਮਾਣ ਕਰਨ ਦੇ ਨਾਲ-ਨਾਲ ਸਮਾਜ ਦੇ ਚਰਿੱਤਰ ਨੂੰ ਆਕਾਰ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਦੇ ਨਾਲ-ਨਾਲ ਉਨਾਂ ਦੇ ਅਧਿਆਪਕ ਵਧਾਈ ਦੇ ਪਾਤਰ ਹਨ ਜਿਨ੍ਹਾਂ ਵਿਦਿਆਰਥੀਆਂ ਨੂੰ ਸਮਾਜ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਦੇ ਯੋਗ ਬਣਾਇਆ ਹੈ। ਡਾ. ਗੁਰਪ੍ਰੀਤ ਕੌਰ ਨੇ ਕਿਹਾ ਕਿ ਸਿੱਖਿਆ ਹੀ ਸਫਲਤਾ ਦੀ ਕੁੰਜੀ ਹੈ ਅਤੇ ਮਿਹਨਤ, ਅਨੁਸ਼ਾਸਨ ਅਤੇ ਇਮਾਨਦਾਰੀ ਨਾਲ ਹਰ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ। ਉਨਾਂ ਪੰਜਾਬ ਸਰਕਾਰ ਦੀ ਸਿੱਖਿਆ ਨੀਤੀ ਦੀ ਸ਼ਲਾਘਾ ਕੀਤੀ। ਇਸ ਮੌਕੇ ਹਲਕਾ ਵਿਧਾਇਕ ਅਮਰਗੜ ਸ੍ਰ. ਜਸਵੰਤ ਸਿੰਘ ਗੱਜਣਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਵੱਡੇ ਪੱਧਰ 'ਤੇ ਰੋਜ਼ਗਾਰ ਮੁਹੱਈਆ ਕਰਵਾ ਰਹੀ ਹੈ ਅਤੇ ਸੂਬੇ ਦੇ ਵੱਖ-ਵੱਖ ਵਰਗਾਂ ਦੀ ਭਲਾਈ ਲਈ ਸਰਕਾਰ ਪੂਰੀ ਤਰ੍ਹਾਂ ਗੰਭੀਰਤਾ ਨਾਲ ਫੈਸਲੇ ਲੈ ਰਹੀ ਹੈ, ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਹੁਣ ਨੌਜਵਾਨ ਪੰਜਾਬ ਅੰਦਰ ਰਹਿ ਕੇ ਰੋਜ਼ਗਾਰ ਹਾਸਲ ਕਰ ਰਹੇ ਹਨ। ਉਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ 'ਚ 65 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਨਿਰੋਲ ਮੈਰਿਟ ਤੇ ਆਧਾਰ ਤੇ ਮੁਹੱਈਆ ਕਰਵਾਈਆ ਗਈਆ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਬੀ.ਡੀ.ਪੀ.ਓ ਬਬਲਜੀਤ ਕੌਰ, ਕਾਲਜ ਦੀ ਡਾਇਰੈਕਟਰ ਡਾ. ਪਰਮਿੰਦਰ ਕੌਰ ਮੰਡੇਰ, ਵਿਧਾਇਕ ਅਮਰਗੜ੍ਹ ਦੇ ਭਰਾ ਕੁਲਵੰਤ ਸਿੰਘ, ਪ੍ਰਿੰਸੀਪਲ ਜਗਦੀਪ ਕੌਰ ਅਹੂਜਾ, ਵਾਇਸ ਪ੍ਰਿੰਸੀਪਲ ਪ੍ਰੋ. ਮੁਹੰਮਦ ਹਲੀਮ ਸ਼ਿਆਮਾ, ਕੁਆਡੀਨੇਟਰ ਪ੍ਰੋ. ਇਕਬਾਲ ਸਿੰਘ, ਡਾ. ਅਨੂਪਰਿੰਦਰ, ਡਾ. ਸੁਪ੍ਰੀਤ ਕੌਰ, ਡਾ. ਰਮਨ ਕੁਮਾਰ, ਡਾ. ਰਾਜੂ ਰੋਸ਼ਾ ਤੋਂ ਇਲਾਵਾਂ ਵੱਡੀ ਗਿਣਤੀ ਵਿੱਚ ਕਾਲਜ ਪਾਸ ਕੀਤੇ ਵਿਦਿਆਰਥੀ ਮੌਜੂਦ ਸਨ।



## ਲਾਪਤਾ ਨੌਜਵਾਨ ਦੀ ਲਾਸ਼ ਨਹਿਰ 'ਚੋਂ ਮਿਲੀ

ਸਮਾਣਾ, 5 ਮਾਰਚ (ਵਿਜੇ ਕੁਮਾਰ) : 5 ਦਿਨ ਪਹਿਲਾਂ ਮੋਟਰਸਾਈਕਲ ਸਮੇਤ ਘਰੋਂ ਲਾਪਤਾ ਹੋਏ ਇੱਕ ਕਿਸਾਨ ਨੌਜਵਾਨ ਦੀ ਲਾਸ਼ ਭਾਖੜਾ ਨਹਿਰ ਵਿੱਚੋਂ ਬਰਾਮਦ ਹੋਈ ਹੈ, ਜਿਸ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੀ ਜਾਂਚ ਕਰ ਰਹੇ ਸ਼ੁਤਰਾਣਾ ਪੁਲਿਸ ਦੇ ਏ.ਐਸ.ਆਈ. ਪਵਨ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਜਸਪ੍ਰੀਤ ਸਿੰਘ (29) ਦੇ ਪਿਤਾ ਭੋਲਾ ਸਿੰਘ, ਨਿਵਾਸੀ ਪਿੰਡ ਗੋਬਿੰਦਪੁਰਾ ਪੈਂਦ (ਪਾਤੜਾਂ) ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ ਜਸਪ੍ਰੀਤ ਸਿੰਘ ਖੇਤੀਬਾੜੀ ਦਾ ਕੰਮ ਕਰਦਾ ਸੀ ਅਤੇ ਪਿਛਲੇ ਕੁਝ ਸਮੇਂ ਤੋਂ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਇਕ ਮਾਰਚ ਦੀ ਸ਼ਾਮ ਨੂੰ ਉਹ ਆਪਣੇ ਮੋਟਰਸਾਈਕਲ 'ਤੇ ਘਰੋਂ ਗਿਆ ਸੀ, ਪਰ ਵਾਪਸ ਨਹੀਂ ਆਇਆ। ਭਾਲ ਦੌਰਾਨ ਉਸ ਦਾ ਮੋਟਰਸਾਈਕਲ ਪਿੰਡ ਧਨੇਠਾ ਤੋਂ ਪਿੰਡ ਜੌੜਾਮਾਜਰਾ ਨੂੰ ਜਾਂਦੀ ਭਾਖੜਾ ਨਹਿਰ ਦੀ ਪਟੜੀ ਤੋਂ ਮਿਲਿਆ, ਜਿਸ ਕਾਰਨ ਉਸ ਦੇ ਨਹਿਰ ਵਿੱਚ ਛਾਲ ਮਾਰਨ ਦਾ ਖ਼ਦਸ਼ਾ ਪੈਦਾ ਹੋ ਗਿਆ । ਪਰਿਵਾਰਕ ਮੈਂਬਰਾਂ ਨੇ ਗੋਤਾਖੋਰਾਂ ਦੀ ਮਦਦ ਨਾਲ ਜਸਪ੍ਰੀਤ ਦੀ ਭਾਲ ਸ਼ੁਰੂ ਕੀਤੀ। 3 ਮਾਰਚ ਨੂੰ ਦੁਪਹਿਰ ਬਾਅਦ ਉਸ ਦੀ ਲਾਸ਼ ਪਿੰਡ ਜੌੜਾਮਾਜਰਾ ਕੋਲੋਂ ਲੰਘਦੀ ਭਾਖੜਾ ਨਹਿਰ ਵਿੱਚੋਂ ਮਿਲੀ, ਜਿਸ ਨੂੰ ਸਿਵਲ ਹਸਪਤਾਲ ਸਮਾਣਾ ਦੀ ਮੋਰਚਰੀ ਵਿੱਚ ਰਖਵਾਇਆ ਗਿਆ ਸੀ। ਕੈਨੇਡਾ ਵਿੱਚ ਰਹਿੰਦੇ ਮ੍ਰਿਤਕ ਦੇ ਭਰਾ ਦੇ ਪਿੰਡ ਪਹੁੰਚਣ ਤੋਂ ਬਾਅਦ ਲਾਸ਼ ਦਾ ਪੋਸਟਮਾਰਟਮ ਕਰਵਾਇਆ ਗਿਆ। ਪੁਲਿਸ ਅਧਿਕਾਰੀ ਅਨੁਸਾਰ ਦਰਜ ਕਰਵਾਏ ਬਿਆਨਾਂ ਦੇ ਆਧਾਰ 'ਤੇ ਸ਼ੁਤਰਾਣਾ ਪੁਲਿਸ ਨੇ ਭਾਰਤੀ ਨਿਆ ਸੰਹਿਤਾ ਦੀ ਧਾਰਾ 194 ਤਹਿਤ ਕਾਰਵਾਈ ਕਰਦਿਆਂ ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ।

## ਬਲਾਕ ਸੰਮਤੀ ਸ਼ੇਰਪੁਰ ਦੇ ਚਰਨ ਸਿੰਘ ਚੇਅਰਮੈਨ ਤੇ ਰਮਨਦੀਪ ਕੌਰ ਵਾਈਸ ਚੇਅਰਪਰਸਨ ਚੁਣੇ



ਸ਼ੇਰਪੁਰ, 5 ਮਾਰਚ (ਬਲਜੀਤ ਸਿੰਘ ਟਿੱਬਾ) : ਬਲਾਕ ਸੰਮਤੀ ਸ਼ੇਰਪੁਰ ਦੇ ਚੇਅਰਮੈਨ ਅਤੇ ਵਾਈਸ ਚੇਅਰਪਰਸਨ ਦੀ ਚੋਣ ਅੱਜ ਐਸ.ਡੀ.ਐਮ ਦਫ਼ਤਰ ਧੂਰੀ ਵਿਖੇ ਬਲਾਕ ਸੰਮਤੀ ਮੈਂਬਰਾਂ ਦੀ ਮੌਜੂਦਗੀ ਵਿੱਚ ਕਰਵਾਈ ਗਈ। ਚੋਣ ਪ੍ਰਕਿਰਿਆ ਦੌਰਾਨ ਸੰਮਤੀ ਮੈਂਬਰਾਂ ਵੱਲੋਂ ਚਰਨ ਸਿੰਘ ਨੂੰ ਬਲਾਕ ਸੰਮਤੀ ਸ਼ੇਰਪੁਰ ਦਾ ਚੇਅਰਮੈਨ ਅਤੇ ਰਮਨਦੀਪ ਕੌਰ ਨੂੰ ਵਾਈਸ ਚੇਅਰਪਰਸਨ ਚੁਣਿਆ ਗਿਆ। ਇਸ ਮੌਕੇ ਬਲਾਕ ਸੰਮਤੀ ਮੈਂਬਰਾਂ ਅਤੇ ਹਾਜ਼ਰ ਪਤਵੰਤੇ ਸੱਜਣਾਂ ਵੱਲੋਂ ਨਵੇਂ ਚੁਣੇ ਗਏ ਚੇਅਰਮੈਨ ਅਤੇ ਵਾਈਸ ਚੇਅਰਪਰਸਨ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਅਗਵਾਈ ਹੇਠ ਬਲਾਕ ਸੰਮਤੀ ਖੇਤਰ ਦੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਉਣ ਦਾ ਭਰੋਸਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਬਲਾਕ ਸੰਮਤੀ ਰਾਹੀਂ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਦੇ ਵਿਕਾਸ, ਲੋਕ ਭਲਾਈ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਾਂਝੇ ਤੌਰ 'ਤੇ ਕੰਮ ਕੀਤਾ ਜਾਵੇਗਾ। ਚੇਅਰਮੈਨ ਚੁਣੇ ਜਾਣ ਉਪਰੰਤ ਚਰਨ ਸਿੰਘ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਬਲਾਕ ਸੰਮਤੀ ਮੈਂਬਰਾਂ, ਪਾਰਟੀ ਆਗੂਆਂ ਅਤੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ 2013 ਤੋਂ ਆਮ ਆਦਮੀ ਪਾਰਟੀ ਨਾਲ ਵਲੰਟੀਅਰ ਵਜੋਂ ਜੁੜੇ ਹੋਏ ਹਨ। ਇਸ ਦੌਰਾਨ ਵਾਈਸ ਚੇਅਰਪਰਸਨ ਚੁਣੀ ਗਈ ਰਮਨਦੀਪ ਕੌਰ ਨੇ ਵੀ ਬਲਾਕ ਸੰਮਤੀ ਮੈਂਬਰਾਂ ਅਤੇ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ 2014 ਤੋਂ ਆਮ ਆਦਮੀ ਪਾਰਟੀ ਨਾਲ ਜੁੜੇ ਹੋਏ ਹਨ ਅਤੇ ਬਲਾਕ ਪ੍ਰਧਾਨ ਐਸਸੀ ਵਿੰਗ ਵੂਮੈਨ ਵਜੋਂ ਵੀ ਪਾਰਟੀ ਦੀ ਮਜ਼ਬੂਤੀ ਲਈ ਲਗਾਤਾਰ ਸੇਵਾਵਾਂ ਦਿੰਦੇ ਰਹੇ ਹਨ।

## ਬਲਾਕ ਸੰਮਤੀ ਸਨੌਰ ਦੇ ਗੁਰਵਿੰਦਰ ਸਿੰਘ ਹੈਪੀ ਪਹਾੜੀਪੁਰ ਚੇਅਰਮੈਨ ਤੇ ਕਿਰਨਜੀਤ ਕੌਰ ਘੁਮਾਣ ਨੂੰ ਵਾਈਸ ਚੇਅਰਪਰਸਨ ਵਜੋਂ ਚੁਣਿਆ

ਸਨੌਰ, 5 ਮਾਰਚ (ਪ੍ਰਥਮ ਕੁਮਾਰ) : ਹਲਕਾ ਸਨੌਰ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਹੋਰ ਵੱਡੀ ਮਜ਼ਬੂਤੀ ਮਿਲੀ ਜਦੋਂ ਬਲਾਕ ਸੰਮਤੀ ਸਨੌਰ, ਦੇ ਚੇਅਰਮੈਨ ਅਤੇ ਵਾਇਸ ਚੇਅਰਮੈਨ ਦੀ ਚੋਣ ਪ੍ਰਕਿਰਿਆ ਅਮਨ-ਅਮਾਨ ਨਾਲ ਨੇਪਰੇ ਚੜ੍ਹੀ। ਇਸ ਮਹੱਤਵਪੂਰਨ ਚੋਣ ਵਿੱਚ ਗੁਰਵਿੰਦਰ ਸਿੰਘ ਹੈਪੀ ਪਹਾੜੀਪੁਰ ਨੂੰ ਚੇਅਰਮੈਨ ਅਤੇ ਕਿਰਨਜੀਤ ਕੌਰ ਘੁਮਾਣ ਨੂੰ ਵਾਈਸ ਚੇਅਰਪਰਸਨ ਵਜੋਂ ਚੁਣਿਆ ਗਿਆ। ਇਸ ਦੇ ਨਾਲ ਦੱਸਣਯੋਗ ਹੈ ਕਿ ਇਹ ਚੋਣ ਪ੍ਰੀਕਿਰਿਆ ਮੈਡਮ ਹਰਜੋਤ ਕੌਰ ਅਬਜ਼ਰਵਰ ਤੇ ਉਪ ਮੰਡਲ ਮੈਜਿਸਟਰੇਟ ਦੂਧਨ ਸਾਧਾ ਦੀ ਦੇਖ ਰੇਖ ਹੇਠ ਹੋਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ ਇੰਚਾਰਜ



ਰਣਜੋਧ ਸਿੰਘ ਹਡਾਣਾ ਨੇ ਨਵੀਂ ਚੁਣੀ ਗਈ ਲੀਡਰਸ਼ਿਪ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਦੇ ਨਾਲ ਵਰਕਰਾਂ ਨੇ ਜਸ਼ਨ ਮਨਾਇਆ ਤੇ ਇਸ ਮੌਕੇ ਪ੍ਰਦੀਪ ਜੋਸਨ ਪ੍ਰਧਾਨ ਨਗਰ ਕੌਂਸਲ ਸਨੌਰ, ਚਰਨਜੀਤ ਸਿੰਘ ਨੈਨਾ ਚੇਅਰਮੈਨ ਬਲਾਕ ਸੰਮਤੀ ਭੁਨਰਹੇੜੀ, ਸਿਮਰਜੀਤ ਸਿੰਘ ਸੋਹਲ ਵਾਈਸ ਚੇਅਰਮੈਨ ਬਲਾਕ ਸਮਿਤੀ ਭੁਨਰਹੇੜੀ, ਗੁਰਿੰਦਰਪਾਲ ਸਿੰਘ ਅਦਾਲਤੀਵਾਲਾ ਮੈਂਬਰ ਬਲਾਕ ਸੰਮਤੀ, ਅਰਵਿੰਦਰ ਸਿੰਘ ਸਰਪੰਚ ਜਲਾਲਪੁਰ, ਦਵਿੰਦਰ ਸਿੰਘ ਮਾੜੂ ਬਲਾਕ ਪ੍ਰਧਾਨ, ਗੁਰਪ੍ਰੀਤ ਸਿੰਘ ਸਰਪੰਚ ਰਿਸ਼ੀ ਕਲੋਨੀ ਤੇ ਬਲਾਕ ਪ੍ਰਧਾਨ, ਹਰਪ੍ਰੀਤ ਘੁਮਾਣ ਬਲਾਕ ਪ੍ਰਧਾਨ, ਬਲਿਹਾਰ ਚੀਮਾ, ਰਮਿੰਦਰ ਜਮਨਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਅਮਰ ਸੰਘੇੜਾ ਯੂਥ ਪ੍ਰਧਾਨ, ਭੂਸ਼ਨ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂ, ਪੰਚਾਂ-ਸਰਪੰਚਾਂ ਅਤੇ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਇਕੱਠੇ ਹੋ ਕੇ ਲੱਡੂ ਵੰਡੇ ਅਤੇ ਖ਼ੁਸ਼ੀ ਸਾਂਝੀ ਕੀਤੀ।

## ਪਰਮਜੀਤ ਕੌਰ ਦੁਗਾਲ ਨੂੰ ਬਲਾਕ ਸੰਮਤੀ ਪਾਤੜਾਂ ਦੀ ਚੇਅਰਪਰਸਨ ਬਣਾਇਆ

➢ਵਾਈਸ ਚੇਅਰਪਰਸਨ ਸੁਖਜਿੰਦਰ ਕੌਰ ਕੁਲਾਰਾਂ ਨੂੰ ਚੁਣਿਆ

➢ਵਿਧਾਇਕ ਕੁਲਵੰਤ ਸਿੰਘ ਬਾਜੀਗਰ ਤੇ ਮਾਰਕੀਟ ਕਮੇਟੀ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਵਧਾਈ ਦਿੱਤੀ



ਪਾਤੜਾਂ, 5 ਮਾਰਚ (ਹਰਮਿੰਦਰ ਕਰਤਾਰਪੁਰ): ਬਲਾਕ ਸੰਮਤੀ ਪਾਤੜਾਂ ਦੀ ਚੋਣ ਅੱਜ ਬੀਡੀਪੀਓ ਦਫ਼ਤਰ ਪਾਤੜਾਂ ਵਿੱਚ ਸਰਬਸੰਮਤੀ ਨਾਲ ਹੋਈ, ਜਿਸ ਵਿੱਚ ਬਲਾਕ ਸੰਮਤੀ ਮੈਂਬਰ ਬੀਬੀ ਪ੍ਰਮਜੀਤ ਕੌਰ ਦੁਗਾਲ ਨੂੰ ਹਾਜ਼ਰ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਚੇਅਰਪਰਸਨ ਚੁਣਿਆ ਗਿਆ, ਜਦ ਕਿ ਬੀਬੀ ਸੁਖਜਿੰਦਰ ਕੌਰ ਕੁਲਾਰਾਂ ਨੂੰ ਵਾਇਸ ਚੇਅਰਪਰਸਨ ਚੁਣਿਆ ਗਿਆ। ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਅਤੇ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਵੱਲੋਂ ਨਵ-ਨਿਯੁਕਤ ਚੇਅਰਪਰਸਨ ਪਰਮਜੀਤ ਕੌਰ ਦੁਗਾਲ ਅਤੇ ਵਾਇਸ ਚੇਅਰਪਰਸਨ ਸੁਖਜਿੰਦਰ ਕੌਰ ਕੁਲਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਕਤ ਦੋਨਾਂ ਬੀਬੀਆਂ ਦੇ ਪਰਿਵਾਰ ਆਮ ਆਦਮੀ ਪਾਰਟੀ ਦੇ ਟਕਸਾਲੀ ਵਰਕਰ ਹਨ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਬਲਾਕ ਸੰਮਤੀ ਦੇ ਚੇਅਰਪਰਸਨ ਦੀ ਚੋਣ ਬਲਾਕ ਸੰਮਤੀ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਵਿਰੋਧੀ ਪਾਰਟੀਆਂ ਦੇ ਬਲਾਕ ਸੰਮਤੀ ਮੈਂਬਰਾਂ ਵੱਲੋਂ ਵੀ ਪ੍ਰਮਜੀਤ ਕੌਰ ਦੁਗਾਲ ਅਤੇ ਸੁਖਜਿੰਦਰ ਕੌਰ ਕੁਲਾਰਾਂ ਨੂੰ ਆਪਣਾ ਸਮਰਥਨ ਦਿੱਤਾ ਗਿਆ ਸੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪ੍ਰਧਾਨ ਪ੍ਰੀਤ ਗਿੱਲ, ਸਰਪੰਚ ਬਲਜੀਤ ਸਿੰਘ ਮੌਲਵੀਵਾਲਾ ਇੰਚਾਰਜ ਵਿਰਾਸਤ ਸੇਵਾ ਸੰਗਠਨ ਵਿਧਾਨ ਸਭਾ ਹਲਕਾ ਸ਼ੁਤਰਾਣਾ, ਕੌਂਸਲਰ ਭਗਵਤ ਦਿਆਲ ਨਿੱਕਾ, ਕੁਲਦੀਪ ਸਿੰਘ ਥਿੰਦ ਮੈਂਬਰ ਕੰਬੋਜ ਭਲਾਈ ਬੋਰਡ, ਬਲਾਕ ਸੰਮਤੀ ਮੈਂਬਰ ਗੋਲਡੀ ਬਰਾਸ, ਕਾਕਾ ਸਿੰਘ ਦੁਗਾਲ, ਬਲਬੀਰ ਸਿੰਘ ਕੁਲਾਰਾਂ, ਬਿੱਕਰ ਸਿੰਘ ਬਲਾਕ ਸੰਮਤੀ ਮੈਂਬਰ,ਅਜੈਬ ਸਿੰਘ ਬਲਾਕ ਸੰਮਤੀ ਮੈਂਬਰ, ਗੁਰਮੀਤ ਸਿੰਘ ਮਰੋੜੀ ਬਲਾਕ ਸੰਮਤੀ ਮੈਂਬਰ, ਰਾਜਵਿੰਦਰ ਕੌਰ ਬਲਾਕ ਸੰਮਤੀ ਮੈਂਬਰ, ਗਗਨਦੀਪ ਕੌਰ ਸ਼ਾਹਪੁਰ ਬਲਾਕ ਸੰਮਤੀ ਮੈਂਬਰ, ਸੁਖਚੈਨ ਸਿੰਘ ਬਲਾਕ ਸੰਮਤੀ ਮੈਂਬਰ,ਪਿਆਰਾ ਰਾਮ ਬਲਾਕ ਸੰਮਤੀ ਮੈਂਬਰ, ਬਲਜੀਤ ਕੌਰ ਬਲਾਕ ਸੰਮਤੀ ਮੈਂਬਰ, ਪਰਮਜੀਤ ਕੌਰ ਬਲਾਕ ਸੰਮਤੀ ਮੈਂਬਰ,ਬਿਸ਼ੰਬਰ ਦਾਸ ਬਲਾਕ ਸੰਮਤੀ ਮੈਂਬਰ, ਰਣਜੀਤ ਸਿੰਘ ਬਲਾਕ ਸੰਮਤੀ ਮੈਂਬਰ, ਮਲਕੀਤ ਕੌਰ ਬਲਾਕ ਸੰਮਤੀ ਮੈਂਬਰ,ਗੁਰਪ੍ਰੀਤ ਕੌਰ ਨਿਆਲ,ਸਰਪੰਚ ਬਲਜਿੰਦਰ ਸਿੰਘ ਜੋਗੇਵਾਲ, ਸਰਪੰਚ ਕਰਨੈਲ ਸਿੰਘ ਨਾਮਸੋਤ, ਕੁਲਦੀਪ ਸਿੰਘ ਬਿੱਟੂ ਬਦੇਸ਼ਾ ਪ੍ਰਧਾਨ ਕਾਰ ਡੀਲਰ ਐਸੋਸੀਏਸ਼ਨ ਪਾਤੜਾਂ, ਰਵਿੰਦਰ ਸਿੰਘ ਭਿੰਡਰ ਪ੍ਰਧਾਨ ਕਾਰ ਡੀਲਰ ਐਸੋਸੀਏਸ਼ਨ ਮਾਲਵਾ ਜੋਨ ਪੰਜਾਬ, ਚੇਅਰਮੈਨ ਸੁਖਪਾਲ ਸਿੰਘ ਵਿਰਕ, ਚੇਅਰਮੈਨ ਡਾਕਟਰ ਡੀਡੀ ਸਿੰਗਲਾ,ਸਿਟੀ ਪ੍ਰਧਾਨ ਮਦਨ ਲਾਲ ਗੋਇਲ ,ਕੌਂਸਲਰ ਸੋਨੀ ਜਲੂਰ, ਕੌਂਸਲਰ ਸੋਨੀ ਠੇਕੇਦਾਰ, ਆਦਿ ਪ੍ਰਮੁੱਖ ਤੌਰ 'ਤੇ ਹਾਜ਼ਰ ਸਨ।

## ਕੁਲਵਿੰਦਰ ਸਿੰਘ ਸੁੱਖੇਵਾਲ ਦਾ ਸਨਮਾਨ



ਨਾਭਾ, 5 ਮਾਰਚ (ਗੁਰਚਰਨ ਸਿੰਘ ਚੌਧਰੀਮਾਜਰਾ) : ਇੱਕ ਧਾਰਮਿਕ ਸਮਾਗਮ ਦੌਰਾਨ ਲਚਕਾਨੀ ਵਿਖੇ ਕੁਲਵਿੰਦਰ ਸਿੰਘ ਸੁੱਖੇਵਾਲ ਚੇਅਰਮੈਨ ਕਾਂਗਰਸ ਐਸ ਸੀ ਵਿਭਾਗ ਪਟਿਆਲਾ ਦਿਹਾਤੀ ਨੂੰ ਪਹੁੰਚਣ ਤੇ ਪ੍ਰਬੰਧਕਾ ਵਲੋ ਸਨਮਾਨਿਤ ਕੀਤਾ ਗਿਆ।ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਨੇ ਮਨਪ੍ਰੀਤ ਕੌਰ ਪਤਨੀ ਕਰਮਜੀਤ ਸਿੰਘ ਲਚਕਾਨੀ ਨੂੰ ਬਲਾਕ ਚੇਅਰਮੈਨ ਨਿਯੁਕਤ ਕੀਤਾ ਸੀ ਸ਼ੁਕਰਾਨੇ ਵਜੋਂ ਬਾਲਮੀਕ ਮੰਦਰ ਲਚਕਾਨੀ ਵਿਖੇ ਸਤਸੰਗ ਦਾ ਆਯੋਜਨ ਕੀਤਾ ਸੀ ਜਿਸ ਵਿੱਚ ਸਰਦਾਰ ਕੁਲਵਿੰਦਰ ਸਿੰਘ ਸੁੱਖੇਵਾਲ ਚੇਅਰਮੈਨ ਕਾਂਗਰਸ ਐਸ ਸੀ ਵਿਭਾਗ ਪਟਿਆਲਾ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਲਚਕਾਨੀ ਨੇ ਕਿਹਾ ਕੁਲਵਿੰਦਰ ਸਿੰਘ ਸੁੱਖੇਵਾਲ ਇੱਕ ਨੇਕ ਅਤੇ ਇਮਾਨਦਾਰੀ ਨਾਲ ਪਾਰਟੀ ਦੀ ਸੇਵਾ ਵਿੱਚ ਦਿਨ ਰਾਤ ਲੱਗੇ ਹੋਏ ਹਨ। ਜਿੱਥੇ ਉਹ ਨਾਭਾ ਹਲਕੇ ਵਿੱਚ ਸੇਵਾ ਨਿਭਾ ਰਹੇ ਹਨ ਉੱਥੇ ਉਹ ਪਟਿਆਲਾ ਜ਼ਿਲ੍ਹੇ ਦੇ ਸਾਰੇ ਬਲਾਕਾਂ ਵਿੱਚ ਜਾ ਕੇ ਪਾਰਟੀ ਪ੍ਰੋਗਰਾਮ ਅਨੁਸਾਰ ਮੀਟਿੰਗਾਂ ਕਰਦੇ ਰਹਿੰਦੇ ਹਨ। ਪਾਰਟੀ ਜਿੱਥੇ ਵੀ ਉਨ੍ਹਾਂ ਦੀ ਡਿਊਟੀ ਲਗਾਉਂਦੀ ਹੈ ਉਹ ਤਨੋ-ਮਨੋ-ਧਨੋ ਨਿਭਾਉਦੇ ਆ ਰਹੇ ਹਨ।

## ਰਾਜਦੀਪ ਸਿੰਘ ਬਰਾੜ ਨੇ ਵਧੀਕ ਡਿਪਟੀ ਕਮਿਸ਼ਨਰ ਮਲੇਰਕੋਟਲਾ ਵਜੋਂ ਅਹੁਦਾ ਸੰਭਾਲਿਆ



ਮਲੇਰਕੋਟਲਾ, 5 ਮਾਰਚ (ਬਲਜੀਤ ਸਿੰਘ ਟਿੱਬਾ) : ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਤਬਾਦਲਾ ਹੁਕਮਾਂ ਦੇ ਤਹਿਤ ਆਈ.ਏ.ਐਸ ਅਧਿਕਾਰੀ ਰਾਜਦੀਪ ਸਿੰਘ ਬਰਾੜ ਨੇ ਅੱਜ ਜ਼ਿਲ੍ਹਾ ਮਾਲੇਰਕੋਟਲਾ ਦੇ ਵਧੀਕ ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲਿਆ ਹੈ। ਜ਼ਿਕਰਯੋਗ ਹੈ ਕਿ 2020 ਬੈਚ ਦੇ ਆਈ.ਏ.ਐਸ ਅਧਿਕਾਰੀ ਰਾਜਦੀਪ ਸਿੰਘ ਬਰਾੜ ਇਸ ਤੋਂ ਪਹਿਲਾਂ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਬਠਿੰਡਾ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ। ਉਨ੍ਹਾਂ ਕੋਲ ਪ੍ਰਸ਼ਾਸਨਿਕ ਅਤੇ ਮੈਦਾਨੀ ਤਾਇਨਾਤੀਆਂ ਦਾ ਵਿਆਪਕ ਤਜਰਬਾ ਹੈ। ਅਹੁਦਾ ਸੰਭਾਲਣ ਉਪਰੰਤ ਗੱਲਬਾਤ ਕਰਦਿਆਂ ਰਾਜਦੀਪ ਸਿੰਘ ਬਰਾੜ ਨੇ ਕਿਹਾ ਕਿ ਉਹ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੀ ਅਗਵਾਈ ਹੇਠ ਜ਼ਿਲ੍ਹਾ ਵਾਸੀਆਂ ਨੂੰ ਬਿਹਤਰ ਅਤੇ ਸੁਚੱਜੀਆਂ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ।

## ਤਨਖਾਹਾਂ ਨਾ ਮਿਲਣ ਕਰਕੇ ਅਧਿਆਪਕਾਂ ਦੇ ਚੁੱਲ੍ਹੇ ਹੋਏ ਠੰਡੇ : ਜੀਟੀਯੂ

➢8 ਨੂੰ ਮੰਗਾਂ ਲਈ ਵਿਧਾਨ ਸਭਾ ਦਾ ਘਿਰਾਓ ਕੀਤਾ ਜਾਵੇਗਾ

ਦੇਵੀਗੜ੍ਹ, 5 ਮਾਰਚ (ਗੁਰਜੀਤ ਸਿੰਘ ਢੋਟ) : ਪੰਜਾਬ ਸਰਕਾਰ ਦਾ ਮੁਲਾਜ਼ਮ ਵਿਰੋਧੀ ਚਿਹਰਾ ਹੁਣ ਨੰਗਾ ਹੋ ਚੁੱਕਿਆ ਹੈ। ਪੰਜਾਬ ਦੇ ਹਜ਼ਾਰਾਂ ਅਧਿਆਪਕ ਫਰਵਰੀ ਮਹੀਨੇ ਦੀਆਂ ਤਨਖਾਹਾਂ ਤੋਂ ਹੁਣ ਤੱਕ ਵਾਂਝੇ ਹਨ। ਗੌਰਮਿੰਟ ਟੀਚਰ ਯੂਨੀਅਨ ਪੰਜਾਬ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਜਸਵਿੰਦਰ ਸਿੰਘ ਸਮਾਣਾ ਤੇ ਜਨਰਲ ਸਕੱਤਰ ਪਰਮਜੀਤ ਸਿੰਘ ਪਟਿਆਲਾ ਨੇ ਦੱਸਿਆ ਕਿ ਫਰਵਰੀ ਮਹੀਨੇ ਦੀ ਤਨਖਾਹ ਲਈ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਅਤੇ ਸਕੂਲਾਂ ਵਿੱਚ ਅਧਿਆਪਕਾਂ ਦੇ ਤਨਖਾਹ ਲਈ ਬਜਟ ਨਹੀਂ ਹੈ ਉਹਨਾਂ ਕਿਹਾ ਕਿ ਇਸ ਮਹੀਨੇ ਇਨਕਮ ਟੈਕਸ ,ਹੋਮ ਲੋਨ ਦੀਆਂ ਕਿਸ਼ਤਾ , ਬੱਚੇ ਦੀਆਂ ਫੀਸਾਂ ਹੋਰ ਖਰਚੇ ਬਾਕੀ ਮਹੀਨਿਆਂ ਨਾਲੋਂ ਜਿਆਦਾ ਹੁੰਦੇ ਹਨ । ਪਰ ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਸਬੰਧੀ ਹੁਣ ਤੱਕ ਪੂਰਾ ਕਰਨ ਵਿੱਚ ਕਾਮਯਾਬ ਨਹੀਂ ਹੋ ਰਹੀ। ਉਹਨਾਂ ਕਿਹਾ ਕਿ ਕਿ ਪੰਜਾਬ ਭਰ ਦੇ ਮੁਲਾਜ਼ਮ ਆਪਣੀਆਂ ਹੱਕੀ ਦੇ ਵਿੱਤੀ ਮੰਗਾਂ ਦੇ ਲਈ 8 ਮਾਰਚ ਨੂੰ ਵਿਧਾਨ ਸਭਾ ਦਾ ਘਿਰਾਓ ਕਰਨਗੇ। ਇਸ ਸਮੇਂ ਕਮਲ ਨੈਨ, ਦੀਦਾਰ ਸਿੰਘ ਪਟਿਆਲਾ, ਹਿੰਮਤ ਸਿੰਘ ਖੋਖ, ਜਗਪ੍ਰੀਤ ਸਿੰਘ ਭਾਟੀਆ, ਹਰਪ੍ਰੀਤ ਸਿੰਘ ਉੱਪਲ, ਹਰਦੀਪ ਸਿੰਘ ਪਟਿਆਲਾ,ਵਿਕਾਸ ਸਹਿਗਲ, ਜਸਵਿੰਦਰ ਪਾਲ ਸ਼ਰਮਾ ਨਾਭਾ, ਗੁਰਪ੍ਰੀਤ ਸਿੰਘ ਸਿੱਧੂ , ਗੁਰਵਿੰਦਰ ਸਿੰਘ ਖੰਗੂੜਾ,ਭੀਮ ਸਿੰਘ ਸਮਾਣਾ, ਹਰਵਿੰਦਰ ਸਿੰਘ ਖੱਟੜਾ , ਰਜਿੰਦਰ ਜਵੰਦਾ, ਮਨਦੀਪ ਕਾਲੇਕੇ, ਗੁਰਵਿੰਦਰ ਸਿੰਘ ਜਨਹੇੜੀਆਂ, ਨਿਰਭੈ ਸਿੰਘ ਘਨੌਰ, ਟਹਿਬੀਰ ਸਿੰਘ, ਸਪਿੰਦਰਜੀਤ ਸ਼ਰਮਾ ਧਨੇਠਾ, ਰਾਜਿੰਦਰ ਸਿੰਘ ਰਾਜਪੁਰਾ, ਡਾ. ਬਲਜਿੰਦਰ ਸਿੰਘ ਪਠੌਣੀਆ, ਬੱਬਣ ਭਾਦਸੋਂ, ਸ਼ਿਵਪ੍ਰੀਤ ਸਿੰਘ ਪਟਿਆਲਾ ਸਾਥੀ ਹਾਜ਼ਰ ਰਹੇ।

## ਪਟਿਆਲਾ ਦੇ ਭੀੜ-ਭਾੜ ਵਾਲੇ ਇਲਾਕਿਆਂ 'ਚ ਟ੍ਰੈਫਿਕ ਪ੍ਰਬੰਧਨ ਸੁਧਾਰਨ ਦੀ ਯੋਜਨਾ : ਡੀ.ਸੀ.

ਪਟਿਆਲਾ, 5 ਮਾਰਚ (ਰੁਪਾਣਾ/ਦੀਪਕ ਜੈਦਕਾ) : ਪਟਿਆਲਾ ਜ਼ਿਲ੍ਹੇ ਵਿੱਚ ਸੜਕ ਸੁਰੱਖਿਆ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਟ੍ਰੈਫਿਕ ਪ੍ਰਬੰਧਨ ਨੂੰ ਸੁਧਾਰਨ ਲਈ ਡਿਪਟੀ ਕਮਿਸ਼ਨਰ ਸ੍ਰੀ ਵਰਜੀਤ ਵਾਲੀਆ ਦੀ ਅਗਵਾਈ ਹੇਠ ਇੱਕ ਸਮੀਖਿਆ ਮੀਟਿੰਗ ਕੀਤੀ ਗਈ। ਓਹਨਾ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ ਵੀ ਮੌਜੂਦ ਸਨ। ਮੀਟਿੰਗ ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿੱਚ ਆ ਰਹੀਆਂ ਟ੍ਰੈਫਿਕ ਸਮੱਸਿਆਵਾਂ ਅਤੇ ਹਾਦਸਿਆਂ ਵਾਲੇ ਅਤੇ ਬਲੈਕ ਸਪੋਟਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਵਿੱਚ ਖਾਸ ਤੌਰ 'ਤੇ ਖੰਡਾ ਚੌਕ, ਪੁਰਾਣਾ ਬੱਸ ਸਟੈਂਡ ਅਤੇ ਨਵਾਂ ਬੱਸ ਸਟੈਂਡ ਦੇ ਇਲਾਕਿਆਂ ਵਿੱਚ ਟ੍ਰੈਫਿਕ ਦੀ ਭੀੜ ਅਤੇ ਸੁਰੱਖਿਆ ਸੰਬੰਧੀ ਮੁੱਦਿਆਂ 'ਤੇ ਵਿਚਾਰ ਕੀਤਾ ਗਿਆ। ਇਸ ਤੋਂ ਇਲਾਵਾ ਰਾਜਪੁਰਾ ਵਿੱਚ ਟ੍ਰੈਫਿਕ ਪ੍ਰਬੰਧਨ, ਪੰਜਾਬੀ ਯੂਨੀਵਰਸਿਟੀ ਦੇ ਬਾਹਰ ਟ੍ਰੈਫਿਕ ਦੀ ਸਮੱਸਿਆ, ਨਾਭਾ ਵਿੱਚ ਟ੍ਰੈਫਿਕ ਸਥਿਤੀ ਅਤੇ ਸ਼ਹਿਰ ਦੇ ਹੋਰ ਭੀੜ ਵਾਲੇ ਇਲਾਕਿਆਂ ਜਿਵੇਂ ਗੁੜ ਮੰਡੀ, ਪੁਰਾਣਾ ਬੱਸ ਸਟੈਂਡ, ਕੋਹਲੀ ਸਵੀਟਸ ਅਤੇ ਮੋਦੀ ਕਾਲਜ ਚੌਕ ਆਦਿ ਬਾਰੇ ਵੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਮੀਟਿੰਗ ਦੌਰਾਨ ਸੇਫ ਸਕੂਲ ਵਾਹਨ ਸਕੀਮ ਅਤੇ ਸੜਕ ਸੁਰੱਖਿਆ ਮਿੱਤਰਾ ਸਕੀਮ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਬਾਰੇ ਵੀ ਵਿਚਾਰ ਕੀਤਾ ਗਿਆ ਤਾਂ ਜੋ ਸਕੂਲੀ ਬੱਚਿਆਂ ਦੀ ਸੁਰੱਖਿਆ ਅਤੇ ਸੜਕਾਂ 'ਤੇ ਜਾਗਰੂਕਤਾ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਸੜਕ ਸੁਰੱਖਿਆ ਨੂੰ ਲੈ ਕੇ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਲਈ ਪੁਲਿਸ, ਟ੍ਰੈਫਿਕ ਵਿਭਾਗ ਅਤੇ ਹੋਰ ਸੰਬੰਧਤ ਏਜੰਸੀਆਂ ਮਿਲਜੁਲ ਕੇ ਕੰਮ ਕਰਨ। ਇਸ ਮੌਕੇ ਐਸ ਡੀ ਐਮ ਹਰਜੋਤ ਕੌਰ, ਆਰ ਟੀ ਓ ਪੂਨਮਦੀਪ ਕੌਰ, ਇੰਜ: ਪਿਯੂਸ਼ ਅਗਰਵਾਲ , ਇੰਜ: ਵਿਸ਼ਾਲ ਧਵਨ , ਪੁਲਿਸ ਵਿਭਾਗ ਦੇ ਅਧਿਕਾਰੀ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।




## ਨਗਰ ਨਿਗਮ ਨੇ ਸਫਾਈ ਪ੍ਰਬੰਧ ਮਜ਼ਬੂਤ ਕਰਨ ਲਈ ਸੈਨਟਰੀ ਇੰਸਪੈਕਟਰਾਂ ਦੇ ਏਰੀਏ ਮੁੜ ਵੰਡੇ: ਮੇਅਰ, ਕਮਿਸ਼ਨਰ



ਪਟਿਆਲਾ, 5 ਮਾਰਚ (ਰੁਪਾਣਾ/ਦੀਪਕ ਜੈਦਕਾ) : ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਸਫਾਈ ਪ੍ਰਬੰਧ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਸੈਨਟਰੀ ਇੰਸਪੈਕਟਰਾਂ ਅਤੇ ਸੁਪਰਵਾਈਜ਼ਰਾਂ ਦੇ ਏਰੀਏ ਦੀ ਨਵੀਂ ਵੰਡ ਕੀਤੀ ਗਈ ਹੈ। ਇਹ ਫੈਸਲਾ ਪ੍ਰਬੰਧਕੀ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਹੈ, ਤਾਂ ਜੋ ਵੱਖ-ਵੱਖ ਵਾਰਡਾਂ ਵਿੱਚ ਸਫਾਈ ਦੇ ਕੰਮ ਦੀ ਨਿਗਰਾਨੀ ਸੁਚਾਰੂ ਢੰਗ ਨਾਲ ਹੋ ਸਕੇ ਅਤੇ ਲੋਕਾਂ ਨੂੰ ਬਿਹਤਰ ਸਹੂਲਤਾਂ ਮਿਲ ਸਕਣ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਜੀਤ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸ਼ਹਿਰ ਦੀ ਵਧ ਰਹੀ ਆਬਾਦੀ ਅਤੇ ਵਾਰਡਾਂ ਵਿੱਚ ਸਫਾਈ ਦੇ ਕੰਮ ਨੂੰ ਹੋਰ ਸੁਧਾਰਨ ਲਈ ਸੈਨਟਰੀ ਸਟਾਫ਼ ਦੀ ਜ਼ਿੰਮੇਵਾਰੀਆਂ ਵਿੱਚ ਬਦਲਾਅ ਕੀਤਾ ਗਿਆ ਹੈ। ਨਵੀਂ ਵੰਡ ਦੇ ਤਹਿਤ ਹਰਵਿੰਦਰ ਸਿੰਘ, ਸੈਨਟਰੀ ਇੰਸਪੈਕਟਰ ਹੁਣ ਵਾਰਡ ਨੰਬਰ 22 ਤੋਂ 30, ਜਗਤਾਰ ਸਿੰਘ, ਸੈਨਟਰੀ ਇੰਸਪੈਕਟਰ ਵਾਰਡ ਨੰਬਰ 32,34 ਤੋਂ 36 ਅਤੇ 39, ਰਿਸ਼ਭ ਗੁਪਤਾ, ਸੈਨਟਰੀ ਇੰਸਪੈਕਟਰ ਵਾਰਡ ਨੰਬਰ 50, 54 ਤੋਂ 58 ਅਤੇ 60, ਰਾਜੇਸ਼ ਕੁਮਾਰ ਸੈਨਟਰੀ ਇੰਸਪੈਕਟਰ ਵਾਰਡ ਨੰਬਰ 10 ਤੋਂ 21, ਮੋਹਿਤ ਜਿੰਦਲ, ਸੈਨਟਰੀ ਇੰਸਪੈਕਟਰ ਨੂੰ ਵਾਰਡ ਨੰਬਰ 1 ਤੋਂ 9 ਅਤੇ 59 , ਇੰਦਰਜੀਤ ਸਿੰਘ, ਸੈਨਟਰੀ ਇੰਸਪੈਕਟਰ ਨੂੰ ਵਾਰਡ ਨੰਬਰ 42, 44 ਤੋਂ 49, 51 ਤੋਂ 53 , ਗੋਗਾ ਰਾਣੀ, ਸੈਨਟਰੀ ਇੰਸਪੈਕਟਰ ਅਤੇ ਕੁਲਦੀਪ ਰੱਤਾ ਸੁਪਰਵਾਈਜ਼ਰ ਨੂੰ ਵਾਰਡ ਨੰਬਰ 37, 38 ਅਤੇ 43 , ਨਰਿੰਦਰ ਕੁਮਾਰ ਸੈਨਟਰੀ ਸੁਪਰਵਾਈਜ਼ਰ ਨੂੰ ਵਾਰਡ ਨੰਬਰ 31, 33, 40 ਅਤੇ 41 ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਮੇਅਰ ਅਤੇ ਕਮਿਸ਼ਨਰ ਵੱਲੋਂ ਸਾਂਝੇ ਤੌਰ 'ਤੇ ਕਿਹਾ ਗਿਆ ਕਿ ਵਾਰਡਾਂ ਦੇ ਸਫਾਈ ਕੰਮ ਦੀ ਨਿਗਰਾਨੀ ਤੋਂ ਇਲਾਵਾ ਜੋ ਪ੍ਰੋਜੈਕਟ ਅਤੇ ਵਿਸ਼ੇਸ਼ ਕੰਮ ਪਹਿਲਾਂ ਤੋਂ ਹੀ ਸੈਨਟਰੀ ਇੰਸਪੈਕਟਰਾਂ ਅਤੇ ਸੁਪਰਵਾਈਜ਼ਰਾਂ ਨੂੰ ਅਲਾਟ ਕੀਤੇ ਗਏ ਹਨ, ਉਹ ਪਹਿਲਾਂ ਦੀ ਤਰ੍ਹਾਂ ਹੀ ਉਨ੍ਹਾਂ ਵੱਲੋਂ ਜਾਰੀ ਰੱਖੇ ਜਾਣਗੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਨਗਰ ਸੁਧਾਰ ਟਰੱਸਟ ਦੀਆਂ ਕਲੋਨੀਆਂ ਵਿੱਚ ਵੀ ਸਫਾਈ ਦੇ ਪ੍ਰਬੰਧ ਯਕੀਨੀ ਬਣਾਉਣ ਲਈ ਨਗਰ ਨਿਗਮ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ। ਇਸ ਲਈ ਸਾਰੇ ਸੈਨਟਰੀ ਇੰਸਪੈਕਟਰਾਂ ਅਤੇ ਸੁਪਰਵਾਈਜ਼ਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਜੇਕਰ ਉਨ੍ਹਾਂ ਦੇ ਏਰੀਏ ਵਿੱਚ ਨਗਰ ਸੁਧਾਰ ਟਰੱਸਟ ਦੀ ਕੋਈ ਕਲੋਨੀ ਆਉਂਦੀ ਹੈ ਤਾਂ ਉੱਥੇ ਵੀ ਸਾਫ਼-ਸਫਾਈ ਦਾ ਪੂਰਾ ਧਿਆਨ ਰੱਖਿਆ ਜਾਵੇ।

## ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਪਾਰਟੀ ਦੀ ਮਜ਼ਬੂਤੀ ਤੇ ਨਵੀਂ ਰਾਜਨੀਤਿਕ ਦਿਸ਼ਾ ਸਬੰਧੀ ਮੀਟਿੰਗ



ਸਮਾਣਾ, 5 ਮਾਰਚ (ਜਵੰਦਾ) : ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੀ ਇੱਕ ਅਹਿਮ ਮੀਟਿੰਗ ਸੁਰਜੀਤ ਸਿੰਘ ਰੱਖੜਾ ਦੀ ਪ੍ਰਧਾਨਗੀ ਹੇਠ ਉਹਨਾਂ ਦੀ ਰਿਹਾਇਸ਼ ਵਿਖੇ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਹਲਕਾ ਸਮਾਣਾ ਦੇ ਮੋਹਤਬਰ ਸਾਥੀਆਂ, ਪੰਚ, ਸਰਪੰਚ, ਪ੍ਰਧਾਨ ਅਤੇ ਚੇਅਰਮੈਨ ਸਾਹਿਬਾਨ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੀਟਿੰਗ ਦੌਰਾਨ ਹਲਕੇ ਦੇ ਜਨਹਿੱਤ ਮਸਲਿਆਂ ਅਤੇ ਆਉਣ ਵਾਲੀ ਰਾਜਨੀਤਿਕ ਸਥਿਤੀ ਸੰਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਮੀਟਿੰਗ ਦੌਰਾਨ ਹਾਜ਼ਰ ਅਹੁਦੇਦਾਰਾਂ ਨੇ ਪਾਰਟੀ ਦੀ ਮਜ਼ਬੂਤੀ, ਇਕਜੁੱਟਤਾ ਅਤੇ ਨਵੀਂ ਰਾਜਨੀਤਿਕ ਦਿਸ਼ਾ ਲਈ ਆਪਣੇ ਕੀਮਤੀ ਸੁਝਾਅ ਵੀ ਪੇਸ਼ ਕੀਤੇ। ਇਸ ਮੌਕੇ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਹਲਕੇ ਦੀ ਤਰੱਕੀ ਅਤੇ ਲੋਕਾਂ ਦੀ ਭਲਾਈ ਸਾਡੀ ਸਭ ਤੋਂ ਵੱਡੀ ਤਰਜੀਹ ਹੈ। ਪਾਰਟੀ ਦੇ ਹਰ ਇੱਕ ਵਰਕਰ ਅਤੇ ਅਹੁਦੇਦਾਰ ਨੂੰ ਉਸਦਾ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ ਅਤੇ ਸਭ ਨੂੰ ਨਾਲ ਲੈ ਕੇ ਅੱਗੇ ਵਧਿਆ ਜਾਵੇਗਾ। ਉਹਨਾਂ ਨੇ ਕਿਹਾ ਕਿ ਇਕਜੁੱਟਤਾ, ਸੱਚਾਈ ਅਤੇ ਸੇਵਾ ਦੇ ਜਜ਼ਬੇ ਨਾਲ ਹੀ ਪਾਰਟੀ ਨੂੰ ਨਵੀਂ ਮਜ਼ਬੂਤੀ ਮਿਲੇਗੀ ਅਤੇ ਹਲਕੇ ਵਿੱਚ ਵਿਕਾਸ ਦੀ ਨਵੀਂ ਲਹਿਰ ਚਲਾਈ ਜਾਵੇਗੀ।

## ਜਿਮਖਾਨਾ ਕਲੱਬ ਨੇ ਹੋਲੀ ਦਾ ਤਿਉਹਾਰ ਮਨਾਇਆ

ਪਟਿਆਲਾ, 5 ਮਾਰਚ (ਚ.ਨ.ਸ.) : ਜਿਮਖਾਨਾ ਕਲੱਬ ਦੇ ਪ੍ਰਧਾਨ ਐਡ. ਸ਼ੇਰਬੀਰ ਸਿੰਘ ,ਸਕੱਤਰ ਹਰਪ੍ਰੀਤ ਸਿੰਘ ਸੰਧੂ ਅਤੇ ਸਮੁੱਚੀ ਐਗਜ਼ੀਕਿਊਟਿਵ ਦੀ ਟੀਮ ਨੇ ਕਲੱਬ ਦੇ ਖੁੱਲੇ ਮੈਦਾਨ ਵਿੱਚ ਹੋਲੀ ਦਾ ਰੰਗਾ ਰੰਗ ਤਿਉਹਾਰ ਬੜੇ ਹੀ ਉਤਸਾਹ ਨਾਲ ਮਨਾਇਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਇਨਾਇਤ ਗਰੁੱਪ ਦੇ ਚੇਅਰਮੈਨ ਸੰਦੀਪ ਮਾਨ ਪਹੁੰਚੇ ਅਤੇ ਸਮੁੱਚੇ ਕਲੱਬ ਮੈਂਬਰਾਂ ਨੂੰ ਹੋਲੀ ਦੇ ਇਸ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਹਰਪ੍ਰੀਤ ਸੰਧੂ ਅਤੇ ਸ਼ੇਰਬੀਰ ਸਿੰਘ ਨੇ ਦੱਸਿਆ ਕਿ ਕਿ ਹੋਲੀ ਦੇ ਇਸ ਮੌਕੇ 'ਤੇ ਕਲੱਬ ਵਿਖੇ ਰੰਗਾ-ਰੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੀਤ ਪ੍ਰਧਾਨ ਐਮ.ਐਮ ਸਿਆਲ, ਜੁਆਇੰਟ ਸਕੱਤਰ ਰੋਹਿਤ ਗੁਪਤਾ, ਖਜ਼ਾਨਚੀ ਮੋਹਿਤ ਢੋਡੀ ਤੋਂ ਇਲਾਵਾ ਆਸ਼ੀਸ਼ ਜੈਨ, ਰਾਹੁਲ ਮਹਿਤਾ, ਦੀਪਕ ਬੰਸਲ ਡਕਾਲਾ, ਵਿਸ਼ਾਲ ਸਿੰਗਲਾ, ਪਰਮਜੀਤ ਗੋਇਲ, ਡਾ. ਕੇ. ਐਸ. ਗਰੇਵਰ ਅਤੇ ਸਾਹਿਲ ਖੰਨਾ ਸਾਰੇ ਹੀ ਐਗਜ਼ੀਕਿਊਟਿਵ ਮੈਂਬਰ ਤੋਂ ਇਲਾਵਾ ਹੋਰ ਵੀ ਮੈਂਬਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੀ ਮੀਟਿੰਗ



ਨਾਭਾ, 5 ਮਾਰਚ (ਬਲਜਿੰਦਰ ਮਾਨ) : ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਬਲਾਕ ਨਾਭਾ ਦੀ ਮੀਟਿੰਗ ਬਲਾਕ ਆਗੂ ਚਮਕੌਰ ਸਿੰਘ ਘਨੁੰੜਕੀ ਦੀ ਅਗਵਾਈ ਵਿੱਚ ਗੁਰਦੁਆਰਾ ਧੰਨਾ ਭਗਤ ਨਾਭਾ ਵਿੱਖੇ ਜ਼ਿਲ੍ਹਾ ਆਗੂ ਅਤੇ ਬਲਾਕ ਕਮੇਟੀ ਦੇ ਆਗੂਆਂ ਦੀ ਹਾਜ਼ਰੀ ਵਿੱਚ ਹੋਈ, ਜਿਸ ਵਿੱਚ ਜ਼ਿਲ੍ਹਾ ਆਗੂ ਪਰਵਿੰਦਰ ਸਿੰਘ ਬਾਬਰਪੁਰ ਨੇ ਬੋਲਦਿਆਂ ਕਿਹਾ ਕਿ 14 ਮਾਰਚ ਨੂੰ ਗਹਿ ਮੰਤਰੀ ਅਮਿਤ ਸ਼ਾਹ ਮੋਗਾ ਰੈਲੀ ਵਿੱਖੇ ਪਹੁੰਚਣ 'ਤੇ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ ਕਿਸਾਨ ਉੱਪਰ ਜਬਰ ਕਰਕੇ ਮੋਰਚੇ ਦੇ ਹੋਏ ਨੁਕਸਾਨ ਦੇ ਸਬੰਧ ਵਿੱਚ ਪੂਰੇ ਪੰਜਾਬ ਵਿੱਚ ਜਿਲਾ ਪੱਧਰੀ ਅਤੇ ਬਲਾਕ ਪੱਧਰੀ ਪੁੱਤਲੇ ਫੂਕੇ ਜਾਣਗੇ ਅਤੇ 19 ਮਾਰਚ ਨੂੰ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਪਹਿਲਾ ਪੱਕਾ ਮੋਰਚਾ ਅੰਮ੍ਰਿਤਸਰ ਵਿੱਖੇ ਖੋਲ੍ਹਿਆ ਜਾਵਗਾ ਅਤੇ ਆਉਣ ਵਾਲੇ ਸਮੇਂ ਵਿੱਚ ਪੂਰੇ ਪੰਜਾਬ ਵਿੱਚ ਮੋਰਚੇ ਖੋਲੇ ਜਾਣਗੇ ਅਤੇ ਜਿਉਂਦ ਪਿੰਡ ਵਿੱਚ ਸਰਕਾਰ ਦੀ ਸ਼ਹਿ ਤੇ ਪ੍ਰਸਾਸਨ ਵੱਲੋਂ ਕੀਤੇ ਜਬਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਕਿਸਾਨ ਲਹਿਰ ਨੂੰ ਦਬਾਉਣ ਦੇ ਮੰਤਵ ਨਾਲ ਜਬਰ ਕੀਤਾ ਗਿਆ ਜਿਸ ਵਿੱਚ ਬਲਾਕ ਆਗੂ ਜਰਨੈਲ ਸਿੰਘ ਤੁੰਗਾ, ਰਣਜੀਤ ਸਿੰਘ ਬੌੜਾ ਕਲਾਂ, ਪ੍ਰਿੰਸਵੀਰ ਸਿੰਘ ਟੋਡਰਵਾਲ,ਵਿਸਕੀ ਕਕਰਾਲਾ, ਸੁਰਜੀਤ ਬੀਨਾਹੇੜੀ, ਜਸਮੇਲ ਤੁੰਗਾ, ਕੁਲਦੀਪ ਗੁਜਰਹੇੜੀ, ਯਾਦਵਿੰਦਰ ਕਕਰਾਲਾ, ਜਗਤਾਰ ਸਿੰਘ ਕੱਲੇਮਾਜਰਾ, ਭਰਪੂਰ ਸਿੰਘ ਕਲਾਰਾ, ਕਿੰਦੀ ਕਕਰਾਲਾ, ਚਰਨੀ ਬੌੜਾ ਹਾਜ਼ਰ ਰਹੇ।